Ad Space
Available
Please Call
847-359-0746





ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ
AMANTEL.COM
$100 'ਚ 126 ਘੰਟੇ
Talk One Minute, Pay For One Minute (7560 ਮਿੰਟ)
Customer Service 24/7 ਟੌਲ ਫਰੀ ਨੰਬਰ 'ਤੇ ਕਾਲ ਕਰੋ
1-888-652-6268, 732-983-4332/4333



Eleventh Year in Publication | ਨਿਊ ਯਾਰਕ ਐਡੀਸ਼ਨ | Price 50¢


Email:punjabtimes1@sbcglobal.net
www.punjabtimesusa.com


ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 51, December 18, 2010


20451 N Plum Grove Rd. Palatine, IL 60074
Ph:847-359-0746, Fax:847-705-9388


# ਸੰਸਦ ਦੀ ਕਾਰਵਾਈ ਠੱਪ ਰਹਿਣ ਕਾਰਨ 146 ਕਰੋੜ ਦਾ ਨੁਕਸਾਨ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਮਜ਼ਬੂਤ ਲੋਕਤੰਤਰ 'ਚ ਵਿਰੋਧੀ ਧਿਰ ਦਾ ਸਰਗਰਮ ਹੋਣਾ ਜ਼ਰੂਰੀ ਹੈ ਪਰ ਭਾਰਤ 'ਚ ਵਿਰੋਧੀ ਧਿਰ ਦੀ ਜ਼ਿੱਦ ਕਾਰਨ ਸਰਦ ਰੁੱਤ ਇਜਲਾਸ ਦੀ ਕੁੱਲ 132 ਘੰਟਿਆਂ ਦੀ ਕਾਰਵਾਈ 'ਚੋਂ ਸਿਰਫ਼ ਸਾਢੇ ਸੱਤ ਘੰਟੇ ਹੀ ਕੰਮਕਾਜ ਹੋ ਸਕਿਆ। ਇਸ ਤਰ੍ਹਾਂ ਵਿਰੋਧੀ ਧਿਰ ਦੀ ਜ਼ਿੱਦਬਾਜ਼ੀ ਕਾਰਨ ਜਨਤਾ ਦੇ 146 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਜਿਸ ਨਾਲ ਵਿਰੋਧੀ ਧਿਰ ਦੇ ਨਾਲ-ਨਾਲ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਦਾ ਹੈ।

ਸੰਸਦ ਦਾ ਸਰਦ ਰੁੱਤ ਇਜਲਾਸ 9 ਨਵੰਬਰ ਨੂੰ ਸ਼ੁਰੂ ਹੋਇਆ ਸੀ ਜੋ ਬਿਨਾਂ ਕਿਸੇ ਖ਼ਾਸ ਕੰਮਕਾਜ ਦੇ 13 ਦਸੰਬਰ ਨੂੰ ਖ਼ਤਮ ਹੋ ਗਿਆ। ਇਸ ਦੇ ਨਾਲ ਹੀ ਇਹ ਭਾਰਤੀ ਸੰਸਦੀ ਇਤਿਹਾਸ ਦਾ ਅਜਿਹਾ ਇਕੋ-ਇਕ ਇਜਲਾਸ ਬਣ ਗਿਆ ਹੈ ਜਿਸ ਵਿਚ 2-ਜੀ ਸਪੈਕਟ੍ਰਮ ਦੇ ਮੁੱਦੇ ਉਤੇ ਜੇ.ਪੀ.ਸੀ. ਕਾਇਮ ਕਰਨ ਦੀ ਮੰਗ ਨੂੰ ਲੈ ਕੇ ਸਰਕਾਰ ਤੇ ਵਿਰੋਧੀ ਧਿਰ ਦਰਮਿਆਨ ਰੇੜਕੇ ਕਾਰਨ ਪੂਰੇ ਇਜਲਾਸ ਉਤੇ ਹੀ ਪਾਣੀ ਫਿਰ ਗਿਆ। ਦੂਜੇ ਪਾਸੇ ਸਰਕਾਰ ਨੇ ਇਜਲਾਸ ਦੀ ਕਾਰਵਾਈ ਠੱਪ ਰਹਿਣ ਲਈ ਵਿਰੋਧੀ ਧਿਰ ਖ਼ਾਸਕਰ ਭਾਰਤੀ ਜਨਤਾ ਪਾਰਟੀ ਨੂੰ ਦੋਸ਼ੀ ਕਰਾਰ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਵਿਚ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਦੀ 'ਹਿੰਮਤ ਨਹੀਂ' ਸੀ।

ਇਸ ਪੂਰੇ ਇਜਲਾਸ ਦੌਰਾਨ ਸੰਸਦ ਕੁਝ ਘੰਟੇ ਲਈ ਹੀ ਕੰਮ ਕਰ ਸਕੀ ਜਦੋਂਕਿ 9 ਨਵੰਬਰ ਨੂੰ ਸ਼ੁਰੂ ਹੋਏ ਇਸ ਇਜਲਾਸ ਦੀਆਂ ਕੁੱਲ 23 ਬੈਠਕਾਂ ਹੋਈਆਂ। ਵਿਰੋਧੀ ਧਿਰ ਨੇ 2-ਜੀ ਸਪੈਕਟ੍ਰਮ ਮੁੱਦੇ ਉਤੇ ਜੇ.ਪੀ.ਸੀ. (ਸਾਂਝੀ ਸੰਸਦੀ ਕਮੇਟੀ) ਬਣਾਉਣ ਦੀ ਮੰਗ ਨੂੰ ਲੈ ਕੇ ਇਕ ਦਿਨ ਵੀ ਸੰਸਦ ਦੀ ਕਾਰਵਾਈ ਨਹੀਂ ਚੱਲਣ ਦਿੱਤੀ ਤੇ ਸਦਨਾਂ ਦੇ ਜੁੜਨ ਦੇ ਕੁਝ ਮਿੰਟਾਂ ਬਾਅਦ ਹੀ ਇਨ੍ਹਾਂ ਨੂੰ ਸ਼ੋਰ-ਸ਼ਰਾਬੇ ਕਾਰਨ ਉਠਾ ਦਿੱਤਾ ਜਾਂਦਾ ਰਿਹਾ। ਰੋਜ਼ਾਨਾ ਹੀ ਸਦਨਾਂ ਦਾ ਨਜ਼ਾਰਾ ਇਕੋ ਜਿਹਾ ਹੁੰਦਾ ਸੀ ਜਦੋਂ ਵਿਰੋਧੀ ਮੈਂਬਰਾਂ ਵੱਲੋਂ ਜੇ.ਪੀ.ਸੀ. ਦੇ ਮੁੱਦੇ ਉਤੇ ਲੋਕ ਸਭਾ 'ਚ ਸਪੀਕਰ ਤੇ ਰਾਜ ਸਭਾ ਵਿਚ ਚੇਅਰਮੈਨ ਦੀ ਗੱਦੀ ਅੱਗੇ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਜਾਂਦੀ ਸੀ। ਲੋਕ ਸਭਾ ਵਿਚ ਪਹਿਲੇ ਦਿਨ ਹੀ ਕੁਝ ਆਮ ਵਰਗੇ ਹਾਲਾਤ ਰਹੇ ਜਦੋਂਕਿ ਰਾਜ ਸਭਾ ਵਿਚ ਇਸ ਦਿਨ ਵੀ ਕੋਈ ਕੰਮਕਾਜ ਨਹੀਂ ਹੋਇਆ ਤੇ ਇਕ ਮੌਜੂਦਾ ਮੈਂਬਰ ਦੀ ਮੌਤ ਕਾਰਨ ਸਦਨ ਪਹਿਲੇ ਦਿਨ ਉਠਾ ਦਿੱਤਾ ਗਿਆ ਸੀ। ਰੇੜਕਾ ਤੋੜਨ ਲਈ ਸਰਕਾਰ ਤੇ ਵਿਰੋਧੀ ਧਿਰ ਦਰਮਿਆਨ ਕਈ ਮੀਟਿੰਗਾਂ ਹੋਈਆਂ ਪਰ ਕੋਈ ਗੱਲ ਨਾ ਬਣੀ ਕਿਉਂਕਿ ਸਮੁੱਚੀ ਵਿਰੋਧੀ ਧਿਰ-ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ., ਖੱਬੀਆਂ ਪਾਰਟੀਆਂ, ਅੰਨਾ ਡੀ.ਐਮ.ਕੇ., ਐਸ.ਪੀ., ਟੀ.ਡੀ.ਪੀ. ਤੇ ਬੀ.ਜੇ.ਡੀ. ਨੇ ਜੇ.ਪੀ.ਸੀ. ਦੀ ਮੰਗ ਤੋਂ ਪਿੱਛੇ ਹਟਣ ਤੋਂ ਨਾਂਹ ਕਰ ਦਿੱਤੀ।

ਵਿਰੋਧੀ ਧਿਰ ਨੂੰ 16 ਨਵੰਬਰ ਨੂੰ ਉਦੋਂ ਹੋਰ ਹੌਸਲਾ ਮਿਲਿਆ ਜਦੋਂ ਕੈਗ ਦੀ ਰਿਪੋਰਟ ਸੰਸਦ ਵਿਚ ਪੇਸ਼ ਕੀਤੀ ਗਈ ਜਿਸ ਵਿਚ ਕਿਹਾ ਗਿਆ ਕਿ 2008 ਵਿਚ ਸਪੈਕਟ੍ਰਮ ਵੰਡ ਬਾਰੇ ਹੋਈ ਹੇਰਾਫੇਰੀ ਕਾਰਨ ਦੇਸ਼ ਨੂੰ 1.76 ਲੱਖ ਕਰੋੜ ਮਾਲੀਏ ਦਾ ਨੁਕਸਾਨ ਹੋਇਆ ਹੈ। ਇਸ ਮੁੱਦੇ

*(ਬਾਕੀ ਸਫਾ 11 'ਤੇ)*

## *132 ਘੰਟਿਆਂ 'ਚੋਂ ਸਿਰਫ਼ ਸਾਢੇ ਸੱਤ ਘੰਟੇ ਹੀ ਹੋਇਆ ਕੰਮ*






# ਅਕਾਲੀਆਂ ਵੱਲੋਂ ਸੂਬੇ ਨੂੰ 20 ਹਜ਼ਾਰ ਕਰੋੜ ਦਾ ਚੂਨਾ ਲਾਉਣ ਦੀ ਕੋਸ਼ਿਸ਼: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਬਠਿੰਡਾ ਤੇਲ ਸੋਧਕ ਕਾਰਖਾਨੇ ਲਈ ਵੈਟ ਮੁਆਫੀ ਕਰਕੇ ਸੂਬੇ ਨੂੰ 20 ਹਜ਼ਾਰ ਕਰੋੜ ਰੁਪਏ ਦਾ ਚੂਨਾ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਤਰ੍ਹਾਂ ਵੀ ਇਸ ਪ੍ਰਾਜੈਕਟ ਵਿਰੁਧ ਨਹੀਂ ਹਨ ਪਰ ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਰਾਜ ਦੇ ਕਰੋੜਾਂ ਰੁਪਏ ਦੇ ਸਰਮਾਏ ਨੂੰ ਲੁਟਾਉਣ ਦੇ ਕੀਤੇ ਜਾ ਰਹੇ ਯਤਨਾਂ ਦੇ ਵਿਰੁਧ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਇਸ ਰਿਫਾਈਨਰੀ ਬਾਰੇ ਹੋਏ ਸਮਝੌਤੇ ਦੀਆਂ ਸ਼ਰਤਾਂ ਤੋਂ ਬਾਹਰ ਜਾ ਕੇ ਹਿੰਦੋਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਅਤੇ ਮਿੱਤਲ ਐਨਰਜੀ ਲਿਮਟਿਡ ਨੂੰ 15 ਸਾਲ ਲਈ ਵੈਟ ਦੀ ਮੁਆਫੀ ਦੇ ਕੇ ਰਾਜ ਨੂੰ 20 ਹਜ਼ਾਰ ਕਰੋੜ ਰੁਪਏ ਦਾ ਚੂਨਾ ਲਾਉਣ ਦਾ ਯਤਨ ਕਰ ਰਹੀ ਹੈ ਜਦੋਂਕਿ ਉੜੀਸਾ, ਮੱਧ ਪ੍ਰਦੇਸ਼ ਤੇ ਕਰਨਾਟਕਾ ਵਿਚ ਲਾਏ ਅਜਿਹੇ ਕਾਰਖਾਨਿਆਂ ਨੂੰ ਸਬੰਧਤ ਰਾਜ ਸਰਕਾਰਾਂ ਨੇ ਅਜਿਹੀ ਕੋਈ ਛੋਟ ਨਹੀਂ ਦਿੱਤੀ।

ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਸਰਕਾਰ ਖ਼ਿਲਾਫ਼ ਨਿਰਣਾਇਕ ਮੋਰਚਾ ਖੋਲ੍ਹਦਿਆਂ ਕਿਹਾ ਕਿ ਉਨ੍ਹਾਂ ਵੱਲੋਂ 100 ਖਿਡਾਰੀਆਂ ਦੀ ਟੀਮ ਬਣਾਈ ਜਾ ਰਹੀ ਹੈ ਕਿਉਂਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਅਕਾਲੀ-ਭਾਜਪਾ ਗੱਠਜੋੜ ਨਾਲ ਪੂਰਾ ਸਾਲ ਸਿਆਸੀ ਮੈਚ ਚੱਲਣਾ ਹੈ। ਉਹ ਇਥੇ ਪੰਜਾਬ ਕਾਂਗਰਸ ਭਵਨ ਵਿਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਨ ਤੋਂ ਬਾਅਦ ਪਾਰਟੀ ਦੀ ਨਵੀਂ ਬਣਾਈ ਜਾ ਰਹੀ ਟੀਮ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਹਾਲੇ ਉਨ੍ਹਾਂ ਨੇ ਨਵੇਂ ਢਾਂਚੇ ਬਾਰੇ ਪਾਰਟੀ ਹਾਈਕਮਾਨ ਨੂੰ ਆਪਣੇ

*(ਬਾਕੀ ਸਫਾ 3 'ਤੇ)*

## ਅੰਦਰ ਦੀ ਝਾਤ


*ਸੰਪਾਦਕੀ (ਪੰਨਾ 12)*
*ਲਿਖਤੁਮ-ਤਰਲੋਚਨ ਸਿੰਘ ਦੁਪਾਲਪੁਰ (ਪੰਨਾ 14)*
*ਸ਼ਬਦ ਝਰੋਖਾ-ਬਲਜੀਤ ਬਾਸੀ (ਪੰਨਾ 18)*
*ਰੰਗ-ਬੇਰੰਗ-ਡਾ. ਗੁਰਨਾਮ ਕੌਰ (ਪੰਨਾ 23)*
*ਪੰਥ ਖਾਲਸਾ (ਪੰਨਾ 24)*
*ਵਿਚਾਰ ਚਰਚਾ (ਪੰਨਾ 26, 27, 28)*
*ਕਹਾਣੀ-ਬੂਟਾ ਸਿੰਘ ਸ਼ਾਦ (ਪੰਨਾ 29)*
*ਫਿਲਮੀ ਦੁਨੀਆਂ (ਪੰਨਾ 30)*



Dhillon Truck Stop
Dhillon Road Service
Interstate 40, exit 356, San Jon, NM
*Gill Manj Gurdaspur Wale*
ਪੰਜਾਬੀ ਢਾਬਾ

ਡੀਜ਼ਲ ਅਤੇ ਰੋਡ ਸਰਵਿਸ
New & Used Tires Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

Sonu Insurance Company

ਇੰਸ਼ੋਰੈਂਸ ਅਤੇ ਟੈਕਸ ਸੇਵਾਵਾਂ

Auto, Home, Business, Construction liability and Worker's comp.
*Ask for Master Mohinder Singh*
Ph: 718-847-1878, 718-847-1885
Fax:718-847-1879, Cell: 646-523-5092
e-mail:sonuinsurance@yahoo.com
116-19 101st Avenue (Above Sabzi Mandi)
S. Richmond Hill, NY 11419

# ਪਰਵਾਸੀ ਵੀਰ ਪੰਜਾਬ ਦਾ ਬੇੜਾ ਬੰਨੇ ਲਾ ਸਕਦੇ:ਸੁਖਪਾਲ ਖਹਿਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਹਲਕਾ ਭੁਲੱਥ ਤੋਂ ਕਾਂਗਰਸ ਦੇ ਵਿਧਾਇਕ ਅਤੇ ਨੌਜਵਾਨ ਆਗੂ ਸੁਖਪਾਲ ਸਿੰਘ ਖਹਿਰਾ, ਜੋ 22 ਦਸੰਬਰ ਤੋਂ ਅਮਰੀਕਾ ਦੇ ਦੌਰੇ 'ਤੇ ਆ ਰਹੇ ਹਨ, ਨੇ ਕਿਹਾ ਹੈ ਕਿ ਪਰਵਾਸੀ ਪੰਜਾਬੀ, ਪੰਜਾਬ ਦਾ ਬੇੜਾ ਬੰਨੇ ਲਾਉਣ ਵਿਚ ਅਹਿਮ ਰੋਲ ਅਦਾ ਕਰ ਸਕਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਜਿਸ ਤਰ੍ਹਾਂ ਇਕ ਸਦੀ ਪਹਿਲਾਂ 1913 ਵਿਚ ਅਮਰੀਕਾ ਵਿਚ ਪੁੱਜੇ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਲਈ 'ਗ਼ਦਰ' ਦੇ ਰੂਪ ਵਿਚ ਹੰਭਲਾ ਮਾਰਿਆ ਸੀ, ਹੁਣ ਵੀ ਅਮਰੀਕਾ ਦੀ ਧਰਤੀ ਉਤੇ ਵਸਦੇ ਪੰਜਾਬੀ ਵੀਰ ਪੰਜਾਬ ਨੂੰ ਲੀਹ ਉਤੇ ਪਾਉਣ ਲਈ ਉਸੇ ਤਰਜ਼ 'ਤੇ ਹੰਭਲਾ ਮਾਰਨਗੇ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਦੇ ਲੋਕ ਅਜੇ ਬੁਨਿਆਦੀ ਸਹੂਲਤਾਂ ਜਿਵੇਂ ਸਿੱਖਿਆ, ਸਿਹਤ ਅਤੇ ਪੀਣ ਵਾਲੇ ਪਾਣੀ ਤੋਂ ਵੀ ਵਾਂਝੇ ਹਨ ਅਤੇ ਨਸ਼ਿਆਂ ਨੇ ਨੌਜਵਾਨਾਂ ਨੂੰ ਔਝੜ ਰਾਹਾਂ 'ਤੇ ਤੋਰ ਦਿੱਤਾ ਹੈ। ਇਸ ਪ੍ਰਸੰਗ ਵਿਚ ਪਰਵਾਸੀ ਪੰਜਾਬੀਆਂ ਦਾ ਭਰਵਾਂ ਦਖ਼ਲ ਸੂਬੇ ਦੇ ਲੋਕਾਂ ਲਈ ਰਾਹ-ਦਸੇਰਾ ਬਣ ਸਕਦਾ ਹੈ। ਜ਼ਿਕਰਯੋਗ ਹੈ ਕਿ ਸ. ਖਹਿਰਾ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸੱਦੇ ਉਤੇ ਅਮਰੀਕਾ ਆ ਰਹੇ ਹਨ ਅਤੇ ਉਹ ਸ਼ਿਕਾਗੋ, ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਇਲਾਵਾ ਹੋਰ ਕਈ ਸਟੇਟਾਂ ਵਿਚ ਜਾਣਗੇ।

'ਪੰਜਾਬ ਟਾਈਮਜ਼' ਨਾਲ ਇਕ ਉਚੇਚੀ ਮੁਲਾਕਾਤ ਦੌਰਾਨ ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੇ ਅਮਰੀਕੀ ਦੌਰੇ ਦਾ ਮਕਸਦ ਪਰਵਾਸੀ ਪੰਜਾਬੀਆਂ ਨਾਲ ਪੀਡਾ ਰਿਸ਼ਤਾ ਕਾਇਮ ਕਰਨਾ ਹੈ। ਇਸ ਵੇਲੇ ਪੰਜਾਬ ਜਿਨ੍ਹਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਨ੍ਹਾਂ ਵਿਚੋਂ ਕੱਢਣ ਲਈ ਪਰਵਾਸੀ ਪੰਜਾਬੀਆਂ ਦੀ ਭੂਮਿਕਾ ਅਹਿਮ ਹੋਵੇਗੀ। ਉਨ੍ਹਾਂ ਸਪਸ਼ਟ ਕਿਹਾ, "ਪਰਵਾਸੀ ਪੰਜਾਬੀਆਂ ਨੇ ਪਹਿਲਾਂ ਗੁਰੂਘਰਾਂ ਵੱਲ ਧਿਆਨ ਦਿੱਤਾ ਤਾਂ ਵਾਰੇ-ਨਿਆਰੇ ਹੋ ਗਏ। ਫਿਰ ਇਨ੍ਹਾਂ ਨੇ ਪੰਜਾਬ ਦੀ ਮਾਂ ਖੇਡ ਕਬੱਡੀ ਵੱਲ ਧਿਆਨ ਦਿੱਤਾ ਤਾਂ ਸੰਸਾਰ ਭਰ ਵਿਚ ਕਬੱਡੀ ਦੀ ਬੱਲੇ-ਬੱਲੇ ਹੋ ਗਈ। ਹੁਣ ਜੇਕਰ ਇਹ ਪੰਜਾਬ ਦੇ ਪਿੰਡਾਂ ਵੱਲ ਰੁਖ਼ ਕਰਨ ਤਾਂ ਪੰਜਾਬ ਦਾ ਨਕਸ਼ਾ ਹੀ ਬਦਲ ਸਕਦਾ ਹੈ।" ਉਨ੍ਹਾਂ ਕਿਹਾ ਕਿ ਪੰਜਾਬੀ ਸੰਸਾਰ ਭਰ ਵਿਚ ਰੁਜ਼ਗਾਰ ਦੀ ਭਾਲ ਵਿਚ ਫੈਲੇ ਪਰ ਹੁਣ ਜਦੋਂ ਇਹ ਵਿਦੇਸ਼ਾਂ ਵਿਚ ਪੱਕੇ ਪੈਰੀਂ ਹੋ ਗਏ ਹਨ ਤਾਂ ਪੱਛਮ ਦੇ ਉਨਤ ਦੇਸ਼ਾਂ ਦੇ ਮੁਕਾਬਲੇ ਪਛੜ ਰਹੇ ਪੰਜਾਬ ਨੂੰ ਅੱਜ ਦੇ ਜ਼ਮਾਨੇ ਦੇ ਬਰਾਬਰ ਲਿਆਉਣ ਲਈ ਯਤਨ ਅਰੰਭਣੇ ਚਾਹੀਦੇ ਹਨ।

ਆਪਣੇ ਵਿਧਾਨ ਸਭਾ ਹਲਕੇ ਭੁਲੱਥ (ਜ਼ਿਲ੍ਹਾ ਕਪੂਰਥਲਾ) ਦੀਆਂ ਵਿਕਾਸ ਤਰਜੀਹਾਂ ਬਾਬਤ ਮਰਹੂਮ ਕੈਬਨਿਟ ਮੰਤਰੀ ਸ. ਸੁਖਜਿੰਦਰ ਸਿੰਘ ਦੇ ਸਪੁਤਰ ਸ. ਖਹਿਰਾ ਨੇ ਕਿਹਾ ਕਿ ਸਿੱਖਿਆ, ਸਿਹਤ, ਸੜਕਾਂ ਅਤੇ ਪੀਣ ਵਾਲੇ ਪਾਣੀ ਵੱਲ ਉਹ ਉਚੇਚਾ ਧਿਆਨ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਹਲਕੇ ਵਿਚ ਕੁੱਲ 132 ਸਰਕਾਰੀ ਐਲੀਮੈਂਟਰੀ ਸਕੂਲ ਹਨ। ਕੇਂਦਰੀ ਮੰਤਰੀ ਅੰਬਿਕਾ ਸੋਨੀ ਵੱਲੋਂ ਦਿੱਤੀਆਂ ਗਰਾਂਟਾਂ ਦੇ ਆਧਾਰ 'ਤੇ ਉਹ ਹਰ ਸਕੂਲ ਵਿਚ ਬੱਚਿਆਂ ਦੇ ਬੈਠਣ ਲਈ ਡੈਸਕਾਂ ਦਾ ਇੰਤਜ਼ਾਮ ਕਰਵਾ ਰਹੇ ਹਨ। ਇਸ ਯੋਜਨਾ ਤਹਿਤ 20 ਸਕੂਲਾਂ ਵਿਚ ਫਰਨੀਚਰ ਪੁੱਜ ਚੁੱਕਾ ਹੈ ਅਤੇ ਇਕ ਸਾਲ ਦੇ ਅੰਦਰ ਸਾਰੇ 132 ਸਕੂਲਾਂ ਵਿਚ ਫਰਨੀਚਰ ਮੁਹੱਈਆ ਕਰਾ ਦਿੱਤਾ ਜਾਵੇਗਾ।

ਸਿਹਤ ਸਹੂਲਤਾਂ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਭੁਲੱਥ ਦੇ ਸਰਕਾਰੀ ਹਸਪਤਾਲ ਨੂੰ ਸਬ-ਡਿਵੀਜ਼ਨਲ ਹਸਪਤਾਲ ਦਾ ਦਰਜਾ ਦਿਵਾ ਕੇ 50 ਬਿਸਤਰਿਆਂ ਦਾ ਬਣਾਇਆ ਜਾ ਰਿਹਾ ਹੈ। ਹਸਪਤਾਲ ਵਿਚ ਨਸ਼ਾ-ਛੁਡਾਊ ਕੇਂਦਰ ਖੋਲ੍ਹਿਆ ਜਾ ਰਿਹਾ ਹੈ। ਹਲਕੇ ਦੇ ਹਰ ਪਿੰਡ ਵਿਚ ਨੌਜਵਾਨਾਂ ਦੀ ਸਰਗਰਮੀ ਵਧਾਉਣ ਲਈ 31 ਜਾਂ 51 ਮੈਂਬਰੀ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਹਲਕੇ ਦੇ ਕੁੱਲ 140 ਪਿੰਡਾਂ ਵਿਚੋਂ 110 'ਚ ਨੌਜਵਾਨਾਂ ਲਈ ਬਹੁਮੰਤਵੀ ਹੈਲਥ ਮਸ਼ੀਨਰੀ ਮੁਹੱਈਆ ਕਰਵਾਈ ਜਾ ਚੁੱਕੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਕਰੀਬ ਸਮਝੇ ਜਾਂਦੇ ਇਸ ਨੌਜਵਾਨ ਵਿਧਾਇਕ ਸ. ਖਹਿਰਾ ਨੇ ਦੱਸਿਆ ਕਿ ਪੀਣ ਵਾਲੇ ਸਾਫ਼ ਪਾਣੀ ਲਈ ਨਾਬਾਰਡ ਦੀ ਸਕੀਮ ਤਹਿਤ 33 ਪਿੰਡਾਂ ਵਿਚ ਵਾਟਰ ਵਰਕਸ ਸਕੀਮਾਂ



ਸੁਖਪਾਲ ਸਿੰਘ ਖਹਿਰਾ

ਲਾਈਆਂ ਗਈਆਂ ਹਨ ਜਿਨ੍ਹਾਂ ਤੋਂ 64 ਪਿੰਡਾਂ ਨੂੰ ਸਾਫ਼-ਸਵੱਛ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਗ੍ਰਾਮ ਯੋਜਨਾ ਤਹਿਤ ਪੂਰੇ ਹਲਕੇ ਵਿਚ ਸੜਕਾਂ ਮੁਕੰਮਲ ਕਰਵਾ ਦਿੱਤੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਵਿਧਾਨ ਸਭਾ ਦੇ ਸੈਸ਼ਨਾਂ ਦੌਰਾਨ ਵੀ ਹਲਕੇ ਦੇ ਹਰ ਵਰਗ ਦੀ ਆਵਾਜ਼ ਸਰਕਾਰ ਅਤੇ ਮੀਡੀਆ ਤਕ ਅਪੜਾਈ ਹੈ। ਵਿਧਾਨ ਸਭਾ ਤੋਂ ਬਾਹਰ ਵੀ ਉਨ੍ਹਾਂ ਭਰੂਣ ਹੱਤਿਆ ਅਤੇ ਨਸ਼ਿਆਂ ਵਰਗੀਆਂ ਸਮਾਜਕ ਕੁਰੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ।

ਬਾਦਲ ਸਰਕਾਰ ਦੀ ਤਿੱਖੀ ਨੁਕਤਾਚੀਨੀ ਕਰਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਅਕਾਲੀ ਦਲ 'ਤੇ ਪਰਿਵਾਰਵਾਦ ਤੇ ਭਾਈ-ਭਤੀਜਾਵਾਦ ਇੰਨਾ ਭਾਰੂ ਹੈ ਕਿ ਲੋਕ-ਭਲਾਈ ਦਾ ਏਜੰਡਾ ਉੱਕਾ ਹੀ ਪਛੜ ਗਿਆ ਹੈ। ਪਰਿਵਾਰਵਾਦ ਵੀ ਦਰਅਸਲ ਜਗੀਰੂ ਏਜੰਡਾ ਹੈ। ਬਾਦਲ ਪਰਿਵਾਰ ਇਸੇ ਇਕ ਏਜੰਡੇ ਮੁਤਾਬਕ ਚੱਲ ਰਿਹਾ ਹੈ। ਸੂਬੇ ਦੀਆਂ ਜ਼ਮੀਨੀ ਹਕੀਕਤਾਂ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸ਼ਖ਼ਸ ਲਈ ਵਿਕਾਸ ਦਾ ਇਕੋ-ਇਕ ਮੀਟਰ ਵੱਡੇ ਸਟੇਡੀਅਮ, ਵੱਡੇ ਹੋਟਲ, ਏਅਰਪੋਰਟ, ਮੈਟਰੋ, ਹਾਈ-ਵੇਅ ਹਨ। ਗੱਲ ਇਹ ਨਹੀਂ ਕਿ ਪੰਜਾਬ ਨੂੰ ਅਜਿਹੇ ਢਾਂਚੇ ਦੀ ਲੋੜ ਨਹੀਂ; ਵਿਚਲੀ ਗੱਲ ਤਾਂ ਇਹ ਹੈ ਕਿ ਲੋਕ ਤਾਂ ਬੁਨਿਆਦੀ ਸਹੂਲਤਾਂ ਅਤੇ ਮੁਢਲੀਆਂ ਲੋੜਾਂ ਲਈ ਤੜਫ਼ ਅਤੇ ਕੁਰਲਾ ਰਹੇ ਹਨ। ਹੋਟਲਾਂ, ਹਵਾਈ ਅੱਡਿਆਂ ਨਾਲ ਇਨ੍ਹਾਂ ਲੋਕਾਂ ਦਾ ਭਲਾ ਕੀ ਸਰੋਕਾਰ ਹੈ? ਇਸ ਲਈ ਸਭ ਤੋਂ ਪਹਿਲੀ ਲੋੜ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਹੈ ਪਰ ਲੋਕਾਂ ਦੀ ਭਲਾਈ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਹੈ।

ਪੰਜਾਬ ਉਤੇ ਚੜ੍ਹੇ ਕਰਜ਼ੇ ਬਾਰੇ ਉਨ੍ਹਾਂ ਕਿਹਾ ਕਿ ਖੇਤੀ ਤਾਂ ਹੁਣ ਮਾਯੂਸਕੁਨ ਕਿੱਤਾ ਬਣ ਚੁੱਕਾ ਹੈ। ਹੁਣ ਸੂਬੇ ਨੂੰ ਖੇਤੀ ਆਧਾਰਤ ਸਨਅਤਾਂ ਅਤੇ ਦੂਜੀਆਂ ਸਨਅਤਾਂ ਦੀ ਲੋੜ ਹੈ। ਜੇਕਰ ਹੁਣ ਵਾਲਾ ਢਾਂਚਾ ਲਾਗੂ ਰਹਿੰਦਾ ਹੈ ਤਾਂ ਵਾਰ ਵਾਰ ਕਰਜ਼ਾ ਮੁਆਫ਼ੀ ਦੇ ਬਾਵਜੂਦ ਗੱਲ ਉਥੇ ਦੀ ਉਥੇ ਹੀ ਰਹਿਣੀ ਹੈ। ਪੰਜਾਬ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਲਈ ਲੀਹ ਪਾੜ ਕੇ ਤੁਰਨਾ ਪਵੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਨੂੰ ਦਰਪੇਸ਼ ਮਸਲਿਆਂ ਬਾਰੇ ਬਹਿਸ ਕਰਨ ਲਈ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹਾ ਸੱਦਾ ਦਿੱਤਾ ਸੀ ਪਰ ਅਜੇ ਤਕ ਉਸ ਪਾਸਿਓਂ ਕੋਈ ਜਵਾਬ ਨਹੀਂ ਆਇਆ।

ਸ. ਖਹਿਰਾ ਨੇ ਆਖਿਆ ਕਿ ਬਾਦਲ ਪਰਿਵਾਰ ਲੋਕ-ਭਲਾਈ ਦੀ ਥਾਂ ਕਬਜ਼ੇ ਦੀ ਸਿਆਸਤ ਚਲਾ ਰਿਹਾ ਹੈ। ਮੀਡੀਆ ਉਤੇ ਕਬਜ਼ੇ ਖ਼ਾਤਰ ਲੋਕਲ ਚੈਨਲਾਂ ਅਤੇ ਕੇਬਲ ਨੈਟਵਰਕ ਆਪਣੀ ਝੋਲੀ ਵਿਚ ਪਾ ਲਏ ਹਨ। ਰੇਤਾ-ਬਜਰੀ ਦੇ ਵਪਾਰ ਉਤੇ ਮਾਫ਼ੀਏ ਦਾ ਕਬਜ਼ਾ ਕਰਵਾ ਦਿੱਤਾ ਹੈ। ਰੇਤੇ ਦਾ ਇਕ ਟਰੱਕ ਜਿਹੜਾ ਪਹਿਲਾਂ 1000 ਰੁਪਏ ਵਿਚ ਮਿਲਦਾ ਸੀ, ਹੁਣ 4000 ਰੁਪਏ ਵਿਚ ਵੀ ਆਸਾਨੀ ਨਾਲ ਨਹੀਂ ਮਿਲਦਾ। ਟਰਾਂਸਪੋਰਟ ਉਤੇ ਵੀ ਤਕਰੀਬਨ ਇਸੇ ਪਰਿਵਾਰ ਦਾ ਕਬਜ਼ਾ ਹੈ। ਸਰਕਾਰੀ ਰੂਟ ਬੰਦ ਕਰ ਕੇ ਆਪਣੀ ਟਰਾਂਸਪੋਰਟ ਦੀਆਂ ਬੱਸਾਂ ਚਲਾਈਆਂ ਜਾ ਰਹੀਆਂ ਹਨ ਜਾਂ ਸਰਕਾਰੀ ਬੱਸਾਂ ਨੂੰ ਰੂਟਾਂ ਦੇ ਉਹ ਸਮੇਂ ਅਲਾਟ ਕਰਵਾ ਦਿੱਤੇ ਹਨ ਕਿ ਇਨ੍ਹਾਂ (ਸਰਕਾਰੀ ਬੱਸਾਂ) ਨੂੰ ਘਾਟਾ ਪੈ ਰਿਹਾ ਹੈ ਜਦਕਿ ਬਾਦਲਾਂ ਦੀ ਟਰਾਂਸਪੋਰਟ ਦਾ ਘੇਰਾ ਹਰ ਰੋਜ਼ ਵਧ ਰਿਹਾ ਹੈ। ਕੁਝ ਰੂਟਾਂ ਉਤੇ ਤਾਂ ਨਿਰੋਲ ਬਾਦਲ ਪਰਿਵਾਰ ਦੀਆਂ ਬੱਸਾਂ ਹੀ ਚੱਲ ਰਹੀਆਂ ਹਨ। ਇਸੇ ਤਰ੍ਹਾਂ ਸ਼ਰਾਬ ਦੇ ਠੇਕਿਆਂ ਦਾ ਹਾਲ ਹੈ। ਇਹੀ ਨਹੀਂ ਕਾਂਗਰਸੀ ਵਰਕਰਾਂ ਅਤੇ ਆਗੂਆਂ ਖ਼ਿਲਾਫ਼ ਝੂਠੇ ਕੇਸ ਵੱਡੀ ਗਿਣਤੀ ਵਿਚ ਦਰਜ ਕਰਵਾਏ ਗਏ ਹਨ। ਕੇਸ ਦਰਜ ਕਰਨ ਵਾਲੀ ਗੱਲ ਤਾਂ ਹੁਣ ਸੁਖਬੀਰ ਸਿੰਘ ਬਾਦਲ ਨੇ ਆਪ ਵੀ ਮੰਨ ਲਈ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਤਿਆਰ-ਬਰ-ਤਿਆਰ ਹੈ ਅਤੇ ਲੋਕਾਂ ਤੋਂ ਉਨ੍ਹਾਂ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਮਿਲ ਰਿਹਾ ਹੈ ਉਸ ਤੋਂ ਇਹੋ ਜਾਪਦਾ ਹੈ ਕਿ ਲੋਕ ਅਕਾਲੀਆਂ ਦੇ ਰਾਜ ਤੋਂ ਅੱਕੇ ਪਏ ਹਨ। ਇਹ ਜਿੱਤ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਲੋਕਾਂ ਦਾ ਇਸ ਪਰਿਵਾਰ (ਬਾਦਲ ਪਰਿਵਾਰ) ਤੋਂ ਖਹਿੜਾ ਛੁਡਾਉਣਾ ਜ਼ਰੂਰੀ ਹੈ। ਇਹ ਪਰਿਵਾਰ ਪੰਜਾਬ ਦੇ ਵਿਕਾਸ ਲਈ ਵਚਨਬੱਧ ਹੋਣ ਦੀ ਥਾਂ ਆਪਣੀ ਅਤੇ ਆਪਣੇ ਚਹੇਤਿਆਂ ਦੀਆ ਝੋਲੀਆਂ ਭਰ ਰਿਹਾ ਹੈ। ਉਨ੍ਹਾਂ ਇਕ ਵਾਰ ਫਿਰ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਦੇ ਵਿਕਾਸ ਲਈ ਬਾਦਲ ਪਰਿਵਾਰ ਨੂੰ ਸੱਤਾ ਤੋਂ ਲਾਂਭੇ ਕਰਨ ਵਿਚ ਆਪੋ-ਆਪਣਾ ਯੋਗਦਾਨ ਪਾਉਣ।

# ਅਰੁੰਧਾਤੀ ਰਾਏ ਦੀ ਗਾਂਧੀ ਨਾਲ ਤੁਲਨਾ

**ਨਵੀਂ ਦਿੱਲੀ:** ਭਾਜਪਾ ਵੱਲੋਂ ਚਰਚਿਤ ਲੇਖਕਾ ਅਰੁੰਧਾਤੀ ਰਾਏ ਉਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਦੀ ਮੰਗ ਕੀਤੇ ਜਾਣ 'ਤੇ ਅਖਬਾਰ 'ਦਿ ਗਾਰਡੀਅਨ' ਨੇ ਆਪਣੇ ਇਕ ਲੇਖ 'ਅਰੁੰਧਾਤੀ ਰਾਏ: ਵੱਡੇ ਮੁੱਦੇ ਉਭਾਰਨ ਵਾਲੀ' ਵਿਚ ਲਿਖਿਆ ਕਿ ਲੇਖਕਾ ਨੇ ਕਸ਼ਮੀਰ ਵਿਚ ਹੋ ਰਹੇ ਜ਼ੁਲਮ ਵੱਲ ਧਿਆਨ ਦਿਵਾਉਣ ਲਈ ਦਲੇਰੀ ਨਾਲ ਕਲਮ ਚਲਾਈ ਹੈ। 1922 ਵਿਚ ਦੇਸ਼ ਧ੍ਰੋਹ ਦੇ ਮੁਕੱਦਮੇ ਬਾਰੇ ਮਹਾਤਮਾ ਗਾਂਧੀ ਨੇ ਅਹਿਮਦਾਬਾਦ ਦੀ ਅਦਾਲਤ ਵਿਚ ਆਖਿਆ ਸੀ, "ਕਾਨੂੰਨ ਮੁਤਾਬਕ ਦੇਸ਼ ਧਰੋਹ ਸੋਚਿਆ ਵਿਚਾਰਿਆ ਅਪਰਾਧ ਹੁੰਦਾ ਹੈ ਪਰ ਮੇਰੀ ਜਾਚੇ ਇਹ ਦੇਸ਼ ਦੇ ਹਰ ਨਾਗਰਿਕ ਦਾ ਪਹਿਲਾ ਕਰਤਵ ਵੀ ਹੈ।"

ਇਸੇ ਦੌਰਾਨ ਰੂਪਾ ਸੁਬਰਾਮਨੀਅਮ ਨੇ ਅਖਬਾਰ 'ਦਿ ਵਾਲ ਸਟਰੀਟ ਜਰਨਲ' ਵਿਚ ਲਿਖੇ ਲੇਖ ਵਿਚ ਲਿਖਿਆ ਹੈ ਕਿ ਜੇ ਭਾਰਤ ਵਿਚ ਨਪੀੜੀਆਂ ਜਾ ਰਹੀਆਂ ਘੱਟ ਗਿਣਤੀਆਂ ਖਾਸ ਕਰਕੇ, ਕਸ਼ਮੀਰੀਆਂ ਅਤੇ ਕਬਾਇਲੀਆਂ ਦੇ ਹੱਕਾਂ ਲਈ ਹਾਅ ਦਾ ਨਾਅਰਾ ਮਾਰਨ ਵਾਲੀ ਲੇਖਕਾ ਅਰੁੰਧਾਤੀ ਰਾਏ ਨੂੰ ਨੋਬੇਲ ਅਮਨ ਪੁਰਸਕਾਰ ਦਿੱਤਾ ਜਾਵੇ ਤਾਂ ਕੀ ਹੋਵੇ? ਜੇ ਅਰੁੰਧਾਤੀ ਰਾਏ ਨੂੰ ਓਸਲੋ ਤੋਂ ਇਹ ਫ਼ੋਨ ਕਾਲ ਆ ਜਾਵੇ ਤਾਂ ਭਾਰਤ ਵਿਚ ਕੀ ਪ੍ਰਤੀਕਰਮ ਹੋਵੇਗਾ?



ਮੀਡੀਆ ਵਿਚਲੇ ਤੇ ਬਾਹਰਲੇ ਖੱਬੇ ਪੱਖੀ ਉਦਾਰਵਾਦੀ ਬਾਗੋਬਾਗ ਹੋ ਜਾਣਗੇ ਜਦਕਿ ਕੱਟੜਪੰਥੀ ਹਿੰਦੂ ਰਾਸ਼ਟਰਵਾਦੀ ਇਸ ਨੂੰ ਭਾਰਤ ਦੀ ਇਕਜੁੱਟਤਾ ਖ਼ਿਲਾਫ਼ ਸਾਜ਼ਸ਼ ਕਰਾਰ ਦੇਣਗੇ। 'ਆਊਟਲੁੱਕ' ਮੈਗਜ਼ੀਨ ਅਰੁੰਧਾਤੀ ਰਾਏ ਬਾਰੇ 42 ਸਫਿਆਂ ਦਾ ਵਿਸ਼ੇਸ਼ ਅੰਕ ਛਾਪੇਗਾ ਜਦਕਿ 'ਓਪਨ' ਮੈਗਜ਼ੀਨ ਮਾਓਵਾਦੀਆਂ ਵੱਲੋਂ ਇਕ ਦੂਜੇ ਨੂੰ ਵਧਾਈਆਂ ਦੇਣ ਦੇ ਫੋਨਾਂ ਦੀਆਂ ਟੇਪਾਂ ਨਸ਼ਰ ਕਰੇਗਾ। ਇਕ ਟੀ.ਵੀ. ਚੈਨਲ ਤਾਂ ਹੋ-ਹੱਲਾ ਮਚਾਵੇਗਾ ਜਦਕਿ ਕੋਈ ਦੂਜਾ ਜੰਤਰ-ਮੰਤਰ 'ਤੇ ਬਾਂਦਰਾਂ ਤੇ ਹੋਰ ਜੰਗਲੀ ਜੀਵਾਂ ਦੇ ਕਤਲੇਆਮ ਖ਼ਿਲਾਫ਼ ਧਰਨੇ 'ਤੇ ਬੈਠੀ ਅਰੁੰਧਾਤੀ ਰਾਏ ਨਾਲ ਇੰਟਰਵਿਊ ਨਸ਼ਰ ਕਰੇਗਾ। ਜ਼ਿਕਰਯੋਗ ਹੈ ਕਿ ਵੱਖ ਵੱਖ ਮੁੱਦਿਆਂ 'ਤੇ ਆਪਣੇ ਵਿਚਾਰਾਂ ਕਰਕੇ ਅਰੁੰਧਾਤੀ ਖਬਰਾਂ 'ਚ ਰਹਿੰਦੀ ਹੈ।





**Wholesale Supplies: AFN 908-486-0077/United Cash & Carry 917-682-5604/ P. West 718-272-6383**

When in Queens, NY tune on your radio to 1620AM to liston Hindi songs 24 Hrs.

# ਮਨਪ੍ਰੀਤ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀ ਤਿਆਰੀ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਲਈ ਨਿੱਤ ਨਵੀਆਂ ਮੁਸੀਬਤਾਂ ਖੜ੍ਹੀਆਂ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਸ ਸੀ ਕਿ ਵਿਧਾਨ ਸਭਾ ਚੋਣਾਂ ਤੱਕ ਮਨਪ੍ਰੀਤ ਦਾ ਜੋਸ਼ ਠੰਢਾ ਹੋ ਜਾਵੇਗਾ ਪਰ ਸਾਬਕਾ ਖ਼ਜ਼ਾਨਾ



*ਮਨਪ੍ਰੀਤ ਸਿੰਘ ਬਾਦਲ*

ਮੰਤਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਸੰਕੇਤ ਦੇ ਕੇ ਨਵੀਂ ਚਰਚਾ ਛੇੜ ਦਿੱਤੀ ਹੈ।

ਮਨਪ੍ਰੀਤ ਬਾਦਲ ਨੇ ਬੀਤੇ ਦਿਨ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਦੇ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਉਨ੍ਹਾਂ ਨੇ ਅਕਾਲੀ ਦਲ ਅਤੇ ਕਾਂਗਰਸ 'ਚੋਂ ਕਿਸੇ ਇਕ ਪਾਸੇ ਜਾਣ ਦੀ ਸੰਭਾਵਨਾ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਉਹ ਪੰਜਾਬ ਵਿਚ ਰਾਜਸੀ ਤੌਰ 'ਤੇ ਤੀਜਾ ਬਦਲ ਨਹੀਂ ਸਗੋਂ ਨਵਾਂ ਬਦਲ ਖੜ੍ਹਾ ਕਰਨ ਦੇ ਰੌਂਅ ਵਿਚ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਨਪ੍ਰੀਤ ਸਿੰਘ ਬਾਦਲ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਪੰਜਾਬ ਵਿਚ ਤੀਜੇ ਬਦਲ ਦੀ ਕੋਈ ਥਾਂ ਨਹੀਂ ਹੈ। ਰਾਜਸੀ ਹਲਕਿਆਂ ਵੱਲੋਂ ਸਾਬਕਾ ਵਿੱਤ ਮੰਤਰੀ ਦੀ ਮੁਹਿੰਮ ਨੂੰ ਤੀਜੀ ਰਾਜਸੀ ਧਿਰ ਵਜੋਂ ਉਭਾਰਿਆ ਜਾ ਰਿਹਾ ਹੈ। ਉਨ੍ਹਾਂ ਦੇ ਮੰਤਰੀ ਮੰਡਲ ਤੋਂ ਅਸਤੀਫੇ ਬਾਅਦ ਲਗਾਤਾਰ ਇਹ ਅਫਵਾਹਾਂ ਵੀ ਪਰਛਾਵੇਂ ਵਾਂਗ ਉਨ੍ਹਾਂ ਦੇ ਨਾਲ ਰਹੀਆਂ ਹਨ ਕਿ ਉਹ ਕਾਂਗਰਸ ਵਿਚ ਸ਼ਾਮਲ ਹੋ ਸਕਦੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਅਸਤੀਫਾ ਦੇ ਕੇ ਮੁੜ ਸਰਗਰਮ ਰਾਜਨੀਤੀ ਵਿਚ ਆਉਣ ਲਈ ਆਪਣੇ ਨੇੜਲੇ ਸਾਥੀਆਂ ਨਾਲ ਵਿਚਾਰਾਂ ਕਰ ਰਹੇ ਹਨ। ਸ੍ਰੀ ਬਰਨਾਲਾ ਦੇ ਮਨਪ੍ਰੀਤ ਨਾਲ ਸੰਪਰਕ ਵਿਚ ਹੋਣ ਦੀਆਂ ਗੱਲਾਂ ਵੀ ਚਰਚਾ ਵਿਚ ਹਨ। ਇਸ ਸਾਰੇ ਘਟਨਾਕ੍ਰਮ ਵਿਚ ਮਨਪ੍ਰੀਤ ਸਿੰਘ ਬਾਦਲ ਪੰਜਾਬ ਦੇ ਲੋਕਾਂ ਨੂੰ ਆਪਣਾ ਸੁਨੇਹਾ ਦੇਣ ਲਈ ਯਾਤਰਾ 'ਤੇ ਤੁਰੇ ਹੋਏ ਹਨ। ਮਨਪ੍ਰੀਤ ਨੇ ਲੋਕਾਂ ਦੇ ਹੁੰਗਾਰੇ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਲੋਕ ਮਨਪ੍ਰੀਤ ਸਿੰਘ ਬਾਦਲ ਨੂੰ ਪਿਆਰ ਨਹੀਂ ਕਰਦੇ ਸਗੋਂ ਅਸੂਲਾਂ ਦੀ ਹਮਾਇਤ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨਾਲ ਤਾਲਮੇਲ ਬਣਾਈ ਰੱਖਣ ਲਈ ਉਨ੍ਹਾਂ ਨੇ ਚੰਡੀਗੜ੍ਹ ਵਿਚ ਮੁੱਖ ਦਫਤਰ ਖੋਲ੍ਹਿਆ ਹੈ ਤੇ ਇਸੇ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਦਫਤਰ ਕਾਇਮ ਕੀਤੇ ਜਾਣਗੇ।

ਰਾਜਸੀ ਹਲਕਿਆਂ ਅਨੁਸਾਰ ਉਹ ਆਪਣੀ ਪਾਰਟੀ ਖੜੀ ਕਰਨ ਤੋਂ ਪਹਿਲਾਂ ਉਸ ਵਾਸਤੇ ਲੋੜੀਂਦਾ ਢਾਂਚਾ ਖੜਾ ਕਰਨ ਦੀ ਤਿਆਰੀ ਵਿਚ ਲੱਗੇ ਹੋਏ ਹਨ। ਉਹ 'ਜਾਗੋ ਪੰਜਾਬ' ਯਾਤਰਾ ਨਾਲ ਲੋਕਾਂ ਨੂੰ ਆਪਣੇ ਵਿਚਾਰਾਂ ਲਈ ਲਾਮਬੰਦ ਕਰਨ ਦੀ ਮੁਹਿੰਮ ਦੇ ਨਾਲ-ਨਾਲ ਸੂਬਾਈ ਤੇ ਜ਼ਿਲ੍ਹਾ ਪੱਧਰ 'ਤੇ ਪੱਕਾ ਤਾਲਮੇਲ ਬਣਾਉਣ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਵਿਚ ਹਨ। ਮਨਪ੍ਰੀਤ ਨੇ ਕੈਪਟਨ ਅਮਰਿੰਦਰ ਸਿੰਘ ਦੇ ਉਸ ਬਿਆਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਮਨਪ੍ਰੀਤ ਬਾਦਲ ਪੰਜਾਬ ਵਿਚ ਤੀਜਾ ਬਦਲ ਵਿਕਸਤ ਕਰਨ ਦਾ ਯਤਨ ਕਰ ਰਿਹਾ ਹੈ ਪਰ ਤੀਜੇ ਬਦਲ ਦੀ ਕੋਈ ਥਾਂ ਨਹੀਂ ਹੈ। ਸਾਬਕਾ ਵਿੱਤ ਮੰਤਰੀ ਦਾ ਕਹਿਣਾ ਹੈ ਕਿ ਉਹ ਤੀਜਾ ਬਦਲ ਨਹੀਂ ਸਗੋਂ ਨਵਾਂ ਬਦਲ ਤਿਆਰ ਕਰਨਗੇ।

## ਅਕਾਲੀਆਂ ਵੱਲੋਂ ਸੂਬੇ ਨੂੰ 20 ਹਜ਼ਾਰ ਕਰੋੜ ਦਾ ਚੂਨਾ ਲਾਉਣ ਦੀ ਕੋਸ਼ਿਸ਼: ਕੈਪਟਨ

*(ਸਫਾ ਇਕ ਦੀ ਬਾਕੀ)*

ਵੱਲੋਂ ਕੋਈ ਸੂਚੀ ਮੁਹੱਈਆ ਨਹੀਂ ਕੀਤੀ ਅਤੇ ਸੰਕੇਤ ਦਿੱਤਾ ਕਿ ਪੰਜਾਬ ਕਾਂਗਰਸ ਦਾ ਨਵਾਂ ਢਾਂਚਾ ਕੁਝ ਹੋਰ ਸਮਾਂ ਪਛੜ ਸਕਦਾ ਹੈ ਕਿਉਂਕਿ ਪਹਿਲਾਂ ਕਾਂਗਰਸ ਦੇ ਕੌਮੀ ਜਥੇਬੰਦਕ ਢਾਂਚੇ ਦਾ ਗਠਨ ਹੋਣਾ ਹੈ ਤੇ ਰਾਜਾਂ ਦੀਆਂ ਕਮੇਟੀਆਂ ਉਸ ਤੋਂ ਬਾਅਦ ਹੀ ਬਣਨ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਨਵੀਂ ਟੀਮ ਵਿਚ ਸਭ ਧਿਰਾਂ ਨੂੰ ਬਣਦੀ ਨੁਮਾਇੰਦਗੀ ਦਿੱਤੀ ਜਾਵੇ ਪਰ ਇਹ ਸੰਭਵ ਨਹੀਂ ਹੈ ਕਿ ਹਰੇਕ ਧਿਰ ਨੂੰ ਉਸ ਦੀ ਇੱਛਾ ਮੁਤਾਬਕ ਹੀ ਨੁਮਾਇੰਦਗੀ ਮਿਲ ਸਕੇ।

ਕੈਪਟਨ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਕੋਈ ਵੀ ਮੈਂਬਰ ਵਿਹਲਾ ਨਹੀਂ ਬੈਠੇਗਾ ਕਿਉਂਕਿ ਪਾਰਟੀ ਨੇ ਇਕ ਸਾਲ ਵਿਚ ਹੁਕਮਰਾਨ ਅਕਾਲੀ-ਭਾਜਪਾ ਗੱਠਜੋੜ ਨੂੰ ਮਾਤ ਦੇਣੀ ਹੈ। ਉਨ੍ਹਾਂ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ 'ਜਾਗੋ ਪੰਜਾਬ ਯਾਤਰਾ' ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮੁਹਿੰਮ ਨੂੰ ਸ਼ਰੀਕੇਬਾਜ਼ੀ ਦੀ ਲੜਾਈ ਦੱਸਦਿਆਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾਲ ਕਾਂਗਰਸ ਨੂੰ ਕੋਈ ਫਰਕ ਨਹੀਂ ਪੈਂਦਾ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦੇ 41 ਸਾਲਾ ਸਿਆਸੀ ਤਜਰਬੇ ਤੋਂ ਇਹ ਗੱਲ ਸਾਫ ਹੈ ਕਿ ਮਨਪ੍ਰੀਤ ਕਿਸੇ ਵੀ ਰੂਪ ਵਿਚ ਸਰਕਾਰ ਬਣਾਉਣ ਦੇ ਸਮਰੱਥ ਨਹੀਂ ਹੈ ਤੇ ਪੰਜਾਬ ਦੇ ਨਕਸ਼ੇ ਵਿਚ ਤੀਸਰੇ ਫਰੰਟ ਦੀ ਕੋਈ ਹੋਂਦ ਹੀ ਨਹੀਂ ਹੈ।

## ਵਿਕੀਲੀਕਸ ਦਾ ਮੋਢੀ ਅਸਾਂਜ ਜ਼ਮਾਨਤ 'ਤੇ ਰਿਹਾ

**ਲੰਡਨ:** ਵਿਕੀਲੀਕਸ ਵੈੱਬਸਾਈਟ ਦੇ ਮੋਢੀ ਜੂਲੀਆਂ ਅਸਾਂਜ ਨੂੰ ਇੱਥੋਂ ਦੀ ਅਦਾਲਤ ਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਉਸ ਨੂੰ ਸਵੀਡਨ ਵਿਚ ਬਲਾਤਕਾਰ ਕਰਨ ਦੇ ਮਾਮਲੇ ਵਿਚ ਬਰਤਾਨਵੀ ਪੁਲੀਸ ਨੇ ਗ੍ਰਿਫਤਾਰ ਕੀਤਾ ਸੀ। ਇਹ ਬਾਸ਼ਰਤ ਜ਼ਮਾਨਤ ਹੈ ਤੇ ਇਸ ਮਾਮਲੇ 'ਤੇ ਅਗਲੀ ਸੁਣਵਾਈ11 ਜਨਵਰੀ 2011 ਨੂੰ ਹੋਵੇਗੀ।

# ਪੰਜਾਬ ਸਰਕਾਰ ਨੇ ਪਾਇਆ ਲੋਕਾਂ 'ਤੇ 150 ਕਰੋੜ ਰੁਪਏ ਦਾ ਹੋਰ ਬੋਝ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਰਕਾਰ ਦਾ ਆਖਰੀ ਵਰ੍ਹਾ ਹੋਣ ਕਾਰਨ ਲੋਕਾਂ ਨੂੰ ਆਸ ਸੀ ਕਿ ਇਸ ਵਾਰ ਰਿਆਇਤਾਂ ਦੇ ਗੱਫੇ ਮਿਲਣਗੇ ਪਰ ਪੰਜਾਬ ਸਰਕਾਰ ਨੇ ਬਸਾਂ ਦੇ ਭਾੜਿਆਂ 'ਚ 10 ਪੈਸੇ ਪ੍ਰਤੀ ਕਿਲੋਮੀਟਰ ਵਾਧਾ ਕਰਕੇ ਆਮ ਇਨਸਾਨ ਦੀ ਜੇਬ ਹੋਰ ਹੌਲੀ ਕਰ ਦਿੱਤੀ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਲਏ ਗਏ ਇਸ ਫੈਸਲੇ ਨਾਲ ਲੋਕਾਂ 'ਤੇ ਤਕਰੀਬਨ 150 ਕਰੋੜ ਰੁਪਏ ਦਾ ਸਾਲਾਨਾ ਵਾਧੂ ਮਾਲੀ ਬੋਝ ਪਵੇਗਾ।

ਭਾਵੇਂ ਬੱਸ ਭਾੜਿਆਂ ਦੇ ਵਾਧੇ ਦਾ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੇ ਸਵਾਗਤ ਕੀਤਾ ਹੈ ਪਰ ਸਮਾਜਿਕ ਤੇ ਰਾਜਸੀ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਪੰਜਾਬ 'ਚ ਬਾਦਲ ਪਰਿਵਾਰ ਸਣੇ ਅਨੇਕਾਂ ਰਾਜਸੀ ਆਗੂ ਵੱਡੇ ਟਰਾਂਸਪੋਰਟਰ ਹਨ ਜਿਨ੍ਹਾਂ ਨੇ ਆਪਣੇ ਫਾਇਦੇ ਲਈ ਹੀ ਇਹ ਬੋਝ ਲੋਕਾਂ 'ਤੇ ਲੱਦਿਆ ਹੈ। ਸਰਕਾਰ ਵੱਲੋਂ ਬੱਸ ਭਾੜਾ ਵਧਾਉਣ ਪਿਛੇ ਡੀਜ਼ਲ ਦੀ ਕੀਮਤ ਵਧਣ ਅਤੇ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. 'ਤੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਪਏ ਬੋਝ ਦਾ ਤਰਕ ਦਿੱਤਾ ਗਿਆ ਹੈ। ਬੱਸ ਕਿਰਾਏ ਵਿਚ ਵਾਧੇ ਨਾਲ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੂੰ 75 ਕਰੋੜ ਦੇ ਕਰੀਬ ਸਾਲਾਨਾ ਲਾਭ ਹੋਵੇਗਾ ਤੇ ਇੰਨਾ ਹੀ ਮੁਨਾਫ਼ਾ ਨਿੱਜੀ ਟਰਾਂਸਪੋਰਟਰਾਂ ਨੂੰ ਹੋਣਾ ਮੰਨਿਆ ਜਾ ਰਿਹਾ ਹੈ। ਸਰਕਾਰ ਦੀ ਦਲੀਲ ਹੈ ਕਿ ਗੁਆਂਢੀ ਰਾਜਾਂ ਹਰਿਆਣਾ, ਹਿਮਾਚਲ ਤੇ ਉਤਰਾਖੰਡ ਵਿਚ ਬੱਸ ਕਿਰਾਇਆ ਪੰਜਾਬ ਦੇ ਮੁਕਾਬਲੇ ਪਹਿਲਾਂ ਹੀ ਜ਼ਿਆਦਾ ਹੈ। ਹਰਿਆਣਾ, ਹਿਮਾਚਲ ਤੇ ਉਤਰਾਖੰਡ ਵਿਚ ਆਮ ਬੱਸਾਂ ਦਾ ਕਿਰਾਇਆ ਕ੍ਰਮਵਾਰ 62.05 ਪੈਸੇ, 71.12 ਪੈਸੇ ਤੇ 63 ਪੈਸੇ ਪ੍ਰਤੀ ਕਿਲੋਮੀਟਰ ਹੈ ਜੋ ਕਿ ਪੰਜਾਬ ਵਿਚ ਹੁਣ 56 ਪੈਸੇ ਤੋਂ ਵਧ ਕੇ ਹੁਣ 66 ਪੈਸੇ ਪ੍ਰਤੀ ਕਿਲੋਮੀਟਰ ਹੋ ਜਾਵੇਗਾ। ਇਸ ਤਰ੍ਹਾਂ ਇਸ ਵਾਧੇ ਨਾਲ ਪੰਜਾਬ ਵਿਚ ਬੱਸਾਂ ਦਾ ਕਿਰਾਇਆ ਹਰਿਆਣਾ ਤੇ ਉਤਰਾਖੰਡ ਨਾਲੋਂ ਵਧ ਜਾਵੇਗਾ। ਸਰਕਾਰ ਵੱਲੋਂ ਇਸ ਤੋਂ ਪਹਿਲਾਂ 3 ਨੰਵਬਰ ਨੂੰ ਵੀ ਬੱਸ ਭਾੜੇ ਵਿਚ ਵਾਧੇ ਦਾ ਮੁੱਦਾ ਵਿਚਾਰਿਆ ਗਿਆ ਸੀ ਪਰ ਦੀਵਾਲੀ ਦਾ ਤਿਉਹਾਰ ਨੇੜੇ ਹੋਣ ਕਾਰਨ ਇਸ ਮਾਮਲੇ ਨੂੰ ਅਗਲੀ ਕੈਬਨਿਟ ਮੀਟਿੰਗ ਤੱਕ ਟਾਲ ਦਿੱਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ



*ਸੁਖਬੀਰ ਸਿੰਘ ਬਾਦਲ*

ਆਪਣੀ ਪਤਨੀ ਦਾ ਇਲਾਜ ਕਰਾਉਣ ਲਈ ਅਮਰੀਕਾ ਦੌਰੇ 'ਤੇ ਗਏ ਹੋਣ ਕਾਰਨ 13 ਦਸੰਬਰ ਨੂੰ ਹੋਈ ਮੀਟਿੰਗ ਦੀ ਪ੍ਰਧਾਨਗੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤੀ। ਮੀਟਿੰਗ ਵਿਚ ਲਏ ਗਏ ਹੋਰ ਫੈਸਲਿਆਂ ਵਿਚ ਮਾਲ ਕਾਨੂੰਨਾਂ ਵਿਚ ਸੋਧਾਂ ਅਤੇ ਦਾਲਾਂ 'ਤੇ ਵੈਟ ਦੀ ਮੌਜੂਦਾ ਦਰ ਨੂੰ 4 ਤੋਂ ਘਟਾ ਕੇ 1% ਕਰਨ ਦਾ ਫੈਸਲਾ ਵੀ ਸ਼ਾਮਲ ਹੈ।

ਮੰਤਰੀ ਮੰਡਲ ਨੇ ਦਾਲਾਂ 'ਤੇ ਵੈਟ ਦੀ ਮੌਜੂਦਾ ਦਰ ਨੂੰ 4% ਤੋਂ ਘਟਾ ਕੇ 1% ਕਰਨ ਤੋਂ ਇਲਾਵਾ ਬਿਨਾਂ ਬ੍ਰਾਂਡ ਵੇਸਣ 'ਤੇ 1% ਵੈਟ ਲਗਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਵੈਟ ਐਕਟ 2005 ਨੂੰ ਹੋਰ ਵਧੇਰੇ ਤਰਕਸੰਗਤ ਬਣਾਉਣ ਲਈ ਸ਼ਡਿਊਲ ਏ, ਬੀ ਤੇ ਸੀ ਵਿਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਆਰ.ਸੀ.ਸੀ. ਪਾਈਪ ਦੇ ਮਾਮਲੇ ਵਿਚ ਵੈਟ ਦੀ ਮੌਜੂਦਾ ਦਰ 12.5% ਤੋਂ ਘਟਾ ਕੇ 5%, ਐਨਕਾਂ/ਧੁੱਪ ਦੀਆਂ ਐਨਕਾਂ 'ਤੇ 8% ਕਰਨ ਦਾ ਫੈਸਲਾ ਕੀਤਾ ਹੈ। ਝੋਨੇ ਦੇ ਛਿਲਕੇ, ਬ੍ਰਾਨ, ਫੱਕ, ਕਿਨਕੀ ਤੇ ਨੱਕੂ ਨੂੰ ਕਰ ਮੁਕਤ ਕਰ ਦਿੱਤਾ ਗਿਆ ਹੈ।

ਇਸ ਮੀਟਿੰਗ 'ਚ ਲੁਧਿਆਣਾ ਜ਼ਿਲ੍ਹੇ ਅੰਦਰ ਸਾਹਨੇਵਾਲ ਨੂੰ ਨਵੀਂ ਉਪ-ਤਹਿਸੀਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਵਿਚ ਇਕ ਕਾਨੂੰਨਗੋ ਸਰਕਲ, 13 ਪਟਵਾਰ ਸਰਕਲ ਤੇ 39 ਪਿੰਡ ਸ਼ਾਮਲ ਹੋਣਗੇ। ਮੰਤਰੀ ਮੰਡਲ ਨੇ ਪੰਜਾਬ ਵਾਧਾ ਮੂਲ ਕਰ ਕਾਨੂੰਨ 2005 ਦੇ ਸ਼ਡਿਊਲ ਏ, ਬੀ, ਡੀ, ਈ ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਹੁਣ ਪੰਜਾਬੀ ਜੁੱਤੀ ਤੇ ਬਿਨਾਂ ਬ੍ਰਾਂਡ ਮਹਿੰਦੀ ਕਰ ਮੁਕਤ ਹੋ ਜਾਵੇਗੀ। ਟ੍ਰਾਂਸਮਿਸ਼ਨ ਟਾਵਰਾਂ ਤੇ ਪਲਾਸਟਿਕ ਦਾਣੇ 'ਤੇ 8% ਵੈਟ ਜਮ੍ਹਾਂ 10% ਸਰਚਾਰਜ, ਕਾਰਾਂ ਦੀ ਮੁੜ ਵਿਕਰੀ 'ਤੇ 5% ਵੈਟ ਜਮ੍ਹਾਂ 10% ਸਰਚਾਰਜ ਤੋਂ ਇਲਾਵਾ ਕਾਗਜ਼ ਦੀ ਅੰਤਰਰਾਜੀ ਵਿਕਰੀ ਤੇ ਕੇਂਦਰੀ ਵਿਕਰੀ ਕਰ ਨੂੰ 1% ਤੋਂ ਵਧਾ ਕੇ 2% ਕਰਨ ਦਾ ਫੈਸਲਾ ਕੀਤਾ ਗਿਆ। ਪੰਜਾਬ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਪੰਜਾਬ ਸਕਿਉਰਟੀ ਆਫ ਲੈਂਡ ਟੈਨਿਉਰਜ਼ ਐਕਟ 1953, ਪੈਪਸੂ ਟੈਨੈਂਸੀ ਐਂਡ ਐਗਰੀਕਲਚਰਲ ਲੈਂਡ ਐਕਟ 1955, ਪੰਜਾਬ ਲੈਂਡ ਰੈਵੇਨਿਊ ਐਕਟ 1887 ਵਿਚ ਵੀ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦਾ ਮੁੱਢਲਾ ਮਕਸਦ ਅਪੀਲਾਂ ਨੂੰ ਘੱਟ ਕਰਨਾ ਤੇ ਮਾਲ ਕਾਨੂੰਨਾਂ ਨੂੰ ਸਰਲ ਕਰਦਿਆਂ ਲੋਕ ਪੱਖੀ ਬਣਾਉਣਾ ਹੈ।

ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਰਾਜਨੀਤਕ ਤੇ ਧਾਰਮਿਕ ਹੋਰਡਿੰਗ ਬੋਰਡਾਂ ਨੂੰ ਕਾਨੂੰਨੀ ਦਾਇਰੇ ਵਿਚ ਲਿਆਂਦਾ ਜਾ ਰਿਹਾ ਹੈ। ਮੰਤਰੀ ਮੰਡਲ ਨੇ ਇਸ ਬਾਰੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੂੰ ਤਜਵੀਜ਼ ਤਿਆਰ ਕਰਨ ਲਈ ਕਿਹਾ ਹੈ। ਸੂਤਰਾਂ ਮੁਤਾਬਕ ਇਸ ਮੀਟਿੰਗ ਵਿਚ ਵਿਚਾਰ ਕੀਤਾ ਗਿਆ ਕਿ ਹੋਰਡਿੰਗ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਾਨੂੰਨ ਬਣਾਇਆ ਜਾਵੇ। ਬਿਨਾਂ ਪ੍ਰਵਾਨਗੀ ਦੇ ਹੋਰਡਿੰਗ ਲਾਉਣ ਵਾਲਿਆਂ ਨੂੰ ਸਜ਼ਾ ਦੇਣ ਦਾ ਬੰਦੋਬਸਤ ਵੀ ਕੀਤਾ ਜਾ ਰਿਹਾ ਹੈ। ਮੰਤਰੀ ਮੰਡਲ ਨੇ ਵਿਚਾਰ ਕੀਤਾ ਕਿ ਜੇ ਪ੍ਰਚਾਰ ਲਈ ਨਗਰ ਨਿਗਮ ਜਾਂ ਮਿਉਂਸਿਪਲ ਕਮੇਟੀਆਂ ਵੱਲੋਂ ਪ੍ਰਵਾਨਤ ਥਾਂ 'ਤੇ ਕੋਈ ਰਾਜਨੀਤਕ ਪਾਰਟੀ ਜਾਂ ਧਾਰਮਿਕ ਸੰਸਥਾ ਹੋਰਡਿੰਗ ਲਗਾਉਂਦੀ ਹੈ ਤਾਂ ਉਸ ਦੇ ਕਿਰਾਏ ਦਾ ਭੁਗਤਾਨ ਕਰਕੇ ਅਜਿਹਾ ਕੀਤਾ ਜਾ ਸਕਦਾ ਹੈ ਤੇ ਖੁੱਲ੍ਹੇਆਮ ਜਿੱਥੇ ਜੀਅ ਕਰੇ ਹੋਰਡਿੰਗ ਲਾਉਣ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਮੰਤਰੀ ਮੰਡਲ ਨੇ ਮੁੱਖ ਸਕੱਤਰ ਨੂੰ ਪਲਾਸਟਿਕ ਦੇ ਲਿਫਾਇਆਂ 'ਤੇ ਪਾਬੰਦੀ ਲਈ ਵੀ ਤਜਵੀਜ਼ ਤਿਆਰ ਕਰਨ ਲਈ ਕਿਹਾ ਹੈ।

## ਸੁਖਬੀਰ ਬਾਦਲ 18 ਨੂੰ ਅਮਰੀਕਾ ਜਾਣਗੇ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਗਲੇ ਹਫ਼ਤੇ ਦੇ ਅਖ਼ੀਰ ਵਿਚ 10 ਦਿਨਾਂ ਲਈ ਅਮਰੀਕਾ ਜਾ ਰਹੇ ਹਨ ਜਿਥੇ ਉਨ੍ਹਾਂ ਦੇ ਮਾਤਾ ਸੁਰਿੰਦਰ ਕੌਰ ਬਾਦਲ ਜ਼ੇਰੇ ਇਲਾਜ ਹਨ।

ਸਰਕਾਰੀ ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ 18-19 ਦਸੰਬਰ ਨੂੰ ਅਮਰੀਕਾ ਲਈ ਰਵਾਨਾ ਹੋਣਗੇ ਤੇ 30 ਦਸੰਬਰ ਤੱਕ ਵਾਪਸ ਦੇਸ਼ ਪਰਤ ਆਉਣਗੇ। ਉਨ੍ਹਾਂ ਦੀ ਪਤਨੀ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੀ ਉਪ ਮੁੱਖ ਮੰਤਰੀ ਨਾਲ ਅਮਰੀਕਾ ਜਾ ਰਹੇ ਹਨ। ਉਪ ਮੁੱਖ ਮੰਤਰੀ ਦਾ ਇਹ ਦੌਰਾ ਗੈਰ ਸਰਕਾਰੀ ਹੋਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਬੇਟੀ ਤੇ ਖੁਰਾਕ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਦੀ ਪਤਨੀ ਪ੍ਰਨੀਤ ਕੌਰ ਪਹਿਲਾਂ ਹੀ ਸ੍ਰੀਮਤੀ ਬਾਦਲ ਨਾਲ ਅਮਰੀਕਾ 'ਚ ਹਨ। ਸ੍ਰੀਮਤੀ ਬਾਦਲ ਦਾ ਪਿਛਲੇ ਕਈ ਮਹੀਨਿਆਂ ਤੋਂ ਨਿਊ ਯਾਰਕ ਦੇ ਇਕ ਹਸਪਤਾਲ 'ਚ ਕੈਂਸਰ ਦੇ ਰੋਗ ਲਈ ਇਲਾਜ ਚੱਲ ਰਿਹਾ ਹੈ। ਸ੍ਰੀਮਤੀ ਬਾਦਲ ਪਹਿਲੇ ਗੇੜ ਦੇ ਇਲਾਜ ਤੋਂ ਬਾਅਦ 3 ਮਹੀਨੇ ਭਾਰਤ ਰਹਿਣ ਪਿਛੋਂ ਕੁਝ ਦਿਨ ਪਹਿਲਾਂ ਮੁੜ ਅਮਰੀਕਾ ਗਏ ਸਨ ਜਿਥੇ ਉਨ੍ਹਾਂ ਨੂੰ ਦੂਜੇ ਗੇੜ ਦਾ ਕੀਮੋਥੈਰਪੀ ਦਾ ਕੋਰਸ ਦਿੱਤਾ ਜਾ ਰਿਹਾ ਹੈ। ਸਰਕਾਰੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਮੁੱਖ ਮੰਤਰੀ ਸ. ਬਾਦਲ 20 ਦਸੰਬਰ ਤੋਂ ਬਾਅਦ ਵਾਪਸ ਭਾਰਤ ਪਰਤ ਰਹੇ ਹਨ ਤੇ ਫਰਵਰੀ ਦੇ ਮਹੀਨੇ ਵਿਚ ਉਹ ਮੁੜ ਅਮਰੀਕਾ ਜਾ ਸਕਦੇ ਹਨ।

# ਮੁੰਬਈ ਹਮਲੇ ਤੋਂ ਬਾਅਦ ਕਾਂਗਰਸ ਨੇ ਖੇਡੀ ਸੀ ਫਿਰਕੂ ਸਿਆਸਤ?

**ਵਾਸ਼ਿੰਗਟਨ:** ਮੁੰਬਈ ਹਮਲਿਆਂ ਤੋਂ ਬਾਅਦ ਭਾਰਤ ਦੀ ਹਾਕਮ ਪਾਰਟੀ ਕਾਂਗਰਸ ਉਦੋਂ ਫਿਰਕੂ ਸਿਆਸਤ ਖੇਡਦੀ ਨਜ਼ਰ ਆਈ ਸੀ ਜਦੋਂ ਇਸ ਦੇ ਇਕ ਆਗੂ ਏ.ਆਰ. ਅੰਤੁਲੇ ਨੇ ਦੋਸ਼ ਲਾਇਆ ਸੀ ਕਿ ਮੁੰਬਈ ਹਮਲਿਆਂ ਵਿਚ ਹਿੰਦੂਵਾਦੀ ਤਾਕਤਾਂ ਵੀ ਸ਼ਾਮਲ ਹੋ ਸਕਦੀਆਂ ਹਨ। ਇਹ ਗੱਲ ਹਾਲ ਹੀ ਵਿਚ ਵੈਬਸਾਈਟ ਵਿਕੀਲੀਕਸ ਵੱਲੋਂ ਜੱਗ-ਜ਼ਾਹਰ ਕੀਤੇ ਗਏ ਅਮਰੀਕੀ ਖੁਫੀਆ ਸਫਾਰਤੀ ਸੁਨੇਹੇ ਵਿਚ ਕਹੀ ਗਈ ਹੈ।

ਇਹ ਸਫ਼ਾਰਤੀ ਸੁਨੇਹਾ ਉਸ ਵੇਲੇ ਅਮਰੀਕਾ ਦੇ ਭਾਰਤ ਵਿਚਲੇ ਰਾਜਦੂਤ ਡੇਵਿਡ ਮਲਫੋਰਡ ਨੇ ਆਪਣੇ ਮੁਲਕ ਦੇ ਵਿਦੇਸ਼ ਵਿਭਾਗ ਨੂੰ ਭੇਜਿਆ ਸੀ। ਸ੍ਰੀ ਮਲਫੋਰਡ ਨੇ ਇਹ ਸੁਨੇਹਾ 23 ਦਸੰਬਰ 2008 ਨੂੰ ਭੇਜਿਆ ਸੀ। ਸੁਨੇਹੇ ਵਿਚ ਕਿਹਾ ਗਿਆ ਸੀ ਕਿ ਇਕ ਵਾਰ ਤਾਂ ਕਾਂਗਰਸ ਨੇ ਆਪਣੇ ਆਪ ਨੂੰ ਸ੍ਰੀ ਅੰਤੁਲੇ ਦੇ ਬਿਆਨ ਤੋਂ ਲਾਂਭੇ ਕਰ ਲਿਆ ਜੋ ਉਦੋਂ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਨ ਪਰ ਦੋ ਦਿਨ ਬਾਅਦ ਪਾਰਟੀ ਨੇ ਹੋਰ ਬਿਆਨ ਜਾਰੀ ਕਰਦਿਆਂ ਆਪਣਾ ਸਟੈਂਡ ਬਦਲ ਲਿਆ ਸੀ ਤੇ ਇਕ ਤਰ੍ਹਾਂ ਸ੍ਰੀ ਅੰਤੁਲੇ ਦੇ ਬਿਆਨ ਦੀ ਹਮਾਇਤ ਕਰ ਦਿੱਤੀ ਸੀ।

ਸ੍ਰੀ ਮਲਫੋਰਡ ਨੇ ਲਿਖਿਆ ਕਿ ਕਾਂਗਰਸ ਨੇ ਦੋ ਦਿਨਾਂ ਬਾਅਦ ਅਜਿਹਾ ਇਸ ਕਾਰਨ ਕੀਤਾ ਕਿਉਂਕਿ ਇਸ ਦੌਰਾਨ ਸ੍ਰੀ ਅੰਤੁਲੇ ਦੇ ਬਿਆਨ ਨੂੰ ਭਾਰਤੀ ਮੁਸਲਿਮ ਭਾਈਚਾਰੇ ਦੀ ਹਮਾਇਤ ਹਾਸਲ ਹੋ ਗਈ। ਉਨ੍ਹਾਂ ਕਿਹਾ, "ਆਗਾਮੀ ਕੌਮੀ ਚੋਣਾਂ ਵਿਚ (ਮੁਸਲਮਾਨਾਂ ਦੀ) ਹਮਾਇਤ ਹਾਸਲ ਕਰਨ ਲਈ ਕਾਂਗਰਸ ਪਾਰਟੀ (ਸ੍ਰੀ ਅੰਤੁਲੇ ਦੇ) ਬਿਆਨ ਨੂੰ ਰੱਦ ਕਰਨ ਦੇ ਆਪਣੇ ਮੁਢਲੇ ਬਿਆਨ ਤੋਂ ਪਲਟ ਗਈ।" ਉਨ੍ਹਾਂ ਆਪਣੇ ਸੁਨੇਹੇ ਵਿਚ ਲਿਖਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਸ੍ਰੀ ਅੰਤੁਲੇ ਦੇ ਬਿਆਨਾਂ ਨੂੰ ਰੱਦ ਕੀਤੇ ਜਾਣ ਦੇ ਬਾਵਜੂਦ ਭਾਰਤੀ ਮੁਸਲਮਾਨ ਭਾਈਚਾਰਾ ਇਸ ਗੱਲ ਨੂੰ ਮੰਨਦਾ ਹੈ ਕਿ ਭਾਰਤੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਉਨ੍ਹਾਂ ਨੂੰ ਨਾਵਾਜਬ ਢੰਗ ਨਾਲ ਨਿਸ਼ਾਨਾ ਬਣਾਇਆ ਤੇ ਜਿਨ੍ਹਾਂ ਨੇ ਜਾਂਚ ਕੀਤੀ ਉਨ੍ਹਾਂ ਹਕੀਕਤ ਨੂੰ ਛੁਪਾ ਲਿਆ।

ਦੂਜੇ ਪਾਸੇ ਵਿਕੀਲੀਕਸ ਵੈਬਸਾਈਟ ਦੇ ਬਾਨੀ ਜੂਲੀਅਨ ਅਸਾਂਜ ਦੇ ਹੱਕ 'ਚ ਲੋਕ ਨਿੱਤਰਨੇ ਸ਼ੁਰੂ ਹੋ ਗਏ ਹਨ। ਆਸਟਰੇਲੀਆ 'ਚ ਹਜ਼ਾਰਾਂ ਲੋਕਾਂ ਨੇ ਅਸਾਂਜ ਦੇ ਹੱਕ 'ਚ ਰੈਲੀ ਕੱਢੀ। ਇਸ ਦੇ ਨਾਲ ਹੀ ਜਰਮਨੀ ਦੀ ਖੱਬੇ ਪੱਖੀ ਡਾਇ ਲਿੰਕ ਜਰਮਨ ਸੋਸਲਿਸ਼ਟ ਪਾਰਟੀ ਨੇ ਚਾਂਸਲਰ ਏਂਜਲਾ ਮਾਰਕਲ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਸਾਂਜ ਨੂੰ ਦੇਸ਼ 'ਚ ਸਿਆਸੀ ਪਨਾਹ ਦਿੱਤੀ ਜਾਵੇ।

## ਅਮਰੀਕੀ ਸਫ਼ੀਰ ਰਿਚਰਡ ਹੌਲਬਰੂਕ ਦਾ ਦੇਹਾਂਤ

**ਵਾਸ਼ਿੰਗਟਨ:** ਅਫ਼ਗਾਨਿਸਤਾਨ ਅਤੇ ਪਾਕਿਸਤਾਨ ਲਈ ਵਿਸ਼ੇਸ਼ ਅਮਰੀਕੀ ਦੂਤ ਅਤੇ ਅਮਰੀਕਾ ਦੇ ਸਭ ਤੋਂ ਤਜਰਬੇਕਾਰ ਤੇ ਜਬ੍ਹੇ ਵਾਲੇ ਸਫ਼ੀਰਾਂ ਵਿਚੋਂ ਇਕ ਰਿਚਰਡ ਹੌਲਬਰੂਕ ਦਾ ਦੇਹਾਂਤ ਹੋ ਗਿਆ।

ਵਿਦੇਸ਼ ਵਿਭਾਗ ਦੇ ਦਫਤਰ ਵਿਚ ਯਕਦਮ ਬਿਮਾਰ ਹੋਣ ਤੋਂ ਬਾਅਦ ਉਸ ਨੂੰ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਡਾਕਟਰਾਂ ਨੇ ਦਿਲ ਦੀ ਵੱਡੀ ਧਮਣੀ ਦਾ 21 ਘੰਟੇ ਅਪਰੇਸ਼ਨ ਕੀਤਾ ਸੀ।

## ਗਿੱਦੜਬਾਹਾ ਤੋਂ ਹੀ ਚੋਣ ਲੜਾਂਗਾ: ਮਨਪ੍ਰੀਤ

**ਤਲਵੰਡੀ ਸਾਬੋ:** ਸਾਬਕਾ ਖਜ਼ਾਨਾ ਮੰਤਰੀ ਅਤੇ ਗਿੱਦੜਬਾਹਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਹੋਰ ਡੇਢ ਸਾਲ ਨੂੰ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਗਿੱਦੜਬਾਹਾ ਹਲਕੇ ਤੋਂ ਹੀ ਲੜਨਗੇ।

ਨੇੜਲੇ ਪਿੰਡ ਬੱਲੂਆਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਹਲਕਾ ਉਹਦੇ ਲਈ ਘਰ ਵਾਂਗ ਹੈ ਅਤੇ ਅੱਜ ਉਹ ਜੋ ਕੁਝ ਵੀ ਹੈ, ਸਭ ਗਿੱਦੜਬਾਹਾ ਹਲਕੇ ਦੇ ਲੋਕਾਂ ਦੀ ਬਦੌਲਤ ਹੀ ਹੈ। ਉਨ੍ਹਾਂ ਦੱਸਿਆ ਕਿ ਉਹ ਵੱਖਰੀ ਪਾਰਟੀ ਬਣਾਉਣ ਦੀ ਵੀ ਐਲਾਨ ਕਰਨਗੇ ਪਰ ਇਹ ਕਾਰਵਾਈ 'ਜਾਗੋ ਪੰਜਾਬ' ਯਾਤਰਾ ਤੋਂ ਬਾਅਦ ਹੀ ਹੋਵੇਗੀ।

# ਮਨਪ੍ਰੀਤ ਵੱਲੋਂ ਸੁਖਬੀਰ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਸਰਕਾਰ 'ਤੇ ਲੋਕਾਂ ਦੇ ਧਨ ਨੂੰ ਬੇਲੋੜੇ ਖਰਚਿਆਂ 'ਤੇ ਉਡਾਉਣ ਦਾ ਦੋਸ਼ ਲਾਉਂਦਿਆਂ ਮੰਗ ਕੀਤੀ ਹੈ ਕਿ ਸਰਕਾਰੀ ਖਰਚਿਆਂ ਬਾਰੇ ਵਾਈਟ ਪੇਪਰ ਜਾਰੀ ਕੀਤਾ ਜਾਵੇ। ਮਨਪ੍ਰੀਤ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਨੂੰ ਸਰਕਾਰੀ ਖਰਚਿਆਂ ਬਾਰੇ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਜਨਤਾ ਦੇ ਪੈਸੇ ਦਾ ਹਿਸਾਬ ਦਿੱਤਾ ਜਾਵੇ ਜੋ ਸਿਆਸੀ ਲਾਹੇ ਲਈ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ।

ਉਨ੍ਹਾਂ ਬੀਤੇ ਦਿਨੀਂ ਅਖ਼ਬਾਰਾਂ 'ਚ ਛਪੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਕਿਸ ਤਰ੍ਹਾਂ ਕੁਝ ਖਾਸ ਮੰਤਰੀ ਤੇ ਕੁਝ ਹੋਰ ਲੋਕ ਜੋ ਚੁਣੇ ਨੁਮਾਇੰਦੇ ਵੀ ਨਹੀਂ ਕਰੋੜਾਂ ਰੁਪਏ ਦਾ ਪੈਟਰੋਲ ਨਿੱਜੀ ਗੱਡੀਆਂ 'ਚ ਪਵਾ ਕੇ ਬਿਲ ਸਰਕਾਰ ਨੂੰ ਭੇਜ ਰਹੇ ਹਨ।

ਸ੍ਰੀ ਬਾਦਲ ਨੇ ਕਿਹਾ ਕਿ ਜਿੰਨੇ ਕਾਫ਼ਲੇ ਲੈ ਕੇ ਇਹ ਨੇਤਾ ਸਰਕਾਰੀ ਪੈਸੇ ਦੀ ਬਰਬਾਦੀ ਕਰ ਰਹੇ ਹਨ ਉਨੇ ਪੈਸੇ ਨਾਲ ਹਰ ਪਿੰਡ 'ਚ ਇਕ-ਇਕ ਸਕੂਲ ਦਾ ਬੁਨਿਆਦੀ ਢਾਂਚਾ ਸੁਧਾਰਿਆ ਜਾ ਸਕਦਾ ਹੈ ਤੇ ਅਧਿਆਪਕਾਂ ਨੂੰ ਤਨਖਾਹਾਂ ਦਿੱਤੀਆਂ ਜਾ ਸਕਦੀਆਂ ਹਨ। ਸ੍ਰੀ ਬਾਦਲ ਨੇ ਕਿਹਾ ਕਿ ਸਰਕਾਰ ਦਾ ਪੈਸਾ ਕਿਸੇ ਦੀ ਨਿੱਜੀ ਸੰਪਤੀ ਨਹੀਂ ਤੇ ਜੇਕਰ ਲੋਕਾਂ ਨੇ ਇਸ ਦੀ ਚਾਬੀ ਫੜਾਈ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਆਪਣਾ ਨਿੱਜੀ ਸਿਆਸੀ ਲਾਹਾ ਲੈਣ ਲਈ ਸਰਕਾਰੀ ਧਨ ਬਰਬਾਦ ਕਰੀ ਜਾਵੋ।

ਸ੍ਰੀ ਮਨਪ੍ਰੀਤ ਬਾਦਲ ਨੇ ਪੰਜਾਬ ਦੀ ਆਰਥਿਕਤਾ 'ਤੇ ਬੋਝ ਪਾਉਂਦੇ ਬੇਲੋੜੇ ਸਰਕਾਰੀ

**ਲੋਕਾਂ ਦਾ ਧਨ ਪਾਣੀ ਵਾਂਗ ਵਹਾਉਣ ਦਾ ਦੋਸ਼**





ਖਰਚਿਆਂ ਬਾਰੇ ਬਹਿਸ ਸ਼ੁਰੂ ਹੋਣ 'ਤੇ ਖੁਸ਼ੀ ਪ੍ਰਗਟਾਈ ਹੈ ਕਿਉਂਕਿ ਪੰਜਾਬ ਦੀ ਵਿਗੜ ਚੁੱਕੀ ਆਰਥਿਕਤਾ ਨੂੰ ਬਚਾਉਣ ਲਈ ਅਜਿਹੀ ਬਹਿਸ ਦਾ ਛਿੜਨਾ ਜ਼ਰੂਰੀ ਸੀ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰੀ ਪੈਸੇ ਦੀ ਦੁਰਵਰਤੋਂ ਕਰਨ ਬਾਰੇ ਬਿਆਨ ਪ੍ਰਕਾਸ਼ਿਤ ਕਰਵਾਉਣ ਨਾਲੋਂ ਬਿਹਤਰ ਹੋਵੇਗਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਾਈਟ ਪੇਪਰ ਜਾਰੀ ਕਰਕੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀਆਂ ਤੇ ਵੱਖ-ਵੱਖ ਅਹੁਦਿਆਂ 'ਤੇ ਨਾਮਜ਼ਦ ਆਗੂਆਂ ਵੱਲੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਖਰਚੇ ਸਰਕਾਰੀ ਧਨ ਦੀ ਰਿਪੋਰਟ ਜਨਤਕ ਕਰਨ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਵੀ ਪਤਾ ਲੱਗੇ ਕਿ ਪੰਜਾਬ ਹਿਤੈਸ਼ੀ ਕੌਣ ਹੈ ਤੇ ਟੈਕਸ ਦੇ ਰੂਪ 'ਚ ਇਕੱਠੀ ਕੀਤੀ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਨੂੰ ਕਿਸ ਨੇ ਸਿਆਸੀ ਲਾਹਾ ਲੈਣ ਲਈ ਪਾਣੀ ਵਾਂਗ ਵਹਾਇਆ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਜਾਂ ਉਪ-ਮੁੱਖ ਮੰਤਰੀ ਕੋਈ ਤਾਰੀਖ ਨਿਰਧਾਰਿਤ ਕਰਨ ਤੇ ਉਹ ਪ੍ਰੈੱਸ ਦੇ ਸਾਹਮਣੇ ਬੇਲੋੜੇ ਸਰਕਾਰੀ ਖਰਚ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਵਾਈਟ ਪੇਪਰ ਰਾਹੀਂ ਇਹ ਗੱਲ ਜਨਤਕ ਕੀਤੀ ਜਾਵੇ ਕਿ ਮੁੱਖ ਮੰਤਰੀ, ਉਪ-ਮੁੱਖ ਮੰਤਰੀ ਤੇ ਮੰਤਰੀਆਂ ਸਮੇਤ ਹੋਰ ਵੀ ਨੁਮਾਇੰਦਿਆਂ ਤੇ ਮੁੱਖ ਮੰਤਰੀ ਦਫ਼ਤਰ 'ਚ ਤਾਇਨਾਤ ਸਲਾਹਕਾਰ ਤੇ ਮੀਡੀਆ ਕਰਮਚਾਰੀ ਨੇ ਕਿੰਨਾ ਪੈਸਾ ਭੱਤਿਆਂ ਦੇ ਤੌਰ 'ਤੇ ਵਸੂਲਿਆ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਵਿੱਤ ਮੰਤਰੀ ਹੁੰਦਿਆਂ ਕਦੇ ਵੀ ਸਫਰ ਭੱਤਾ ਨਹੀਂ ਲਿਆ ਤੇ ਨਾ ਹੀ ਸਰਕਾਰੀ ਗੱਡੀ ਦੀ ਵਰਤੋਂ ਕੀਤੀ ਹੈ ਤੇ ਨਾ ਹੀ ਆਪਣੀ ਨਿੱਜੀ ਗੱਡੀ 'ਚ ਸਰਕਾਰੀ ਖ਼ਜ਼ਾਨੇ 'ਚੋਂ ਪੈਟਰੋਲ ਪਵਾਇਆ ਹੈ। ਇਹ ਉਨ੍ਹਾਂ ਦੀ ਨਿੱਜੀ ਸੋਚ ਸੀ ਤੇ ਉਨ੍ਹਾਂ ਆਪਣੇ ਕੈਬਨਿਟ ਸਾਥੀਆਂ ਤੋਂ ਕਦੇ ਅਜਿਹੀ ਆਸ ਨਹੀਂ ਰੱਖੀ।

## ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਦਾਅਵੇ ਪਰ ਖਜ਼ਾਨਾ ਖਾਲੀ !

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਇਸ ਵੇਲੇ ਅਕਾਲੀ-ਭਾਜਪਾ ਸਰਕਾਰ ਵੱਲੋਂ ਸੂਬੇ 'ਚ ਵਿਕਾਸ ਕਾਰਜਾਂ ਦੀ ਹਨ੍ਹੇਰੀ ਚੱਲਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਦਿਲਚਸਪ ਗੱਲ ਹੈ ਕਿ ਸਰਕਾਰੀ ਖ਼ਜ਼ਾਨੇ 'ਚ ਫੁੱਟੀ ਕੌਡੀ ਵੀ ਨਹੀਂ। ਸਰਕਾਰ ਨੂੰ ਆਪਣੇ ਕੰਮ ਚਲਾਉਣ ਲਈ ਜਿੱਥੇ ਕੇਂਦਰ ਸਰਕਾਰ ਵੱਲੋਂ ਆਏ ਫੰਡਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਉਥੇ ਮੁਲਾਜ਼ਮਾਂ ਦੀ ਤਨਖਾਹਾਂ ਨੂੰ ਵੀ ਟਾਲਿਆ ਜਾ ਰਿਹਾ ਹੈ। ਇਸ ਦੀ ਤਾਜ਼ਾ ਮਸਾਲ ਉਸ ਵੇਲੇ ਸਾਹਮਣੇ ਆਈ ਜਦੋਂ ਖ਼ਜ਼ਾਨਾ ਖਾਲੀ ਹੋਣ ਕਾਰਨ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਤਨਖਾਹ ਦੇ ਬਿੱਲਾਂ ਨੂੰ ਪਾਸ ਕਰਨ 'ਤੇ ਬਰੇਕਾਂ ਲਾ ਦਿੱਤੀਆਂ। ਸਰਕਾਰ ਦੇ ਵਿੱਤੀ ਵਿਭਾਗ ਨੇ ਪਿਛਲੇ ਡੇਢ ਮਹੀਨੇ ਦੀਆਂ ਤਨਖਾਹਾਂ ਦੇ ਬਿੱਲਾਂ 'ਤੇ ਰੋਕ ਲਾਈ ਹੋਈ ਹੈ ਜਿਸ ਕਰਕੇ ਯੂਨੀਵਰਸਿਟੀ ਵੱਲੋਂ ਹੋਰ ਫੰਡਾਂ ਦੀ ਕਟੌਤੀ ਕਰਕੇ ਮੁਲਾਜ਼ਮਾਂ ਨੂੰ ਤਨਖਾਹਾਂ ਤਾਂ ਦਿੱਤੀ ਜਾ ਰਹੀ ਹੈ ਪਰ ਸਿ ਨਾਲ ਹੋਰ ਜ਼ਰੂਰੀ ਕੰਮ ਪ੍ਰਭਾਵਿਤ ਹੋ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਰਾਜ ਸਰਕਾਰ ਨੇ ਪੀ.ਏ.ਯੂ. ਵੱਲੋਂ ਵਿੱਤ ਵਿਭਾਗ ਨੂੰ ਭੇਜੇ ਗਏ ਤਨਖਾਹ ਦੇ ਬਿੱਲਾਂ ਵਿਚੋਂ ਤਕਰੀਬਨ 15.31 ਕਰੋੜ ਰੁਪਏ ਦੀ ਅਦਾਇਗੀ ਲਈ ਅਜੇ ਤੱਕ ਆਗਿਆ ਨਹੀਂ ਦਿੱਤੀ ਗਈ। ਰਾਜ ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੇ ਬਜਟ ਵਿਚ ਪੀ.ਏ.ਯੂ. ਦੇ ਅਮਲੇ ਨੂੰ ਤਨਖ਼ਾਹਾਂ ਦੇਣ ਲਈ ਸਾਲਾਨਾ 125 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ। ਖੇਤੀਬਾੜੀ ਵਿਭਾਗ ਵੱਲੋਂ ਮਹੀਨਾ ਖ਼ਤਮ ਹੋਣ ਤੋਂ ਪਹਿਲਾਂ ਹੀ ਵਿੱਤ ਵਿਭਾਗ ਨੂੰ ਤਨਖ਼ਾਹਾਂ ਦੀ ਅਦਾਇਗੀ ਲਈ ਤਕਰੀਬਨ 10.40 ਕਰੋੜ ਰੁਪਏ ਦਾ ਬਿੱਲ ਭੇਜ ਦਿੱਤਾ ਜਾਂਦਾ ਹੈ ਪਰ ਆਰਥਿਕ ਕੰਗਾਲੀ ਕਾਰਨ ਸਰਕਾਰ ਵੱਲੋਂ ਪਿਛਲੇ ਤਿੰਨ ਮਹੀਨਿਆਂ ਤੋਂ ਪੀ.ਏ.ਯੂ. ਦੇ ਅਮਲੇ ਦੀਆਂ ਤਨਖ਼ਾਹਾਂ ਦਾ ਬਿੱਲ ਮਨਜ਼ੂਰ ਨਹੀਂ ਕੀਤਾ ਜਾ ਰਿਹਾ। ਸੂਤਰਾਂ ਮੁਤਾਬਕ ਵਿੱਤ ਵਿਭਾਗ ਵੱਲੋਂ ਮਾਲੀ ਤੰਗੀ ਕਾਰਨ ਅਜੇ ਤੱਕ 15 ਅਕਤੂਬਰ ਤੱਕ ਦੀ ਤਨਖਾਹ ਜਾਰੀ ਕੀਤੀ ਗਈ ਹੈ। ਅਕਤੂਬਰ ਤੇ ਅੱਧੇ ਮਹੀਨੇ ਤੇ ਨਵੰਬਰ ਦੇ ਪੂਰੇ ਮਹੀਨੇ ਦੀਆਂ ਤਨਖ਼ਾਹਾਂ ਦਾ ਬਿੱਲ ਮਨਜ਼ੂਰੀ ਲਈ ਵਿੱਤ ਵਿਭਾਗ ਕੋਲ ਪਿਆ ਹੈ। ਰੋਚਕ ਤੱਥ ਇਹ ਹੈ ਕਿ ਵਿੱਤ ਵਿਭਾਗ ਨੇ ਪੀ.ਏ.ਯੂ. ਦੇ ਅਮਲੇ ਨੂੰ ਸਤੰਬਰ ਤੇ 15 ਅਕਤੂਬਰ ਤੱਕ (ਡੇਢ ਮਹੀਨੇ) ਦੀਆਂ ਤਨਖ਼ਾਹਾਂ ਦਾ ਬਿੱਲ ਵੀ ਦੋ ਕੁ ਹਫ਼ਤੇ ਪਹਿਲਾਂ ਹੀ ਮਨਜ਼ੂਰ ਕੀਤਾ ਹੈ।

ਖੇਤੀਬਾੜੀ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਤਨਖ਼ਾਹਾਂ ਦਾ ਬਿੱਲ ਮਨਜ਼ੂਰ ਨਾ ਕੀਤੇ ਜਾਣ ਕਾਰਨ ਪੀ.ਏ.ਯੂ. ਦੇ ਅਮਲੇ ਨੂੰ 'ਵਰਸਿਟੀ ਦੇ ਹੋਰ ਫੰਡਾਂ ਵਿਚੋਂ ਤਨਖ਼ਾਹਾਂ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਕਰਕੇ ਪੀ.ਏ.ਯੂ. ਦੇ ਹੋਰ ਕੰਮ ਵੀ ਰੁਕੇ ਪਏ ਹਨ। ਉਧਰ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਰਾਜ ਦੀ ਮਾਲੀ ਹਾਲਤ ਵਿਚ ਸੁਧਾਰ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ ਜਦੋਂਕਿ ਵਿੱਤ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਪੈਸੇ ਦੀ ਕਮੀ ਕਾਰਨ ਤਨਖ਼ਾਹਾਂ ਵੀ ਮੁਸ਼ਕਲ ਨਾਲ ਦਿੱਤੀਆਂ ਜਾ ਰਹੀਆਂ ਹਨ।

## *ਸਿਗਰਟਨੋਸ਼ੀ ਤੋਂ ਖਹਿੜਾ ਛੁਡਾ ਰਿਹੈ ਓਬਾਮਾ*

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਨੇ ਸਿਗਰਟਨੋਸ਼ੀ ਕਾਫੀ ਹੱਦ ਤਕ ਘਟਾ ਦਿੱਤੀ ਹੈ ਪਰ ਇਸ ਆਦਤ ਤੋਂ ਪੂਰੀ ਤਰ੍ਹਾਂ ਖਹਿੜਾ ਛੁਡਾਉਣ ਲਈ ਉਹ ਕਾਫੀ ਜੱਦੋ-ਜਹਿਦ ਕਰ ਰਹੇ ਹਨ।

ਓਬਾਮਾ ਦੇ ਬੁਲਾਰੇ ਰੋਬਰਟ ਗਿੱਬਸ ਨੇ ਕਿਹਾ ਹੈ ਕਿ ਉਸ ਨੇ ਤਕਰੀਬਨ ਪਿਛਲੇ ਨੌਂ ਮਹੀਨਿਆਂ ਤੋਂ ਆਪਣੇ ਬੌਸ ਨੂੰ ਕਦੇ ਸਿਗਰਟ ਪੀਂਦੇ ਨਹੀਂ ਦੇਖਿਆ ਤੇ ਨਾ ਹੀ ਇਸ ਸਮੇਂ ਦੌਰਾਨ ਉਨ੍ਹਾਂ ਵੱਲੋਂ ਸਿਗਰਟ ਪੀਣ ਦੇ ਸਬੂਤ ਮਿਲੇ ਹਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗਿੱਬਸ ਨੇ ਕਿਹਾ ਕਿ ਓਬਾਮਾ ਨੂੰ ਪਤਾ ਹੈ ਕਿ ਸਿਗਰਟਨੋਸ਼ੀ ਉਨ੍ਹਾਂ ਲਈ ਖਤਰਨਾਕ ਹੈ ਤੇ ਇਸ ਨੂੰ ਜਿੰਨੀ ਛੇਤੀ ਛੱਡ ਦਿੱਤਾ ਜਾਵੇ ਉਹ ਠੀਕ ਹੈ। ਰਾਸ਼ਟਰਪਤੀ ਨਹੀਂ ਚਾਹੁੰਦੇ ਕਿ ਬੱਚੇ ਖਾਸ ਤੌਰ 'ਤੇ ਉਨ੍ਹਾਂ ਦੇ ਬੱਚੇ ਇਸ ਆਦਤ ਬਾਰੇ ਜਾਣਨ। ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਓਬਾਮਾ ਸਿਗਰਟਨੋਸ਼ੀ ਛੱਡਣ ਲਈ ਕਾਫੀ 'ਸੰਘਰਸ਼' ਕਰ ਰਹੇ ਹਨ। ਓਬਾਮਾ ਵੱਲੋਂ ਸਿਗਰਟਨੋਸ਼ੀ ਘੱਟ ਕਰਨ ਦੀ ਰਿਪੋਰਟ ਉਦੋਂ ਆਈ ਹੈ ਜਦੋਂ ਦੇਸ਼ ਦੇ ਸਰਜਨ ਜਰਨਲ ਨੇ ਬਿਆਨ ਵਿਚ ਦੱਸਿਆ ਹੈ ਕਿ ਸਿਗਰਟਨੋਸ਼ੀ ਕੈਂਸਰ, ਦਿਲ ਦੇ ਦੌਰੇ ਤੇ ਹੋਰ ਘਾਤਕ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਸਿਗਰਟ ਦਾ ਇਕ ਕਸ਼ ਵੀ ਸਰੀਰ 'ਤੇ ਮਾੜਾ ਅਸਰ ਪਾਉਂਦਾ ਹੈ। ਸ੍ਰੀ ਗਿੱਬਸ ਨੇ ਦੱਸਿਆ ਕਿ 49 ਸਾਲਾ ਓਬਾਮਾ ਸਿਗਰਟਨੋਸ਼ੀ ਛੇਤੀ ਛੱਡਣ ਲਈ ਪੂਰਾ ਜ਼ੋਰ ਲਾ ਰਹੇ ਹਨ।

# ਪਾਕਿਸਤਾਨ 'ਚ ਵਸਦੇ ਸਿੱਖਾਂ ਲਈ ਫਿਰ ਬਣਿਆ ਸਾਕਾ '47

**ਪਿਸ਼ਾਵਰ (ਪੰਜਾਬ ਟਾਈਮਜ਼ ਬਿਓਰੋ) :** ਦੇਸ਼ ਦੀ ਵੰਡ ਤੋਂ 63 ਸਾਲਾਂ ਬਾਅਦ ਪਾਕਿਸਤਾਨ ਵਿਚ ਵਸੇ ਸਿੱਖਾਂ ਨੂੰ ਇਕ ਵਾਰ ਫਿਰ 1947 ਵਾਲਾ ਦਰਦ ਹੰਢਾਉਣਾ ਪਿਆ ਹੈ। ਇਕ ਵਾਰ ਫਿਰ ਉਹ ਉੱਜੜ-ਪੁੱਜੜ ਗਏ ਹਨ। ਉਥੇ ਵਸਦੇ ਸਿੱਖਾਂ ਨੂੰ ਅਤਿਵਾਦ ਨੇ ਕਿਸੇ ਪਾਸੇ ਜੋਗਾ ਨਹੀਂ ਛੱਡਿਆ।

ਯਾਦ ਰਹੇ ਕਿ ਪਾਕਿਸਤਾਨ ਬਣਨ ਦਾ ਮੁੱਖ ਆਧਾਰ ਭਾਵੇਂ ਧਰਮ ਹੀ ਬਣਿਆ ਸੀ ਅਤੇ ਕੁਝ ਸਿੱਖ ਹੁਣ ਵੀ ਇਹ ਪਛਤਾਵਾ ਕਰਦੇ ਰਹਿੰਦੇ ਹਨ ਕਿ ਉਦੋਂ ਪਾਕਿਸਤਾਨ ਦੇ ਆਗੂਆਂ ਨੇ ਸਿੱਖਾਂ ਨੂੰ ਨਵੇਂ ਬਣੇ ਦੇਸ਼ ਪਾਕਿਸਤਾਨ ਵਿਚ ਵਸਣ ਦੀ ਪੇਸ਼ਕਸ਼ ਕੀਤੀ ਸੀ ਜੋ ਸਿੱਖਾਂ ਦੇ ਆਗੂਆਂ ਨੇ ਨਹੀਂ ਸੀ ਮੰਨੀ, ਪਰ ਉਥੇ ਵਸੇ ਰਹਿਣ ਦਾ ਫੈਸਲਾ ਕਰਨ ਵਾਲੇ ਸਿੱਖਾਂ ਨੂੰ ਨਾ ਕੇਵਲ ਮੁਸਲਿਮ ਬਹੁਲਤਾ ਵਾਲੇ ਧਾਰਮਿਕ ਅਤੇ ਸਭਿਆਚਾਰਕ ਦਬਾਅ ਦੇ ਹਾਲਾਤ ਵਿਚ ਰਹਿਣਾ ਪਿਆ ਸਗੋਂ ਇਨ੍ਹਾਂ ਵਿਚੋਂ ਕੁਝ ਲਈ ਤਾਂ ਵਕਤ ਬਹੁਤ ਜ਼ਾਲਮ ਹੋ ਕੇ ਟੱਕਰਿਆ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਤਾਲਿਬਾਨ ਅਤੇ ਸਰਕਾਰ ਦੀ ਲੜਾਈ ਵਿਚ ਉਹ ਬੁਰੀ ਤਰ੍ਹਾਂ ਪਿਸ ਗਏ ਹਨ। ਹੁਣ ਵੀ ਇਹ ਲੋਕ ਅਮਨ-ਅਮਾਨ ਲਈ ਵਾਹਿਗੁਰੂ ਅੱਗੇ ਹਰ ਪਲ ਅਰਦਾਸ ਕਰ ਰਹੇ ਹਨ ਤਾਂ ਕਿ ਜੋ ਨੁਕਸਾਨ ਹੋਇਆ, ਸੋ ਹੋਇਆ; ਅਗਾਂਹ ਹੋਰ ਨੁਕਸਾਨ ਨਾ ਹੋਵੇ। ਉਨ੍ਹਾਂ ਦੀ ਇਕੋ-ਇਕ ਇੱਛਾ ਹੈ ਕਿ ਉਹ ਆਪਣੇ ਘਰ ਅਮਨ ਨਾਲ ਰਹਿ ਸਕਣ ਅਤੇ ਆਪਣੇ ਬੱਚਿਆਂ ਨੂੰ ਚੰਗੀ ਸਿਖਿਆ ਦਿਵਾ ਸਕਣ ਤਾਂ ਜੋ ਉਹ ਆਪ ਖਾਣ-ਕਮਾਉਣ ਜੋਗੇ ਹੋ ਸਕਣ।

ਪਾਕਿਸਤਾਨ ਦੇ ਉੱਤਰ ਪੱਛਮੀ ਸੂਬੇ ਵਿਚ ਆਪੋ-ਆਪਣੇ ਕਾਰੋਬਾਰ ਕਰਦੇ ਇਨ੍ਹਾਂ ਸਿੱਖਾਂ ਨੂੰ ਉਸ ਵੇਲੇ ਲੈਣੇ ਦੇ ਦੇਣੇ ਪੈ ਗਏ ਜਦੋਂ 2009 ਵਿਚ ਕੱਟੜਪੰਥੀ ਤਾਲਿਬਾਨ ਦੇ ਪ੍ਰਭਾਵ ਵਾਲੇ ਇਸ ਇਲਾਕੇ ਵਿਚ ਤਾਲਿਬਾਨ ਨੇ ਸਿੱਖਾਂ ਤੋਂ ਜਜ਼ੀਏ ਦੀ ਮੰਗ ਕਰ ਦਿੱਤੀ। ਤਾਲਿਬਾਨੀ ਆਗੂ ਹਕੀਮ ਉੱਲ੍ਹਾ ਮਹਿਸੂਦ ਦੇ ਪ੍ਰਭਾਵ ਵਾਲੇ ਇਲਾਕੇ ਓਰਕਜ਼ਾਈ ਵਿਚ ਰਹਿੰਦੇ ਸਿੱਖਾਂ ਨੂੰ ਚਿਤਾਵਨੀ ਦਿਤੀ ਗਈ ਕਿ ਉਹ ਇਸਲਾਮ ਕਬੂਲ ਲੈਣ ਜਾਂ ਫਿਰ 1 ਕਰੋੜ 20 ਲੱਖ ਰੁਪਏ ਜਜ਼ੀਆ ਅਦਾ ਕਰਨ। ਤਾਲਿਬਾਨ ਨੇ ਧਮਕੀ ਦਾ ਅਸਰ ਦਿਖਾਉਣ ਲਈ ਸਿੱਖਾਂ ਦੀਆਂ ਕਈ ਦੁਕਾਨਾਂ ਅਤੇ ਮਕਾਨਾਂ 'ਤੇ ਕਬਜ਼ਾ ਵੀ ਕਰ ਲਿਆ। ਘਰ ਢਾਹ ਦਿੱਤੇ ਅਤੇ ਕਈਆਂ ਨੂੰ ਅਗਵਾ ਕਰ ਲਿਆ। ਇਨ੍ਹਾਂ ਵਿਚੋਂ ਦੋ ਸਿੱਖਾਂ ਦੇ ਸਿਰ ਕਲਮ ਕਰ ਦਿੱਤੇ ਗਏ। ਹਰਦਿਆਲ ਸਿੰਘ ਅਨੁਸਾਰ ਉਸ ਦੇ ਪਿਤਾ ਨੂੰ ਵੀ ਅਗਵਾ ਕਰ ਲਿਆ ਗਿਆ ਸੀ ਅਤੇ ਸਿੱਖਾਂ ਤੋਂ 5 ਕਰੋੜ ਰੁਪਏ ਜਜ਼ੀਏ ਵਜੋਂ ਮੰਗੇ ਗਏ ਸਨ ਪਰ ਸਿੱਖਾਂ ਨੇ 1 ਕਰੋੜ 20 ਲੱਖ ਵਿਚ ਸਮਝੌਤਾ ਕੀਤਾ ਅਤੇ ਕੇਵਲ 60 ਲੱਖ ਹੀ ਦੇ ਸਕੇ ਸਨ।



*ਪਿਸ਼ਾਵਰ ਦਾ ਇਕ ਸਿੱਖ ਦੁਕਾਨ 'ਤੇ ਸੌਦਾ ਤੋਲਦਾ ਹੋਇਆ।*

ਇਸ ਤੋਂ ਬਾਅਦ ਤਾਲਿਬਾਨ ਨੇ ਉਨ੍ਹਾਂ 'ਤੇ ਹਮਲੇ ਦੀ ਚੇਤਾਵਨੀ ਦਿੱਤੀ ਜਿਸ ਕਰਕੇ ਉਹ ਉੱਥੋਂ ਜਾਨ ਬਚਾ ਕੇ ਤੁਰ ਆਏ। ਸਵੇਰੇ ਹੀ ਹਮਲਾ ਕਰਕੇ ਉਨ੍ਹਾਂ ਉਸ (ਹਰਦਿਆਲ ਸਿੰਘ) ਦੀ ਦੁਕਾਨ ਅਤੇ ਘਰ ਵਿਚੋਂ ਸਾਰਾ ਸਾਮਾਨ ਕੱਢ ਕੇ 33 ਲੱਖ ਰੁਪਏ ਵਿਚ ਨਿਲਾਮ ਕਰ ਦਿੱਤਾ। ਓਰਕਜ਼ਾਈ ਦੇ ਦਰਸ਼ਾ ਸਿੰਘ ਦੇ ਪਰਿਵਾਰ ਸਣੇ 50 ਦੇ ਲਗਭਗ ਪਰਿਵਾਰ ਇਸ ਇਲਾਕੇ ਵਿਚੋਂ 18 ਮਹੀਨੇ ਪਹਿਲਾਂ ਤੜਕੇ ਪੰਜ ਵਜੇ ਬਿਨਾਂ ਕੁਝ ਚੁੱਕਿਆਂ, ਦੁਕਾਨਾਂ ਅਤੇ ਮਕਾਨ ਓਵੇਂ ਹੀ ਛੱਡ ਕੇ ਓਵੇਂ ਹੀ ਨਿਕਲੇ ਜਿਵੇਂ 1947 ਵਿਚ ਭਾਰਤ ਵਾਲੇ ਪਾਸੇ ਜਾਣ ਲਈ ਪਾਕਿਸਤਾਨ ਵਾਲੇ ਪਾਸਿਉਂ ਲੋਕ ਨਿਕਲੇ ਸਨ। ਇਨ੍ਹਾਂ ਵਿਚੋਂ ਕਈਆਂ ਕੋਲ ਤਾਂ ਆਪਣੇ ਘਰਾਂ ਵਿਚੋਂ ਹੋਰ ਕੱਪੜੇ ਚੁੱਕਣ ਦਾ ਸਮਾਂ ਵੀ ਨਹੀਂ ਸੀ ਬਚਿਆ। 18 ਮਹੀਨਿਆਂ ਤੋਂ ਇਨ੍ਹਾਂ 50 ਪਰਿਵਾਰਾਂ ਸਣੇ 500 ਸਿੱਖ ਪਰਿਵਾਰ ਪਿਸ਼ਾਵਰ ਦੇ ਜੋਗਣ ਸ਼ਾਹ ਇਲਾਕੇ ਵਿਚ ਰਹਿ ਰਹੇ ਹਨ। ਪਿਸ਼ਾਵਰ ਦੇ ਦਬਗੜ੍ਹੀ ਨਗਰ ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਦੇ 120 ਕਮਰਿਆਂ ਵਿਚੋਂ 55 ਵਿਚ ਪਾਕਿਸਤਾਨ ਵਿਚ ਵੱਖ-ਵੱਖ ਥਾਵਾਂ ਤੋਂ ਉਜੜ ਕੇ ਆਏ ਸਿੱਖ ਰਹਿ ਰਹੇ ਹਨ। ਇਹ ਪਰਿਵਾਰ ਗੁਰਦੁਆਰੇ ਤੋਂ ਲੰਗਰ ਛਕ ਰਹੇ ਹਨ ਅਤੇ ਸੰਗਤਾਂ ਤੋਂ ਇਕੱਤਰ ਹੋਏ ਪੈਸਿਆਂ ਵਿਚੋਂ ਸਭ ਪਰਿਵਾਰਾਂ ਨੂੰ ਇਕ ਇਕ ਵਾਰ 3 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਮਿਲੇ।

ਦਰਸ਼ਾ ਸਿੰਘ ਜਿਹੜਾ ਓਰਕਜ਼ਾਈ ਵਿਚ ਵਪਾਰ ਕਰਦਾ ਸੀ, ਹੁਣ ਪੇਸ਼ਾਵਰ ਵਿਚ ਬੇਰੁਜ਼ਗਾਰ ਹੈ ਅਤੇ ਇਸ ਉਡੀਕ ਵਿਚ ਸੀ ਕਿ ਕਦ ਉਸ ਦੇ ਸੂਬੇ ਵਿਚ ਸ਼ਾਤੀ ਆਵੇ ਤੇ ਕਦ ਉਹ ਜਾ ਕੇ ਆਪਣਾ ਮਕਾਨ ਅਤੇ ਆਪਣੀ ਦੁਕਾਨ ਸੰਭਾਲਣ। ਇਹ ਮੌਕਾ ਆਇਆ ਵੀ ਜਦ ਅਕਤੂਬਰ ਵਿਚ ਫਰੰਟੀਅਰ ਕੋਰ ਦੇ ਆਈ. ਜੀ. ਨਾਦਰ ਜ਼ੇਬ ਨੇ ਪੱਤਰਕਾਰਾਂ ਨਾਲ ਗੁਫ਼ਤਗੂ ਦੌਰਾਨ ਐਲਾਨ ਕੀਤਾ ਕਿ ਓਰਕਜ਼ਾਈ ਦਾ 90 ਫ਼ੀਸਦੀ ਹਿੱਸਾ ਤਾਲਿਬਾਨ ਤੋਂ ਖ਼ਾਲੀ ਕਰਵਾ ਲਿਆ ਗਿਆ ਹੈ ਅਤੇ ਜਿਹੜੇ 32 ਹਜ਼ਾਰ ਪਰਿਵਾਰਾਂ ਨੂੰ ਓਰਕਜ਼ਾਈ ਛੱਡ ਕੇ ਭੱਜਣਾ ਪਿਆ ਸੀ, ਉਹ ਵਾਪਸ ਆ ਸਕਦੇ ਹਨ। ਦਰਸ਼ਾ ਸਿੰਘ ਅਤੇ ਹੋਰ ਸਿੱਖਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ ਹੁਣ ਹਾਲਾਤ ਸਾਜ਼ਗਾਰ ਹੋ ਗਏ ਹਨ ਅਤੇ ਉਹ ਵਾਪਸ ਪਰਤ ਸਕਦੇ ਹਨ ਪਰ ਜਦ 26 ਵਾਹਨਾਂ ਵਿਚ ਬਿਠਾ ਕੇ ਸਿੱਖਾਂ ਨੂੰ ਵਾਪਸ ਉਰਕਜ਼ਾਈ ਲਿਜਾਇਆ ਗਿਆ ਤਾਂ ਹਾਲਾਤ ਹੋਰ ਹੀ ਸਨ। ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਲਈ ਫ਼ੌਜ ਦੀਆਂ ਦਰਜਨ ਭਰ ਜੀਪਾਂ ਕਾਫ਼ਲੇ ਦੀ ਅਗਵਾਈ ਕਰ ਰਹੀਆਂ ਸਨ। ਓਰਕਜ਼ਾਈ ਪੁੱਜ ਕੇ ਦਰਸ਼ਾ ਸਿੰਘ ਤੇ ਹੋਰਾਂ ਨੇ ਦੇਖਿਆ ਕਿ ਉਨ੍ਹਾਂ ਦੇ ਘਰ ਅਤੇ ਦੁਕਾਨਾਂ ਤਾਂ ਲੁੱਟੀਆਂ ਅਤੇ ਢਾਹੀਆਂ ਜਾ ਚੁੱਕੀਆਂ ਹਨ। ਦਰਸ਼ਾ ਸਿੰਘ ਅਤੇ ਅਮਰ ਸਿੰਘ ਨੇ ਦੱਸਿਆ ਕਿ ਓਰਕਜ਼ਾਈ ਵਿਚ ਉਨ੍ਹਾਂ ਦਾ ਕੁੱਝ ਨਹੀਂ ਬਚਿਆ ਅਤੇ ਉਨ੍ਹਾਂ ਕੋਲ ਹੁਣ ਇੰਨੇ ਪੈਸੇ ਨਹੀਂ ਕਿ ਉਹ ਸਾਰਾ ਕੁੱਝ ਮੁੜ ਬਣਾ ਸਕਣ ਅਤੇ ਮੁੜ ਕਾਰੋਬਾਰ ਸ਼ੁਰੂ ਕਰ ਸਕਣ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਬਣਨ ਤੋਂ ਬਾਅਦ ਕੱਟੜਪੰਥੀਆਂ ਦਾ ਜ਼ੋਰ ਰਹਿਣ ਕਾਰਨ ਉਥੇ ਰਹਿ ਗਏ ਸਿੱਖਾਂ ਤੇ ਹਿੰਦੂਆਂ ਅਤੇ ਭਰਾਤ ਤੋਂ ਗਏ ਮੁਹਾਜਰਾਂ, ਕਾਦੀਆਨ ਤੇ ਹੋਰ ਫ਼ਿਰਕਿਆਂ ਨੂੰ ਮੁਸਲਿਮ ਕੱਟੜਪੰਥੀਆਂ ਦੇ ਦਾਬੇ ਹੇਠ ਰਹਿਣਾ ਪੈ ਰਿਹਾ ਹੈ।

## ਨਿਤਿਨ ਗਰਗ ਹੱਤਿਆ ਕੇਸ ਨਾਲ ਸਬੰਧਤ ਲੜਕਾ ਅਦਾਲਤ ਵਿਚ ਪੇਸ਼

**ਮੈਲਬਰਨ:** ਜਗਰਾਓਂ ਦੇ ਨਿਤਿਨ ਗਰਗ (21 ਸਾਲ) ਦੇ ਜਨਵਰੀ ਵਿਚ ਹੋਏ ਕਤਲ ਮੌਕੇ ਮੌਜੂਦ 16 ਸਾਲਾ ਆਸਟਰੇਲਿਆਈ ਮੁੰਡੇ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ। ਕਤਲ ਵਿਚ ਸਹਿਯੋਗੀ ਸਮਝੇ ਜਾਂਦੇ ਇਸ ਮੁੰਡੇ ਨੇ ਸੁਣਵਾਈ ਦੌਰਾਨ ਦੱਸਿਆ ਕਿ ਨਤਿਨ ਦਾ ਕੀਮਤੀ ਮੋਬਾਈਲ ਫੋਨ ਦੇਖ ਕੇ ਉਸ ਨੇ ਆਪਣੇ ਸਾਥੀ ਨੂੰ ਉਕਸਾਇਆ ਤਾਂ ਉਹਦੇ ਸਾਥੀ ਨੇ ਨਿਤਿਨ ਦੇ ਢਿੱਡ ਵਿਚ ਛੁਰਾ ਮਾਰ ਦਿੱਤਾ। ਪੁਲੀਸ ਅਨੁਸਾਰ ਜਨਵਰੀ ਅਤੇ ਅਪਰੈਲ ਵਿਚ ਪੁੱਛਗਿੱਛ ਦੌਰਾਨ ਇਸ ਲੜਕੇ ਦੇ ਬਿਆਨ ਵੱਖਰੇ ਵੱਖਰੇ ਸਨ। ਮਗਰੋਂ ਪੁਲੀਸ ਨੇ ਇਸ ਲੜਕੇ ਨੂੰ ਆਪਣੇ ਸਾਥੀ ਦੇ ਬਿਆਨ ਰਿਕਾਰਡ ਕਰਨ ਲਈ ਭੇਜਿਆ ਸੀ। ਪੁਲੀਸ ਨੇ ਹੁਣ ਇਸ ਲੜਕੇ ਤੋਂ ਕੁਝ ਹੋਰ ਮਹੀਨੇ ਸਹਿਯੋਗ ਮੰਗਿਆ ਹੈ। ਪੁਲੀਸ ਨੂੰ ਸਹਿਯੋਗ ਨਾ ਦੇਣ ਦੀ ਸੂਰਤ ਵਿਚ ਇਸ ਲੜਕੇ ਨੂੰ ਦੋ ਸਾਲ ਦੀ ਜੇਲ੍ਹ ਹੋ ਸਕਦੀ ਹੈ।

## *ਸੜਕ ਹਾਦਸੇ 'ਚ ਕਰਨਲ ਸਮੇਤ 4 ਦੀ ਮੌਤ*

**ਹੁਸ਼ਿਆਰਪੁਰ :** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 11 ਦਸੰਬਰ ਦੀ ਸਵੇਰ ਇਕ ਸੜਕ ਹਾਦਸੇ ਦੌਰਾਨ ਇਕ ਫੌਜੀ ਅਧਿਕਾਰੀ ਤੇ ਉਸਦੀ ਪਤਨੀ, ਬੇਟੀ ਤੇ ਡਰਾਈਵਰ ਦੀ ਮੌਤ ਹੋ ਗਈ। ਇਹ ਹਾਦਸਾ ਕਾਰ ਦੇ ਦੋ ਟਰੱਕਾਂ ਵਿਚਕਾਰ ਆ ਜਾਣ ਕਾਰਨ ਵਾਪਰਿਆ। ਪੁਲਿਸ ਮੁਤਾਬਕ ਇਹ ਦੁਰਘਟਨਾ ਮਾਹਿਲਪੁਰ-ਚੰਡੀਗੜ੍ਹ ਮਾਰਚ 'ਤੇ ਉਸ ਸਮੇਂ ਵਾਪਰੀ ਜਦੋਂ ਫੌਜੀ ਅਧਿਕਾਰੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਪਠਾਨਕੋਟ ਤੋਂ ਚੰਡੀਗੜ੍ਹ ਜਾ ਰਹੇ ਸਨ। ਫੌਜੀ ਅਧਿਕਾਰੀ ਦੀ ਪਛਾਣ ਕਰਨਲ ਡੀ.ਸੀ. ਦੂਬੇ ਵਜੋਂ ਹੋ ਗਈ ਹੈ।

ਇਕ ਪੁਲਿਸ ਅਧਿਕਾਰੀ ਨੇ ਦਸਿਆ ਕਿ ਜਿਸਪੀ ਬੁਰੀ ਤਰ੍ਹਾਂ ਤਬਾਹ ਹੋ ਗਈ ਹੈ ਜਿਸ ਨੂੰ ਜੇਬੀਸੀ ਜ਼ਮੀਨ ਦੀ ਮਦਦ ਸਦਕਾ ਟਰੱਕ ਤੋਂ ਵੱਖ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਸੀਂ ਮ੍ਰਿਤਕਾਂ ਦੀ ਪਹਿਚਾਣ ਕਰ ਰਹੇ ਹਾਂ। ਮਰਨ ਵਾਲਿਆਂ ਵਿਚ ਦੂਬੇ ਸਹਿਤ ਉਹਨਾਂ ਦੀ ਪਤਨੀ, ਬੇਟੀ ਤੇ ਜਿਪਸੀ ਦਾ ਡਰਾਈਵਰ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਦੂਬੇ ਦੀ ਦੂਜੀ ਬੇਟੀ ਨੂੰ ਜ਼ਖ਼ਮੀ ਹਾਲਤ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ ਜਿਸਦੀ ਹਾਲਤ ਗੰਭੀਰ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਯਤਨ ਤੇਜ ਕਰਾਂਗੇ-ਡਾ. ਮਨਮੋਹਨ ਸਿੰਘ**

-ਤੇ ਦਿੱਲੀ ਕਤਲੇਆਮ ਦੇ ਦੋਸ਼ੀਆਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿਆਂਗੇ।

***ਸੁਖਬੀਰ ਬਾਦਲ ਕਰਨਗੇ ਪਟਿਆਲਾ ਤੇ ਜਲੰਧਰ ਵਿਚ ਵਰਕਰਾਂ ਨਾਲ ਮੀਟਿੰਗ**

-ਅਕਾਲੀ ਵਰਕਰਾਂ ਨੂੰ ਮਨਪ੍ਰੀਤ ਬਾਦਲ ਦਾ ਸਨਮਾਨ ਕਰਨਾ ਚਾਹੀਦਾ ਜਿਸ ਨੇ ਉਨ੍ਹਾਂ ਦੀ ਵੁੱਕਤ ਵਧਾਈ ਐ।

***ਲੱਖੋਵਾਲ ਸਾਬ੍ਹ ਲਾਉਣਗੇ ਕਿਸਾਨਾਂ ਲਈ ਦਿੱਲੀ 'ਚ ਮੋਰਚਾ**

-ਇਸ ਤੋਂ ਪਹਿਲਾਂ ਕਿ ਕਿਸਾਨ ਪੰਜਾਬ ਸਰਕਾਰ ਵਿਰੁਧ ਚੰਡੀਗੜ੍ਹ 'ਚ ਮੋਰਚਾ ਲਾ ਲੈਣ।

***ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਚੋਣਾਂ 'ਚ ਸਿੱਧਾ ਹਿੱਸਾ ਲੈ ਸਕਦਾ ਹੈ-ਐਚ ਐਸ ਬਰਾੜ**

-ਤੇ ਆਰ ਐਸ ਐਸ ਅਸਿੱਧੇ ਢੰਗ ਨਾਲ!

***ਪਰਵਾਸੀ ਭਾਰਤੀਆਂ ਲਈ ਵੋਟ ਦੇ ਅਧਿਕਾਰ ਦਾ ਰਾਹ ਪੱਧਰਾ**

-ਮਹਾਂਪੁਰਸ਼ੋ! ਵੋਟ ਪਾਉਣ ਤੇ ਕੋਈ ਤਾਂ ਜਾਊ ਜੇ ਵੀਜ਼ਾ ਮਿਲੂ।

***ਚਮਕੇਗਾ ਬਿਹਾਰ ਤਾਂ ਤਰਸੇਗਾ ਪੰਜਾਬ ਦਾ ਕਿਸਾਨ**

-ਆਹੋ, ਜ਼ਿੰਮੀਦਾਰਾਂ ਦੇ ਕਾਕੇ ਤਾਂ ਖੇਤਾਂ 'ਚ ਕੰਮ ਕਰਨੋਂ ਰਹੇ, ਅਗਲਿਆਂ ਨੇ ਸਭਿਆਚਾਰਕ ਮੇਲਿਆਂ ਤੇ ਕਬੱਡੀ ਟੂਰਨਾਮੈਂਟਾਂ ਦੀਆਂ ਰੌਣਕਾਂ ਵਧਾਉਣ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਹੁੰਦੀ ਐ।

***ਨੌਜਵਾਨ ਆਪਣੇ ਵਿਰਸੇ ਨੂੰ ਪਛਾਨਣ-ਬੱਬੀ ਬਾਦਲ**

-ਰਹਿਣ ਦਿਓ, ਜੇ ਇੱਦਾਂ ਹੋ ਗਿਆ, ਥੋਨੂੰ ਕਿਸੇ ਨੇ ਬੇਰਾਂ ਵੱਟੇ ਨੀਂ ਪੁੱਛਣਾ! ਸਪੀਕਰ ਸਾਬ੍ਹ।

# ਅਮਰੀਕੀ ਹਵਾਈ ਅੱਡਿਆਂ 'ਤੇ ਭਾਰਤੀ ਸਫ਼ੀਰਾਂ ਦੀ ਤਲਾਸ਼ੀ, ਭਾਰਤ ਨੇ ਸਖਤ ਰੋਸ ਪ੍ਰਗਟਾਇਆ

**ਚੰਡੀਗੜ੍ਹ:** ਭਾਰਤੀ ਸਫ਼ੀਰ ਮੀਰਾ ਸ਼ੰਕਰ ਤੇ ਹਰਦੀਪ ਪੁਰੀ ਦੀ ਅਮਰੀਕੀ ਹਵਾਈ ਅੱਡਿਆਂ 'ਤੇ ਤਲਾਸ਼ੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਰਤ ਨੇ ਅਮਰੀਕਾ ਪਾਸ ਸਖ਼ਤ ਇਤਰਾਜ ਪ੍ਰਗਟਾਇਆ ਹੈ।

ਇਸ ਮਾਮਲੇ ਨੂੰ ਪੂਰੀ ਤਰ੍ਹਾਂ 'ਅਸਹਿਣਯੋਗ' ਕਰਾਰ ਦਿੰਦਿਆਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਹੈ ਕਿ ਸਿਫ਼ਾਰਤੀ ਭਾਈਚਾਰੇ ਨਾਲ ਵਰਤਾਓ ਬਾਰੇ ਤੈਅ ਵਰਤੋਂ-ਵਿਹਾਰ ਦੇ ਹੁੰਦਿਆਂ ਵੀ ਪਿਛਲੇ ਤਿੰਨ ਮਹੀਨਿਆਂ 'ਚ ਅਜਿਹੀ ਘਟਨਾ ਤੀਜੀ ਵਾਰ ਹੋਈ ਹੈ। ਇਸ ਦੇ ਨਾਲ ਹੀ ਉਨ੍ਹਾਂ ਆਸ ਪ੍ਰਗਟਾਈ ਕਿ ਮਸਲਾ ਹੱਲ ਕਰ ਲਿਆ ਜਾਵੇਗਾ ਤਾਂ ਕਿ ਭਵਿੱਖ 'ਚ ਅਜਿਹੀਆਂ ਬੇਸੁਆਦੀਆਂ ਮੁੜ ਨਾ ਵਾਪਰਨ।

ਉਧਰ ਅਮਰੀਕੀ ਪ੍ਰਸ਼ਾਸਨ ਨੇ ਇਨ੍ਹਾਂ ਮਾਮਲਿਆਂ 'ਤੇ ਅਫ਼ਸੋਸ ਪ੍ਰਗਟਾਇਆ ਹੈ ਤੇ ਭਵਿੱਖ ਵਿਚ ਅਜਿਹੀ ਘਟਨਾ ਮੁੜ ਨਾ ਵਾਪਰਨ ਦੇਣ ਦਾ ਭਰੋਸਾ ਦਿੱਤਾ ਹੈ। ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਤੱਖ ਤੌਰ 'ਤੇ ਅਸੀਂ ਇਸ ਘਟਨਾ ਤੋਂ ਚਿੰਤਿਤ ਹਾਂ। ਅਸੀਂ ਇਸ ਘਟਨਾ ਦੀ ਜਾਂਚ ਕਰਾਂਗੇ ਤੇ ਇਹ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਇਹ ਕਿਵੇਂ ਹੋਇਆ ਤੇ ਇਸ ਤਰ੍ਹਾਂ ਦੀ ਘਟਨਾ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ।

ਭਾਰਤੀ ਦੂਤਘਰ ਅਨੁਸਾਰ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਰਾਜਦੂਤ ਸ਼ੰਕਰ ਨਾਲ ਸੰਪਰਕ ਕਰਕੇ ਇਸ ਘਟਨਾ ਉਪਰ ਦੁੱਖ ਪ੍ਰਗਟਾਇਆ ਹੈ। ਇਸ ਦੇ ਨਾਲ ਹੀ ਮਾਰਕਸੀ ਕਮਿਊਨਿਸਟ ਪਾਰਟੀ ਨੇ ਕਿਹਾ ਹੈ ਕਿ ਅਮਰੀਕੀਆਂ ਨੂੰ ਵੀ ਸੁਰਖਿਆ ਜਾਂਚ ਤੋਂ ਛੋਟ ਨਾ ਦਿੱਤੀ ਜਾਵੇ ਤੇ ਜਵਾਬੀ ਕਾਰਵਾਈ ਕਰਦਿਆਂ ਵਾਸ਼ਿੰਗਟਨ ਦੇ ਰਾਜਦੂਤਾਂ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਮੀਰਾ ਸ਼ੰਕਰ ਨੂੰ 4 ਦਸੰਬਰ ਨੂੰ ਮਿਸੀਸਿਪੀ 'ਚ ਹਵਾਈ ਅੱਡੇ ਦੀ ਸਕਿਓਰਟੀ ਲਾਈਨ 'ਚੋਂ ਬਾਹਰ ਕਰ ਲਿਆ ਗਿਆ ਸੀ ਤੇ ਇਕ ਸੁਰੱਖਿਆ ਏਜੰਟ ਨੇ ਉਨ੍ਹਾਂ ਦੀ ਤਲਾਸ਼ੀ ਲਈ ਸੀ ਹਾਲਾਂਕਿ ਅਧਿਕਾਰੀ ਨੇ ਆਪਣੇ ਸਿਫ਼ਾਰਤੀ ਰੁਤਬੇ ਬਾਰੇ ਦੱਸ ਦਿੱਤਾ ਸੀ।

ਇਹ ਘਟਨਾ ਜੈਕਸਨ-ਐਵਰਜ਼ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਪਰੀ ਸੀ ਜਿੱਥੇ ਸਾੜ੍ਹੀ ਪਹਿਨੀਂ ਮੀਰਾ ਸ਼ੰਕਰ ਨੇ ਬਾਲਟੀਮੋਰ ਜਾ ਰਹੇ ਜਹਾਜ਼ 'ਚ ਚੜ੍ਹਨਾ ਸੀ। ਉਹ ਮਿਸੀਸਿਪੀ ਸਟੇਟ ਯੂਨੀਵਰਸਿਟੀ ਦੇ ਪ੍ਰੋਗਰਾਮ 'ਚ ਸ਼ਾਮਲ ਹੋ ਕੇ ਪਰਤ ਰਹੀ ਸੀ। ਸ਼ੰਕਰ ਨੇ ਆਪਣੇ ਸਿਫ਼ਾਰਤੀ ਦਸਤਾਵੇਜ਼ ਪੇਸ਼ ਕੀਤੇ ਤੇ ਮਿਸੀਸਿਪੀ ਡਿਵੈਲਪਮੈਂਟ ਅਥਾਰਟੀ ਦਾ ਇਕ ਪ੍ਰਤੀਨਿਧ ਤੇ ਏਅਰਪੋਰਟ ਸਕਿਓਰਟੀ ਅਫਸਰ ਉਨ੍ਹਾਂ ਨੂੰ ਐਸਕਾਰਟ ਕਰ ਕੇ ਲੈ ਗਏ ਪਰ ਕਈਆਂ ਦਾ ਕਹਿਣਾ ਹੈ ਕਿ ਹੱਥਾਂ ਨਾਲ ਮੀਰਾ ਸ਼ੰਕਰ ਦੀ ਤਲਾਸ਼ੀ ਲਈ ਗਈ।

ਮੀਰਾ ਸ਼ੰਕਰ ਨੂੰ ਸੱਦਾ ਦੇਣ ਵਾਲੇ ਯੂਨੀਵਰਸਿਟੀ ਅਧਿਕਾਰੀ ਵੀ ਇਸ ਸਾਰੇ ਕਾਂਡ ਤੋਂ ਸ਼ਰਮਿੰਦੇ ਹਨ। ਉਨ੍ਹਾਂ ਨੇ ਭਾਰਤੀ ਸਫ਼ੀਰ ਨੂੰ ਕੌਮਾਂਤਰੀ ਅਧਿਐਨ ਪ੍ਰੋਗਰਾਮ 'ਤੇ ਭਾਸ਼ਣ ਦੇਣ ਲਈ ਬੁਲਾਇਆ ਸੀ।

ਇਹ ਮਾਮਲਾ ਅਜੇ ਠੰਡਾ ਨਹੀਂ ਪਿਆ ਸੀ ਕਿ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਹਰਦੀਪ ਪੁਰੀ ਨੂੰ ਵੀ ਅਜਿਹੀ ਹੀ ਹਾਲਤ ਦਾ ਸਾਹਮਣਾ ਕਰਨਾ ਪਿਆ ਤੇ ਹਿਊਸਟਨ ਹਵਾਈ ਅੱਡੇ 'ਤੇ ਉਨ੍ਹਾਂ ਨੂੰ ਪੱਗ ਉਤਾਰਨ ਲਈ ਕਿਹਾ ਗਿਆ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਸੁਰੱਖਿਆ ਅਧਿਕਾਰੀਆਂ ਨੇ ਇਕ ਘੰਟਾ ਡੱਕੀ ਰੱਖਿਆ। ਸ੍ਰੀ ਪੁਰੀ ਨੇ ਅਮਰੀਕੀ ਅਧਿਕਾਰੀਆਂ ਨੂੰ ਉਨ੍ਹਾਂ ਦੀ ਹੱਥੀਂ ਤਲਾਸ਼ੀ ਲੈਣ ਦੀ ਆਗਿਆ ਨਾ ਦਿੱਤੀ।

ਮਿਲੀਆਂ ਰਿਪੋਰਟਾਂ ਅਨੁਸਾਰ ਦੋ ਕੁ ਹਫ਼ਤੇ ਪਹਿਲਾਂ ਸ੍ਰੀ ਪੁਰੀ ਨੂੰ ਹਿਊਸਟਨ ਹਵਾਈ ਅੱਡੇ 'ਤੇ ਅਧਿਕਾਰੀਆਂ ਨੇ ਤਲਾਸ਼ੀ ਲਈ ਪੱਗ ਉਤਾਰਨ ਲਈ ਆਖਿਆ ਸੀ। ਜਦੋਂ ਸ੍ਰੀ ਪੁਰੀ ਨੇ ਪੱਗ ਉਤਾਰਨ ਤੋਂ ਮਨ੍ਹਾਂ ਕਰ ਦਿੱਤਾ ਤਾਂ ਅਧਿਕਾਰੀਆਂ ਨੇ ਉਨ੍ਹਾਂ ਨੂੰ 'ਹੋਲਡਿੰਗ ਰੂਮ' ਵਿਚ ਅੱਧੇ ਘੰਟੇ ਤੋਂ ਵਧ ਸਮਾਂ ਬਿਠਾਈ ਰੱਖਿਆ। ਭਾਰਤ ਨੇ ਹਿਊਸਟਨ ਵਿਚਲੇ ਆਪਣੇ ਕੌਂਸਲੇਟ ਜਨਰਲ ਰਾਹੀਂ ਅਮਰੀਕੀ ਅਧਿਕਾਰੀਆਂ ਕੋਲ ਸਰਕਾਰੀ ਤੌਰ 'ਤੇ ਰੋਸ ਦਰਜ ਕਰਵਾਇਆ।

ਜ਼ਿਕਰਯੋਗ ਹੈ ਕਿ ਪਹਿਲਾਂ ਵੀ ਕਈ ਅਹਿਮ ਭਾਰਤੀ ਹਸਤੀਆਂ ਨੂੰ ਅਮਰੀਕੀ ਹਵਾਈ ਅੱਡਿਆਂ 'ਤੇ ਅਜਿਹੀ ਅਣਸੁਖਾਵੀਂ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਸਤੰਬਰ ਵਿਚ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਤੋਂ ਸ਼ਿਕਾਗੋ ਦੇ ਓਹੇਅਰ ਹਵਾਈ ਅੱਡੇ 'ਤੇ ਪੁੱਛ-ਪੜਤਾਲ ਕੀਤੀ ਗਈ ਸੀ ਕਿਉਂਕਿ ਉਨ੍ਹਾਂ ਦੇ ਨਾਂ ਦਾ ਇਕ ਅਮਰੀਕੀ ਭਾਰਤੀ ਜ਼ੇਰੇ ਨਿਗਰਾਨੀ ਸੀ। ਅਗਸਤ 2009 ਵਿਚ ਬਾਲੀਵੁੱਡ ਅਦਾਕਾਰ ਸ਼ਾਹਰੁਖ਼ ਖ਼ਾਨ ਨੂੰ ਨੇਵਾਰਕ ਲਿਬਰਟੀ ਕੌਮਾਂਤਰੀ ਹਵਾਈ ਅੱਡੇ ਉਤੇ ਰੋਕ ਲਿਆ ਗਿਆ ਸੀ। ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਨੇ ਦਾਅਵਾ ਕੀਤਾ ਸੀ ਕਿ ਡੈਲਸ ਹਵਾਈ ਅੱਡੇ 'ਤੇ ਉਨ੍ਹਾਂ ਦੀ ਦੋ ਵਾਰੀ ਤਲਾਸ਼ੀ ਲਈ ਗਈ ਸੀ।

**ਬੀਬੀ ਬਾਦਲ ਵੱਲੋਂ ਨਿੰਦਾ:** ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਹਲਕੇ ਤੋਂ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਅਮਰੀਕਾ ਦੇ ਹਿਊਸਟਨ ਹਵਾਈ ਅੱਡੇ ਉਤੇ ਭਾਰਤ ਦੇ ਇੱਕ ਸਿੱਖ ਰਾਜਦੂਤ ਹਰਦੀਪ ਪੁਰੀ ਨੂੰ ਤਲਾਸ਼ੀ ਲਈ ਦਸਤਾਰ ਉਤਾਰਨ ਲਈ ਆਖੇ ਜਾਣ ਨੂੰ ਸਮਾਜਿਕ ਕਦਰਾਂ ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਉਤੇ ਹਮਲਾ ਕਰਾਰ ਦਿੱਤਾ ਹੈ।

ਇਥੇ ਜਾਰੀ ਇੱਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਗੰਭੀਰ ਮਸਲੇ ਵਿਚ ਖੁਦ ਦਖਲ ਦੇ ਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੁੜ ਕਿਸੇ ਸਿੱਖ ਨੂੰ ਅਜਿਹੀ ਅਪਮਾਨਜਨਕ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਅਤੇ ਧਾਰਮਿਕ ਚਿੰਨ੍ਹਾਂ ਸਬੰਧੀ ਭੁਲੇਖਿਆਂ ਕਾਰਨ ਦੁਨੀਆਂ ਦੇ ਕਈ ਮੁਲਕਾਂ ਵਿਚ ਦਰਪੇਸ਼ ਦੁਸ਼ਵਾਰੀਆਂ ਦੂਰ ਕਰਾਉਣ ਲਈ ਢੁਕਵੀਂ ਕਾਰਵਾਈ ਕਰੇ।

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

### ਕੰਨਿਆ ਦੀ ਲੋੜ

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com




# ਕਮਲ ਨਾਥ ਨੇ ਕੇਸ ਤੋਂ ਛੋਟ ਮੰਗੀ ਅਗਲੀ ਪੇਸ਼ੀ 9 ਫਰਵਰੀ ਨੂੰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** 1984 ਦੀ ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਕਥਿਤ ਦੋਸ਼ੀ ਭਾਰਤ ਦੇ ਕੇਂਦਰੀ ਮੰਤਰੀ ਕਮਲ ਨਾਥ ਦੇ ਖਿਲਾਫ ਅਮਰੀਕਾ ਦੀ ਅਦਾਲਤ ਵਿਚ ਦਰਜ ਕਰਵਾਏ ਗਏ ਕੇਸ ਦੀ ਪੈਰਵਾਈ ਕਰ ਰਹੀ ਕਾਨੂੰਨੀ ਟੀਮ ਨੇ ਅਮਰੀਕੀ ਗ੍ਰਹਿ ਵਿਭਾਗ ਤੱਕ ਪਹੁੰਚ ਕਰਕੇ ਕਿਹਾ ਹੈ ਕਿ ਉਨ੍ਹਾਂ ਦੇ ਕੇਂਦਰੀ ਮੰਤਰੀ ਹੋਣ ਦੇ ਰੁਤਬੇ ਦਾ ਖਿਆਲ ਕਰਦਿਆਂ ਉਨ੍ਹਾਂ ਨੂੰ ਇਸ ਕੇਸ ਵਿਚ ਪੇਸ਼ੀ ਤੋਂ ਛੋਟ ਦਿੱਤੀ ਜਾਵੇ।

ਜੱਜ ਰਾਬਰਟ ਸਵੀਟ ਸਾਹਮਣੇ ਬੀਤੀ 8 ਦਸੰਬਰ ਨੂੰ ਪੇਸ਼ ਹੋਈ ਕਾਨੂੰਨੀ ਟੀਮ ਨੇ ਪ੍ਰੀ ਟਰਾਇਲ ਕਾਨਫਰੰਸ ਦੌਰਾਨ ਅਦਾਲਤ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਮੁਵੱਕਲ ਕਮਲ ਨਾਥ ਨੂੰ ਕੇਸ ਖਾਰਜ ਕੀਤੇ ਜਾਣ ਲਈ ਅਰਜ਼ੀ ਦੇਣ ਦੀ ਇਜ਼ਾਜਤ ਦਿੱਤੀ ਜਾਵੇ ਪਰ ਜੱਜ ਨੇ ਇਸ ਦੀ ਇਜ਼ਾਜਤ ਨਾ ਦਿੱਤੀ। ਕਮਲ ਨਾਥ ਦੀ ਤਰਫੋਂ 2 ਲਾਅ ਫਰਮਾਂ ਦੇ 6 ਵਕੀਲ ਪੇਸ਼ ਹੋਏ ਜਦਕਿ ਕਮਲ ਨਾਥ ਦੇ ਖਿਲਾਫ ਕੇਸ ਦਾਇਰ ਕਰਨ ਵਾਲੇ ਜਸਬੀਰ ਸਿੰਘ ਤੇ ਮਹਿੰਦਰ ਸਿੰਘ ਦੀ ਤਰਫੋਂ ਵਕੀਲ ਮਾਈਕਲ ਸਿਟਜ਼ਰਾਲਡ ਪੇਸ਼ ਹੋਏ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 9 ਫਰਵਰੀ ਨੂੰ ਹੋਵੇਗੀ।

ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਭਾਵੇਂ ਅਮਰੀਕੀ ਕਾਨੂੰਨ ਤਹਿਤ ਵਿਦੇਸ਼ੀ ਅਧਿਕਾਰੀਆਂ ਜਾਂ ਮੰਤਰੀਆਂ ਨੂੰ ਕਿਸੇ ਕੇਸ ਵਿਚ ਛੋਟ ਦਿੱਤੇ ਜਾਣ ਦੀ ਵਿਵਸਥਾ ਹੈ ਪਰ ਅਮਰੀਕਾ ਸਰਕਾਰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦੇ ਏਨੇ ਵੱਡੇ ਤੇ ਭਿਆਨਕ ਮਾਮਲਿਆਂ ਵਿਚ ਇਸ ਤਰ੍ਹਾਂ ਦੀ ਛੋਟ ਨਹੀਂ ਦਿੰਦੀ ਜਿਸ ਤਰ੍ਹਾਂ ਦੇ ਗੰਭੀਰ ਮਾਮਲੇ ਵਿਚ ਕਮਲ ਨਾਥ ਲਿਪਤ ਹੈ।



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਤਿਵਾਦ ਵਿਰੁਧ ਯੂਰਪੀ ਯੂਨੀਅਨ ਤੇ ਭਾਰਤ ਇਕਮੁੱਠ

**ਬ੍ਰਸਲਜ਼:** ਭਾਰਤ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਜਰਮਨੀ ਤੇ ਬੈਲਜੀਅਮ ਦੇ ਦੌਰੇ ਦੌਰਾਨ ਜਿੱਥੇ ਯੂਰਪੀ ਯੂਨੀਅਨ ਤੋਂ ਪਾਕਿਸਤਾਨ 'ਤੇ ਮੁੰਬਈ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਲਈ ਦਬਾਅ ਪਵਾਉਣ ਲਈ ਕਾਮਯਾਬ ਰਹੇ ਉਥੇ ਜਰਮਨੀ ਨਾਲ ਪ੍ਰਮਾਣੂ ਊਰਜਾ ਦੇ ਖੇਤਰ 'ਚ ਸਹਿਯੋਗ ਵਧਾਉਣ ਤੇ ਵਾਪਰਕ ਸਬੰਧਾਂ ਨੂੰ ਹੋਰ ਮਜਬੂਤ ਕਰਨ ਦਾ ਵੀ ਅਹਿਦ ਕੀਤਾ।

ਬ੍ਰਸਲਜ਼ 'ਚ 11 ਦਸੰਬਰ ਨੂੰ 27 ਮੁਲਕੀ ਯੂਰਪੀ ਯੂਨੀਅਨ ਅਤੇ ਭਾਰਤ ਦੇ ਹੋਏ 11ਵੇਂ ਸਿਖਰ ਸੰਮੇਲਨ ਦੌਰਾਨ ਕੌਮਾਂਤਰੀ ਦਹਿਸ਼ਤਗਰਦੀ ਬਾਰੇ ਜਾਰੀ ਸਾਂਝੇ ਬਿਆਨ ਵਿਚ ਪਾਕਿਸਤਾਨ ਦਾ ਬਗੈਰ ਨਾਂ ਲਏ ਉਨ੍ਹਾਂ ਧਿਰਾਂ ਦੀ ਸਖ਼ਤ ਅਲੋਚਨਾ ਕੀਤੀ ਗਈ ਜੋ ਦਹਿਸ਼ਤਗਰਦੀ ਨੂੰ ਸਹਾਇਤਾ ਦਿੰਦੀਆਂ, ਉਤਸ਼ਾਹਤ ਕਰਦੀਆਂ, ਸ਼ਹਿ ਦਿੰਦੀਆਂ ਹਨ ਜਾਂ ਇਨ੍ਹਾਂ ਨੂੰ ਸੁਰੱਖਿਅਤ ਟਿਕਾਣੇ ਮੁਹੱਈਆ ਕਰਾਉਂਦੀਆਂ ਹਨ।

ਇਸ ਸਿਖਰ ਸੰਮੇਲਨ ਦੌਰਾਨ ਦਹਿਸ਼ਤਗਰਦੀ ਦੇ ਖ਼ਤਰੇ ਨੂੰ ਖਾਸ ਤਵੱਜੋ ਦਿੱਤੀ ਗਈ, ਉਹ ਭਾਵੇਂ ਮੁੰਬਈ ਹਮਲਿਆਂ ਬਾਰੇ ਜਾਂ ਰੋਮ ਤੇ ਮੈਡਰਿਡ ਸਬੰਧੀ ਹੋਵੇ। ਇਸੇ ਕਾਰਨ ਅਤਿਵਾਦ ਸਮੱਸਿਆ ਬਾਰੇ ਵੱਖਰਾ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਵਿਚ ਸਾਂਝੇ ਬਿਆਨ ਵਿਚਲੇ ਹਵਾਲਿਆਂ ਤੇ ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੂਰਪੀ ਕੌਂਸਲ ਦੇ ਮੁਖੀ ਹਰਮਨ ਰੋਂਪੀ ਵੱਲੋਂ ਜ਼ਾਹਰ ਵਿਚਾਰਾਂ ਨੂੰ ਸ਼ਾਮਲ ਕੀਤਾ ਗਿਆ।

ਸ੍ਰੀ ਰੋਂਪੀ ਤੇ ਯੂਰਪੀ ਕਮਿਸ਼ਨ ਦੇ ਪ੍ਰਧਾਨ ਜੋਸ ਮੈਨੂਏਅਲ ਬਰੋਸੋ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਤੇ ਯੂਰਪੀ ਯੂਨੀਅਨ ਇਸ ਗੱਲ ਉਤੇ ਸਹਿਮਤ ਹਨ ਕਿ ਅਫਗਾਨਿਸਤਾਨ ਵਿਚ ਕੌਮਾਂਤਰੀ ਭਾਈਚਾਰੇ ਦੀਆਂ ਕੋਸ਼ਿਸ਼ਾਂ ਦੀ ਸਫਲਤਾ ਉਸ ਜੰਗ-ਮਾਰੇ ਮੁਲਕ ਲਈ ਤਾਂ ਜ਼ਰੂਰੀ ਹੈ ਹੀ ਨਾਲ ਹੀ ਇਹ ਭਾਰਤ ਅਤੇ ਯੂਰਪ ਦੀ ਸੁਰੱਖਿਆ ਤੇ ਸਥਿਰਤਾ ਲਈ ਵੀ ਜ਼ਰੂਰੀ ਹੈ।



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਰਲਿਨ ਵਿਚ ਜਰਮਨ ਚਾਂਸਲਰ ਐਂਜਲਾ ਮਾਰਕਲ ਨੂੰ ਮਿਲਦੇ ਹੋਏ*

ਇਸ ਦੇ ਨਾਲ ਹੀ ਅਤਿਵਾਦ ਬਾਰੇ ਪਾਕਿਸਤਾਨ ਨੂੰ ਕਰੜੇ ਹੱਥੀਂ ਲੈਂਦਿਆਂ ਜਰਮਨੀ ਨੇ ਸਪੱਸ਼ਟ ਕਿਹਾ ਹੈ ਕਿ ਕਿਸੇ ਵੀ ਸਿਆਸੀ ਸਮੱਸਿਆ ਦਾ ਹੱਲ ਅਤਿਵਾਦ ਨਹੀਂ ਹੋ ਸਕਦਾ ਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਕੀਤੇ ਸਾਂਝੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਜਰਮਨ ਚਾਂਸਲਰ ਏਂਜਲਾ ਮਾਰਕਲ ਨੇ ਕਿਹਾ ਕਿ ਪਾਕਿਸਤਾਨ ਨੂੰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਿਆਸੀ ਸਮੱਸਿਆਵਾਂ ਦੇ ਨਿਪਟਾਰੇ ਲਈ ਅਤਿਵਾਦ ਕੋਈ ਹੱਲ ਨਹੀਂ ਤੇ ਉਸ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਦੋਵਾਂ ਮੁਲਕਾਂ ਦੇ ਨੇਤਾਵਾਂ ਨੇ ਇਸ ਗੱਲ ਲਈ ਸਹਿਮਤੀ ਜਤਾਈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਪੱਕੀਆਂ ਤੇ ਆਰਜ਼ੀ ਸੀਟਾਂ ਵਧਾਉਣ ਤੇ ਹੋਰ ਸੁਧਾਰਾਂ ਲਈ ਮਿਲ ਕੇ ਕੰਮ ਕੀਤਾ ਜਾਵੇ। ਇਸ ਮੌਕੇ ਭਾਰਤ-ਜਰਮਨੀ ਨੇ ਦੁਵੱਲੇ ਸਹਿਯੋਗ ਨੂੰ ਵਧਾਉਣ ਤੇ ਗੈਰ-ਫ਼ੌਜੀ ਪ੍ਰਮਾਣੂ ਸਮਝੌਤੇ ਬਾਰੇ ਵੀ ਗੱਲਬਾਤ ਹੋਈ। ਇਸ ਦਿਸ਼ਾ ਵਿਚ ਜਰਮਨੀ ਨੇ ਕਿਹਾ ਕਿ ਉਹ ਅਮਰੀਕਾ, ਫਰਾਂਸ ਤੇ ਹੋਰ ਮੁਲਕਾਂ ਨਾਲ ਸੰਪਰਕ ਕਾਇਮ ਕਰ ਸਕਦਾ ਹੈ।

ਡਾ. ਮਨਮੋਹਨ ਸਿੰਘ ਦੇ ਇਸ ਦੌਰੇ ਦੌਰਾਨ ਏਸ਼ੀਆ ਤੇ ਯੂਰਪ ਦੀਆਂ ਇਨ੍ਹਾਂ ਦੋ ਅਹਿਮ ਸ਼ਕਤੀਆਂ ਨੇ ਜਿੱਥੇ 2012 ਤਕ ਦੁਵੱਲਾ ਵਪਾਰ 20 ਅਰਬ ਯੂਰੋ ਤਕ ਪਹੁੰਚਾਉਣ ਦਾ ਅਹਿਦ ਲਿਆ ਹੈ ਉਥੇ ਦੋਵਾਂ ਮੁਲਕਾਂ ਨੇ ਪਹਿਲੀ ਵਾਰ ਗੈਰ ਫੌਜੀ ਪ੍ਰਮਾਣੂ ਊਰਜਾ 'ਚ ਦੁਵੱਲੇ ਸਹਿਯੋਗ ਦੀਆਂ ਸੰਭਾਵਨਾਵਾਂ 'ਤੇ ਵਿਚਾਰ-ਚਰਚਾ ਕੀਤੀ ਹੈ। ਇਸ ਦੇ ਨਾਲ ਹੀ ਭਾਰਤ ਨੇ ਜਰਮਨੀ ਤੋਂ ਮੰਗ ਕੀਤੀ ਹੈ ਕਿ ਉਹ ਵਪਾਰ ਨਿਯੰਤਰਣ ਕਾਨੂੰਨਾਂ ਨੂੰ ਨਰਮ ਕਰੇ ਤਾਂ ਜੋ ਦੋਵਾਂ ਦੇਸ਼ਾਂ ਵਿਚਾਲੇ ਨਵੇਂ ਖੇਤਰਾਂ 'ਚ ਵਪਾਰ ਦੇ ਦਰਵਾਜ਼ੇ ਖੁੱਲ੍ਹ ਸਕਣ।

ਪ੍ਰਮਾਣੂ ਊਰਜਾ ਤੋਂ ਇਲਾਵਾ ਭਾਰਤ ਤੇ ਜਰਮਨੀ ਨੇ 2012 ਤਕ ਦੁਵੱਲਾ ਵਪਾਰ 13 ਅਰਬ ਯੂਰੋ ਤੋਂ ਵਧਾ ਕੇ 20 ਅਰਬ ਯੂਰੋ ਕਰਨ ਦਾ ਫੈਸਲਾ ਕੀਤਾ ਹੈ। ਯੂਰਪ 'ਚ ਜਰਮਨੀ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਦੋਵਾਂ ਦੇਸ਼ਾਂ ਦੇ ਆਗੂਆਂ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਭਾਰਤ ਤੇ ਜਰਮਨੀ ਵਿਚਾਲੇ ਵਪਾਰ ਦੇ ਖੇਤਰ 'ਚ ਬੇਹੱਦ ਸੰਭਾਵਨਾਵਾਂ ਹਨ। ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ 2012 ਤਕ ਵਪਾਰ ਵਧ ਕੇ 20 ਅਰਬ ਯੂਰੋ ਤਕ ਪੁੱਜ ਜਾਵੇ ਪਰ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਭਾਰਤ ਉਭਰਦੀ ਆਰਥਿਕ ਤਾਕਤ ਹੈ। ਇਸ ਲਈ ਜਰਮਨੀ ਨਾਲ ਉਸ ਦੀ ਵਪਾਰਕ ਭਾਈਵਾਲੀ ਹੋਰ ਉਚਾਈਆਂ ਵੱਲ ਜਾਵੇਗੀ।

# ਡਾਕਟਰ ਮਨਮੋਹਨ ਸਿੰਘ ਕਾਰਪੋਰੇਟਾਂ ਦੇ ਹੱਕ 'ਚ ਡਟੇ

## ਫ਼ੋਨ ਟੈਪਿੰਗ 'ਤੇ ਸ਼ਿਕੰਜਾ ਕੱਸਣ ਦੇ ਸੰਕੇਤ

**ਨਵੀਂ ਦਿੱਲੀ:** ਲੰਬੇ ਸਮੇਂ ਦੀ ਚੁੱਪ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਆਖ਼ਰ ਕਾਰਪੋਰੇਟਾਂ ਦੇ ਹੱਕ 'ਚ ਆ ਹੀ ਖੜ੍ਹੇ। ਇਸ ਮੌਕੇ ਉਨ੍ਹਾਂ ਨੇ ਕਾਰਪੋਰਟਾਂ ਦਾ ਪੱਖ ਪੂਰਦਿਆਂ ਫ਼ੋਨ ਟੈਪਿੰਗ 'ਤੇ ਸ਼ਿਕੰਜਾ ਕੱਸਣ ਦਾ ਵੀ ਸੰਕੇਤ ਦਿੱਤਾ ਤਾਂ ਜੋ ਉਨ੍ਹਾਂ ਦੇ ਭੇਤ ਜੱਗ ਜਾਹਰ ਨਾ ਹੋ ਸਕਣ।


ਨਵੀਂ ਦਿੱਲੀ ਵਿਚ 14 ਦਸੰਬਰ ਨੂੰ ਇੰਡੀਆ ਕਾਰਪੋਰੇਟ ਵੀਕ 2010 ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ ਕਾਰਪੋਰੇਟ ਸੈਕਟਰ ਵਿਚ ਬੇਚੈਨੀ ਪਾਈ ਜਾ ਰਹੀ ਹੈ ਤੇ ਫ਼ੋਨ ਵਾਰਤਾ ਲੀਕ ਹੋਣ ਤੋਂ ਰੋਕਣ ਲਈ ਸਿਸਟਮ ਨੂੰ ਹੋਰ ਕੱਸਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੈਬਨਿਟ ਸਕੱਤਰ ਨੂੰ ਇਨ੍ਹਾਂ ਮੁੱਦਿਆਂ ਦੀ ਘੋਖ ਕਰਕੇ ਇਕ ਮਹੀਨੇ ਦੇ ਅੰਦਰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਰਾਡੀਆ ਟੇਪਾਂ ਲੀਕ ਹੋਣ ਦੇ ਵਿਵਾਦ 'ਤੇ ਆਪਣੀ ਚੁੱਪੀ ਤੋੜਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਕਾਰਪੋਰੇਟ ਸੈਕਟਰ ਦੀ ਬੇਚੈਨੀ ਤੋਂ ਵਾਕਫ਼ ਹਨ ਜੋ ਸਰਕਾਰੀ ਅਧਿਕਾਰੀਆਂ ਨੂੰ ਕੌਮੀ ਸੁਰੱਖਿਆ ਲਈ ਤੇ ਟੈਕਸ ਚੋਰੀ ਤੇ ਕਾਲੇ ਧਨ ਦੀ ਰੋਕਥਾਮ ਲਈ ਫੋਨ ਟੈਪ ਕਰਨ ਦੇ ਦਿੱਤੇ ਅਧਿਕਾਰਾਂ ਕਰਕੇ ਪੈਦਾ ਹੋ ਰਹੀ ਹੈ। ਇਹ ਅਧਿਕਾਰ ਜ਼ਰੂਰੀ ਹਨ ਪਰ ਇਨ੍ਹਾਂ ਦੀ ਵਰਤੋਂ ਬਹੁਤ ਸੰਭਲ ਕੇ ਤੇ ਤੈਅਸ਼ੁਦਾ ਨੇਮਾਂ, ਵਿਧੀਆਂ ਤੇ ਢਾਂਚਿਆਂ ਤਹਿਤ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਦੀ ਦੁਰਵਰਤੋਂ ਨਾ ਹੋਵੇ। ਇਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਕਰ ਵਿਭਾਗ ਤੇ ਕੁਝ ਹੋਰ ਸੁਰੱਖਿਆ ਏਜੰਸੀਆਂ ਨੂੰ ਫੋਨ ਟੈਪਿੰਗ ਦੇ ਦਿੱਤੇ ਅਧਿਕਾਰਾਂ 'ਤੇ ਸ਼ਿਕੰਜਾ ਕੱਸਣ ਦਾ ਸੰਕੇਤ ਦਿੱਤਾ ਹੈ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਦੇ ਢਾਂਚੇ ਤੋਂ ਬਾਹਰ ਟੈਲੀਫੋਨ ਵਾਰਤਾ ਤਕ ਰਸਾਈ ਰੋਕਣ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਤੋਂ ਹੀ ਮੌਜੂਦ ਕਾਨੂੰਨੀ ਢਾਂਚਿਆਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ ਹੈ ਤਾਂ ਕਿ ਇਹ ਕਾਰਗਰ ਹੋ ਸਕਣ। ਉਨ੍ਹਾਂ ਕਿਹਾ ਕੈਬਨਿਟ ਸਕੱਤਰ (ਕੇ.ਐਮ. ਚੰਦਰਸ਼ੇਖਰ) ਨੂੰ ਇਹ ਮੁੱਦੇ ਵਾਚਣ ਤੇ ਇਕ ਮਹੀਨੇ ਦੇ ਅੰਦਰ ਕੈਬਨਿਟ ਨੂੰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੰਮ ਪ੍ਰਾਈਵੇਟ ਕਾਰੋਬਾਰਾਂ ਲਈ ਇਕ ਸਮਾਨ ਭੈਅ ਜਾਂ ਪੱਖਪਾਤ ਤੋਂ ਮੁਕਤ ਹਾਲਾਤ ਮੁਹੱਈਆ ਕਰਾਉਣਾ ਹੈ।

ਜ਼ਿਕਰਯੋਗ ਹੈ ਕਿ ਟਾਟਾ ਗਰੁਪ ਦੇ ਮੁਖੀ ਰਤਨ ਟਾਟਾ ਨੇ ਕਾਰਪੋਰੇਟ ਲਾਬੀਕਾਰ ਨੀਰਾ ਰਾਡੀਆ ਨਾਲ ਉਸ ਦੀ ਟੈਲੀਫੋਨ ਵਾਰਤਾ ਮੀਡੀਆ ਵਿਚ ਲੀਕ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਸੀ ਤੇ ਸ਼ਕਤੀਸ਼ਾਲੀ ਆਰਥਿਕ ਘਰਾਣਿਆਂ ਦੇ ਸਾਹਮਣੇ ਭਾਰਤੀ ਰਾਜ ਪ੍ਰਣਾਲੀ ਦੇ ਨਿਤਾਣੀ ਪੈ ਜਾਣ ਦਾ ਖਦਸ਼ਾ ਜ਼ਾਹਰ ਕੀਤਾ ਸੀ।

ਐਚ.ਡੀ.ਐਫ.ਸੀ. ਬੈਂਕ ਦੇ ਮੁਖੀ ਦੀਪਕ ਪਾਰਿਖ ਨੇ ਵੀ ਟੈਲੀਫੋਨ ਟੇਪਿੰਗ ਤੇ ਇਸ ਦੇ ਜੱਗ ਜ਼ਾਹਿਰ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਸੀ ਤੇ ਕਿਹਾ ਸੀ ਕਿ ਇਸ ਨਾਲ ਸਨਅਤ ਦਾ ਮਨੋਬਲ ਡਿੱਗਿਆ ਹੈ। ਇਨਕਮ ਟੈਕਸ ਵਿਭਾਗ ਨੇ ਨੀਰਾ ਰਾਡੀਆ ਦੀ ਕੁਝ ਵੱਡੇ ਸਿਆਸਤਦਾਨਾਂ, ਕਾਰੋਬਾਰੀਆਂ ਤੇ ਪੱਤਰਕਾਰਾਂ ਨਾਲ ਹੋਈ ਟੈਲੀਫੋਨ 'ਤੇ ਗੱਲਬਾਤ ਦੀ ਰਿਕਾਰਡਿੰਗ ਕੀਤੀ ਸੀ।

ਦੂਜੇ ਪਾਸੇ ਕਾਰਪੋਰੇਟ ਆਗੂਆਂ ਨੇ ਪ੍ਰਧਾਨ ਮੰਤਰੀ ਵੱਲੋਂ ਫੋਨ ਟੈਪਿੰਗ ਦੇ ਮੱਦੇ 'ਤੇ ਦਵਾਏ ਭਰੋਸੇ ਤੇ ਰਿਕਾਰਡ ਵਾਰਤਾਵਾਂ ਦੀ ਲੀਕੇਜ ਦੀ ਰੋਕਥਾਮ ਲਈ ਮੌਜੂਦਾ ਸਿਸਟਮ ਨੂੰ ਮਜ਼ਬੂਤ ਬਣਾਉਣ ਦੀ ਲੋੜ 'ਤੇ ਜ਼ੋਰ ਦੇਣ ਦਾ ਸਵਾਗਤ ਕੀਤਾ ਹੈ। ਆਈ.ਟੀ.ਸੀ. ਦੇ ਚੇਅਰਮੈਨ ਵਾਈ.ਵੀ. ਦੇਵੇਸ਼ਵਰ ਨੇ ਕਿਹਾ ਹੈ ਕਿ ਫੋਨ ਟੈਪਿੰਗ ਇਕ ਚਿੰਤਾ ਦਾ ਵਿਸ਼ਾ ਹੈ ਪਰ ਹੁਣ ਪ੍ਰਧਾਨ ਮੰਤਰੀ ਹਮਾਇਤ ਲੈ ਕੇ ਅੱਗੇ ਆਏ ਹਨ ਤੇ ਸਾਡੀ ਹੁਣ ਤਸੱਲੀ ਹੋ ਗਈ ਹੈ। ਬਜਾਜ ਆਟੋ ਦੇ ਮੁਖੀ ਰਾਹੁਲ ਬਜਾਜ ਨੇ ਕਿਹਾ ਕਿ ਜਨਹਿੱਤ ਮਹੱਤਵਪੂਰਨ ਹੈ ਪਰ ਵਿਅਕਤੀਆਂ ਦੀ ਨਿੱਜਤਾ ਤੇ ਸਤਿਕਾਰ ਵੀ ਜ਼ਰੂਰੀ ਹੈ।




*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਵੀਂ ਦਿੱਲੀ ਵਿਚ ਇੰਡੀਆ ਕਾਰਪੋਰੇਟ ਵੀਕ ਦੌਰਾਨ ਇੰਡੀਆ ਅਨਲਿਮਟਿਡ ਨਾਂ ਦੀ ਪੁਸਤਕ ਰੀਲੀਜ਼ ਕਰਦੇ ਹੋਏ*

ਇਸ ਦੇ ਨਾਲ ਹੀ ਭਾਜਪਾ ਆਗੂ ਐਲ.ਕੇ. ਅਡਵਾਨੀ ਨੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਆਪਣੀ ਸਰਕਾਰ ਦੀ ਸ਼ਾਖ ਦਾਅ 'ਤੇ ਲੱਗੀ ਹੋਣ ਦੇ ਬਾਵਜੂਦ ਟੇਪਾਂ ਲੀਕ ਹੋਣ ਬਾਰੇ ਵਧ ਚਿੰਤਾਤੁਰ ਹਨ। ਸ੍ਰੀ ਅਡਵਾਨੀ ਨੇ ਕਿਹਾ ਕਿ ਦੇਸ਼ ਨੇ ਇਹ ਦੇਖਿਆ ਕਿ ਕਿਵੇਂ ਕਾਰੋਬਾਰੀ ਲਾਬੀਕਾਰਾਂ ਨੇ ਸਰਕਾਰ ਦੇ ਨਿਰਮਾਣ ਵਿਚ ਭੂਮਿਕਾ ਨਿਭਾਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸੰਭਵ ਹੈ ਕਿ ਪ੍ਰਧਾਨ ਮੰਤਰੀ ਨੂੰ ਇਹ ਪਤਾ ਹੀ ਨਾ ਹੋਵੇ ਕਿ ਸਰਕਾਰ ਵਿਚ ਕੀ ਚੱਲ ਰਿਹਾ ਹੈ?

2-ਜੀ ਸਪੈਕਟ੍ਰਮ ਮੁੱਦੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਮੰਗ ਮੁੜ ਉਠਾਉਂਦਿਆਂ ਭਾਜਪਾ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਮੰਗ ਨਾਲ ਸਹਿਮਤ ਨਾ ਹੋਣ ਦਾ ਕੋਈ ਕਾਰਨ ਨਹੀਂ ਦੱਸਿਆ। ਉਨ੍ਹਾਂ ਪੀ.ਜੇ. ਥੌਮਸ ਨੂੰ ਮੁੱਖ ਵਿਜੀਲੈਂਸ ਕਮਿਸ਼ਨਰ ਥਾਪੇ ਜਾਣ 'ਤੇ ਵੀ ਪ੍ਰਧਾਨ ਮੰਤਰੀ ਦੀ ਆਲੋਚਨਾ ਕੀਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਬਠਿੰਡਾ ਰਿਫਾਇਨਰੀ ਪੰਜਾਬ ਦਾ ਸਨਅਤੀ ਮੁਹਾਂਦਰਾ ਬਦਲਣ ਲਈ ਤਿਆਰ:ਸੁਖਬੀਰ

**ਫੂਲੋਖਾਰੀ (ਬਠਿੰਡਾ):** ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ 20,000 ਕਰੋੜ ਰੁਪਏ ਦੀ ਲਾਗਤ ਨਾਲ ਐਚ ਪੀ ਸੀ ਐਲ ਅਤੇ ਮਿੱਤਲ ਐਨਰਜੀ ਲਿਮਟਡ ਵੱਲੋਂ ਇਥੇ ਸਥਾਪਿਤ ਕੀਤੀ ਜਾ ਰਹੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਪੰਜਾਬ ਦੇ ਸਮੁੱਚੇ ਸਨਅਤੀ ਮੁਹਾਂਦਰੇ ਨੂੰ ਬਦਲਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਲੰਘੇ ਸਨਿਚਰਵਾਰ ਪੰਜਾਬ ਭਰ ਤੋਂ ਆਏ ਪੱਤਰਕਾਰਾਂ ਅਤੇ ਰਾਜ ਦੇ ਕੈਬਨਿਟ ਮੰਤਰੀਆਂ ਸਮੇਤ ਸਮੂਹ ਵਿਧਾਇਕਾਂ ਨੂੰ ਮੁਕੰਮਲ ਹੋਣ ਦੇ ਕਰੀਬ ਬਠਿੰਡਾ ਰਿਫਾਇਨਰੀ ਵਿਖਾਉਣ ਉਪਰੰਤ ਸ. ਬਾਦਲ ਨੇ ਕਿਹਾ ਕਿ ਇਹ ਰਿਫਾਇਨਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਪਿਛਲੇ ਕਾਰਜਕਾਲ ਦੌਰਾਨ ਬਹੁਰਾਸ਼ਟਰੀ ਕੰਪਨੀਆਂ ਦੇ ਕਰੜੇ ਵਿਰੋਧ ਦੇ ਬਾਜਵੂਦ ਮਨਜ਼ੂਰ ਕਰਵਾਈ ਸੀ। ਉਨ੍ਹਾਂ ਕਿਹਾ ਕਿ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ 20,000 ਏਕੜ ਰਕਬਾ ਐਕਾਵਇਰ ਕਰਨ, ਇਸਦੀ ਚਾਰਦੀਵਾਰੀ ਅਤੇ ਪਾਣੀ ਦੀ ਵਿਵਸਥਾ ਕਰਨ ਉਪਰੰਤ ਵੀ ਪਿਛਲੀ ਕਾਂਗਰਸ ਸਰਕਾਰ ਵੱਲੋਂ ਜਾਣ ਬੁਝ ਕੇ ਪੰਜਾਬ ਨੂੰ ਪੈਟਰੋ ਉਤਪਾਦ ਸਪਲਾਈ ਕਰਦੀਆਂ ਕੰਪਨੀਆਂ ਨੂੰ ਮਦਦ ਪਹੁੰਚਾਉਣ ਦੇ ਆਸ਼ੇ ਨਾਲ ਇਕ ਇੱਟ ਵੀ ਨਹੀਂ ਲੱਗਣ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਇਸ ਰਿਫਾਇਨਰੀ ਦੀ ਸਥਾਪਨਾ ਹੋਣ ਨਾਲ ਕਾਂਗਰਸ ਦੇ ਪੰਜਾਬ ਨੂੰ ਸਨਅਤੀ ਤੌਰ 'ਤੇ ਪਛੜਿਆ ਰਖਣ ਦੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ ਹੈ।



ਸ. ਬਾਦਲ ਨੇ ਕਿਹਾ ਕਿ ਸਾਡੀ ਸਰਕਾਰ ਪੰਜਾਬ ਨੂੰ ਨਾ ਕੇਵਲ ਬਿਜਲੀ ਦੀ ਬਹੁਤਾਤ ਵਾਲਾ ਬਲਕਿ ਦੇਸ਼ ਦਾ ਸਭ ਤੋਂ ਵੱਧ ਬਿਜਲੀ ਦਾ ਉਤਪਾਦਨ ਕਰਨ ਵਾਲਾ ਰਾਜ ਬਣਾਉਣ ਅਤੇ ਰਾਜ ਦੀ ਸਨਅਤੀ ਪ੍ਰਗਤੀ ਨੂੰ ਨਵੀਂ ਬੁਲੰਦੀ 'ਤੇ ਲਿਜਾਣ ਲਈ ਦ੍ਰਿੜ੍ਹ ਸੰਕਲਪ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਨਿਰੰਤਰ ਯਤਨਾਂ ਅਤੇ ਵਿਕਾਸ ਦੇ ਸੰਕਲਪ ਸਦਕਾ ਹੀ ਅੱਜ ਪੰਜਾਬ ਅੰਦਰ 82,000 ਕਰੋੜ ਰੁਪਏ ਦੀ ਸਾਂਝੀ ਲਾਗਤ ਨਾਲ 5 ਥਰਮਲ ਪਲਾਂਟਾਂ ਅਤੇ ਰਿਫਾਇਨਰੀ ਦੇ ਨਿਰਮਾਣ ਦਾ ਕਾਰਜ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਇਨ੍ਹਾਂ ਮਹਾਂ ਪ੍ਰਾਜੈਕਟਾਂ ਦਾ ਅਗਲੇ ਇਕ ਸਾਲ ਦੌਰਾਨ ਪੰਜਾਬ ਦੀ ਆਰਥਿਕਤਾ 'ਤੇ ਅਸਰ ਸਪਸ਼ਟ ਰੂਪ ਵਿਚ ਵੇਖਣ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਕੌਮੀ ਥਰਮਲ ਪਾਵਰ ਨਿਗਮ ਨਾਲ ਗਿੱਦੜਬਾਹਾ ਥਰਮਲ ਪਲਾਂਟ ਤੋਂ ਬਿਜਲੀ ਦੀ ਖਰੀਦ ਲਈ ਸਮਝੌਤੇ 'ਤੇ ਸਹੀ ਪਾ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ 10,590 ਮੈਗਾਵਾਟ ਦੀ ਸਾਂਝੀ ਉਤਪਾਦਨ ਸਮਰਥਾ ਅਤੇ 52,800 ਕਰੋੜ ਰੁਪਏ ਦੇ ਸਾਂਝੇ ਨਿਵੇਸ਼ ਵਾਲੇ ਪੰਜ ਥਰਮਲ ਪਲਾਂਟਾਂ ਕ੍ਰਮਵਾਰ ਤਲਵੰਡੀ ਸਾਬੋ, ਗੋਇੰਦਵਾਲ ਸਾਹਿਬ, ਰਾਜਪੁਰਾ, ਗਿੱਦੜਬਾਹਾ ਅਤੇ ਮਾਨਸਾ ਨਾਲ ਬਿਜਲੀ ਦੇ ਉਤਪਾਦਨ ਵਿਚ ਪੰਜਾਬ ਛੇਤੀ ਹੀ ਨਵੀਆਂ ਸਿਖਰਾਂ ਛੋਹੇਗਾ।

ਸ. ਸੁਖਬੀਰ ਬਾਦਲ ਨੇ ਕਿਹਾ ਕਿ ਇਸ ਤੋਂ ਇਲਾਵਾ ਰਾਜ ਸਰਕਾਰ ਵੱਖ ਵੱਖ ਥਾਵਾਂ 'ਤੇ ਲੱਗ ਰਹੇ ਅਲਟਰਾ ਮੈਗਾ ਥਰਮਲ ਪਲਾਂਟਾਂ ਤੋਂ 2272 ਮੈਗਾਵਾਟ ਬਿਜਲੀ ਦੇ ਆਪਣੇ ਹਿੱਸੇ ਤੋਂ ਇਲਾਵਾ ਕੇਂਦਰੀ ਪਲਾਂਟਾਂ 'ਚੋਂ ਵੀ 1966 ਮੈਗਾਵਾਟ ਬਿਜਲੀ ਲੈਣ ਵਿਚ ਕਾਮਯਾਬ ਹੋ ਗਈ ਹੈ। ਇਸ ਤੋਂ ਇਲਾਵਾ 200 ਮੈਗਾਵਾਟ ਬਿਜਲੀ ਪ੍ਰਮਾਣੂ ਬਿਜਲੀ ਪਲਾਂਟਾਂ ਤੋਂ ਹਿੱਸੇ ਆਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਰੋਪੜ ਵਿਚ ਗੈਸ 'ਤੇ ਆਧਾਰਿਤ 1000 ਮੈਗਾਵਾਟ ਸਮਰਥਾ ਵਾਲੇ ਬਿਜਲੀ ਪ੍ਰਾਜੈਕਟ ਦੀ ਸਥਾਪਨਾ ਤੋਂ ਇਲਾਵਾ ਪੰਜਾਬ ਸਰਕਾਰ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਅਤੇ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪੰਜ ਪੰਜ ਸੌ ਮੈਗਾਵਾਟ ਦੇ ਪਸਾਰ ਕਰ ਰਹੀ ਹੈ। ਇਸ ਤੋਂ ਇਲਾਵਾ ਹਾਈਡਰੋ ਪਾਵਰ ਫਰੰਟ 'ਤੇ ਸ਼ਾਹਪੁਰ ਕੰਡੀ ਤੋਂ 168 ਮੈਗਾਵਾਟ ਯੂ ਬੀ ਡੀ ਸੀ ਫੇਜ਼ 3 ਤੋਂ 75 ਮੈਗਾਵਾਟ ਅਤੇ 32 ਖੇਤੀ ਰਹਿੰਦ ਖੂਹੰਦ ਆਧਾਰਿਤ ਪਾਵਰ ਪਲਾਂਟਾ ਤੋਂ 500 ਮੈਗਾਵਾਟ ਬਿਜਲੀ ਪੈਦਾ ਕਰਨ ਦਾ ਕੰਮ ਵੀ ਆਰੰਭ ਹੋ ਗਿਆ ਹੈ।

ਬਠਿੰਡਾ ਰਿਫਾਇਨਰੀ ਦੇ ਪੰਜਾਬ ਦੀ ਆਰਥਿਕਤਾ 'ਤੇ ਪੈਣ ਵਾਲੇ ਵੱਡੇ ਪ੍ਰਭਾਵ ਦੀ ਗੱਲ ਕਰਦਿਆਂ ਸ. ਬਾਦਲ ਨੇ ਕਿਹਾ ਕਿ ਰਿਫਾਇਨਰੀ ਦੇ ਬਚੇ ਹੋਏ ਉਤਪਾਦਾਂ ਦੀ ਵਰਤੋਂ ਕਰਨ ਵਾਲੀਆਂ ਸਹਾਇਕ ਸਨਅਤਾਂ ਨੇ ਪਹਿਲਾਂ ਹੀ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਦੋ ਕੰਪਨੀਆਂ ਵੱਲੋਂ ਅੱਜ ਆਪਸੀ ਮੁਆਇਦਿਆਂ 'ਤੇ ਸਹੀ ਵੀ ਪਾ ਦਿੱਤੀ ਗਈ ਹੈ ਜਦੋਂ ਕਿ 8 ਤੋਂ 10 ਹਜ਼ਾਰ ਕਰੋੜ ਰੁਪਏ ਦੇ ਸਾਂਝੇ ਨਿਵੇਸ਼ ਵਾਲੀਆਂ 100 ਤੋਂ ਵੱਧ ਹੋਰ ਕੰਪਨੀਆਂ ਵੀ ਇਸ ਖਿੱਤੇ ਅੰਦਰ ਪੰਜਾਬ ਦੇ ਸਨਅਤੀ ਵਿਕਾਸ ਵਿਚ ਵੱਡਾ ਯੋਗਦਾਨ ਪਾਉਣਗੀਆਂ। ਉਨ੍ਹਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਇਸ ਕੰਪਨੀ ਦੇ ਪ੍ਰਬੰਧਕਾਂ ਨੇ 32,000 ਇੰਜੀਨੀਅਰਾਂ ਤੇ ਵਰਕਰਾਂ ਦੀ ਸਹਾਇਤਾ ਨਾਲ ਪੰਜਾਬ ਦੀ ਧਰਤੀ 'ਤੇ ਹੁਣ ਤੱਕ ਦੇ ਸਭ ਤੋਂ ਵੱਡੇ ਪ੍ਰਾਜੈਕਟ ਨੂੰ ਨਿਰਧਾਰਿਤ ਸਮੇਂ ਵਿਚ ਨੇਪਰੇ ਚਾੜ੍ਹਿਆ ਹੈ। ਉਨ੍ਹਾਂ ਕਿਹਾ ਕਿ ਇਸ ਰਿਫਾਇਨਰੀ ਤੋਂ ਨਾ ਕੇਵਲ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਇਥੇ ਬਲਕਿ ਇਸਦੇ ਨਾਲ ਲੱਗਣ ਵਾਲੀਆਂ ਸਹਾਇਕ ਸਨਅਤਾਂ ਅਤੇ ਹੋਰਨਾਂ ਕਾਰੋਬਾਰਾਂ ਵਿਚ ਵੀ ਰੋਜ਼ਗਾਰ ਮਿਲੇਗਾ।

ਇਸ ਤੋਂ ਪਹਿਲਾਂ ਰਿਫਾਇਨਰੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਪ੍ਰਭ ਦਾਸ ਨੇ ਇਸਦਾ ਸੰਖੇਪ ਵੇਰਵਾ ਦਿੰਦਿਆਂ ਕਿ 9 ਮਿਲੀਅਨ ਟਨ ਦੀ ਸਮਰਥਾ ਵਾਲੀ ਇਹ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਹੁਣ ਤੱਕ ਦਾ ਸਭ ਤੋਂ ਵੱਧ ਨਿਵੇਸ਼ ਵਾਲਾ ਪ੍ਰਾਜੈਕਟ ਹੈ ਅਤੇ ਪੰਜਾਬ ਵਿਚ ਸਥਾਪਤ ਹੋਈ ਪਹਿਲੀ ਤੇਲ ਅਤੇ ਗੈਸ ਸਨਅਤ ਹੈ। ਉਨ੍ਹਾਂ ਕਿਹਾ ਕਿ ਪੈਟਰੋ ਕੈਮੀਕਲਜ਼ ਦੇ ਨਵੇਂ ਖੇਤਰਾਂ ਵਿਚ ਸਨਅਤੀਕਰਨ ਨੂੰ ਤੇਜ਼ ਕਰਨ ਅਤੇ ਰਸੋਈ ਗੈਸ ਦੀਆਂ ਜ਼ਰੂਰਤਾ ਪੂਰੀਆਂ ਕਰਨ ਤੋਂ ਇਲਾਵਾ ਇਹ ਪ੍ਰਾਜੈਕਟ ਅਨੇਕਾਂ ਸਹਾਇਕ ਸਨਅਤਾਂ ਨੂੰ ਸਥਾਪਿਤ ਹੋਣ ਵਿਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਮੁੰਦਰਾ ਬੰਦਰਗਾਹ ਤੋਂ ਇਥੇ ਤੱਕ 1009 ਕਿਲੋਮੀਟਰ ਪਾਈਪ ਲਾਈਨ ਵਿਛਾ ਦਿੱਤੀ ਗਈ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਅਖਬਾਰਾਂ ਦੇ ਸੰਪਾਦਕ, ਪੱਤਰਕਾਰ, ਪੰਜਾਬ ਦੇ ਸੱਤ ਕੈਬਨਿਟ ਮੰਤਰੀ ਸਰਵਸ੍ਰੀ ਮਨੋਰੰਜਨ ਕਾਲੀਆ, ਬੀਬੀ ਉਪਿੰਦਰਜੀਤ ਕੌਰ, ਜਨਮੇਜਾ ਸਿੰਘ ਸੇਖੋਂ, ਅਜੀਤ ਸਿੰਘ ਕੋਹਾੜ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ ਅਤੇ ਗੁਲਜ਼ਾਰ ਸਿੰਘ ਰਣੀਕੇ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਦੇ ਬਹੁ ਗਿਣਤੀ ਮੁੱਖ ਸੰਸਦੀ ਸਕੱਤਰ ਅਤੇ ਵਿਧਾਇਕ ਪਹੁੰਚੇ ਹੋਏ ਸਨ।

## ਜ਼ਮੀਨ ਦੇ ਝਗੜੇ ਕਾਰਨ ਪੁੱਤਰ ਵੱਲੋਂ ਪਿਓ ਦਾ ਕਤਲ

**ਸੰਗਰੂਰ:** ਧੂਰੀ ਨੇੜਲੇ ਪਿੰਡ ਬਰੜ੍ਹਵਾਲ ਦੇ ਇਕ ਨੌਜਵਾਨ ਵੱਲੋਂ ਜ਼ਮੀਨ ਦੇ ਝਗੜੇ ਕਾਰਨ ਆਪਣੇ ਪਿਤਾ ਦਾ ਕਤਲ ਕਰਕੇ ਉਸ ਦੀ ਲਾਸ਼ ਘਰ 'ਚ ਹੀ ਦੱਬ ਦਿੱਤੀ ਗਈ। ਤਿੰਨ ਹਫ਼ਤਿਆਂ ਬਾਅਦ ਪੁਲਿਸ ਨੇ ਲਾਸ਼ ਬਰਾਮਦ ਕਰਕੇ ਮੁਲਜ਼ਮ ਨੂੰ ਕਾਬੂ ਕਰ ਲਿਆ ਹੈ।

ਕਮਲਜੀਤ ਸਿੰਘ ਨੇ ਪੁਲਿਸ ਕੋਲ ਰਿਪੋਰਟ ਲਿਖਵਾਈ ਕਿ ਉਸ ਦਾ ਪਿਤਾ ਹਰਭਜਨ ਸਿੰਘ (65) ਪਿਛਲੇ ਤਕਰੀਬਨ 20 ਦਿਨਾਂ ਤੋਂ ਲਾਪਤਾ ਹੈ। ਇਸ 'ਤੇ ਪੁਲਿਸ ਨੇ ਪਿੰਡ ਜਾ ਕੇ ਪੜਤਾਲ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕਮਲਜੀਤ ਸਿੰਘ ਦਾ ਆਪਣੇ ਪਿਤਾ ਨਾਲ ਜ਼ਮੀਨ ਦਾ ਝਗੜਾ ਰਹਿੰਦਾ ਸੀ। ਕਮਲਜੀਤ ਸਿੰਘ ਦੇ ਝਗੜਾਲੂ ਅਤੇ ਨਸ਼ਿਆਂ ਦਾ ਆਦੀ ਹੋਣ ਕਾਰਨ ਹਰਭਜਨ ਸਿੰਘ ਨੇ ਆਪਣੀ ਜਾਇਦਾਦ ਦੀ ਵਸੀਅਤ ਇਸੇ ਸਾਲ 6 ਅਕਤੂਬਰ ਨੂੰ ਆਪਣੇ ਪੋਤਰੇ ਤੇ ਕਮਲਜੀਤ ਦੇ ਪੁੱਤਰ ਰਸਦੀਪ ਸਿੰਘ ਦੇ ਨਾਂ ਕਰਵਾ ਦਿੱਤੀ ਸੀ। ਹਰਭਜਨ ਸਿੰਘ ਆਪਣੇ ਪੁੱਤਰ ਨੂੰ ਜ਼ਮੀਨ ਤੇ ਪੈਸਿਆਂ ਬਾਰੇ ਕੋਈ ਹਿਸਾਬ ਨਹੀਂ ਦਿੰਦਾ ਸੀ। ਇਸੇ ਕਰਕੇ ਨਾਰਾਜ਼ ਕਮਲਜੀਤ ਸਿੰਘ ਨੇ ਆਪਣੀ ਪਤਨੀ ਤੇ ਬੱਚਿਆਂ ਨੂੰ ਸਹੁਰੇ ਘਰ ਜਗਰਾਉਂ ਭੇਜ ਦਿੱਤਾ ਤੇ ਮਗਰੋਂ 23 ਨਵੰਬਰ ਨੂੰ ਆਪਣੇ ਪਿਤਾ ਹਰਭਜਨ ਸਿੰਘ ਨੂੰ ਚਾਹ 'ਚ ਕੋਈ ਨਸ਼ੀਲੀ ਚੀਜ਼ ਪਿਲਾ ਦਿੱਤੀ ਅਤੇ ਬੇਹੋਸ਼ ਹੋਏ ਪਿਤਾ ਨੂੰ ਪਰਨੇ ਨਾਲ ਗਲ ਘੁੱਟ ਕੇ ਮਾਰ ਦਿੱਤਾ। ਬਾਅਦ ਵਿਚ ਲਾਸ਼ ਨੂੰ ਆਪਣੇ ਘਰ ਵਿਚ ਹੀ ਟੋਆ ਪੁੱਟ ਕੇ ਦੱਬ ਦਿੱਤਾ। ਪੁਲਿਸ ਨੇ ਕਮਲਜੀਤ ਸਿੰਘ ਦੀ ਨਿਸ਼ਾਨਦੇਹੀ 'ਤੇ ਟੋਏ 'ਚੋਂ ਹਰਭਜਨ ਸਿੰਘ ਦੀ ਲਾਸ਼ ਬਰਾਮਦ ਕਰਨ ਮਗਰੋਂ ਹਰਦੇਵ ਸਿੰਘ ਵਾਸੀ ਰਾਮਪੁਰ ਛੰਨਾਂ ਦੇ ਬਿਆਨਾਂ ਦੇ ਅਧਾਰ 'ਤੇ ਕਮਲਜੀਤ ਸਿੰਘ ਖਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਅਰੰਭ ਦਿੱਤੀ ਹੈ।

## ਆਮਦਨ ਕਰ ਵਿਭਾਗ ਨੇ ਰਾਡੀਆ ਟੇਪਾਂ ਬਾਰੇ ਆਈ.ਬੀ. ਨੂੰ ਕੀਤਾ ਸੀ ਚੌਕਸ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਰਾਡੀਆ ਟੇਪਾਂ ਬਾਰੇ ਆਈ.ਬੀ. ਨੂੰ ਚੌਕਸ ਕੀਤਾ ਸੀ ਕਿ ਸਿਰਫ਼ 9 ਸਾਲਾਂ ਵਿਚ ਰਾਡੀਆ ਨੇ 300 ਕਰੋੜ ਰੁਪਏ ਦਾ ਜੁਗਾੜ ਕਿਵੇਂ ਖੜ੍ਹਾ ਕਰ ਲਿਆ।

ਇਸ ਬਾਰੇ ਆਮਦਨ ਕਰ ਵਿਭਾਗ ਨੇ ਸਪ੍ਰੀਮ ਕੋਰਟ ਵਿਚ ਦੱਸਿਆ ਹੈ ਕਿ ਨੀਰਾ ਰਾਡੀਆ ਵੱਲੋਂ ਪੱਤਰਕਾਰਾਂ, ਸਨਅਤਕਾਰਾਂ ਤੇ ਸਿਆਸਤਦਾਨਾਂ ਨਾਲ ਕੀਤੀ ਗੱਲਬਾਤ 'ਬਹੁਤ ਸੰਵੇਦਨਸ਼ੀਲ' ਸੀ ਤੇ ਵਿਭਾਗ ਨੇ ਇਹ ਜਾਣਕਾਰੀ ਖੁਫ਼ੀਆ ਬਿਊਰੋ (ਆਈ.ਬੀ.) ਨੂੰ ਦੇ ਕੇ ਚੌਕਸ ਕੀਤਾ ਸੀ। ਆਮਦਨ ਕਰ ਵਿਭਾਗ ਨੇ ਵਿੱਤ ਮੰਤਰੀ ਨੂੰ 16 ਨਵੰਬਰ, 2007 ਨੂੰ ਰਾਡੀਆ ਖ਼ਿਲਾਫ਼ ਮਿਲੀ ਸ਼ਿਕਾਇਤ ਮਗਰੋਂ ਉਸ ਦੇ ਟੈਲੀਫੋਨ ਟੈਪ ਕਰਨੇ ਸ਼ੁਰੂ ਕੀਤੇ ਸਨ।

ਸ਼ਿਕਾਇਤ ਵਿਚ ਕਿਹਾ ਸੀ ਕਿ ਸਿਰਫ਼ 9 ਸਾਲਾਂ ਵਿਚ ਰਾਡੀਆ ਨੇ 300 ਕਰੋੜ ਰੁਪਏ ਦਾ ਕਾਰੋਬਾਰ ਕਿਵੇਂ ਖੜ੍ਹਾ ਕਰ ਲਿਆ। ਉਹ ਜਾਂ ਤਾਂ ਵਿਦੇਸ਼ੀ ਖੁਫੀਆ ਏਜੰਟ ਹੈ ਜਾਂ ਦੇਸ਼ ਵਿਰੋਧੀ ਕਾਰਵਾਈਆਂ 'ਚ ਸ਼ਾਮਲ ਹੈ। ਇਸ ਮਗਰੋਂ ਰਾਡੀਆ ਵੱਲੋਂ ਕੀਤੀ ਗਈ ਗੱਲਬਾਤ ਟੈਪ ਹੋਣ ਲੱਗੀ। ਟੇਪਾਂ ਦਾ ਵਿਸ਼ਲੇਸ਼ਣ ਕਰਨ ਮਗਰੋਂ ਪਤਾ ਲੱਗਾ ਕਿ ਕੁਝ ਗੱਲਾਂ ਬੜੀਆਂ ਸੰਵੇਦਨਸ਼ੀਲ ਸਨ ਤੇ ਵਿਭਾਗ ਨੇ 16 ਨਵੰਬਰ, 2009 ਨੂੰ ਇਸ ਬਾਰੇ ਆਈ.ਬੀ. ਤੇ ਸੀ.ਬੀ.ਆਈ. ਨੂੰ ਦੱਸਿਆ।

ਸੁਪਰੀਮ ਕੋਰਟ ਨੂੰ ਇਸ ਬਾਰੇ ਵੇਰਵੇ ਆਮਦਨ ਕਰ ਵਿਭਾਗ ਦੇ ਅਡੀਸ਼ਨਲ ਡਾਇਰੈਕਟਰ ਸੁਸ਼ੀਲ ਕੁਮਾਰ ਨੇ ਇਕ ਹਲਫਨਾਮੇ ਰਾਹੀਂ ਦਿੱਤੇ ਹਨ। ਸਰਕਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਾਰੀਆਂ ਐਨਫੋਰਸਮੈਂਟ ਏਜੰਸੀਆਂ ਨੂੰ ਹਰ ਸੂਚਨਾ ਤੇ ਰਿਕਾਰਡ ਆਪਸ ਵਿਚ ਸਾਂਝਾ ਕਰਨਾ ਜ਼ਰੂਰੀ ਹੈ ਜਿਸ ਤਹਿਤ ਹੀ ਆਮਦਨ ਕਰ ਵਿਭਾਗ ਨੇ ਰਾਡੀਆ ਟੇਪਾਂ ਬਾਰੇ ਜਾਣਕਾਰੀ ਆਈ.ਬੀ. ਅਤੇ ਸੀ.ਬੀ.ਆਈ. ਨੂੰ ਦਿੱਤੀ।

ਦੂਜੇ ਪਾਸੇ ਸਰਕਾਰ ਨੇ ਵੀ ਸੁਪਰੀਮ ਕੋਰਟ ਵਿਚ ਦੱਸਿਆ ਕਿ ਟਾਟਾ ਗਰੁੱਪ ਦੇ ਚੇਅਰਮੈਨ ਰਤਨ ਟਾਟਾ ਨੇ ਨੀਰਾ ਰਾਡੀਆ ਟੇਪ ਨਾਲ ਸਬੰਧਤ ਪਟੀਸ਼ਨ ਵਿਚ ਜਿਹੜੇ ਮੁੱਦੇ ਚੁੱਕੇ ਹਨ ਉਨ੍ਹਾਂ ਦੀ ਜਾਂਚ ਕਰਵਾਏ ਜਾਣ ਦੀ ਲੋੜ ਹੈ।


ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.






Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com

FREE CREDIT CARD TERMINAL!

# ਮਨਜੀਤ ਸਿੰਘ ਕਲਕੱਤਾ ਮੌਜੂਦਾ ਨਾਨਕਸ਼ਾਹੀ ਕੈਲੰਡਰ 'ਤੇ ਭੜਕੇ

## ਸਿੱਖ ਪੰਥ 'ਚ ਨਵੀਂ ਦੁਬਿਧਾ ਪੈਦਾ ਕਰਨ ਦਾ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਮੌਜੂਦਾ ਨਾਨਕਸ਼ਾਹੀ ਕੈਲੰਡਰ ਖਿਲਾਫ਼ ਭੜਾਸ ਕੱਢਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਸ. ਕਲਕੱਤਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜੇ ਪੱਤਰ 'ਚ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਸ ਨਾਲ ਸਿੱਖ ਪੰਥ ਵਿਚ ਨਵੀਂ ਦੁਬਿਧਾ ਪੈਦਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਖਤਮ ਕਰਕੇ ਸਿੱਖ ਕੌਮ ਨੂੰ ਇਕ ਵਾਰ ਫਿਰ ਬਿਕਰਮੀ ਕੈਲੰਡਰ ਨਾਲ ਜੋੜ ਦਿੱਤਾ ਗਿਆ ਹੈ ਜਿਸ ਕਾਰਨ ਸਿੱਖ ਕੌਮ ਵਿਚ ਗੁਰਪੁਰਬਾਂ ਬਾਰੇ ਦੁਬਿਧਾ ਬਣੀ ਹੋਈ ਹੈ ਤੇ ਗੁਰਪੁਰਬ ਦੋ-ਦੋ ਵਾਰ ਮਨਾਏ ਜਾ ਰਹੇ ਹਨ। ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ 24 ਨਵੰਬਰ ਨੂੰ ਮਨਾਇਆ ਗਿਆ ਤੇ ਹੁਣ 10 ਦਸੰਬਰ ਨੂੰ ਵੀ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ 11 ਜਨਵਰੀ ਨੂੰ ਮਨਾਉਣ ਦੇ ਆਦੇਸ਼ ਦਿੱਤੇ ਹਨ ਪਰ ਇਹ ਵੀ ਕਈ ਥਾਵਾਂ 'ਤੇ 5 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਵੱਖਰੀ, ਨਿਆਰੀ ਤੇ ਵਿਲੱਖਣ ਹਸਤੀ ਦੇ ਪ੍ਰਤੀਕ ਸੂਰਜੀ ਪ੍ਰਣਾਲੀ 'ਤੇ ਅਧਾਰਿਤ ਨਾਨਕਸ਼ਾਹੀ ਕੈਲੰਡਰ ਨੂੰ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕਰਨ ਮਗਰੋਂ ਵੱਖ-ਵੱਖ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਕੈਲੰਡਰ ਮਾਹਿਰਾਂ ਦੀ ਰਾਏ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਇਸ ਕੈਲੰਡਰ ਨੂੰ ਰਸਮੀ ਤੌਰ 'ਤੇ ਭਾਵੇਂ 2003 ਵਿਚ ਹੀ ਲਾਗੂ ਕੀਤਾ ਗਿਆ ਪਰ ਖਾਲਸਾ ਸਾਜਨਾ ਦੇ ਤੀਸਰੀ ਸ਼ਤਾਬਦੀ ਵਰ੍ਹੇ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ (5 ਜਨਵਰੀ 1999) ਇਸੇ ਕੈਲੰਡਰ ਅਨੁਸਾਰ ਹੀ ਮਨਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਕੈਲੰਡਰ ਵਿਚ ਕਿਸੇ ਵੀ ਸੰਭਾਵੀ ਤਰੁੱਟੀ ਨੂੰ ਦੂਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਰਾਇ ਭੇਜਣ ਲਈ 15 ਅਗਸਤ 2008 ਸਮਾਂ ਸੀਮਾ ਤੈਅ ਕੀਤੀ ਗਈ ਸੀ ਪਰ ਇਸ ਸਮੇਂ ਤੱਕ ਕੋਈ ਵੀ




*ਭਾਈ ਕਲਕੱਤਾ ਤੇ ਗਿਆਨੀ ਗੁਰਬਚਨ ਸਿੰਘ*

ਸੁਝਾਅ ਜਾਂ ਸ਼ਿਕਾਇਤ ਨਹੀਂ ਪੁੱਜੀ।

ਦੋ ਸਫਿਆਂ ਦੇ ਇਸ ਪੱਤਰ ਵਿਚ ਸ੍ਰੀ ਕਲਕੱਤਾ ਨੇ ਲਿਖਿਆ ਹੈ ਕਿ ਸਾਲ 2009 ਵਿਚ ਬੰਦੀ ਛੋੜ ਦਿਵਸ ਮੌਕੇ ਅਚਨਚੇਤ ਹੀ ਇਸ ਕੈਲੰਡਰ ਵਿਚ ਸੋਧ ਕਰਨ ਦੀ ਚਰਚਾ ਸ਼ੁਰੂ ਹੋਈ ਤੇ ਜਨਵਰੀ 2010 ਵਿਚ ਦਸਮ ਪਿਤਾ ਦੇ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ ਹੀ ਕਥਿਤ ਸੋਧਾਂ ਦੇ ਨਾਂ 'ਤੇ ਇਸ ਦਾ ਸਮੁੱਚਾ ਸਰੂਪ ਹੀ ਬਦਲ ਦਿੱਤਾ। ਸੋਧਾਂ ਦੇ ਨਾਂ 'ਤੇ ਜਿਨ੍ਹਾਂ ਦੀ ਰਾਏ ਤੇ ਸੁਝਾਵਾਂ ਦਾ ਜ਼ਿਕਰ ਕੀਤਾ ਗਿਆ ਇਹ ਨਾ ਤਾਂ ਖੁਗੋਲ ਸ਼ਾਸਤਰੀ, ਭੁਗੋਲ ਸ਼ਾਸ਼ਤਰੀ ਤੇ ਇਤਿਹਾਸਕਾਰ ਸਨ ਤੇ ਨਾ ਹੀ ਕੈਲੰਡਰ ਮਾਹਿਰ। ਸੋਧਾਂ ਕਰਨ ਸਮੇਂ ਨਾ ਤਾਂ ਕੈਲੰਡਰ ਬਾਰੇ ਇਤਰਾਜ਼ ਸੰਗਤ ਦੇ ਸਾਹਮਣੇ ਰੱਖੇ ਗਏ ਤੇ ਨਾ ਹੀ ਇਨ੍ਹਾਂ ਬਾਰੇ ਨਾਨਕਸ਼ਾਹੀ ਕੈਲੰਡਰ ਦੇ ਤਿਆਰ ਕਰਤਾ ਪਾਲ ਸਿੰਘ ਪੁਰੇਵਾਲ ਦੀ ਰਾਏ ਲਈ ਗਈ।

ਉਨ੍ਹਾਂ ਕਿਹਾ ਕਿ ਸੋਧਾਂ ਦੇ ਨਾਂ 'ਤੇ ਸੂਰਜੀ ਪ੍ਰਣਾਲੀ 'ਤੇ ਅਧਾਰਿਤ ਨਾਨਕਸ਼ਾਹੀ ਕੈਲੰਡਰ ਦੀਆਂ ਸਾਰੀਆਂ ਹੀ ਸੰਗਰਾਂਦਾਂ ਬਿਕਰਮੀ ਕੈਲੰਡਰ ਅਨੁਸਾਰ ਕਰ ਦਿੱਤੀਆਂ ਜਿਸ ਨਾਲ ਨਾਨਕਸ਼ਾਹੀ ਕੈਲੰਡਰ ਦਾ ਸਮੁੱਚਾ ਸਰੂਪ ਖਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਸਮੇਂ ਇਹ ਤਰਕ ਦਿੱਤਾ ਗਿਆ ਸੀ ਕਿ ਇਸ ਨਾਲ ਪੰਥ ਵਿਚ ਏਕਤਾ ਹੋ ਜਾਵੇਗੀ ਪਰ ਅਜਿਹਾ ਨਹੀਂ ਹੋਇਆ।

### ਕੈਲੰਡਰ ਰੱਦ ਕਰਨ ਬਾਰੇ ਵਿਚਾਰ

**ਕਰਾਂਗੇ-ਜਥੇਦਾਰ :** ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਮੌਜੂਦਾ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨ ਬਾਰੇ ਕਲਕੱਤਾ ਵੱਲੋਂ ਦਿੱਤੇ ਗਏ ਸੁਝਾਅ 'ਤੇ ਸਾਰੀਆਂ ਪੰਥਕ ਧਿਰਾਂ ਨੂੰ ਨਾਲ ਲੈ ਕੇ ਢੁਕਵਾਂ ਵਿਚਾਰ ਕਰਨ ਉਪਰੰਤ ਹੀ ਕੋਈ ਫੈਸਲਾ ਲਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੱਤਰ ਭੇਜ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਗੁਰਦੁਆਰਾ ਸਾਹਿਬ ਦੀ ਜਗ੍ਹਾ ਵਿਚ ਸਿਆਸੀ ਰੈਲੀ ਕਰਨ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਕੀਤੀ ਗਈ ਮੰਗ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਜੇ ਤੱਕ ਉਨ੍ਹਾਂ ਕੋਲ ਕੋਈ ਅਜਿਹਾ ਪੱਤਰ ਨਹੀਂ ਪਹੁੰਚਿਆ ਹੈ। ਪੱਤਰ ਮਿਲਣ ਉਪਰੰਤ ਹੀ ਇਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਗੇ ਤੋਂ ਉਹ ਗੁਰਦੁਆਰਾ ਸਾਹਿਬ ਦੀ ਜਗ੍ਹਾ ਵਿੱਚ ਕਿਸੇ ਵੀ ਤਰ੍ਹਾਂ ਦੀ ਸਿਆਸੀ ਰੈਲੀ ਕਰਨ 'ਤੇ ਰੋਕ ਜ਼ਰੂਰ ਲਗਾਉਣਗੇ ਤਾਂ ਕਿ ਧਾਰਮਿਕ ਅਸਥਾਨ ਦਾ ਕਿਸੇ ਵੀ ਸੂਰਤ ਵਿੱਚ ਨਿਰਾਦਰ ਨਾ ਹੋ ਸਕੇ।

## ਬੰਗਲਾਦੇਸ਼ ਗਏ ਸ਼ਰਧਾਲੂਆਂ ਵੱਲੋਂ ਚਿਟਾਗਾਂਗ ਦੇ ਗੁਰਦੁਆਰਿਆਂ ਦੇ ਦਰਸ਼ਨ

**ਅੰਮ੍ਰਿਤਸਰ:** ਬੰਗਲਾਦੇਸ਼ ਵਾਲੇ ਗੁਰਧਾਮਾਂ ਦੀ ਯਾਤਰਾ ਲਈ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਨੇ ਚਿਟਾਗਾਂਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਸਬੰਧਤ ਗੁਰਦੁਆਰਿਆਂ ਦੇ ਦਰਸ਼ਨ ਕੀਤੇ।

ਬੰਗਲਾਦੇਸ਼ ਗਏ ਸਿੱਖ ਸ਼ਰਧਾਲੂਆਂ ਦੇ ਇਸ ਜੱਥੇ ਨੂੰ 29 ਨਵੰਬਰ ਨੂੰ ਇਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਰਵਾਨਾ ਕੀਤਾ ਸੀ। ਇਸ ਜਥੇ ਨੇ ਢਾਕਾ ਵਿਚ ਗੁਰਦੁਆਰਾ ਢਾਕਾਸ਼ਾਹੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ ਅਤੇ ਹੁਣ ਢਾਕਾ ਤੋਂ 250 ਕਿਲੋਮੀਟਰ ਦੂਰ ਚਿਟਾਗਾਂਗ ਵਿਚ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਮਾਤਾ ਅਮਰ ਕੌਰ ਮੈਮੋਰੀਅਲ ਸੇਵਾ ਸੁਸਾਇਟੀ ਧਨੋਆ (ਮੁਕੇਰੀਆ) ਦੀ ਸਰਪ੍ਰਸਤੀ ਹੇਠ ਗਏ 58 ਮੈਂਬਰੀ ਜਥੇ ਦੀ ਅਗਵਾਈ ਕਰ ਰਹੇ ਸਤਨਾਮ ਸਿੰਘ ਧਨੋਆ ਨੇ ਦੱਸਿਆ ਕਿ ਇਹ ਸ਼ਰਧਾਲੂ ਬੱਸਾਂ ਰਾਹੀਂ ਚਿਟਾਗਾਂਗ ਪੁੱਜੇ ਜਿਥੇ ਬੰਗਾਲੀ ਪਰਿਵਾਰ ਵਿੱਚੋਂ ਸਿੰਘ ਸਜੇ ਅਤੇ ਗੁੰਥੀ ਦੀ ਸੇਵਾ ਨਿਭਾਅ ਰਹੇ ਰਵੀ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਰਧਾਲੂਆਂ ਦਾ ਸਵਾਗਤ ਕੀਤਾ। ਗੁਰਦੁਆਰਾ ਚਿਟਾਗਾਂਗ ਵਿੱਚ ਅਰਦਾਸ ਅਤੇ ਕੀਰਤਨ ਮਗਰੋਂ ਸ਼ਰਧਾਲੂਆਂ ਨੂੰ ਇਸ ਇਤਿਹਾਸਕ ਗੁਰਦੁਆਰੇ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ। ਇਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ ਜਿਥੇ ਉਹ ਆਪਣੀ ਪਹਿਲੀ ਉਦਾਸੀ ਸਮੇਂ ਗਏ ਸਨ। ਉਸ ਵੇਲੇ ਉਨ੍ਹਾਂ ਨੇ ਇਸ ਇਲਾਕੇ ਵਿੱਚ ਭਾਈ ਝੰਡੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ ਸੀ ਅਤੇ ਉਸਨੇ ਰਾਜਾ ਸੁਧਰ ਸੈਣ ਤੇ ਉਸਦੇ ਬੇਟੇ ਨੂੰ ਗੁਰੂਘਰ ਨਾਲ ਜੋੜਿਆ ਸੀ। ਗੁਰਦੁਆਰੇ ਵਿਚ ਰਹਿ ਰਹੇ ਹਿੰਦੂ ਪਰਿਵਾਰ ਅਤੇ ਚਿਟਾਗਾਂਗ ਵਿੱਚ ਨੌਕਰੀ ਕਰ ਰਹੇ ਸੁਰਿੰਦਰ ਸਿੰਘ ਪਟਿਆਲਾ ਸਮੇਤ ਹੋਰਨਾਂ ਵੱਲੋਂ ਸ਼ਰਧਾਲੂਆਂ ਲਈ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

## ਅਫ਼ਗਾਨ ਹਵਾਲਾਤੀ ਹਸਪਤਾਲ 'ਚੋਂ ਫਰਾਰ

**ਅੰਮ੍ਰਿਤਸਰ:** ਜੇਲ੍ਹ ਮੁਲਾਜ਼ਮਾਂ ਦੀ ਅਣਗਹਿਲੀ ਕਾਰਨ ਇਸ ਵਰ੍ਹੇ ਦੂਜੀ ਵਾਰ ਵਿਦੇਸ਼ੀ ਕੈਦੀ ਫਰਾਰ ਹੋ ਗਿਆ ਹੈ। ਜੇਲ੍ਹ ਦੇ ਸੁਰੱਖਿਆ ਪ੍ਰਬੰਧਾਂ 'ਤੇ ਉਸ ਵੇਲੇ ਸਵਾਲੀਆ ਨਿਸ਼ਾਨ ਲੱਗ ਗਿਆ ਜਦੋਂ ਨੌਂ ਦਸੰਬਰ ਦੀ ਰਾਤ ਨੂੰ ਇਕ ਅਫ਼ਗਾਨ ਹਵਾਲਾਤੀ ਗੁਰੂ ਨਾਨਕ ਦੇਵ ਹਸਪਤਾਲ ਵਿਚੋਂ ਫਰਾਰ ਹੋ ਗਿਆ। ਹਵਾਲਾਤੀ ਦੇ ਨਾਲ-ਨਾਲ ਉਸਦੀ ਨਿਗਰਾਨੀ ਕਰ ਰਹੇ ਚਾਰ ਪੁਲੀਸ ਮੁਲਾਜ਼ਮ ਵੀ ਗਾਇਬ ਪਾਏ ਗਏ। ਇਸ ਤੋਂ ਪਹਿਲਾਂ 30 ਅਗਸਤ ਨੂੰ ਪਾਕਿਸਤਾਨੀ ਕੈਦੀ ਨਿਆਮਤ ਅਲੀ ਜੇਲ੍ਹ ਵਿਚ ਪੁਲੀਸ ਮੁਲਾਜ਼ਮਾਂ ਨੂੰ ਝਕਾਨੀ ਦੇ ਕੇ ਫਰਾਰ ਹੋ ਗਿਆ ਸੀ। ਅਫਗਾਨ ਕੈਦੀ ਨੂੰ ਭਜਾਉਣ ਵਿਚ ਉਸਦੀ ਨਿਗਰਾਨੀ ਕਰ ਰਹੇ ਚਾਰ ਪੁਲੀਸ ਮੁਲਾਜ਼ਮਾਂ 'ਤੇ ਸ਼ੱਕ ਕੀਤਾ ਜਾ ਰਿਹਾ ਹੈ ਕਿਉਂਕਿ ਘਟਨਾ ਤੋਂ ਬਾਅਦ ਚਾਰੇ ਗਾਇਬ ਹਨ।

ਅਫ਼ਗਾਨ ਹਵਾਲਾਤੀ ਸ਼ਾਹਜਹਾਂ ਨੂੰ ਨਸ਼ਿਆਂ ਵਿਰੋਧੀ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਜੇਲ੍ਹ ਵਿਚ ਬੰਦ ਸੀ। ਕੁਝ ਦਿਨ ਪਹਿਲਾਂ ਹੀ ਸ਼ਾਹਜਹਾਂ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਦਾਖ਼ਲ ਕਰਵਾਇਆ ਸੀ।

## ਅਮਰਿੰਦਰ ਦਾ ਪੰਜਾਬ ਦੌਰਾ 22 ਤੋਂ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ 22 ਦਸੰਬਰ ਤੋਂ ਜ਼ਿਲ੍ਹਾ ਸੰਗਰੂਰ ਤੋਂ ਸੂਬੇ ਦੇ ਸਾਰਿਆਂ ਜ਼ਿਲ੍ਹਿਆਂ ਦੇ ਦੌਰੇ ਦੀ ਸ਼ੁਰੂਆਤ ਕਰਨਗੇ। ਇਸ ਦੌਰਾਨ ਉਹ ਪਾਰਟੀ ਵਰਕਰਾਂ ਅਤੇ ਜਨਤਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਗੇ।

ਪਾਰਟੀ ਦੇ ਸੀਨੀਅਰ ਆਗੂ ਲਾਲ ਸਿੰਘ ਨੇ ਦੱਸਿਆ ਕਿ ਕੈਪਟਨ 22 ਦਸੰਬਰ ਨੂੰ ਸੰਗਰੂਰ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਕੇ ਉੱਥੇ ਦੇ ਹਾਲਾਤ ਦਾ ਜਾਇਜ਼ਾ ਲੈਣਗੇ। ਇਸ ਤੋਂ ਬਾਅਦ ਉਹ 24 ਦਸੰਬਰ ਨੂੰ ਤਰਨਤਾਰਨ ਵਿਚ ਵੀ ਅਜਿਹੀ ਮੀਟਿੰਗ ਕਰਕੇ ਵਰਕਰਾਂ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਦੱਸਿਆ ਕਿ ਪਾਰਟੀ ਨੇ ਵਿਆਪਕ ਪ੍ਰੋਗਰਾਮ ਤਿਆਰ ਕੀਤਾ ਹੈ ਜਿਸਦੇ ਪਹਿਲੇ ਪੜਾਅ ਹੇਠ ਪੰਜਾਬ ਭਰ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕੀਤਾ ਜਾਵੇਗਾ। ਪਾਰਟੀ 27 ਦਸੰਬਰ ਨੂੰ ਫਤਿਹਗੜ੍ਹ ਸਾਹਿਬ ਵਿਚ ਜੋੜ ਮੇਲੇ ਵਿਚ ਸਟੇਜ ਲਾਵੇਗੀ ਅਤੇ 14 ਜਨਵਰੀ ਨੂੰ ਮਾਘੀ ਮੇਲੇ ਮੌਕੇ ਮੁਕਤਸਰ ਵਿੱਚ ਕਾਨਫਰੰਸ ਕੀਤੀ ਜਾਵੇਗੀ। ਬਾਅਦ ਵਿਚ 117 ਵਿਧਾਨ ਸਭਾ ਹਲਕਿਆਂ ਵਿਚ ਰੈਲੀਆਂ ਕੀਤੀਆਂ ਜਾਣਗੀਆਂ।

## ਸਹੁਰੇ ਗਏ ਜਵਾਈ ਦੀ ਗਲਾ ਘੁੱਟ ਕੇ ਹੱਤਿਆ

**ਮਾਛੀਵਾੜਾ:** ਪ੍ਰੇਮ ਵਿਆਹ ਤੋਂ ਨਰਾਜ਼ ਸਾਲਾ-ਸਾਲੀ ਨੇ ਆਪਣੇ ਜੀਜੇ ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਮਾਛੀਵਾੜਾ ਦੇ ਵਾਸੀ ਗੁਲਾਬ ਚੰਦ ਦੇ ਲੜਕੇ ਸੁਨੀਲ ਸਾਹਨੀ (22) ਦੇ ਬਸਤੀ ਵਿਚ ਹੀ ਰਹਿੰਦੀ ਰਾਧਾ ਦੇਵੀ ਨਾਲ ਪ੍ਰੇਮ ਸਬੰਧ ਸਨ। ਪਰਿਵਾਰ ਵੱਲੋਂ ਇਹ ਰਿਸ਼ਤਾ ਨਾ ਮੰਨਣ 'ਤੇ ਤਕਰੀਬਨ ਸਾਢੇ ਤਿੰਨ ਮਹੀਨੇ ਪਹਿਲਾਂ ਇਹ ਦੋਵੇਂ ਘਰੋਂ ਭੱਜ ਗਏ। ਪਤਵੰਤਿਆਂ ਤੇ ਪਰਿਵਾਰਕ ਮੈਂਬਰਾਂ ਦੇ ਕਹਿਣ 'ਤੇ ਦੋਵਾਂ ਨੂੰ ਬੁਲਾਇਆ ਗਿਆ ਤੇ ਸਮਝਾ ਕੇ ਦੋਵਾਂ ਦਾ ਵਿਆਹ ਕਰ ਦਿੱਤਾ।

ਇਨ੍ਹਾਂ ਦਾ ਪ੍ਰੇਮ ਵਿਆਹ ਲੜਕੀ ਦੀ ਵੱਡੀ ਭੈਣ ਰੱਜੋ ਤੇ ਭਰਾ ਬਬਲੂ ਦੀਆਂ ਅੱਖਾਂ ਵਿਚ ਹਮੇਸ਼ਾ ਰੜਕਦਾ ਰਹਿੰਦਾ ਸੀ। ਵਿਆਹ ਤੋਂ ਤਕਰੀਬਨ ਢਾਈ ਮਹੀਨੇ ਬਾਅਦ ਹੀ ਲੜਕੀ ਦੇ ਪਰਿਵਾਰਕ ਮੈਂਬਰ ਉਸਨੂੰ ਆਪਣੇ ਘਰ ਲੈ ਆਏ ਤੇ ਸੁਨੀਲ ਦੇ ਵਾਰ-ਵਾਰ ਕਹਿਣ 'ਤੇ ਵੀ ਉਨ੍ਹਾਂ ਨੇ ਉਸ ਨੂੰ ਸਹੁਰੇ ਘਰ ਨਹੀਂ ਭੇਜਿਆ।

ਨੌਂ ਦਸੰਬਰ ਨੂੰ ਉਹ ਆਪਣੀ ਪਤਨੀ ਰਾਧਾ ਦੇਵੀ ਨੂੰ ਲੈਣ ਲਈ ਸਹੁਰੇ ਘਰ ਗਿਆ ਜਿੱਥੇ ਲੜਕੀ ਨੂੰ ਭੇਜਣ ਨੂੰ ਲੈ ਕੇ ਉਸਦਾ ਸਾਲਾ-ਸਾਲੀ ਰੱਜੋ ਤੇ ਬਬਲੂ ਨਾਲ ਤਕਰਾਰ ਹੋ ਗਿਆ। ਇਹ ਤਕਰਾਰ ਇਸ ਕਦਰ ਵੱਧ ਗਿਆ ਕਿ ਬਬਲੂ ਨੇ ਆਪਣੇ ਜੀਜੇ ਨੂੰ ਜੱਫਾ ਪਾ ਲਿਆ ਤੇ ਰੱਜੋ ਨੇ ਰੱਸੀ ਨਾਲ ਉਸਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਇਸ ਕਤਲ ਨੂੰ ਖੁਦਕੁਸ਼ੀ ਦਾ ਮਾਮਲਾ ਦਰਸਾਉਣ ਲਈ ਰਾਤ ਦੇ 12 ਵਜੇ ਰੱਜੋ ਤੇ ਬਬਲੂ ਨੇ ਸੁਨੀਲ ਦੀ ਲਾਸ਼ ਨੂੰ ਉਸਦੇ ਘਰ ਵਿਚ ਜਾ ਕੇ ਪਸ਼ੂਆਂ ਵਾਲੀ ਝੁੱਗੀ ਵਿਚ ਛੱਤ ਨਾਲ ਟੰਗਣ ਦੀ ਕੋਸ਼ਿਸ਼ ਕੀਤੀ ਤਾਂ ਖੜਕਾ ਸੁਣ ਕੇ ਸੁਨੀਲ ਦਾ ਪਿਤਾ ਗੁਲਾਬ ਚੰਦ ਉੱਠ ਗਿਆ ਤਾਂ ਉਹ ਲਾਸ਼ ਨੂੰ ਛੱਡ ਕੇ ਫਰਾਰ ਹੋ ਗਏ।

ਮ੍ਰਿਤਕ ਦੇ ਪਿਤਾ ਗੁਲਾਬ ਚੰਦ ਨੇ ਜਦੋਂ ਆਪਣੇ ਪੁੱਤਰ ਦੀ ਲਾਸ਼ ਦੇਖੀ ਤਾਂ ਉਸਨੇ ਇਸਦੀ ਸੂਚਨਾ ਪੁਲੀਸ ਨੂੰ ਦਿੱਤੀ। ਗੁਲਾਬ ਚੰਦ ਦੇ ਬਿਆਨਾਂ ਦੇ ਆਧਾਰ 'ਤੇ ਪੁਲੀਸ ਨੇ ਰੱਜੋ ਤੇ ਬਬਲੂ ਖਿਲਾਫ਼ ਕੇਸ ਦਰਜ ਕਰ ਲਿਆ ਹੈ।

## ਬਾਦਲਾਂ ਨੂੰ ਬਰੀ ਕਰਨ ਖ਼ਿਲਾਫ਼ ਮਾਨ ਵੱਲੋਂ ਹਾਈ ਕੋਰਟ ਵਿਚ ਪਟੀਸ਼ਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦਾ ਪਤਨੀ ਸੁਰਿੰਦਰ ਕੌਰ ਬਾਦਲ ਤੇ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਫੌਜਦਾਰੀ ਕੇਸ ਵਿਚੋਂ ਬਰੀ ਹੋਣ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਗਿਆ ਹੈ।

ਇਸ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਪਣੇ ਵਕੀਲ ਰੰਜਨ ਲਖਨਪਾਲ ਰਾਹੀਂ ਜਨਤਕ ਹਿਤ ਪਟੀਸ਼ਨ ਦਾਇਰ ਕੀਤੀ ਹੈ। ਸ੍ਰੀ ਮਾਨ ਨੇ ਇਸ ਮਾਮਲੇ ਵਿੱਚ ਇਨ੍ਹਾਂ ਤਿੰਨਾਂ ਅਤੇ ਪੰਜਾਬ ਦੇ ਗ੍ਰਹਿ ਸਕੱਤਰ, ਪੁਲੀਸ ਮੁਖੀ, ਪੰਜਾਬ ਵਿਜੀਲੈਂਸ ਬਿਊਰੋ ਦੇ ਚੀਫ਼ ਡਾਇਰੈਕਟਰ ਸਣੇ ਕੁੱਲ 14 ਬੰਦਿਆਂ ਨੂੰ ਧਿਰ ਬਣਾਇਆ ਹੈ। ਸਰੋਤਾਂ ਤੋਂ ਜ਼ਿਆਦਾ ਆਮਦਨ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮੁਹਾਲੀ ਦੀ ਅਦਾਲਤ ਨੇ ਬਾਦਲ ਪਰਿਵਾਰ ਨੂੰ ਦੋ ਕੁ ਮਹੀਨੇ ਪਹਿਲਾਂ ਹੀ ਬਰੀ ਕੀਤਾ ਸੀ।

ਸ੍ਰੀ ਮਾਨ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਇਸ ਮਾਮਲੇ ਦੀ ਮੁੜ ਤੋਂ ਅਦਾਲਤੀ ਕਾਰਵਾਈ ਆਰੰਭੀ ਜਾਵੇ ਤੇ ਇਹ ਪੰਜਾਬ ਤੋਂ ਕਿਸੇ ਬਾਹਰਲੇ ਸੂਬੇ ਦੀ ਅਦਾਲਤ ਵਿੱਚ ਹੋਵੇ।

ਮਾਮਲੇ ਵਿੱਚ ਸ਼ਾਮਲ ਗਵਾਹਾਂ ਨੂੰ ਸੁਰੱਖਿਆ ਮੁਹੱਈਆ ਕੀਤੀ ਜਾਵੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਜਿਸ ਤਰ੍ਹਾਂ ਗਵਾਹਾਂ ਦੇ ਮੁਕਰਨ ਅਤੇ ਹੋਰ ਤੱਥ ਸਾਹਮਣੇ ਆਏ ਹਨ, ਉਹ ਹਿੰਦਸਤਾਨ ਇਤਿਹਾਸ ਵਿੱਚ ਪਹਿਲੀ ਵਾਰੀ ਵਾਪਰੀ ਅਨੋਖੀ ਘਟਨਾ ਹੈ।

## ਵਿਦੇਸ਼ ਭੇਜਣ ਦੇ ਨਾਂ 'ਤੇ ਲੱਖਾਂ ਠੱਗਣ ਵਾਲਾ ਵਕੀਲ ਕਾਬੂ

**ਚੰਡੀਗੜ੍ਹ:** ਵਿਦੇਸ਼ ਭੇਜਣ ਦੇ ਨਾਂ 'ਤੇ ਸੱਤ ਨੌਜਵਾਨਾਂ ਤੋਂ 18.5 ਲੱਖ ਰੁਪਏ ਠੱਗਣ ਦੇ ਮਾਮਲੇ ਵਿਚ ਪੁਲੀਸ ਨੇ ਇਕ ਵਕੀਲ ਤੇ ਉਸ ਦੇ ਦੋ ਪੁੱਤਰਾਂ ਨੂੰ ਹਿਮਾਚਲ ਪ੍ਰਦੇਸ਼ ਦੇ ਸੋਲਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਜੇਮਸ ਮਸੀਹ ਤੇ ਉਸ ਦੇ ਦੋ ਪੁੱਤਰ ਪੰਕਜ ਤੇ ਅੰਕੁਰ ਜਲੰਧਰ ਵਿਖੇ ਇਕ ਟਰੈਵਲ ਏਜੰਸੀ ਚਲਾਉਂਦੇ ਸਨ ਤੇ ਇਹ ਨੌਜਵਾਨਾਂ ਤੋਂ ਪੈਸਾ ਲੈ ਕੇ ਗਾਇਬ ਹੋ ਗਏ ਸਨ। ਪੁਲੀਸ ਅਨੁਸਾਰ 7 ਨੌਜਵਾਨਾਂ ਨੇ ਸ਼ਿਕਾਇਤ ਕੀਤੀ ਕਿ ਪਿਓ-ਪੁੱਤ ਨੇ ਉਨ੍ਹਾਂ ਤੋਂ 18.5 ਲੱਖ ਰੁਪਏ ਕੈਨੇਡਾ ਭੇਜਣ ਲਈ ਲਏ ਸਨ। ਇਸ ਦੌਰਾਨ ਪੰਜਾਬ ਪੁਲੀਸ ਨੇ ਗੈਰ-ਕਾਨੂੰਨੀ ਢੰਗ ਨਾਲ ਟਰੈਵਲ ਏਜੰਸੀ ਚਲਾ ਰਹੇ ਬਰਨਾਲਾ ਵਾਸੀ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਉਸ ਕੋਲੋਂ 7 ਪਾਸਪੋਰਟ ਤੇ ਇੰਨੇ ਹੀ ਡਰਾਈਵਿੰਗ ਲਾਇਸੈਂਸ ਜ਼ਬਤ ਕੀਤੇ ਹਨ।

## ਨਵਾਂ ਪੈਂਤੜਾ:ਹਰਿਆਣਾ 'ਚ ਗੁਰਦੁਆਰਾ ਚੋਣਾਂ ਕਰਵਾਉਣ ਦਾ ਵਿਰੋਧ

### ਸਿੱਖ ਗੁਰਦੁਆਰਾ ਐਕਟ ਹਰਿਆਣਾ 'ਤੇ ਲਾਗੂ ਨਹੀਂ ਹੁੰਦਾ: ਨਲਵੀ

**ਚੰਡੀਗੜ੍ਹ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਨੇ ਹਰਿਆਣਾ ਸਰਕਾਰ ਨੂੰ ਜ਼ੋਰ ਦੇ ਕਿਹਾ ਹੈ ਕਿ ਹਰਿਆਣਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨਾ ਕਰਵਾਈਆਂ ਜਾਣ ਕਿਉਂਕਿ ਸਿੱਖ ਗੁਰਦੁਆਰਾ ਐਕਟ 1925 ਕੇਵਲ ਪੰਜਾਬ ਵਿਚ ਹੀ ਲਾਗੂ ਹੁੰਦਾ ਹੈ ਅਤੇ ਇਸ ਦੀਆਂ ਹੱਦਾਂ ਪੰਜਾਬ ਤਕ ਹੀ ਸੀਮਤ ਹਨ। ਕਮੇਟੀ ਨੇ ਮੰਗ ਕੀਤੀ ਹੈ ਕਿ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਅਮਲੀ ਪੱਧਰ 'ਤੇ ਲਾਗੂ ਕਰਨ ਲਈ ਪੰਜਾਬੀ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ।

ਇਨ੍ਹਾਂ ਫੈਸਲਿਆਂ ਬਾਰੇ ਮਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਕਰਨਾਲ ਦੇ ਗੁਰਦੁਆਰਾ ਡੇਰਾ ਕਾਰ ਸੇਵਾ ਵਿਚ ਹੋਏ ਇਕੱਠ ਵਿਚ ਕੀਤੇ ਗਏ। ਐਡਹਾਕ ਕਮੇਟੀ ਦੇ ਵਰਕਿੰਗ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਦੱਸਿਆ ਕਿ ਇਕੱਠ ਵਿਚ ਤਿੰਨ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਹਰਿਆਣਾ ਸਰਕਾਰ ਨੂੰ ਕਿਹਾ ਗਿਆ ਹੈ ਕਿ ਉਹ ਸੂਬੇ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਜਾਰੀ ਕੀਤਾ ਹੁਕਮ ਵਾਪਸ ਲਵੇ। ਦੂਜੇ, ਜੇਕਰ ਸਰਕਾਰ ਨੇ ਚੋਣਾਂ ਕਰਵਾਉਣ ਦੀ ਜ਼ਿੱਦ ਨਾ ਛੱਡੀ ਤਾਂ ਐਡਹਾਕ ਕਮੇਟੀ ਚੋਣਾਂ ਵਿਚ ਹਿੱਸਾ ਲਵੇਗੀ ਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਪਿਛਲੀ ਵਾਰ ਦੀਆਂ ਚੋਣਾਂ ਨਾਲੋਂ ਵੀ ਵੱਡੇ ਫਰਕ ਨਾਲ ਹਰਾਏਗੀ। ਤੀਜੇ ਮਤੇ ਵਿਚ ਕਿਹਾ ਗਿਆ ਹੈ ਕਿ ਭਾਵੇਂ ਹਰਿਆਣਾ ਸਰਕਾਰ ਨੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਲਾਗੂ ਕਰ ਦਿਤਾ ਹੈ ਪਰ ਅਮਲੀ ਪੱਧਰ 'ਤੇ ਪੰਜਾਬੀ ਲਾਗੂ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਸੂਬੇ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਦੇ ਅਧਿਆਪਕ ਭਰਤੀ ਨਹੀਂ ਕੀਤੇ ਜਾ ਰਹੇ। ਇਥੋਂ ਤਕ ਪੰਜਾਬੀ ਦੀ ਬਹੁਗਿਣਤੀ ਵਸੋਂ ਵਾਲੇ ਇਲਾਕੇ ਵਿਚ ਬਣਾਈ ਗਈ ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਵਿਚ ਵੀ ਪੰਜਾਬੀ ਵਿਭਾਗ ਨਹੀਂ ਖੋਲ੍ਹਿਆ ਗਿਆ। ਮਤੇ ਵਿਚ ਮੰਗ ਕੀਤੀ ਗਈ ਸਕੂਲਾਂ, ਕਾਲਜਾਂ ਵਿਚ ਪੰਜਾਬੀ ਦੇ ਅਧਿਆਪਕ ਭਰਤੀ ਕੀਤੇ ਜਾਣ ਅਤੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਸ਼ੁਰੂ ਕੀਤਾ ਜਾਵੇ।

ਵਰਨਣਯੋਗ ਹੈ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਤੇ ਕਾਂਗਰਸ ਦੇ ਆਗੂ ਐਚ.ਐਸ. ਹੰਸਪਾਲ ਵੀ ਪੰਜਾਬੀ ਵਿਭਾਗ ਸ਼ੁਰੂ ਕਰਨ ਦਾ ਮਾਮਲਾ ਹਰਿਆਣਾ ਸਰਕਾਰ ਕੋਲ ਉਠਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਸ਼ੁਰੂ ਨਹੀਂ ਕੀਤਾ ਗਿਆ। ਸ੍ਰੀ ਨਲਵੀ ਨੇ ਦੋਸ਼ ਲਾਇਆ ਕਿ ਹਰਿਆਣਾ ਬਣਨ ਤੋਂ ਬਾਅਦ ਸਿੱਖਾਂ ਅਤੇ ਪੰਜਾਬੀਆਂ ਨਾਲ ਸਿਆਸੀ ਤੌਰ 'ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪਿਛਲੀ ਵਾਰ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ (ਕਾਂਗਰਸ) ਸੱਤਾ ਵਿਚ ਆਈ ਤਾਂ ਕਾਨੂੰਨ ਦਾ ਰਾਜ ਲਾਗੂ ਕੀਤਾ ਜਾਵੇਗਾ ਪਰ ਵਾਅਦਿਆਂ ਦੇ ਬਾਵਜੂਦ ਹਰ ਪੱਧਰ 'ਤੇ ਵਿਤਕਰਾ ਜਾਰੀ ਹੈ। ਚੋਣ ਮੈਨੀਫੈਸਟੋ ਹਰ ਪਾਰਟੀ ਲਈ ਪਵਿੱਤਰ ਦਸਤਾਵੇਜ਼ ਹੁੰਦਾ ਹੈ ਪਰ ਕਾਂਗਰਸ ਸਰਕਾਰ ਨੇ ਇਸ ਦਸਤਾਵੇਜ਼ ਨੂੰ ਵੀ ਭੁਲਾ ਦਿੱਤਾ ਹੈ।

# ਕਰਜ਼ੇ ਦੇ ਬੋਝ ਕਾਰਨ ਅੱਠ ਸਾਲਾਂ 'ਚ 650 ਕਿਰਤੀਆਂ ਵਲੋਂ ਖ਼ੁਦਕੁਸ਼ੀ

**ਬਠਿੰਡਾ (ਬਲਜਿੰਦਰ ਕੋਟਭਾਰਾ):** ਕਰਜ਼ੇ ਦਾ ਦੈਂਤ ਜਿਥੇ ਛੋਟੇ ਕਿਸਾਨਾਂ ਦੀ ਜ਼ਿੰਦਗੀ ਦਾ ਖੌਅ ਬਣਿਆ ਹੋਇਆ ਹੈ ਉਥੇ ਕਿਰਤੀਆਂ ਦੀਆਂ ਜਾਨਾਂ ਵੀ ਬੇਰਿਹਮੀ ਨਾਲ ਨਿਗਲ ਰਿਹਾ ਹੈ। ਸੰਗਰੂਰ ਜਿਲ੍ਹੇ ਦੇ 9 ਬਲਾਕਾਂ ਦੇ 293 ਪਿੰਡਾਂ ਵਿਚੋਂ ਆਈ ਇਕ ਰਿਪੋਰਟ ਮੁਤਾਬਕ 2000 ਤੋਂ 2008 ਦੌਰਾਨ 62 ਔਰਤਾਂ ਸਮੇਤ 650 ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਇਨ੍ਹਾਂ ਵਿਚੋਂ 394 ਦੇ ਪਿਛੇ ਨਿਰੋਲ ਕਰਜ਼ੇ ਦਾ ਵੱਡਾ ਬੋਝ ਅਤੇ 256 ਦੇ ਪਿਛੇ ਕੋਈ ਹੋਰ ਕਾਰਨ ਹਨ। ਇਨ੍ਹਾਂ ਵਿਚ 49 ਪਿੰਡ ਅਜਿਹੇ ਵੀ ਹਨ ਜਿਥੇ 5-10 ਤੱਕ ਖ਼ੁਦਕੁਸੀਆਂ ਹੋ ਚੁੱਕੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ ਵਲੋਂ ਪੰਜਾਬ ਸਰਕਾਰ ਨੂੰ ਭੇਜੀ ਰਿਪੋਰਟ ਵਿਚ ਬਹੁਤ ਹੀ ਭਿਆਨਕ ਤੱਥਾਂ ਦੇ ਖੁਲਾਸੇ ਹੋਏ ਹਨ। ਖੁਦਕੁਸ਼ੀ ਕਰ ਚੁੱਕੇ ਮਜ਼ਦੂਰਾਂ ਸਿਰ ਤਿੰਨ ਕਰੋੜ 54 ਲੱਖ 44 ਹਜ਼ਾਰ ਰੁਪਏ ਤੋਂ ਵੱਧ ਦਾ ਕਰਜ਼ਾ ਸੀ, ਜੋ ਕਿ ਉਨ੍ਹਾਂ ਦੀ ਤੁੱਛ ਜਿਹੀ ਆਮਦਨ ਤੋਂ ਕਿਤੇ ਜ਼ਿਆਦਾ ਸੀ। ਰਿਪੋਰਟ ਅਨੁਸਾਰ ਨਿਰੋਲ ਕਰਜ਼ੇ ਕਾਰਨ ਆਤਮਘਾਤ ਕਰ ਚੁੱਕੇ ਖੇਤ ਮਜ਼ਦੂਰਾਂ ਦੀ ਸਾਲਾਨਾ ਔਸਤ ਆਮਦਨ 19 ਹਜ਼ਾਰ 4 ਸੌ 19 ਰੁਪਏ ਬਣਦੀ ਹੈ ਜਦੋਂ ਕਿ ਉਨ੍ਹਾਂ ਸਿਰ ਪ੍ਰਤੀ ਮਜ਼ਦੂਰ ਕਰਜ਼ਾ 70 ਹਜ਼ਾਰ 36 ਰੁਪਏ ਔਸਤ ਬਣਦਾ ਹੈ।

ਦੂਜੇ ਕਾਰਨਾਂ ਕਰਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਚੁੱਕੇ 256 ਖੇਤ ਮਜ਼ਦੂਰਾਂ ਸਿਰ 78 ਲੱਖ 50 ਹਜ਼ਾਰ ਰੁਪਏ ਤੋਂ ਵੱਧ ਕਰਜ਼ੇ ਦੇ ਤੱਥ ਨਸਰ ਹੋਏ ਹਨ। ਭਾਵੇਂ ਉਨ੍ਹਾਂ ਦੀ ਔਸਤ ਸਾਲਾਨਾ ਆਮਦਨ 30 ਹਜ਼ਾਰ 666 ਹੈ ਅਤੇ ਕਰਜ਼ਾ ਪ੍ਰਤੀ ਪੀੜਤ ਮਜ਼ਦੂਰ ਦਸ ਹਜ਼ਾਰ ਰੁਪਏ ਦੇ ਕਰੀਬ ਹੈ। ਜਿਲ੍ਹੇ ਵਿਚੋਂ ਬਲਾਕ ਲਹਿਰਾਗਾਗਾ ਅਤੇ ਅਨਦਾਨਾ ਦੇ ਪੇਂਡੂ ਮਜ਼ਦੂਰਾਂ ਦੀ ਹਾਲਤ ਸਭ ਤੋਂ ਗੰਭੀਰ ਹੈ ਜਿਥੇ ਲਹਿਰਾਗਾਗਾ ਬਲਾਕ ਦੇ 41 ਪਿੰਡਾਂ ਦੇ 127 ਕਿਰਤੀਆਂ ਦੀ ਕਰਜ਼ੇ ਨੇ ਬਲੀ ਲਈ ਜਿਨ੍ਹਾਂ ਵਿਚ 17 ਔਰਤਾਂ ਵੀ ਸ਼ਾਮਲ ਹਨ। ਇਸੇ ਬਲਾਕ ਦੇ ਪਿੰਡ ਲਹਿਲ ਕਲਾਂ ਵਿਚ 2 ਔਰਤਾਂ ਸਮੇਤ 9 ਖ਼ੁਦਕੁਸੀਆਂ ਹੋ ਚੁਕੀਆਂ ਹਨ। ਇਸ ਪਿੰਡ ਦੇ ਆਤਮਘਾਤ ਕਰ ਚੁੱਕੇ ਤਿੰਨ ਮਜ਼ਦੂਰਾਂ ਦੇ ਪਰਿਵਾਰਾਂ 'ਤੇ ਅਜੇ ਵੀ ਇੱਕ-ਇੱਕ ਲੱਖ ਰੁਪਏ ਦਾ ਭਾਰੀ ਬੋਝ ਹੈ। ਪਿੰਡ ਬਾਲੜਾ, ਝਾਲੂਰ ਕਲਾਂ ਤੇ ਖੁਰਦ ਵਿਚ 8, ਪਿੰਡ ਖੰਡੇਵਾਲ ਵਿਚ 6, ਕਾਲੀਆਂ ਵਿਚ 7 ਖੁਦਕੁਸ਼ੀਆਂ ਹੋ ਚੁਕੀਆਂ ਹਨ। ਅਟਕਵਾਸ, ਭੂਟਾਲ ਖ਼ੁਰਦ, ਕਾਲ ਵਣਜਾਰਾ, ਹਰੀਏ ਵਿਚ 5-5 ਤੋਂ ਇਲਾਵਾ 4-4 ਖੁਦਕੁਸੀਆਂ ਵਾਲੇ 4 ਪਿੰਡਾਂ ਦੇ ਕੇਸ ਸਾਹਮਣੇ ਆਏ ਹਨ।

ਅਨਦਾਨਾ ਬਲਾਕ ਦੇ 34 ਪਿੰਡਾਂ ਵਿਚ 29 ਔਰਤਾਂ ਸਮੇਤ 83 ਮਜ਼ਦੂਰਾਂ ਨੇ ਆਤਮਘਾਤ ਕੀਤਾ। ਇਸ ਬਲਾਕ ਦੇ ਪਿੰਡ ਡੂਡੀਆਂ ਵਿਚ 5 ਔਰਤਾਂ ਸਮੇਤ 7 ਕਿਰਤੀਆਂ, ਪਿੰਡ ਬੰਗਾ ਵਿਚ 6, ਪਿੰਡ ਬੁਸੇਰਾ ਤੇ ਹਮੀਰਗੜ੍ਹ ਵਿਚ 5-5 ਖੇਤ ਮਜਦੂਰਾਂ ਨੇ ਕਰਜ਼ੇ ਕਾਰਨ ਆਪਣੀਆਂ ਜਾਨਾਂ ਦਿੱਤੀਆਂ। ਅੱਠ ਸਾਲਾਂ ਦੇ ਅਰਸੇ ਦੇ ਇਸ ਸਰਵੇਖਣ ਅਨੁਸਾਰ ਬਲਾਕ ਸੁਨਾਮ ਦੇ 63 ਪਿੰਡਾਂ ਵਿਚ 144 ਕਿਰਤੀਆਂ ਨੇ ਆਤਮਘਾਤ ਕੀਤਾ ਜਿਨ੍ਹਾਂ ਵਿਚ 16 ਔਰਤਾਂ ਵੀ ਹਨ। ਢਾਡੋਲੀ ਕਲਾਂ ਬਲਾਕ ਦਾ ਅਜਿਹਾ ਪਿੰਡ ਹੈ ਜਿੱਥੇ ਸਭ ਤੋਂ ਵੱਧ 9 ਖ਼ੁਦਕੁਸੀਆਂ ਹੋਈਆਂ। ਪਿੰਡ ਗੰਡੂਆ ਵਿਚ ਅੱਠ, ਸੇਰੋਂ ਵਿਚ 7, ਛਾਜਲੀ ਵਿਚ 6, ਖਨਾਲ ਕਲਾਂ ਵਿਚ 5 ਅਤੇ 4 ਹੋਰ ਪਿੰਡਾਂ ਵਿਚ 5-5 ਖ਼ੁਦਕੁਸੀਆਂ ਹੋਈਆਂ। ਇਸੇ ਬਲਾਕ ਦੇ ਪੰਜ ਖ਼ੁਦਕੁਸੀ ਕਰ ਚੁੱਕੇ ਮਜ਼ਦੂਰਾਂ ਦੇ ਸਿਰ 2 ਢਾਈ ਲੱਖ ਤੋਂ ਤਿੰਨ ਲੱਖ ਰੁਪਏ ਦਾ ਕਰਜ਼ਾ ਸੀ।

ਬਲਾਕ ਭਵਾਨੀਗੜ੍ਹ ਦੇ 25 ਪਿੰਡਾਂ ਦੇ ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਪਿੰਡਾਂ ਵਿਚ 4 ਔਰਤਾਂ ਸਮੇਤ 44 ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ। ਕਈ ਮਜ਼ਦੂਰਾਂ ਸਿਰ 80 ਹਜ਼ਾਰ ਤੋਂ ਦੋ ਲੱਖ ਰੁਪਏ ਦੇ ਕਰਜ਼ੇ ਦੀ ਭਾਰੀ ਪੰਡ ਸੀ।

ਧੂਰੀ ਬਲਾਕ ਦੇ 21 ਪਿੰਡਾਂ ਵਿਚ 4 ਔਰਤਾਂ ਸਣੇ ਕੁੱਲ 35 ਮਜ਼ਦੂਰਾਂ ਨੇ ਖ਼ੁਦਕੁਸੀ ਕੀਤੀ। ਪਿੰਡ ਬੁੱਗਰਾਂ ਵਿਚ 5 ਅਤੇ ਜਹਾਂਗੀਰ ਵਿਚ 4 ਅਜਿਹੇ ਮਾਮਲੇ ਸਾਹਮਣੇ ਆਏ। ਬਲਾਕ ਸ਼ੇਰਪੁਰ ਦੇ 25 ਪਿੰਡਾਂ ਵਿਚ ਅੱਠ ਔਰਤਾਂ ਸਮੇਤ 61 ਮਜ਼ਦੂਰ ਕਰਜ਼ੇ ਤੋਂ ਤੰਗ ਆ ਕੇ ਆਪਣੀਆਂ ਜਾਨਾਂ ਦੇ ਗਏ। ਪਿੰਡ ਘਨੌਰੀ ਕਲਾਂ ਇਸ ਬਲਾਕ ਦਾ ਸਭ ਤੋਂ ਵੱਧ ਖ਼ੁਦਕੁਸੀਆਂ ਵਾਲਾ ਪਿੰਡ ਸਾਬਤ ਹੋਇਆ ਜਿਥੇ ਇੱਕ ਔਰਤ ਸਮੇਤ 11 ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ। ਪਿੰਡ ਕਾਲਾ ਬੂਲਾ ਅਤੇ ਕਿਲਾ ਹਮੀਕਾ ਵਿਚ 4-4 ਮਜ਼ਦੂਰ ਆਤਮਘਾਤ ਕਰ ਗਏ। ਇਸ ਪਿੰਡ ਦੇ ਆਤਮ ਹੱਤਿਆ ਕਰ ਚੁੱਕੇ ਇੱਕ ਮਜ਼ਦੂਰ ਦੇ ਪਰਿਵਾਰ ਦੇ ਸਿਰ ਢਾਈ ਲੱਖ ਰੁਪਏ ਦਾ ਕਰਜ਼ਾ ਹੈ। ਪਿੰਡ ਢਾਡੀਵਾਲਾ ਦੇ ਇੱਕ ਪੀੜਤ ਮਜ਼ਦੂਰ ਪਰਿਵਾਰ ਦੇ ਸਿਰ ਸਾਢੇ ਤਿੰਨ ਲੱਖ ਰੁਪਏ ਦੇ ਕਰਜ਼ੇ ਦੀ ਪੰਡ ਦਿਨੋ-ਦਿਨ ਹੋਰ ਭਾਰੀ ਹੁੰਦੀ ਜਾ ਰਹੀ ਹੈ।

ਮਲੇਰਕੋਟਲਾ ਬਲਾਕ-1 ਦੇ 44 ਪਿੰਡਾਂ ਵਿਚ 11 ਔਰਤਾਂ ਸਮੇਤ ਕੁੱਲ 79 ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਪਿੰਡ ਗੁਆਰਾ ਵਿਚ ਇੱਕ ਔਰਤ ਸਮੇਤ 6 ਮਜ਼ਦੂਰਾਂ, ਬਾਮਾਲ ਵਿਚ 6 ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਇਸ ਬਲਾਕ ਦੇ ਇੱਕ ਦਰਜ਼ਨ ਮਜ਼ਦੂਰਾਂ ਸਿਰ 2 ਤੋਂ 3 ਲੱਖ ਰੁਪਏ ਦਾ ਕਰਜ਼ਾ ਹੈ।

ਮਲੇਰਕੋਟਲਾ ਬਲਾਕ-ਦੋ ਦੇ 21 ਪਿੰਡਾਂ ਦੀ ਰਿਪੋਰਟ ਮੁਤਾਬਕ 6 ਔਰਤਾਂ ਸਮੇਤ 41 ਮਜ਼ਦੂਰ ਆਤਮ ਹੱਤਿਆ ਕਰ ਗਏ। ਇਸ ਬਲਾਕ ਦੇ ਪਿੰਡ ਕੰਗਣਵਾਲ ਵਿਚ ਸਭ ਤੋਂ ਵੱਧ ਖ਼ੁਦਕੁਸੀਆਂ ਹੋਈਆਂ ਇਸ ਪਿੰਡ ਵਿਚ ਦੋ ਔਰਤਾਂ ਸਮੇਤ 5 ਮਜ਼ਦੂਰਾਂ ਨੇ ਜਾਨ ਦਿੱਤੀ। ਇਸ ਬਲਾਕ ਦੇ ਪਿੰਡ ਅਹਿਮਦਗੜ੍ਹ ਦੇ ਖ਼ੁਦਕੁਸ਼ੀ ਕਰ ਚੁੱਕੇ ਇੱਕ ਮਜ਼ਦੂਰ ਦੇ ਪਰਿਵਾਰ ਸਿਰ ਸਾਢੇ ਛੇ ਲੱਖ ਰੁਪਏ ਦਾ ਕਰਜ਼ਾ ਹੈ।



*ਕਰਜ਼ੇ ਕਾਰਨ ਖੁਦਕੁਸ਼ੀ ਕਰ ਗਏ ਜਸਵਿੰਦਰ ਸਿੰਘ ਦੀ ਪਤਨੀ ਤੇ ਉਸ ਦਾ ਬੱਚਾ (ਫੋਟੋ: ਯਾਦਵਿੰਦਰ ਯਾਦ)*

## ਫਰਾਂਸੀਸੀ ਬੋਲਣ ਵਾਲੇ ਸਿੱਖ ਵਿਦਵਾਨ ਫਰਾਂਸ ਨੂੰ ਪੱਗ ਦੀ ਅਹਿਮੀਅਤ ਦੱਸਣਗੇ

**ਨਵੀਂ ਦਿੱਲੀ:** ਫਰਾਂਸ ਦੇ ਸਕੂਲਾਂ ਵਿੱਚ ਸਿੱਖ ਵਿਦਿਆਰਥੀਆਂ ਨੂੰ ਪੱਗ ਬੰਨ੍ਹਣ ਦੇਣ ਦੀ ਮਨਜ਼ੂਰੀ ਦਿਵਾਉਣ ਲਈ ਸਿੱਖਾਂ ਵੱਲੋਂ ਨਵੀਂ ਰਣਨੀਤੀ ਘੜੀ ਜਾ ਰਹੀ ਹੈ। ਚੇਤੇ ਰਹੇ ਕਿ ਫਰਾਂਸੀਸੀ ਰਾਸ਼ਟਰਪਤੀ ਦੀ ਭਾਰਤ ਫੇਰੀ ਦੌਰਾਨ ਫਰਾਂਸ ਨੇ ਇਕ ਵਾਰ ਫਿਰ ਸਿੱਖਾਂ ਦੀ ਬੇਨਤੀ ਠੁਕਰਾ ਦਿੱਤੀ ਸੀ। ਹੁਣ ਸਿੱਖਾਂ ਵੱਲੋਂ ਨਵੀਂ ਰਣਨੀਤੀ ਤਹਿਤ ਫਰਾਂਸ ਸਰਕਾਰ ਤੱਕ ਦੁਬਾਰਾ ਪਹੁੰਚ ਕਰਨ ਲਈ ਯੋਜਨਾ ਬਣਾਈ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਅਜਿਹੀ ਯੋਜਨਾ ਉੱਤੇ ਕੰਮ ਕਰ ਰਹੇ ਹਨ ਜਿਸ ਤਹਿਤ ਫਰਾਂਸੀਸੀ ਭਾਸ਼ਾ ਬੋਲਦੇ ਸਿੱਖ ਵਿਦਵਾਨਾਂ ਦੀਆਂ ਸੇਵਾਵਾਂ ਲੈ ਕੇ ਫਰਾਂਸੀਸੀ ਸੰਸਦ ਮੈਂਬਰਾਂ ਨੂੰ ਸਿੱਖਾਂ ਲਈ ਪੱਗ ਬੰਨ੍ਹਣ ਦੀ ਜ਼ਰੂਰਤ ਬਾਰੇ ਦੱਸਿਆ ਜਾਵੇਗਾ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਤਿੰਨ-ਚਾਰ ਪ੍ਰਮੁੱਖ ਭਾਰਤੀ ਜਿਹੜੇ ਫਰਾਂਸੀਸੀ ਬੋਲ ਸਕਦੇ ਹੋਣ, ਉਨ੍ਹਾਂ ਰਾਹੀਂ ਸਿੱਖਾਂ ਦਾ ਮਸਲਾ ਫਰਾਂਸ ਸਰਕਾਰ ਤੱਕ ਪੁੱਜਦਾ ਕੀਤਾ ਜਾਵੇਗਾ। ਉਨ੍ਹਾਂ ਸਿੱਖਾਂ ਦੇ ਫਰਾਂਸ ਦੌਰੇ ਦਾ ਖਰਚਾ ਸਰਕਾਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁੱਕੇਗੀ। ਇਹ ਸਿੱਖ ਵਿਦਵਾਨ, ਫਰਾਂਸ ਦੇ ਸੰਸਦ ਮੈਂਬਰਾਂ ਨੂੰ ਸਮਝਾਉਣਗੇ ਕਿ ਸਿੱਖ ਕਿਵੇਂ ਮੁਸਲਮਾਨਾਂ ਨਾਲੋਂ ਵੱਖਰੇ ਹਨ ਅਤੇ ਪੱਗ ਸਿੱਖਾਂ ਦੀ ਧਾਰਮਿਕ ਪਛਾਣ ਨਾਲ ਡੂੰਘੀ ਜੁੜੀ ਹੋਈ ਹੈ। ਸ੍ਰੀ ਤਰਲੋਚਨ ਸਿੰਘ ਨੇ ਦੱਸਿਆ ਕਿ ਹੁਣ ਰੋਸ ਪ੍ਰਦਰਸ਼ਨਾਂ ਦੀ ਥਾਂ ਫਰਾਂਸੀਸੀ ਸੰਸਦ ਮੈਂਬਰਾਂ ਨੂੰ ਤਰਕ ਨਾਲ ਆਪਣਾ ਪੱਖ ਸਮਝਾਉਣਾ ਜ਼ਰੂਰੀ ਹੈ। ਉਨ੍ਹਾਂ ਨਾਲ ਗ਼ੈਰ-ਰਸਮੀ ਮੀਟਿੰਗਾਂ ਵੀ ਕੀਤੀਆਂ ਜਾ ਸਕਦੀਆਂ ਹਨ।

## ਜਲਵਾਯੂ ਸਮਝੌਤੇ ਨੂੰ ਲੈ ਕੇ ਵਿਕਾਸਸ਼ੀਲ ਦੇਸ਼ਾਂ 'ਚ ਦਰਾੜ

**ਕੈਨਕੁਨ:** ਜਲਵਾਯੂ ਤਬਦੀਲੀ ਦੇ ਮੁੱਦੇ 'ਤੇ ਕੌਮਾਂਤਰੀ ਕਾਨਫਰੰਸ ਵਿਚ ਭਾਰਤ 'ਤੇ ਕਾਨੂੰਨੀ ਸਮਝੌਤੇ 'ਤੇ ਸਹੀ ਪਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ ਜਿਸ ਕਰਕੇ ਵਿਕਾਸਸ਼ੀਲ ਦੇਸ਼ਾਂ ਅੰਦਰ ਤਰੇੜ ਪੈ ਗਈ ਹੈ। ਅਮਰੀਕਾ, ਭਾਰਤ ਤੇ ਚੀਨ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤੇ ਦੇ ਹੱਕ ਵਿਚ ਨਹੀਂ ਹਨ ਜਦਕਿ ਹੋਰ ਵਿਕਸਤ ਦੇਸ਼ਾਂ ਤੇ ਜੀ-77 ਦੇ ਬਹੁਤ ਸਾਰੇ ਦੇਸ਼ਾਂ ਤੇ ਅਤਿ ਗਰੀਬ ਦੇਸ਼ਾਂ ਵੱਲੋਂ ਇਸ ਸਮਝੌਤੇ ਦੀ ਪੈਰਵੀ ਕੀਤੀ ਜਾ ਰਹੀ ਹੈ। ਭਾਰਤ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਆਖਿਆ ਕਿ "ਵਿਕਸਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ ਨੂੰ ਵਰਤ ਕੇ ਭਾਰਤ ਤੇ ਚੀਨ ਤੋਂ ਕਾਨੂੰਨੀ ਤੌਰ 'ਤੇ ਮੰਨਣਯੋਗ ਸਮਝੌਤੇ 'ਤੇ ਸਹੀ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।" ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤੇ ਲਈ ਸਭ ਤੋਂ ਵੱਧ ਜ਼ੋਰ ਛੋਟੇ ਟਾਪੂ ਦੇ ਦੇਸ਼ਾਂ ਵੱਲੋਂ ਲਾਇਆ ਜਾ ਰਿਹਾ ਹੈ ਕਿਉਂਕਿ ਜਲਵਾਯੂ ਤਬਦੀਲੀ ਦੇ ਖਤਰੇ ਕਰਕੇ ਉਨ੍ਹਾਂ ਦੀ ਹੋਂਦ 'ਤੇ ਹੀ ਸੁਆਲੀਆ ਨਿਸ਼ਾਨ ਲੱਗ ਗਿਆ ਹੈ।

ਭਾਰਤ ਦੇ ਗੁਆਂਢ ਵਿਚ ਬੰਗਲਾਦੇਸ਼, ਅਲਦੀਵ, ਭੂਟਾਨ ਤੇ ਨੇਪਾਲ ਵੱਲੋਂ ਵੀ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤੇ ਦੀ ਹਮਾਇਤ ਕੀਤੀ ਜਾ ਰਹੀ ਹੈ। ਇਸ ਮੁੱਦੇ 'ਤੇ ਹੁਣ ਤਕ ਭਾਰਤ ਦਾ ਸਾਥ ਦਿੰਦੇ ਰਹੇ ਬ੍ਰਾਜ਼ੀਲ ਤੇ ਦੱਖਣੀ ਅਫਰੀਕਾ ਵੱਲੋਂ ਵੀ ਕਾਨੂੰਨੀ ਤੌਰ 'ਤੇ ਬੰਧੇਜਕਾਰੀ ਸਮਝੌਤੇ ਦੀ ਪੈਰਵੀ ਕੀਤੀ ਜਾ ਰਹੀ ਹੈ ਜਿਸ ਕਰਕੇ 'ਬੇਸਿਕ ਗਰੁੱਪ' ਵਿਚ ਫੁੱਟ ਪੈ ਗਈ ਹੈ।

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ: 94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

KHALSA INSURANCE AGENCY, INC.

WE NOW INSURE IN 33 STATES

LARGEST INDEPENDENT INSURANCE BROKERS

REPRESENTING OVER 100 A+ RATED COMPANIES




TAXI—CABS · LIMOUSINES

COMMERCIAL AUTO



Gas Stations, Repair Shops, Liquor/Grocery Stores, Restaurants, 99 Cent stores, Hotels & Motels

*Licensed in:* Alabama • Arkansas • Arizona • California • Colorado • Connecticut • DC • Georgia • Florida • Idaho • Iowa Indiana • Illinois • Kansas • Louisiana • Maryland • Mississippi • Michigan • Minnesota • Nevada • New Jersey • New York New Mexico • Oregon • Ohio • Oklahoma • Pennsylvania • Texas • Utah • Virginia • Vermont Washington • Wisconsin

WWW.KHALSAINSURANCE.COM

California License # 0F89805

3750 McKee Road, Suite A • San Jose, CA 95127 • Fax 408.493.4552

408-272-2500 • 1-800-954-5409

# ਮਨੁੱਖੀ ਹੱਕਾਂ ਦੇ ਘਾਣ ਖਿਲਾਫ਼ ਸਿੱਖ ਜਥੇਬੰਦੀਆਂ ਵੱਲੋਂ ਰੈਲੀ

**ਅੰਮ੍ਰਿਤਸਰ:** ਪਿਛਲੇ 30 ਸਾਲਾਂ ਦੌਰਾਨ ਪੰਜਾਬ ਤੇ ਹੋਰ ਥਾਵਾਂ 'ਤੇ ਮਨੁੱਖੀ ਹੱਕਾਂ ਦੇ ਘਾਣ ਤੇ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਾ ਹੋਣ ਖ਼ਿਲਾਫ਼ ਵਿਸ਼ਾਲ ਰੋਸ ਰੈਲੀ ਕੱਢੀ ਗਈ। ਹੱਥਾਂ 'ਚ ਮੋਮਬੱਤੀਆਂ ਫੜ ਕੇ ਕੱਢੀ ਗਈ ਇਸ ਰੈਲੀ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ), ਦਲ ਖਾਲਸਾ, ਖਾਲਸਾ ਐਕਸ਼ਨ ਕਮੇਟੀ, ਧਰਮ ਸਿੰਘ ਕਾਸ਼ਤੀਵਾਲ ਟਰੱਸਟ, ਫੈਡਰੇਸ਼ਨ ਭੋਮਾ, ਦਿੱਲੀ ਸਿੱਖ ਦੰਗਾ ਪੀੜਤ ਸੁਸਾਇਟੀ ਤੇ ਖਾੜਕੂਵਾਦ ਵੇਲੇ ਪੁਲੀਸ ਵੱਲੋਂ ਲਾਪਤਾ ਕੀਤੇ ਗਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਦੇ ਜੀ ਸ਼ਾਮਲ ਹੋਏ। ਦਸ ਦਸੰਬਰ ਨੂੰ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਾਈ ਮੋਹਕਮ ਸਿੰਘ ਨੇ ਅਰਦਾਸ ਕਰਕੇ ਇਸ ਕੈਂਡਲ ਮਾਰਚ ਦਾ ਆਗਾਜ਼ ਕੀਤਾ।

ਇਥੋਂ ਇਹ ਸਾਰੇ ਕਾਰਕੁੰਨ ਹੱਥਾਂ ਵਿਚ ਮੋਮਬੱਤੀਆਂ ਤੇ ਤਖ਼ਤੀਆਂ ਲੈ ਕੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦੇ ਹੋਏ ਹਾਲਗੇਟ ਪਹੁੰਚੇ ਜਿਥੇ ਉਨ੍ਹਾਂ ਰੋਸ ਰੈਲੀ ਕੀਤੀ। ਸੰਗਤਾਂ ਨੇ ਸਿੱਖ ਕਤਲੇਆਮ, ਪੁਲੀਸ ਤਸ਼ੱਦਦ, ਮਨੁੱਖੀ ਹੱਕਾਂ ਦੇ ਘਾਣ ਨੂੰ ਦਰਸਾਉਂਦੀਆਂ ਤਸਵੀਰਾਂ ਵਾਲੀਆਂ ਤਖ਼ਤੀਆਂ ਤੇ ਭਾਈ ਦਲਜੀਤ ਸਿੰਘ, ਅਰੁੰਧਤੀ ਰਾਏ, ਸਈਅਦ ਅਲੀ ਸ਼ਾਹ ਗਿਲਾਨੀ ਦੀਆਂ ਤਸਵੀਰਾਂ ਚੁੱਕੀਆਂ ਹੋਈਆਂ ਸਨ। ਸਿੱਖ ਸੰਗਤਾਂ



*ਸਿੱਖ ਜਥੇਬੰਦੀਆਂ ਦੇ ਆਗੂ 'ਕੈਂਡਲ ਮਾਰਚ' ਕਰਦੇ ਹੋਏ*

ਵੱਲੋਂ 'ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ, ਪੀੜਤਾਂ ਨੂੰ ਰਾਹਤ, ਕੇ.ਪੀ.ਐਸ. ਗਿੱਲ ਤੇ ਸੱਜਣ ਕੁਮਾਰ ਦੀ ਗ੍ਰਿਫ਼ਤਾਰੀ ਤੇ ਸਿੱਖਾਂ ਦਾ ਘਾਣ ਬੰਦ ਕੀਤਾ ਜਾਵੇ' ਆਦਿ ਨਾਅਰੇ ਲਾਏ ਗਏ।

ਬੁਲਾਰਿਆਂ ਨੇ ਮੰਗ ਕੀਤੀ ਕਿ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਦੋਸ਼ੀ ਪੁਲੀਸ ਕਰਮਚਾਰੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਲਿਆਂਦਾ ਜਾਵੇ, ਪੰਜਾਬ ਵਿਚੋਂ ਡੰਡੇ ਦਾ ਰਾਜ ਖ਼ਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਹਿਰਾਸਤ ਦੌਰਾਨ ਮੌਤਾਂ ਦੀ ਗਿਣਤੀ ਭਾਵੇਂ ਘੱਟ ਗਈ ਹੈ ਪਰ ਨਾਜਾਇਜ਼ ਹਿਰਾਸਤ ਵਿਚ ਰੱਖਣ ਤੇ ਤਸ਼ੱਦਦ ਕੀਤੇ ਜਾਣ ਦਾ ਸਿਲਸਿਲਾ ਅਜੇ ਵੀ ਜਾਰੀ ਹੈ ਜਿਸ ਨੂੰ ਬੰਦ ਕੀਤਾ ਜਾਵੇ। ਬੁਲਾਰਿਆਂ ਨੇ ਮੰਗ ਕੀਤੀ ਕਿ ਭਾਈ ਦਲਜੀਤ ਸਿੰਘ ਬਿੱਟੂ ਸਮੇਤ ਰਾਜਨੀਤਕ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਇਸ ਰੋਸ ਵਿਖਾਵੇ ਵਿਚ ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ, ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਤੇ ਉਨ੍ਹਾਂ ਦੇ ਸਾਥੀ, ਦਲ ਖਾਲਸਾ ਤੋਂ ਕੰਵਰਪਾਲ ਸਿੰਘ, ਸਰਬਜੀਤ ਸਿੰਘ, ਬਲਦੇਵ ਸਿੰਘ ਗੁੰਥਗੜ੍ਹ, ਭਿੰਡਰਾਂਵਾਲਾ ਸਿੱਖ ਯੂਥ ਫੈਡਰੇਸ਼ਨ ਤੋਂ ਬਲਵੰਤ ਸਿੰਘ ਗੋਪਾਲਾ ਤੇ ਉਸਦੇ ਸਾਥੀ, ਫੈਡਰੇਸ਼ਨ ਭੋਮਾ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ, ਭਾਈ ਧਰਮ ਸਿੰਘ ਕਾਸ਼ਤੀਵਾਲ ਟਰੱਸਟ ਤੋਂ ਬੀਬੀ ਸੰਦੀਪ ਕੌਰ ਤੇ ਟਰੱਸਟ 'ਚ ਪਲ ਰਹੇ ਬੱਚੇ, ਬੀਬੀ ਜਗਦੀਸ਼ ਕੌਰ, ਰਜਿੰਦਰ ਸਿੰਘ ਸੰਘਾ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਝਬਾਲ, ਡਾ. ਕਾਰਜ ਸਿੰਘ ਸ਼ਾਮਲ ਸਨ।

## ਕਸ਼ਮੀਰੀਆਂ ਨੂੰ ਮਨੁੱਖੀ ਹੱਕਾਂ ਦੇ ਘਾਣ ਖ਼ਿਲਾਫ਼ ਪ੍ਰਦਰਸ਼ਨ ਕਰਨ ਤੋਂ ਰੋਕਿਆ

**ਸ੍ਰੀਨਗਰ:** ਵਿਸ਼ਵ ਮਨੁੱਖੀ ਅਧਿਕਾਰ ਦਿਵਸ ਮੌਕੇ 10 ਦਸੰਬਰ ਨੂੰ ਪੁਲੀਸ ਨੇ ਕਸ਼ਮੀਰੀਆਂ ਨੂੰ ਮਨੁੱਖੀ ਹੱਕਾਂ ਦੇ ਘਾਣ ਖ਼ਿਲਾਫ਼ ਰੋਸ ਪ੍ਰਦਰਸ਼ਨ ਨਾ ਕਰਨ ਦਿੱਤਾ ਗਿਆ। ਇਸ ਮੌਕੇ ਜੰਮੂ-ਕਸ਼ਮੀਰ ਲਿਬਰੇਸ਼ਨ ਦੇ ਚੇਅਰਮੈਨ ਯਸੀਨ ਮਲਿਕ ਤੇ ਉਪ ਚੇਅਰਮੈਨ ਬਸ਼ੀਰ ਅਹਿਮਦ ਭੱਟ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਜਦੋਂਕਿ ਹੁਰੀਅਤ ਕਾਨਫਰੰਸ ਨੇ ਦੋਵਾਂ ਧੜਿਆਂ ਦੇ ਆਗੂਆਂ ਸਯਦ ਅਲੀ ਸ਼ਾਹ ਗਿਲਾਨੀ ਤੇ ਮੀਰਵਾਇਜ਼ ਉਮਰ ਫਾਰੂਕ ਨੂੰ ਘਰਾਂ ਵਿਚੋਂ ਬਾਹਰ ਹੀ ਨਹੀਂ ਜਾਣ ਦਿੱਤਾ ਗਿਆ। ਡੈਮੋਕਰੇਟਿਕ ਫਰੀਡਮ ਪਾਰਟੀ ਦੇ ਪ੍ਰਧਾਨ ਸ਼ਬੀਰ ਅਹਿਮਦ ਸ਼ਾਹ ਨੂੰ ਵੀ ਘਰ 'ਚ ਨਜ਼ਰਬੰਦ ਰੱਖਿਆ ਗਿਆ।

ਸੂਤਰਾਂ ਅਨੁਸਾਰ ਯਾਸੀਨ ਮਲਿਕ ਨੇ ਸ੍ਰੀਨਗਰ ਦੇ ਭੀੜ ਭਰੇ ਇਲਾਕੇ ਖਾਨਕਾ ਵਿਚ 'ਟਾਰਚ ਰੈਲੀ' ਦੀ ਅਗਵਾਈ ਕਰਨੀ ਸੀ। ਪੁਲੀਸ ਵੱਲੋਂ ਉਸ ਨੂੰ ਮਾਈਸੁਮਾ ਵਿਖੇ ਉਸ ਦੀ ਰਿਹਾਇਸ਼ 'ਚੋਂ ਬਾਹਰ ਨਹੀਂ ਆਉਣ ਦਿੱਤਾ ਗਿਆ। ਦੂਜੇ ਪਾਸੇ ਉਸ ਦੇ ਸਾਥੀਆਂ ਨੇ ਰੈਲੀ ਕੱਢਣ ਦਾ ਯਤਨ ਕੀਤਾ ਜੋ ਨਾਕਾਮ ਕਰ ਦਿੱਤਾ ਗਿਆ। ਇਸ ਮੌਕੇ ਫਰੰਟ ਦੇ ਉਪ ਚੇਅਰਮੈਨ ਬਸ਼ੀਰ ਅਹਿਮਦ ਭੱਟ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਕੁਝ ਪ੍ਰਦਰਸ਼ਨਕਾਰੀਆਂ ਨੂੰ ਪੁਲੀਸ ਨੇ ਭਜਾ ਦਿੱਤਾ। ਇਸ ਮੌਕੇ ਪੁਲੀਸ ਨੇ ਪੱਥਰਬਾਜ਼ੀ ਕਰ ਰਹੇ ਕੁਝ ਨੌਜਵਾਨਾਂ ਨੂੰ ਭਜਾਉਣ ਲਈ ਅੱਥਰੂ ਗੈਸ ਛੱਡੀ ਤੇ ਹਲਕਾ ਲਾਠੀਚਾਰਜ ਵੀ ਕੀਤਾ।

ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਇਕ ਬੁਲਾਰੇ ਨੇ ਪੁਲੀਸ ਵੱਲੋਂ ਕੀਤੇ ਐਕਸ਼ਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਰੈਲੀ ਦਾ ਮੰਤਵ ਜੰਮੂ-ਕਸ਼ਮੀਰ ਵਿਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਾਹਮਣੇ ਲਿਆਉਣਾ ਸੀ। ਇਸ ਮੌਕੇ ਪਹਿਲਾਂ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਤੋਂ ਵੱਖ ਹੋਏ ਇਕ ਧੜੇ ਦੇ ਆਗੂ ਜਾਵੇਦ ਅਹਿਮਦ ਮੀਰ ਨੇ ਸਾਥੀਆਂ ਸਮੇਤ ਸ਼ਹਿਰ ਵਿਚ ਅਬੀ ਗੁਜਰ ਵਿਖੇ ਸੰਕੇਤਕ ਭੁੱਖ ਹੜਤਾਲ ਕਰਨ ਦਾ ਵੀ ਯਤਨ ਕੀਤਾ। ਪੁਲੀਸ ਨੇ ਇਹ ਯਤਨ ਨੂੰ ਨਾਕਾਮ ਕਰ ਦਿੱਤਾ ਤੇ ਉਨ੍ਹਾਂ ਸਮੇਤ 50 ਸਾਥੀਆਂ ਨੂੰ ਥਾਣੇ ਲੈ ਗਈ।

## ਸ਼੍ਰੋਮਣੀ ਕਮੇਟੀ ਸਿੱਖ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਅਤੇ ਕੈਨੇਡਾ ਭੇਜੇਗੀ

**ਚੰਡੀਗੜ੍ਹ:** ਸਿੱਖ ਬੱਚਿਆਂ ਵਿਚ ਉੱਚ ਸਿੱਖਿਆ ਦੇ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਤੇ ਕੈਨੇਡਾ ਭੇਜਣ ਲਈ ਨਿਊਜ਼ੀਲੈਂਡ ਦੀਆਂ 10 ਯੂਨੀਵਰਸਿਟੀਆਂ ਨਾਲ ਗਠਜੋੜ ਕੀਤਾ ਹੈ। ਇਨ੍ਹਾਂ 10 ਯੂਨੀਵਰਸਿਟੀਆਂ 'ਚੋਂ ਆਕਲੈਂਡ ਵਰਸਿਟੀ ਨੇ ਇਸ ਗੱਲ ਦੀ ਹਾਮੀ ਭਰੀ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਵਿਦਿਆਰਥੀਆਂ ਨੂੰ ਪੀ. ਐਚ. ਡੀ. ਲਈ ਭੇਜ ਸਕਦੀ ਹੈ। ਉਪਰੋਕਤ 10 ਵਰਸਿਟੀਆਂ ਵਿਚ ਪੜ੍ਹਾਈ ਲਈ ਸ਼੍ਰੋਮਣੀ ਕਮੇਟੀ ਜਿਨ੍ਹਾਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਜਾਂ ਵਿੱਤੀ ਮਦਦ ਦੇਵੇਗੀ, ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਵਿਦਿਅਕ ਸੰਸਥਾਨ 'ਚ 3 ਸਾਲ ਪੜ੍ਹਾਉਣਾ ਹੋਵੇਗਾ, ਜਦਕਿ ਜਿਹੜੇ ਵਿਦਿਆਰਥੀ ਵਿੱਤੀ ਮਦਦ ਨਹੀਂ ਲੈਣਗੇ, ਉਨ੍ਹਾਂ 'ਤੇ ਇਹ ਸ਼ਰਤ ਲਾਗੂ ਨਹੀਂ ਹੋਵੇਗੀ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਡਾਇਰੈਕਟਰ ਸਿੱਖਿਆ ਸ. ਗੁਰਮੋਹਨ ਸਿੰਘ ਵਾਲੀਆ ਨੇ ਦੱਸਿਆ ਕਿ ਕੈਨੇਡਾ ਦੀ ਸ਼ੈਡਨ ਵਰਸਿਟੀ ਨਾਲ ਸਮਝੌਤੇ ਤਹਿਤ ਵੀ ਵਿਦਿਆਰਥੀ 2 ਸਾਲ ਇਥੇ ਤੇ ਉਸ ਤੋਂ ਬਾਅਦ 2 ਸਾਲ ਕੈਨੇਡਾ ਵਿਚ ਪੜ੍ਹਾਈ ਕਰਨਗੇ। ਡਾ: ਵਾਲੀਆ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਵਿਚ ਪੰਜਾਬ ਦਾ ਸਭ ਤੋਂ ਉੱਚ ਪੱਧਰ ਦਾ ਖੋਜ ਕੇਂਦਰ ਸਥਾਪਿਤ ਕੀਤਾ ਜਾਵੇਗਾ। ਜਿਸ ਵਿਚ ਨੈਨੋ ਤਕਨਾਲੋਜੀ ਸਬੰਧੀ ਖੋਜਾਂ ਹੋਇਆ ਕਰਨਗੀਆਂ।

## ਸੁਖਬੀਰ ਨੇ ਮੁੱਖ ਮੰਤਰੀ ਨੂੰ 'ਕਾਗਜ਼ੀ ਮੋਹਰ' ਬਣਾਇਆ: ਭੱਠਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਾਵੇਂ ਪ੍ਰਕਾਸ਼ ਸਿੰਘ ਬਾਦਲ ਹਨ ਪਰ ਅਸਲ 'ਚ ਸਰਕਾਰ ਦਾ ਸਾਰਾ ਕੰਮਕਾਜ ਉਨ੍ਹਾਂ ਦੇ ਪੁੱਤਰ ਤੇ ਉਪ ਮੁੱਖ ਸੁਖਬੀਰ ਸਿੰਘ ਬਾਦਲ ਹੀ ਸੰਭਾਲ ਰਹੇ ਹਨ। ਸੂਬੇ 'ਚ ਹਰ ਸਮਾਗਮ 'ਚ ਸੁਖਬੀਰ ਬਾਦਲ ਹੀ ਸ਼ਾਮਲ ਹੋ ਰਿਹਾ ਹੈ ਤੇ ਅਫਸਰਸ਼ਾਹੀ ਵੀ ਉਸ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ।



ਇਸ ਬਾਰੇ ਟਿੱਪਣੀ ਕਰਦਿਆਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਤਿੰਨ ਸਾਲ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਬਰੀ 'ਰਿਟਾਇਰ' ਕਰਕੇ ਕਾਗਜ਼ ਦੀ ਮੋਹਰ ਬਣਾ ਰੱਖਿਆ ਹੈ ਜਿਸ ਦਾ ਪੰਜਾਬ 'ਤੇ ਮਾੜ੍ਹ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਦੇ ਬਾਹਰ ਜਾਣ ਤੇ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਸਾਲੇ ਬਿਕਰਮਜੀਤ ਸਿੰਘ ਮਜੀਠੀਆ ਨੂੰ ਹਰ ਹੀਲੇ ਅੱਗੇ ਲਿਆਉਣ ਕਾਰਨ ਪ੍ਰਕਾਸ਼ ਸਿੰਘ ਬਾਦਲ ਦੀ ਸਾਖ ਕਮਜ਼ੋਰ ਹੋਈ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹਰ ਮਸਲੇ 'ਤੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਦੇ ਹਨ। ਆਪਣੇ ਗ੍ਰਹਿ ਲਹਿਰਾਗਾਗਾ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੀਬੀ ਭੱਠਲ ਨੇ ਕਿਹਾ ਕਿ ਉਪ ਮੁੱਖ ਮੰਤਰੀ ਵੱਲੋਂ ਗਿਦੜਬਾਹਾ ਵਿਚ ਹੋਏ ਜਬਰ ਨੂੰ ਮੰਨਣਾ ਕਾਂਗਰਸ ਪਾਰਟੀ ਵੱਲੋਂ ਲਗਾਤਾਰ ਕਹੀ ਜਾ ਰਹੀ ਗੱਲ ਦੀ ਤਸਦੀਕ ਕਰਦੀ ਹੈ। ਸਰਕਾਰ ਨੂੰ ਇਸ ਤੋਂ ਸਬਕ ਸਿੱਖਦੇ ਹੋਏ ਪੂਰੇ ਪੰਜਾਬ ਅੰਦਰ ਹਜ਼ਾਰਾਂ ਕਾਂਗਰਸੀ ਵਰਕਰਾਂ 'ਤੇ ਪਾਏ ਝੂਠੇ ਕੇਸ ਤੁਰੰਤ ਵਾਪਸ ਲੈਣ ਲਈ ਸਿਵਲ ਤੇ ਪੁਲੀਸ ਪ੍ਰਸ਼ਾਸਨ ਨੂੰ ਹਦਾਇਤ ਕਰਨੀ ਚਾਹੀਦੀ ਹੈ।

ਬੀਬੀ ਭੱਠਲ ਨੇ ਕਾਂਗਰਸ ਦੀ ਅੰਦਰਲੀ ਫੁੱਟ ਦੀਆਂ ਗੱਲਾਂ ਨੂੰ ਨਕਾਰਦਿਆਂ ਕਿਹਾ ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਨੂੰ ਕਾਂਗਰਸ ਵਿਚ ਲਿਆਂਦਾ ਸੀ ਤਾਂ ਉਸ ਦਿਨ ਤੋਂ ਹੀ ਉਨ੍ਹਾਂ ਨੂੰ ਆਪਣਾ ਭਰਾ ਮੰਨ ਲਿਆ ਸੀ ਤੇ ਹੁਣ ਵੀ ਉਹੀ ਰਿਸ਼ਤਾ ਨਿਭਾਅ ਰਹੀ ਹੈ।

## ਪੰਜ ਤਖ਼ਤਾਂ ਤੇ ਗੁਰਧਾਮਾਂ ਦੀ ਯਾਤਰਾ ਲਈ 'ਲਗਜ਼ਰੀ ਟਰੇਨ' ਸ਼ੁਰੂ

**ਚੰਡੀਗੜ੍ਹ:** 'ਲਗਜ਼ਰੀ ਟਰੇਨ ਗਰੁੱਪ' ਵੱਲੋਂ ਸਿੱਖਾਂ ਦੇ ਪੰਜ ਤਖ਼ਤਾਂ ਤੇ ਹੋਰ ਗੁਰਧਾਮਾਂ ਦੀ ਯਾਤਰਾ ਲਈ 'ਲਗਜ਼ਰੀ ਟਰੇਨ' ਸ਼ੁਰੂ ਕੀਤੀ ਜਾ ਰਹੀ ਹੈ। ਇਸ ਸ਼ਾਹੀ ਰੇਲਗੱਡੀ ਰਾਹੀਂ 8 ਰਾਤਾਂ ਤੇ 9 ਦਿਨਾਂ ਦੀ ਯਾਤਰਾ ਲਈ ਯਾਤਰਾ ਦਾ ਕਿਰਾਇਆ ਪ੍ਰਤੀ ਯਾਤਰੀ 2 ਲੱਖ 10 ਹਜ਼ਾਰ ਰੁਪਏ ਹੋਵੇਗਾ। ਇਸ ਕਿਰਾਏ 'ਚ ਮੁੰਬਈ ਤੋਂ ਪਟਨਾ ਤੇ ਪਟਨਾ ਤੋਂ ਦਿੱਲੀ ਤੱਕ ਦੀ ਹਵਾਈ ਯਾਤਰਾ ਦਾ ਖਰਚਾ ਵੀ ਸ਼ਾਮਲ ਹੋਵੇਗਾ। ਪੰਜਾਂ ਤਖ਼ਤਾਂ ਦੀ ਯਾਤਰਾ ਕਰਵਾਉਣ ਵਾਲਾ ਹੁਣ ਤੱਕ ਦਾ ਇਹ ਪਹਿਲਾ 'ਪੈਕੇਜ ਟੂਰ' ਹੈ। ਇਸ ਰੇਲਗੱਡੀ ਵਿਚ ਸਫ਼ਰ ਕਰਨ ਲਈ ਇਕ ਮੁਕੰਮਲ ਟੂਰ ਪੈਕੇਜ ਮੁਹੱਈਆ ਕਰਵਾਇਆ ਜਾਵੇਗਾ।

'ਡੈਕਨ ਓਡੀਸੀ' ਨਾਂ ਦੀ ਇਸ ਯਾਤਰਾ ਲਈ ਪਹਿਲੀ ਰੇਲ ਗੱਡੀ 29 ਦਸੰਬਰ ਨੂੰ ਰਵਾਨਾ ਹੋਵੇਗੀ ਤੇ ਪਹਿਲੀ ਵਾਰ ਇਸ ਗੱਡੀ ਵਿਚ ਬੈਠਣ ਵਾਲੇ ਲੋਕ ਨਵਾਂ ਸਾਲ ਇਸ ਯਾਤਰਾ ਦੌਰਾਨ ਹੀ ਮਨਾਉਣਗੇ। ਦਿੱਲੀ ਤੋਂ ਚੱਲਣ ਵਾਲੀ ਇਹ ਗੱਡੀ ਪਹਿਲੇ ਦਿਨ ਅਨੰਦਪੁਰ ਸਾਹਿਬ ਪੁੱਜੇਗੀ। ਜਿੱਥੇ ਯਾਤਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰ ਸਕਣਗੇ। ਦੂਜੇ ਦਿਨ ਕੀਰਤਪੁਰ ਸਾਹਿਬ ਹੁੰਦੀ ਹੋਈ ਇਹ ਗੱਡੀ ਅੰਮ੍ਰਿਤਸਰ ਪੁੱਜੇਗੀ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਦਾ ਪ੍ਰਬੰਧ ਹੋਵੇਗਾ। ਤੀਜੇ ਦਿਨ ਇਹ ਗੱਡੀ ਬਠਿੰਡੇ ਪੱਜੇਗੀ ਜਿੱਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਯਾਤਰਾ ਦਾ ਪ੍ਰਬੰਧ ਹੋਵੇਗਾ। ਬਠਿੰਡਾ ਤੋਂ ਇਹ ਗੱਡੀ ਚੌਥੇ ਦਿਨ ਜੈਪੁਰ ਪੁੱਜੇਗੀ।

ਪੰਜਵੇਂ ਦਿਨ ਜੈਪੁਰ ਤੋਂ ਆਗਰਾ ਹੁੰਦੀ ਹੋਈ 6ਵੇਂ ਦਿਨ ਆਗਰਾ ਤੋਂ ਨਾਂਦੇੜ ਜਾਵੇਗੀ ਜਿੱਥੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ ਜਾ ਸਕਣਗੇ। 7ਵੇਂ ਦਿਨ ਯਾਤਰੀ ਨਾਂਦੇੜ ਤੋਂ ਮੁੰਬਈ ਪੁੱਜਣਗੇ ਤੇ 8ਵੇਂ ਦਿਨ ਉਹ ਹਵਾਈ ਜਹਾਜ਼ ਰਾਹੀਂ ਪਟਨਾ ਸਾਹਿਬ ਪੁੱਜਣਗੇ। 9ਵੇਂ ਦਿਨ ਯਾਤਰੀਆਂ ਦੇ ਪਟਨਾ ਸਾਹਿਬ ਤੋਂ ਹਵਾਈ ਜਹਾਜ਼ ਰਾਹੀਂ ਦਿੱਲੀ ਪੁੱਜਣ 'ਤੇ ਇਹ ਯਾਤਰਾ ਸਮਾਪਤ ਹੋਵੇਗੀ। ਇਸ ਯਾਤਰਾ ਦੌਰਾਨ ਯਾਤਰੀ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲਾ ਬਾਗ, ਵਾਹਗਾ ਸਰਹੱਦ ਵੀ ਜਾ ਸਕਣਗੇ।

## ਜਰਮਨੀ 'ਚ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਦੋ ਖਾੜਕੂ ਗ੍ਰਿਫ਼ਤਾਰ

**ਬਰਲਿਨ:** ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸਬੰਧਤ ਦੋ ਭਾਰਤੀ ਕਾਰਕੁਨਾਂ ਨੂੰ ਜਰਮਨੀ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਨ੍ਹਾਂ ਦੀ ਪਛਾਣ ਸੁਖਪ੍ਰੀਤ ਸਿੰਘ (35) ਅਤੇ ਜਗਤਾਰ ਸਿੰਘ (41) ਵਜੋਂ ਹੋਈ ਹੈ।

ਕਾਰਲਜ਼ਰੂਹੇ ਵਿਚ ਸਰਕਾਰੀ ਵਕੀਲਾਂ ਨੇ ਦੱਸਿਆ ਕਿ ਦੋਹਾਂ ਜਣਿਆਂ ਕੋਲੋਂ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸਬੰਧਾਂ ਬਾਰੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਇਹ ਜਥੇਬੰਦੀ ਧਮਾਕਾਖੇਜ਼ ਸਮੱਗਰੀ, ਛੋਟੇ ਹਥਿਆਰ ਅਤੇ ਪੈਸੇ ਪੰਜਾਬ (ਭਾਰਤ) ਵਿੱਚ ਭੇਜਦੀ ਹੈ। ਜਥੇਬੰਦੀ ਦੇ ਯੂਰਪ ਵਿੱਚ ਬੈਠੇ ਮੈਂਬਰ ਇਸ ਲਈ ਫੰਡ ਮੁਹੱਈਆ ਕਰਵਾਉਂਦੇ ਹਨ ਅਤੇ ਹਥਿਆਰਾਂ ਦੀ ਤਸਕਰੀ ਕਰਦੇ ਹਨ।

ਇਸ ਜਥੇਬੰਦੀ ਨੇ ਵਿਦੇਸ਼ਾਂ ਵਿੱਚ ਬੈਠੇ ਸਿੱਖਾਂ 'ਤੇ ਆਪਣਾ ਪ੍ਰਭਾਵ ਬਣਾਉਣ ਲਈ ਯੂਰਪ ਦੇ ਗੁਰਦੁਆਰਿਆਂ ਵਿੱਚ ਨਰਮਖਿਆਲ ਸਿੱਖ ਆਗੂਆਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਇਨ੍ਹਾਂ ਦੋਹਾਂ ਜਣਿਆਂ ਨੂੰ ਫਰੈਂਕਫਰਟ ਅਤੇ ਡਸਲਡਰੋਫ਼ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਹੈ। ਸੁਖਪ੍ਰੀਤ ਜਥੇਬੰਦੀ ਲਈ ਪਿਛਲੇ ਸਾਲ ਸੈਮੀ-ਆਟੋਮੈਟਿਕ ਹਥਿਆਰ ਅਤੇ ਜਗਤਾਰ ਸਿੰਘ ਇਸ ਸਾਲ ਹੋਰ ਹਥਿਆਰ ਲੈ ਕੇ ਆਇਆ ਸੀ। ਉਸ ਨੂੰ ਇਸ ਲਈ 350 ਯੂਰੋ ਦਿੱਤੇ ਗਏ ਸਨ।

## 'ਅੰਨ੍ਹੇ ਘੋੜੇ ਦਾ ਦਾਨ' ਨਾਵਲ 'ਤੇ ਬਣੇਗੀ ਫ਼ਿਲਮ

**ਚੰਡੀਗੜ੍ਹ:** ਪੰਜਾਬੀ ਦੇ ਨਾਵਲ 'ਮੜ੍ਹੀ ਦਾ ਦੀਵਾ' ਦੀ ਫ਼ਿਲਮ ਤੋਂ ਬਾਅਦ ਹੁਣ ਫਿਰ ਪ੍ਰੋ. ਗੁਰਦਿਆਲ ਸਿੰਘ ਦੇ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਪੰਜਾਬੀ ਫ਼ਿਲਮ ਦਾ ਨਿਰਮਾਣ ਹੋਵੇਗਾ।

ਇਸ ਬਾਰੇ ਪ੍ਰਾਜੈਕਟ 'ਤੇ ਕੰਮ ਕਰ ਰਹੇ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਇਹ ਪ੍ਰਾਜੈਕਟ 'ਨੈਸ਼ਨਲ ਫ਼ਿਲਮ ਡਿਵੈਲਪਮੈਂਟ ਕਾਰਪੋਰੇਸ਼ਨ' ਵੱਲੋਂ ਮਨਜ਼ੂਰ ਹੋ ਚੁੱਕਾ ਹੈ ਜੋ ਇਸ ਫ਼ਿਲਮ ਲਈ ਫੰਡ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸ ਫ਼ਿਲਮ ਲਈ ਕਲਾਕਾਰ ਥੀਏਟਰ ਨਾਲ ਸਬੰਧਤ ਸੰਸਥਾਵਾਂ ਅੰਮ੍ਰਿਤਸਰ, ਪਟਿਆਲਾ, ਮਾਨਸਾ ਤੋਂ ਲਏ ਗਏ ਹਨ ਤੇ ਜਨਵਰੀ-ਫਰਵਰੀ ਵਿਚ ਇਸ ਦੀ ਸ਼ੂਟਿੰਗ ਬਠਿੰਡਾ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਫ਼ਿਲਮ ਦਾ ਨਾਂ 'ਚੰਨ ਗ੍ਰਹਿਣ' ਹੈ ਜੋ ਪਿੰਡ ਤੇ ਸ਼ਹਿਰਾਂ ਵਿਚ ਦਲਿਤ ਪਰਿਵਾਰਾਂ ਦੀਆਂ ਹਾਲਾਤ ਦਾ ਵਰਨਣ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਤਰਸੇਮ ਸ਼ਰਮਾ ਵੀ ਮੌਜੂਦ ਸਨ।

# ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦਾ ਕੰਮ ਰਿੜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦਾ ਕੰਮ ਆਖ਼ਰ ਰਿੜ੍ਹ ਹੀ ਪਿਆ ਹੈ। ਇਸ ਬਾਰੇ 9 ਦਸੰਬਰ ਨੂੰ ਦਿੱਲੀ ਵਿਖੇ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਤੇ ਪਰਵਾਸੀ ਮਾਮਲਿਆਂ ਦੇ ਸਕੱਤਰ ਦੀਦਾਰ ਸਿੰਘ ਨਾਲ ਅਹਿਮ ਮੀਟਿੰਗ ਹੋਈ ਜਿਸ ਵਿਚ ਮਸੌਦੇ ਨੂੰ ਅੰਤਿਮ ਰੂਪ ਦੇਣ ਲਈ ਸਬ ਕਮੇਟੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਦੌਰਾਨ ਮੁੱਖ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੇ ਸਪਸ਼ਟ ਕੀਤਾ ਹੈ ਕਿ ਪਰਵਾਸੀ ਭਾਰਤੀਆਂ ਨੂੰ ਸੰਸਦੀ ਤੇ ਵਿਧਾਨ ਸਭਾਈ ਚੋਣਾਂ ਵਿਚ ਵੋਟ ਪਾਉਣ ਦਾ ਹੱਕ ਦੇਣ ਲਈ ਨੇਮਾਂ ਦਾ ਮਸੌਦਾ ਇਸ ਮਹੀਨੇ ਦੇ ਅਖੀਰ ਤੱਕ ਤਿਆਰ ਹੋ ਜਾਵੇਗਾ ਤੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਸਹੂਲਤ ਦਿੱਤੀ ਜਾ ਸਕਦੀ ਹੈ। ਪ੍ਰਸਤਾਵਿਤ ਚੋਣ ਸੁਧਾਰਾਂ ਬਾਰੇ ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਦੇ ਨਾਲ ਸੱਦੀ

**ਅਗਲੇ ਵਰ੍ਹੇ ਕੰਮ ਮੁਕੰਮਲ ਹੋਣ ਦੇ ਆਸਾਰ**



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਸੰਭਾਵਨਾਵਾਂ ਵੇਖੀਆਂ ਜਾ ਰਹੀਆਂ ਹਨ ਕਿਉਂਕਿ ਗੁੰਝਲਾਂ ਬਹੁਤ ਜ਼ਿਆਦਾ ਹਨ। ਉਨ੍ਹਾਂ ਕਿਹਾ ਕਿ ਕਈ ਰਾਜਾਂ ਦੀਆਂ ਵਿਧਾਨ ਸਭਾਈ ਚੋਣਾਂ ਤੋਂ ਪਹਿਲਾਂ ਇਹ ਸਹੂਲਤ ਦਿੱਤੀ ਜਾ ਸਕਦੀ ਹੈ ਪਰ ਇਸ ਬਾਰੇ ਕੋਈ ਵਾਅਦਾ ਕਰਨਾ ਔਖਾ ਹੈ। ਅਗਲੇ ਸਾਲ ਕੇਰਲਾ, ਤਾਮਿਲਨਾਡੂ, ਪੱਛਮੀ ਬੰਗਾਲ ਤੇ ਤ੍ਰਿਪੁਰਾ ਵਿਚ ਚੋਣਾਂ ਹੋਣੀਆਂ ਹਨ। ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਬਾਰੇ ਕਾਨੂੰਨ ਹਾਲ ਹੀ ਵਿਚ ਸੰਸਦ 'ਚੋਂ ਪਾਸ ਕੀਤਾ ਗਿਆ। ਇਸ ਮੌਕੇ

ਸ੍ਰੀ ਮੋਇਲੀ ਨੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਡੱਕ ਕੇ ਸਿਆਸਤ ਦੇ ਅਪਰਾਧੀਕਰਨ ਨੂੰ ਠੱਲ ਪਾਉਣ ਦੇ ਸਵਾਲ ਬਾਰੇ ਕਿਹਾ ਕਿ ਚੋਣ ਸੁਧਾਰਾਂ ਬਾਰੇ ਖੇਤਰੀ ਸਲਾਹ-ਮਸ਼ਵਰੇ ਤੇ ਕੌਮੀ ਵਿਚਾਰ ਚਰਚਾਵਾਂ ਨੇ ਮਾਯੂਸੀ ਨੂੰ ਉਤਸ਼ਾਹ ਵਿਚ ਬਦਲ ਦਿੱਤਾ ਹੈ। ਇਸ ਬਾਰੇ ਪਹਿਲੀ ਖੇਤਰੀ ਚਰਚਾ 12 ਦਸੰਬਰ ਨੂੰ ਭੋਪਾਲ ਵਿਚ ਤੇ ਆਖਰੀ 5 ਫਰਵਰੀ ਨੂੰ ਚੰਡੀਗੜ੍ਹ ਵਿਚ ਹੋਵੇਗੀ। ਵਿਚਾਰ ਚਰਚਾ ਵਿਚ ਸ਼ਾਮਲ ਹੋਣ ਲਈ ਸੰਸਦ ਮੈਂਬਰਾਂ, ਵਿਧਾਇਕਾਂ, ਗੈਰ ਸਰਕਾਰੀ ਜਥੇਬੰਦੀਆਂ ਤੇ ਹੋਰਨਾਂ ਨੂੰ ਸੱਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਾਰੀਆਂ ਖੇਤਰੀ ਤੇ ਕੌਮੀ ਪੱਧਰ ਦੀਆਂ ਚਰਚਾਵਾਂ ਵਿਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਹੁਣ ਸੰਭਾਵੀ ਚੋਣ ਸੁਧਾਰ ਵਿਆਪਕ ਪੱਧਰ 'ਤੇ ਕੀਤੇ ਜਾਣਗੇ। ਚੋਣਾਂ ਲਈ ਸਰਕਾਰੀ ਖਰਚ ਦੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਚਰਚਾ ਲਈ ਪੇਸ਼ ਕੀਤੇ ਜਾਣ ਵਾਲੇ ਪੇਪਰ ਵਿਚ ਕਿਹਾ ਗਿਆ ਹੈ ਕਿ ਚੋਣਾਂ ਲਈ ਅੰਸ਼ਕ ਸਰਕਾਰੀ ਖਰਚ ਨਹੀਂ ਹੋਣਾ ਚਾਹੀਦਾ ਪਰ ਅੰਤਮ ਫੈਸਲਾ ਸਮੂਹਕ ਰਾਇ ਦੇ ਆਧਾਰ 'ਤੇ ਹੀ ਲਿਆ ਜਾਵੇਗਾ।

# ਅਮਰੀਕਾ ਤੇ ਕੈਨੇਡਾ ਵਿਚ ਹੋਵੇਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਕਰਨ ਲਈ ਅਮਰੀਕਾ ਜਾਂ ਕੈਨੇਡਾ ਵਿਚ ਪ੍ਰੈਸ ਲੱਗੀ। ਇਸ ਬਾਰੇ ਥਾਂਵਾਂ ਦਾ ਜਾਇਜ਼ਾ ਲੈਣ ਲਈ ਸ਼੍ਰੋਮਣੀ ਕਮੇਟੀ ਦਾ ਵਫ਼ਦ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ ਆਇਆ ਹੋਇਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਵਾਸ਼ਿੰਗਟਨ 'ਚ ਵ੍ਹਾਈਟ ਹਾਊਸ ਨੇੜੇ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਹਾਲ ਹੀ ਵਿਚ ਅਮਰੀਕਾ ਦੇ ਨਾਰਥ ਕੈਰੋਲੀਨਾ ਸੂਬੇ ਦੇ ਸ਼ਹਿਰ ਸ਼ਾਰਲਟ ਦਾ ਦੌਰਾ ਕੀਤਾ ਹੈ।

ਅਮਰੀਕਾ ਆਏ ਵਫ਼ਦ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਨੇ ਦੱਸਿਆ ਕਿ ਵਫ਼ਦ ਨੇ ਅਮਰੀਕਾ ਦੇ ਨਾਰਥ ਕੈਰੋਲੀਨਾ ਦੇ ਸੂਬੇ ਦੇ ਸ਼ਾਰਲਟ ਸ਼ਹਿਰ ਵਿਚ ਪੇਸ਼ਕਸ਼ ਵਾਲੀ ਜ਼ਮੀਨ ਦਾ ਮੁਆਇਨਾ ਕੀਤਾ ਹੈ। ਇਸ ਤੋਂ ਇਲਾਵਾ ਹੋਰ ਜਾਣਕਾਰੀ ਵੀ ਲਈ ਗਈ ਹੈ। ਵਾਸ਼ਿੰਗਟਨ ਵਿਚ ਵ੍ਹਾਈਟ ਹਾਊਸ ਨੇੜੇ ਪੇਸ਼ਕਸ਼ ਕੀਤੀ ਗਈ ਜ਼ਮੀਨ ਨੂੰ ਵੀ ਦੇਖਿਆ ਗਿਆ ਹੈ। ਇਸ ਜ਼ਮੀਨ ਨੂੰ ਪ੍ਰਾਪਤ ਕਰਨ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਵੀ ਫੈਸਲਾ ਕੀਤਾ ਜਾ ਚੁੱਕਾ ਹੈ ਪਰ ਇਸ ਫੈਸਲੇ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਸੀ। ਇਸ ਵਫ਼ਦ ਵੱਲੋਂ ਹਰੀ ਝੰਡੀ ਮਿਲਣ ਮਗਰੋਂ ਵਾਸ਼ਿੰਗਟਨ ਵਾਲੀ ਜ਼ਮੀਨ ਨੂੰ ਖਰੀਦ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਬਾਰੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਵਾਈਟ ਹਾਊਸ ਨੇੜੇ ਵਾਲੀ ਇਸ ਜ਼ਮੀਨ ਵਿਚ ਸਿੱਖ ਮਿਸ਼ਨ ਕੇਂਦਰ ਸਥਾਪਿਤ ਕੀਤਾ ਜਾਵੇਗਾ। ਇਥੇ ਇਕ ਸਿੱਖ ਸਫ਼ੀਰ ਵੀ ਨਿਯੁਕਤ ਕੀਤਾ ਜਾਵੇਗਾ ਜੋ ਸਿੱਖ ਧਰਮ ਦੇ ਪ੍ਰਚਾਰ ਲਈ ਕੰਮ ਕਰੇਗਾ। ਸ਼ਾਰਲਟ ਸ਼ਹਿਰ ਵਾਲੀ ਜ਼ਮੀਨ ਬਾਰੇ ਉਨ੍ਹਾਂ ਕਿਹਾ ਕਿ ਇਹ ਜ਼ਮੀਨ ਵੀ ਸ਼੍ਰੋਮਣੀ ਕਮੇਟੀ ਪ੍ਰਾਪਤ ਕਰੇਗੀ ਪਰ ਇਸ ਬਾਰੇ ਅੰਤਿਮ ਫੈਸਲਾ ਵਫ਼ਦ ਦੇ ਪਰਤਣ ਮਗਰੋਂ ਕੀਤਾ ਜਾਵੇਗਾ। ਜ਼ਮੀਨ ਪ੍ਰਾਪਤ ਕਰਨ ਤੋਂ ਪਹਿਲਾਂ ਅਮਰੀਕਾ ਦੇ ਕਾਨੂੰਨ ਅਨੁਸਾਰ ਇਕ ਸੁਸਾਇਟੀ ਦੀ ਸਥਾਪਨਾ ਕੀਤੀ ਜਾਵੇਗੀ ਜਿਸ ਦੇ ਨਾਂ 'ਤੇ ਇਹ ਜ਼ਮੀਨ ਪ੍ਰਾਪਤ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦਾ ਇਹ ਵਫ਼ਦ ਅਮਰੀਕਾ ਤੋਂ ਬਾਅਦ ਕੈਨੇਡਾ ਸਥਿਤ ਵੈਨਕੂਵਰ ਦਾ ਦੌਰਾ ਕਰੇਗਾ। ਇੱਥੇ ਵੀ ਇਕ ਵਿਦਿਅਕ ਸੰਸਥਾ ਸਤਨਾਮ ਐਜੂਕੇਸ਼ਨ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਇਮਾਰਤ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਵਫ਼ਦ ਵਲੋਂ ਇਸ ਇਮਾਰਤ ਸਮੇਤ ਸਮੁੱਚੀ ਸਥਿਤੀ ਦਾ ਮੁਆਇਨਾ ਕੀਤਾ ਜਾਵੇਗਾ।



*ਨਿੱਕੀ ਹੇਲੀ ਆਪਣੇ ਪਰਿਵਾਰ ਨਾਲ*

## ਅਸਾਂਜ ਦੀ ਮਾਂ ਨੇ ਸਾਰੇ ਦੋਸ਼ਾਂ ਨੂੰ ਨਕਾਰਿਆ

**ਸਿਡਨੀ:** ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਦੀ ਮਾਤਾ ਦਾ ਕਹਿਣਾ ਹੈ ਕਿ ਉਸ ਨੂੰ ਆਪਣੇ ਪੁੱਤਰ ਦਾ ਬਹੁਤ ਫ਼ਿਕਰ ਹੋ ਰਿਹਾ ਹੈ ਕਿਉਂਕਿ ਉਸ ਦੇ ਮਗਰ 'ਧਾੜਵੀ' ਪਏ ਹੋਏ ਹਨ। ਆਸਟਰੇਲੀਆ ਵਿਚ ਜਨਮੇ 39 ਸਾਲਾ ਜੂਲੀਅਨ ਦੀ ਮਾਂ ਕ੍ਰਿਸਟੀਨਾ ਅਸਾਂਜ ਨੇ ਆਪਣੇ ਪੁੱਤਰ 'ਤੇ ਲੱਗੇ ਬਲਾਤਕਾਰ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਉਹ ਅਜਿਹਾ ਕਰ ਹੀ ਨਹੀਂ ਸਕਦਾ।

ਗੌਰਤਲਬ ਹੈ ਕਿ ਆਪਣੀ ਵੈਬਸਾਈਟ ਵਿਕੀਲੀਕਸ ਰਾਹੀਂ ਅਮਰੀਕਾ ਦੇ ਅਣਗਿਣਤ ਭੇਤ ਖੋਲ੍ਹ ਕੇ ਭੜਥੂ ਪਾਉਣ ਵਾਲੇ ਜੂਲੀਅਨ ਅਸਾਂਜ ਨੂੰ ਬਰਤਾਨਵੀ ਪੁਲਿਸ ਨੇ ਸਵੀਡਨ ਵਿਚ ਬਲਾਤਕਾਰ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੋਇਆ ਹੈ। ਉਸ ਨੇ ਆਸਟਰੇਲੀਆ ਦੇ ਸੈਵਨ ਨੈਟਵਰਕ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਸ ਨੂੰ ਆਪਣੇ ਪੁੱਤਰ ਦੀ ਫਿਕਰ ਹੋ ਰਹੀ ਹੈ ਤੇ ਉਸ ਨੂੰ ਸਮਝ ਨਹੀਂ ਆ ਰਿਹਾ ਕਿ ਉਸ ਨਾਲ ਕੀ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਜੂਲੀਅਨ ਤੇ ਬਲਾਤਕਾਰ ਦਾ ਕੋਈ ਮੇਲ ਹੀ ਨਹੀਂ ਹੈ। ਜੂਲੀਅਨ ਬਲਾਤਕਾਰ ਕਰ ਹੀ ਨਹੀਂ ਸਕਦਾ। ਜਦੋਂ ਵੀ ਉਸ ਬਾਰੇ ਅਜਿਹੀ ਕੋਈ ਖ਼ਬਰ ਆਉਂਦੀ ਹੈ ਤਾਂ ਮੇਰੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ।... ਉਸ ਦੇ ਖ਼ਿਲਾਫ਼ ਧਾੜਵੀ ਪਏ ਹੋਏ ਹਨ ਤੇ ਉਨ੍ਹਾਂ ਉਸ ਨੂੰ ਹਰ ਹੀਲੇ ਰੋਕਣ ਦਾ ਫੈਸਲਾ ਕਰ ਲਿਆ ਹੈ।"

## *ਨਿੱਕੀ ਹੇਲੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਏਗੀ*

**ਸ਼ਾਰਲਟ, ਨਾਰਥ ਕੈਰੋਲਾਈਨਾ (ਜੁਗਰਾਜ ਗਿੱਲ):** ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਵਾਈ ਅਮਰੀਕਾ ਵਿਚ ਹੀ ਕਰਨ ਲਈ ਪ੍ਰਿੰਟਿੰਗ ਪ੍ਰੈਸ ਲਾਉਣ ਵਾਸਤੇ ਢੁਕਵੀਂ ਜਗ੍ਹਾ ਲੱਭਣ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਵਲੋਂ ਇਥੋਂ ਕੁਝ ਦੂਰ ਕਸਬੇ ਰਾਕਹਿੱਲ ਦੇ ਹੋਟਲ ਹਾਲੀਡੇ ਇਨ ਵਿਚ ਇਕ ਸਮਾਗਮ ਮੌਕੇ ਹਾਲ ਹੀ ਵਿਚ ਸਾਊਥ ਕੈਰੋਲਾਈਨਾ ਦੀ ਗਵਰਨਰ ਚੁਣੀ ਗਈ ਨਿੱਕੀ ਹੇਲੀ ਦਾ ਮਾਣ ਸਤਿਕਾਰ ਵੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ੍ਰੀਮਤੀ ਨਿੱਕੀ ਹੇਲੀ ਨੇ ਕਿਹਾ ਕਿ ਉਹ 23 ਜਨਵਰੀ ਨੂੰ ਗਵਰਨਰ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਹਰਿਮੰਦਰ ਸਾਹਿਬ, ਅੰਮ੍ਰਿਤਸਰ ਜਾ ਕੇ ਗੁਰੂ ਦਾ ਅਸ਼ੀਰਵਾਦ ਲੈਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਭਾਰਤੀ ਭਾਈਚਾਰੇ ਵਲੋਂ ਮਿਲੇ ਸਹਿਯੋਗ ਲਈ ਵੀ ਧੰਨਵਾਦ ਕੀਤਾ।

ਇਸ ਮੌਕੇ ਸ੍ਰੀਮਤੀ ਹੇਲੀ ਨਾਲ ਉਨ੍ਹਾਂ ਦੇ ਪਤੀ ਸ੍ਰੀ ਹੇਲੀ ਤੋਂ ਇਲਾਵਾ ਉਨ੍ਹਾਂ ਦੇ ਪਿਤਾ ਅਜੀਤ ਸਿੰਘ ਰੰਧਾਵਾ ਵੀ ਮੌਜੂਦ ਸਨ। ਇਸ ਸਮਾਗਮ ਮੌਕੇ ਹਾਜ਼ਰ ਹੋਰ ਸ਼ਖਸੀਅਤਾਂ ਵਿਚ ਮੇਜ਼ਬਾਨ ਕਰਤਾਰ ਸਿੰਘ, ਸੁਖਵਿੰਦਰ ਸਿੰਘ ਚੀਮਾ, ਸੁਰਜੀਤ ਸਿੰਘ ਰੰਧਾਵਾ, ਹਰਪ੍ਰੀਤ ਗਿੱਲ ਅਤੇ ਵਾਸ਼ਿੰਗਟਨ ਤੋਂ ਸਿੱਖ ਆਗੂ ਸ. ਗੰਗਾ ਸਿੰਘ ਢਿੱਲੋਂ ਸ਼ਾਮਲ ਸਨ। ਨਜ਼ਦੀਕੀ ਕਸਬਿਆਂ ਸ਼ਾਰਲਟ, ਕੋਲੰਬੀਆ, ਅਟਲਾਂਟਾ, ਹੰਟਰਵਿਲ ਤੋਂ ਵੀ ਭਾਰਤੀ ਭਾਈਚਾਰੇ ਦੇ ਕਾਫੀ ਲੋਕ ਪਹੁੰਚੇ ਹੋਏ ਸਨ।

## *ਸੰਸਦ ਦੀ ਕਾਰਵਾਈ ਠੱਪ ਰਹਿਣ ਕਾਰਨ 146 ਕਰੋੜ ਦਾ ਨੁਕਸਾਨ*

*(ਸਫਾ ਇਕ ਦੀ ਬਾਕੀ)*

ਉਤੇ ਟੈਲੀਕਾਮ ਮੰਤਰੀ ਏ. ਰਾਜਾ ਦੇ ਅਸਤੀਫ਼ੇ ਦੇ ਬਾਵਜੂਦ ਵਿਰੋਧੀ ਧਿਰ ਦੀ ਤਸੱਲੀ ਨਾ ਹੋਈ ਅਤੇ ਉਹ ਜੇ ਪੀ ਸੀ ਦੀ ਮੰਗ ਉਤੇ ਬਜਿਦ ਰਹੀ। ਦੂਜੇ ਪਾਸੇ ਸਰਕਾਰ ਇਸ ਮੰਗ ਨੂੰ ਨਾ ਮੰਨਣ ਉਤੇ ਅੜੀ ਰਹੀ ਤੇ ਉਸ ਦਾ ਕਹਿਣਾ ਸੀ ਕਿ ਮਾਮਲੇ ਦੀ ਜਾਂਚ ਸੰਸਦ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਵੱਲੋਂ ਕੀਤੀ ਜਾ ਰਹੀ ਹੈ ਤੇ ਉਹ ਹੇਰਾਫੇਰੀਆਂ ਦਾ ਪਤਾ ਲਾਉਣ ਦੇ ਸਮਰੱਥ ਹੈ। ਇਸ ਤੋਂ ਪਹਿਲਾਂ 2001 ਵਿਚ ਤਹਿਲਕਾ ਮੁੱਦੇ ਉਤੇ ਸੰਸਦ ਦਾ ਕੰਮ 17 ਦਿਨ ਤੇ 1987 ਵਿਚ ਬੋਫੋਰਜ਼ ਮਾਮਲੇ ਉਤੇ 45 ਦਿਨ ਠੱਪ ਰਿਹਾ ਸੀ।

ਸਰਕਾਰ ਨੇ ਵਿਰੋਧੀ ਧਿਰ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਪੂਰਾ ਇਜਲਾਸ ਠੱਪ ਰਹਿਣ ਲਈ ਭਾਜਪਾ ਨੂੰ ਦੋਸ਼ੀ ਠਹਿਰਾਇਆ। ਇਜਲਾਸ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਸਦੀ ਮਾਮਲਿਆਂ ਦੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਕਿਹਾ ਕਿ ਵਿਰੋਧੀ ਧਿਰ ਵਿਚ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਲਿਆਉਣ ਦੀ 'ਹਿੰਮਤ ਨਹੀਂ' ਸੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਸਰਕਾਰ ਨੂੰ ਅਸਥਿਰ ਕਰਨ ਲਈ ਖੱਬੇ ਮੁਹਾਜ਼ ਨਾਲ 'ਨਾਪਾਕ' ਗੱਠਜੋੜ ਕੀਤਾ ਹੋਇਆ ਹੈ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਵੀ ਪੂਰੇ ਇਜਲਾਸ ਉਤੇ ਪਾਣੀ ਫਿਰ ਜਾਣ ਨੂੰ 'ਮੰਦਭਾਗਾ' ਦੱਸਿਆ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰਾਂ ਨੇ ਖ਼ੁਦ ਹੀ ਸਦਨ ਚਲਾਉਣ ਦੇ ਨਿਯਮ ਬਣਾਏ ਸਨ ਤੇ ਖ਼ੁਦ ਹੀ ਉਨ੍ਹਾਂ ਨੂੰ ਤੋੜ ਦਿੱਤਾ। ਦੂਜੇ ਪਾਸੇ ਮੁੱਖ ਵਿਰੋਧੀ ਪਾਰਟੀ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਉਮੀਦ ਜ਼ਾਹਰ ਕੀਤੀ ਕਿ 2-ਜੀ ਸਪੈਕਟ੍ਰਮ ਮੁੱਦੇ ਉਤੇ ਸੰਸਦ ਦੀ ਕਾਰਵਾਈ ਨਾ ਚੱਲਣ ਦੇਣ ਦੇ ਵਿਰੋਧੀ ਧਿਰ ਦੇ ਸਟੈਂਡ ਦਾ ਵੀ ਉਮੀਦ ਮੁਤਾਬਕ ਨਤੀਜਾ ਨਿਕਲੇਗਾ। ਉਨ੍ਹਾਂ ਕਿਹਾ "ਕਈ ਵਾਰ ਕੰਮ ਨਾ ਹੋਣ ਦੇ ਵੀ ਨਤੀਜੇ ਨਿਕਲ ਆਉਂਦੇ ਹਨ।"

ਇਸ ਦੇ ਨਾਲ ਹੀ ਇਜਲਾਸ ਦੇ ਬੇਅਰਥ ਰਹਿਣ ਤੋਂ ਨਾਰਾਜ਼ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਆਸ ਪ੍ਰਗਟਾਈ ਹੈ ਕਿ ਬਜਟ ਇਜਲਾਸ ਦੌਰਾਨ ਕਾਰਵਾਈ ਠੱਪ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕੇਂਦਰ ਸਰਕਾਰ ਤੇ ਵਿਰੋਧੀ ਧਿਰ ਨੂੰ ਕੋਈ 'ਵਿਚਕਾਰਲਾ ਰਾਹ' ਲੱਭਣ ਲਈ ਕਿਹਾ ਹੈ।

ਇਸ ਦੇ ਨਾਲ ਹੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ 2-ਜੀ ਸਪੈਕਟਰਮ ਘੁਟਾਲੇ ਵਿਚ ਜੇ.ਪੀ.ਸੀ. ਦੀ ਮੰਗ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ। ਵਿਰੋਧੀ ਧਿਰ ਨੂੰ ਝਾੜ ਪਾਉਂਦਿਆਂ ਉਨ੍ਹਾਂ ਕਿਹਾ ਕਿ ਸੰਸਦ ਦਾ ਪੂਰਾ ਇਜਲਾਸ ਅਜਾਈਂ ਜਾਣ ਲਈ ਦੇਸ਼ ਉਨ੍ਹਾਂ ਨੂੰ ਨਾ ਕਦੇ ਮੁਆਫ ਕਰੇਗਾ ਤੇ ਨਾ ਹੀ ਭੁੱਲੇਗਾ।

# ਸ਼ਹੀਦ ਭਗਤ ਸਿੰਘ ਤੇ ਦੱਤ ਦੀ 'ਪਨਾਹਗਾਹ' 'ਤੇ ਕਬਜ਼ਾ

**ਕੋਲਕਾਤਾ:** ਲਾਹੌਰ ਦੇ ਅਸਿਸਟੈਂਟ ਪੁਲਿਸ ਸੁਪਰਡੈਂਟ ਸਾਂਡਰਸ ਦੀ 1928 'ਚ ਹੱਤਿਆ ਤੋਂ ਬਾਅਦ ਪੰਜਾਬ ਤੋਂ ਫਰਾਰ ਹੋ ਕੇ ਸ਼ਹੀਦ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਬੰਗਾਲ ਦੇ ਬਰਦਵਾਨ ਜ਼ਿਲ੍ਹੇ ਦੇ ਜਿਸ ਘਰ 'ਚ ਪਨਾਹ ਲਈ ਸੀ, ਇਸ ਵੇਲੇ ਉਸ ਘਰ 'ਤੇ ਜ਼ਰਾਇਮ ਪੇਸ਼ਾ ਲੋਕਾਂ ਦਾ ਕਬਜ਼ਾ ਹੈ। ਇਸ ਬਾਰੇ ਸ਼ਹੀਦ ਬਟੁਕੇਸ਼ਵਰ ਦੀ ਪੁੱਤਰੀ ਬਾਗਚੀ ਨੇ ਬਰਦਵਾਨ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਅਰਜ਼ੀ ਦੇ ਕੇ ਸ਼ਿਕਾਇਤ ਕੀਤੀ ਹੈ।

ਸ੍ਰੀਮਤੀ ਬਾਗਚੀ ਨੇ ਆਪਣੀ ਅਰਜ਼ੀ ਵਿਚ ਮੈਜਿਸਟਰੇਟ ਨੂੰ ਬੇਨਤੀ ਕੀਤੀ ਹੈ ਕਿ ਉਸ ਦੇ ਪਿਤਾ ਦੇ ਉਸ ਪਿਤਾ ਪੁਰਖੀ ਮਕਾਨ ਨੂੰ ਅਪਰਾਧੀਆਂ ਦੇ ਕਬਜ਼ੇ 'ਚੋਂ ਮੁਕਤ ਕਰਵਾਇਆ ਜਾਵੇ ਜਿਥੇ ਬਰਤਾਨਵੀ ਪੁਲਿਸ ਵੱਲੋਂ ਗ੍ਰਿਫਤਾਰੀ ਤੋਂ ਬਚਣ ਲਈ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਬਟੁਕੇਸ਼ਵਰ ਤਿੰਨ ਦਿਨ ਰਹੇ ਸਨ।

ਸ੍ਰੀਮਤੀ ਬਾਗਚੀ ਨੇ ਕਿਹਾ ਕਿ ਅਪਰਾਧੀਆਂ ਨੇ ਉਸ ਦੇ ਪਿਤਾ ਬਟੁਕੇਸ਼ਵਰ ਦੱਤ ਦੇ ਪਿਤਾ ਪੁਰਖੀ ਘਰ ਉਪਰ ਜਬਰਨ ਕਬਜ਼ਾ ਕੀਤਾ ਹੋਇਆ ਹੈ। ਉਸ ਨੇ ਕਿਹਾ ਕਿ ਜਿਸ ਮਕਾਨ ਨੂੰ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਅਹਿਮ ਥਾਂ ਵਜੋਂ ਵਰਤਿਆ ਗਿਆ ਹੋਵੇ ਉਸ ਦੇ ਢਾਂਚੇ ਨੂੰ ਸੁਰੱਖਿਅਤ ਰੱਖਣ ਲਈ ਬਰਦਵਾਨ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੁਝ ਨਹੀਂ ਕੀਤਾ।

ਬਿਹਾਰ 'ਚ ਮਗਧ ਮਹਿਲਾ ਕਾਲਜ ਦੇ ਅਰਥ ਵਿਭਾਗ ਦੀ ਮੁਖੀ ਸ੍ਰੀਮਤੀ ਬਾਗਚੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਬਟੂਕੇਸ਼ਵਰ ਦੀ ਯਾਦ ਦਿਵਾਉਂਦਾ ਮਿੱਟੀ ਦਾ ਇਹ ਘਰ ਇਸ ਵੇਲੇ ਖੰਡਰ ਬਣ ਚੁੱਕਿਆ ਹੈ।

ਬਿਪਲਵੀ ਬਟੂਕੇਸ਼ਵਰ ਸੇਵਾ ਸੰਘ ਦੇ ਸੈਕਟਰੀ ਮਧੂਸੂਦਨ ਚੰਦਰਾ ਅਨੁਸਾਰ ਪੁਲਿਸ ਨੇ ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੂੰ ਗ੍ਰਿਫਤਾਰ ਕਰਨ ਲਈ ਮਕਾਨ 'ਤੇ ਛਾਪਾ ਤਾਂ ਮਾਰਿਆ ਸੀ ਪਰ ਪੁਲਿਸ ਨੂੰ ਮਕਾਨ ਦੇ ਹੇਠਾਂ ਬਣੇ ਹੋਏ ਭੋਰੇ ਦਾ ਪਤਾ ਨਹੀਂ ਸੀ ਲੱਗ ਸਕਿਆ। ਸ੍ਰੀ ਚੰਦਰਾ ਦੇ ਕਹਿਣ ਅਨੁਸਾਰ ਇਸ ਵੇਲੇ ਅਪਰਾਧੀਆਂ ਨੇ ਮਕਾਨ ਨੂੰ ਆਪਣਾ ਅੱਡਾ ਬਣਾਇਆ ਹੋਇਆ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਦਾ ਉਹ ਨਾਜਾਇਜ਼ ਲਾਭ ਉਠਾ ਰਹੇ ਹਨ।

## ਸਰਕਾਰ ਨੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਸਿੱਕਾ ਜਾਰੀ ਕਰਨ ਤੋਂ ਕੰਨੀ ਕਤਰਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੇਸ਼ ਦੇ ਆਜ਼ਾਦੀ ਸੰਘਰਸ਼ 'ਚ ਸ਼ਹੀਦ ਭਗਤ ਸਿੰਘ ਦਾ ਯੋਗਦਾਨ ਕਿਸੇ ਵੀ ਪੱਖੋਂ ਮਹਾਤਮਾ ਗਾਂਧੀ ਨਾਲੋਂ ਘੱਟ ਨਹੀਂ ਪਰ ਭਾਰਤ ਸਰਕਾਰ ਵੱਲੋਂ ਨਾਇਕ ਦੇ ਰੂਪ 'ਚ ਗਾਂਧੀ ਨੂੰ ਪਰਚਾਰਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਸਿੱਕੇ ਜਾਰੀ ਨਹੀਂ ਕੀਤੇ ਜਾ ਰਹੇ।

ਸ਼ਹੀਦ ਭਗਤ ਸਿੰਘ ਬਿਰਗੇਡ ਦੇ ਮੁਖੀ ਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪੋਤਰੇ ਯਾਦਵਿੰਦਰ ਸਿੰਘ ਤੇ ਪੋਤਰੀ ਮੰਜ਼ੂਰਾ ਤੂਰ ਨੇ ਚੰਡੀਗੜ੍ਹ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਲ 2008 ਵਿਚ ਕੇਂਦਰ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਉਪਰ 100 ਰੁਪਏ ਤੇ ਪੰਜ ਰੁਪਏ ਦੇ ਸਿੱਕੇ ਬਣਾ ਦਿੱਤੇ ਸਨ ਪਰ ਇਹ ਅੱਜ ਤੱਕ ਜਾਰੀ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ 2007 ਵਿਚ ਇਹ ਸਿੱਕੇ ਜਾਰੀ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਸੀ ਪਰ ਇਕ ਸਾਲ ਤੱਕ ਇਹ ਐਲਾਨ ਕਾਗਜ਼ਾਂ ਵਿਚ ਹੀ ਸਿਮਟਿਆ ਰਿਹਾ। ਉਨ੍ਹਾਂ ਦੇ ਯਤਨਾਂ ਨਾਲ ਭਾਰਤੀ ਰਿਜ਼ਰਵ ਬੈਂਕ ਨੇ ਸਾਲ 2008 ਵਿਚ ਇਹ ਸਿੱਕੇ ਬਣਾਏ ਜ਼ਰੂਰ ਪਰ ਹੁਣ ਦੋ ਸਾਲ ਲੰਘ ਜਾਣ ਦੇ ਬਾਵਜੂਦ ਇਹ ਸਿੱਕੇ ਅੱਜ ਤੱਕ ਆਮ ਜਨਤਾ ਲਈ ਜਾਰੀ ਨਹੀਂ ਕੀਤੇ ਗਏ। ਯਾਦਵਿੰਦਰ ਸਿੰਘ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਪ੍ਰਧਾਨ ਮੰਤਰੀ ਨੂੰ 10 ਨਵੰਬਰ 2010 ਨੂੰ ਪੱਤਰ ਲਿਖਿਆ ਸੀ ਤੇ ਇਹ ਸਿੱਕੇ ਜਾਰੀ ਕਰਨ ਲਈ ਕਿਹਾ ਸੀ ਪਰ ਇਸ ਚਿੱਠੀ ਦਾ ਉਨ੍ਹਾਂ ਨੂੰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ।

ਓਨਰ ਅਪਰੇਟਰ ਅਤੇ ਡਰਾਈਵਰ

ਚਾਹੀਦੇ ਹਨ

ਰੀਫਰ ਅਤੇ ਡਰਾਈ ਲੋਡ

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch

ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ

ਸੰਪਰਕ ਕਰੋ-ਫੋਨ:317-702-6452

Somal Trucking Company
Novelsville, IN, Ph:317-702-6452

ਪੰਜਾਬ ਟਾਈਮਜ਼

ਸਨਿਚਰਵਾਰ, 18 ਦਸੰਬਰ 2010

## ਸੁਰੱਖਿਆ ਦੇ ਬਹਾਨੇ ਸ਼ਿਕੰਜਾ

ਪੰਜਾਬ ਪੁਲਿਸ ਦੇ ਮੁਖੀ ਨੇ ਇਕ ਵਾਰ ਫਿਰ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਸੁਰੱਖਿਆ ਅਤੇ ਮਾਓਵਾਦੀਆਂ/ਨਕਸਲਵਾਦੀਆਂ ਦੀਆਂ ਲਗਾਤਾਰ ਵਧ ਰਹੀਆਂ ਸਰਗਰਮੀਆਂ ਬਾਰੇ ਬਿਆਨ ਦਾਗ਼ ਦਿੱਤਾ ਹੈ। ਮਾਓਵਾਦੀਆਂ ਬਾਰੇ ਗੱਲ ਐਤਕੀਂ ਪਹਿਲਾਂ ਨਾਲੋਂ ਬਹੁਤ ਵਧਵੇਂ ਰੂਪ ਵਿਚ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਇਹ ਪੰਜਾਬ ਵਿਚ ਮਿਥੇ ਪੰਜ ਪੜਾਵਾਂ ਵਿਚੋਂ ਤਿੰਨ ਪੂਰੇ ਕਰ ਚੁੱਕੇ ਹਨ, ਭਾਵ ਇਹ ਪੰਜਾਬ ਵਿਚ ਆਪਣੀ ਤਿਆਰੀ ਦਾ ਕੰਮ ਅੱਧੇ ਨਾਲੋਂ ਵੱਧ ਮੁਕਾ ਚੁੱਕੇ ਹਨ। ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਪੁਲਿਸ ਮੁਖੀ ਨੇ ਪਹਿਲਾਂ ਜਦੋਂ ਜਦੋਂ ਵੀ ਅਜਿਹੇ ਬਿਆਨ ਦਿੱਤੇ ਹਨ, ਸੂਬੇ ਵਿਚ ਫੜੋ-ਫੜਾਈ ਦੀ ਮੁਹਿੰਮ ਵੱਡੇ ਪੱਧਰ 'ਤੇ ਚਲਾਈ ਗਈ ਜਾਂ ਪੁਲਿਸ ਨੇ ਕੋਈ ਵੱਡੀ ਕਾਰਵਾਈ ਕੀਤੀ ਹੈ। ਪਿਛਲੇ ਦਿਨਾਂ ਦੌਰਾਨ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਅਤੇ ਮਾਓਵਾਦੀਆਂ ਬਾਰੇ ਛਪੀਆਂ ਖ਼ਬਰਾਂ ਇਸੇ ਲੜੀ ਦਾ ਹਿੱਸਾ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਜ਼ੀਰਾ ਇਲਾਕੇ ਵਿਚ ਮਾਓਵਾਦੀਆਂ ਦੇ ਨਾਂ ਉਤੇ ਕਿਸਾਨਾਂ ਨੂੰ ਆਈਆਂ ਚਿੱਠੀਆਂ ਦੀ ਵਾਹਵਾ ਚਰਚਾ ਚੱਲੀ। ਕਿਹਾ ਗਿਆ ਹੈ ਕਿ ਇਨ੍ਹਾਂ ਚਿੱਠੀਆਂ ਵਿਚ ਪੈਸਿਆਂ ਦੀ ਮੰਗ ਕੀਤੀ ਗਈ ਸੀ। ਕੁਝ ਜੁਝਾਰੂ ਜਥੇਬੰਦੀਆਂ ਨੇ ਜਥੇਬੰਦਕ ਤੌਰ 'ਤੇ ਇਨ੍ਹਾਂ ਰਿਪੋਰਟਾਂ ਦਾ ਡਟ ਕੇ ਖੰਡਨ ਵੀ ਕੀਤਾ, ਧਰਨੇ ਮਾਰੇ, ਵਿਖਾਵੇ ਕੀਤੇ ਅਤੇ ਸਬੰਧਤ ਅਧਿਕਾਰੀਆਂ ਨੂੰ ਵੀ ਜਾ ਘੇਰਿਆ। ਫਿਰ ਵੀ ਪੁਲਿਸ ਮੁਖੀ ਦਾ ਬਿਆਨ ਨਸ਼ਰ ਹੋਣ ਨਾਲ ਇਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਇਕ ਵਾਰ ਫਿਰ ਪੁਲਿਸ ਸੂਬੇ ਵਿਚ ਡੰਡਾ ਫੇਰਨ ਦੀ ਤਿਆਰੀ ਕਰੀ ਬੈਠੀ ਹੈ।

ਪੁਲਿਸ ਮੁਖੀ ਦੇ ਬਿਆਨ ਨੂੰ ਜੇ ਪਿਛਲੀ ਵਾਰ ਪੰਜਾਬ ਵਿਧਾਨ ਸਭਾ ਵਿਚ ਪੇਸ਼ ਚਾਰ 'ਸੁਰੱਖਿਆ ਬਿਲਾਂ' ਦੀ ਅੱਖ ਵਿਚੋਂ ਦੇਖੀਏ ਤਾਂ ਸਮੁੱਚੇ ਹਾਲਾਤ ਨੂੰ ਸਹੀ ਪ੍ਰਸੰਗ ਵਿਚ ਦੇਖਣ ਵਿਚ ਮੱਦਦ ਹੋ ਸਕਦੀ ਹੈ। ਇਹ ਚਾਰ ਬਿਲ (ਪੰਜਾਬ ਜਨਤਕ ਤੇ ਨਿਜੀ ਸੰਪਤੀ ਦੇ ਨੁਕਸਾਨ 'ਤੇ ਰੋਕ ਬਾਰੇ ਬਿਲ, ਪੰਜਾਬ ਸਪੈਸ਼ਲ ਸਕਿਉਰਿਟੀ ਗਰੁੱਪ ਬਿਲ, ਇੰਡੀਅਨ ਪੀਨਲ ਕੋਡ-ਪੰਜਾਬ ਦੂਸਰੀ ਸੋਧ ਬਿਲ ਅਤੇ ਦਾ ਕੋਡ ਆਫ਼ ਕ੍ਰਿਮੀਨਲ ਪ੍ਰੋਸੀਜ਼ਰ-ਦੂਸਰੀ ਸੋਧ ਬਿਲ) ਜਮਹੂਰੀ ਤਾਣੇ-ਬਾਣੇ ਲਈ ਇਕ ਤਰ੍ਹਾਂ ਨਾਲ ਵੰਗਾਰ ਹੀ ਹਨ। ਇਹ ਬਿਲ ਵਿਧਾਨ ਸਭ ਵਿਚ ਬਾਕਾਇਦਾ ਪਾਸ ਹੋ ਚੁੱਕੇ ਹਨ ਅਤੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤੁਰੰਤ ਬਾਅਦ ਲਾਗੂ ਹੋ ਜਾਣਗੇ। ਮਾੜੀ ਗੱਲ ਇਹ ਹੋਈ ਹੈ ਕਿ ਇਨ੍ਹਾਂ ਘਾਤਕ ਬਿਲਾਂ ਦਾ ਜਿੰਨਾ ਵਿਰੋਧ ਹੋਣਾ ਚਾਹੀਦਾ ਹੈ, ਹੋਇਆ ਨਹੀਂ। ਅੱਜ ਅਸੀਂ ਜਿਸ ਸਮਾਜ ਦਾ ਹਿੱਸਾ ਹਾਂ, ਉਸ ਵਿਚੋਂ ਜਮਹੂਰੀਅਤ ਨੂੰ ਇੰਜ ਹੱਥਾਂ ਵਿਚ ਗੰਡਾਸੀਆਂ ਫੜ ਕੇ ਖਾਰਜ ਕਰਨਾ ਹੁਣ ਦੇ ਵਕਤਾਂ ਲਈ ਹੀ ਨਹੀਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਖ਼ਤਰਨਾਕ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਨੇ ਵੀ ਇਨ੍ਹਾਂ ਬਿਲਾਂ ਦਾ ਕੋਈ ਖਾਸ ਨੋਟਿਸ ਨਹੀਂ ਲਿਆ। ਸਪਸ਼ਟ ਹੈ ਕਿ ਸੱਤਾ ਦੇ ਅੰਦਰ ਅਤੇ ਸੱਤਾ ਤੋਂ ਬਾਹਰ ਪਾਰਟੀਆਂ ਵਿਚ ਅਜਿਹੇ ਫ਼ੈਸਲਿਆਂ ਬਾਰੇ ਆਮ ਸਹਿਮਤੀ ਹੀ ਹੈ। ਇਹ ਧਿਰਾਂ ਉਂਜ ਵੀ ਮੂਲ ਰੂਪ ਵਿਚ ਤਾਕਤਾਂ ਦੇ ਕੇਂਦਰੀਕਰਨ ਦੇ ਹੱਕ ਵਿਚ ਭੁਗਤਦੀਆਂ ਰਹੀਆਂ ਹਨ।

ਪਹਿਲੇ ਬਿਲ ਦਾ ਮਕਸਦ ਦੱਸਿਆ ਗਿਆ ਹੈ ਕਿ ਸੂਬੇ ਵਿਚ ਹੋਏ ਹਿੰਸਕ ਵਿਖਾਵਿਆਂ, ਅੰਦੋਲਨਾਂ ਅਤੇ ਜਨਤਕ ਅਤੇ ਪ੍ਰਾਈਵੇਟ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਰੋਕਣ ਲਈ ਇਹ ਬਿਲ ਜ਼ਰੂਰੀ ਹੈ। ਨਤੀਜਨ ਇਸ ਬਿਲ ਰਾਹੀਂ ਸੰਘਰਸ਼ ਵਿਚ ਪਏ ਬੰਦੇ ਨੂੰ ਸਹਿਜੇ ਹੀ ਗੁੰਡਾ ਸਾਬਤ ਕੀਤਾ ਜਾ ਸਕਦਾ ਹੈ ਅਤੇ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਦੂਜੇ ਬਿਲ ਦਾ ਉਦੇਸ਼ ਦੱਸਿਆ ਗਿਆ ਹੈ ਕਿ ਖਾੜਕੂ ਤੇ ਨਕਸਲੀ ਸਰਗਰਮੀਆਂ ਨਾਲ ਨਜਿੱਠਣ ਅਤੇ ਜਿਹੜੇ ਵਿਅਕਤੀਆਂ ਨੂੰ ਧਮਕੀਆਂ ਮਿਲ ਰਹੀ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੁਰੱਖਿਆ ਮੁਹੱਈਆ ਕਰਨ ਲਈ ਵੱਖਰੀ ਹਥਿਆਰਬੰਦ ਦਸਤਿਆਂ ਦੀ ਲੋੜ ਹੈ। ਇਸ ਬਿਲ ਵਿਚ ਦੇਸ਼ ਧ੍ਰੋਹੀ ਦੀ ਜੋ ਪਰਿਭਾਸ਼ਾ ਦਿੱਤੀ ਗਈ ਹੈ, ਉਸ ਨਾਲ ਕਿਸੇ ਵੀ ਬੰਦੇ ਨੂੰ ਦੇਸ਼ ਧ੍ਰੋਹੀ ਸਾਬਤ ਕਰਨ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਤੀਜੇ ਅਤੇ ਚੌਥੇ ਬਿਲਾਂ ਰਾਹੀਂ ਪ੍ਰੈਸ ਉਤੇ ਸ਼ਿਕੰਜਾ ਕੱਸਣ ਦਾ ਬੰਨ੍ਹ-ਸੁਬ ਹੈ। ਇਹ ਬਿਲ ਅਜਿਹੇ ਰਾਜ ਪ੍ਰਬੰਧ ਵੱਲ ਇਸ਼ਾਰਾ ਮਾਤਰਾ ਹਨ ਜਿਸ ਦਾ ਭਿਅੰਕਰ ਰੂਪ ਸੂਬੇ ਦੇ ਲੋਕ ਪਹਿਲਾਂ ਦੇਖ ਚੁੱਕੇ ਹਨ ਅਤੇ ਬਹੁਤ ਭਾਰੀ ਖਾਮਿਆਜ਼ਾ ਵੀ ਭੁਗਤ ਚੁੱਕੇ ਹਨ। ਉਦੋਂ ਸੈਂਕੜੇ-ਹਜ਼ਾਰਾਂ ਨੌਜਵਾਨ ਖਪਾ ਦਿੱਤੇ ਗਏ ਸਨ ਜਿਨ੍ਹਾਂ ਬਾਰੇ ਅਜੇ ਤੱਕ ਭਾਫ਼ ਤੱਕ ਨਹੀਂ ਨਿਕਲੀ, ਜਿਨ੍ਹਾਂ ਨੂੰ ਮਾਪੇ ਅਜੇ ਤੱਕ ਵੀ ਉਡੀਕ ਰਹੇ ਹਨ।

ਪੰਜਾਬ ਦੇਸ਼ ਦੇ ਉਨ੍ਹਾਂ ਤਿੰਨ ਸੂਬਿਆਂ ਵਿਚੋਂ ਇਕ ਹੈ ਜਿਥੇ ਸਿਆਸੀ ਅਤੇ ਸਮਾਜਕ-ਆਰਥਿਕ ਸਰਗਰਮੀ ਮੁਕਾਬਲਤਨ ਵੱਧ ਰਹਿੰਦੀ ਹੈ। ਇਸ ਤ੍ਰੈਲੜੀ ਦੇ ਦੂਜੇ ਸੂਬੇ ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਹਨ। ਇਤਿਹਾਸ ਗਵਾਹ ਰਿਹਾ ਹੈ ਕਿ ਇਨ੍ਹਾਂ ਤਿੰਨਾਂ ਸੂਬਿਆਂ ਨੇ ਵੱਖ ਵੱਖ ਸਮੇਂ ਚੱਲੀਆਂ ਲਹਿਰਾਂ ਅਤੇ ਅੰਦੋਲਨਾਂ ਨੂੰ ਭਰਪੂਰ ਹੁੰਗਾਰਾ ਭਰਿਆ ਹੈ। ਬਸ ਇਹੀ ਇਕ ਕਾਰਨ ਹੈ ਕਿ ਕੇਂਦਰੀ ਅਤੇ ਸੂਬਾਈ ਹਾਕਮਾਂ ਦੀ ਚੈਨ ਉਖੜਦੀ ਰਹਿੰਦੀ ਹੈ ਅਤੇ ਇਹ ਆਏ ਦਿਨ ਇਨ੍ਹਾਂ ਸੂਬਿਆਂ ਦੇ ਲੋਕਾਂ ਨੂੰ ਡੱਕਣ ਲਈ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ। ਕੇਂਦਰੀ ਅਤੇ ਸੂਬਾਈ ਪ੍ਰਬੰਧਾਂ ਉਤੇ ਜੇ ਉਡਦੀ ਨਿਗਾਹ ਵੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਮਹੂਰੀਅਤ ਦਾ ਕਿੰਨੇ ਵੱਡੇ ਪੱਧਰ 'ਤੇ ਘਾਣ ਹੋ ਰਿਹਾ ਹੈ! ਅਜਿਹਾ ਤਾਕਤਾਂ ਦੇ ਕੇਂਦਰੀਕਰਨ ਕਰਕੇ ਹੋ ਰਿਹਾ ਹੈ ਜਿਸ ਬਾਰੇ ਚਰਚਾ ਉਪਰ ਵੀ ਕੀਤੀ ਗਈ ਹੈ। ਕੇਂਦਰ ਸਰਕਾਰ ਦੇ ਕੇਂਦਰੀਕਰਨ ਬਾਰੇ ਤਾਂ ਕਿਸੇ ਨੂੰ ਕੋਈ ਭਰਮ-ਭੁਲੇਖ ਹੋਣਾ ਨਹੀਂ ਚਾਹੀਦਾ, ਜੇ ਸੂਬਾ ਪੱਧਰ 'ਤੇ ਦੇਖੀਏ ਤਾਂ ਹਾਲਾਤ ਉਸ ਤੋਂ ਵੀ ਤਰਸਯੋਗ ਜਾਪਦੇ ਹਨ। ਸੱਤਾਧਾਰੀ ਅਕਾਲੀ ਦਲ ਦਾ ਪਿਛਲੇ ਸਾਲਾਂ ਦੌਰਾਨ ਜੋ ਕੇਂਦਰੀਕਰਨ ਹੋਇਆ ਹੈ, ਸੂਬੇ ਦੇ ਰਾਜ ਪ੍ਰਬੰਧ ਉਤੇ ਵੀ ਹੁਣ ਉਹੀ ਖ਼ਤਰਾ ਮੰਡਰਾ ਰਿਹਾ ਹੈ। ਇਹ ਚਾਰੇ ਬਿਲ ਇਸੇ ਪਾਸੇ ਹੀ ਮੁਢਲੇ ਕਦਮ ਹਨ। ਸੂਬੇ ਦੇ ਸੂਝਵਾਨ ਲੋਕਾਂ ਅਤੇ ਵੱਖ ਵੱਖ ਖੇਤਰਾਂ ਵਿਚ ਸਰਗਰਮ ਜਮਹੂਰੀ ਤਾਕਤਾਂ ਲਈ ਹੁਣ ਪਰਖ ਦੀਆਂ ਘੜੀਆਂ ਹਨ। ਜਮਹੂਰੀਅਤ ਦੀ ਰਾਖੀ ਇਨ੍ਹਾਂ ਤਾਕਤਾਂ ਦੇ ਏਕੇ ਨਾਲ ਹੀ ਸੰਭਵ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਿਜਨਸ ਬਾਬਿਆਂ ਦਾ!*

ਖਿੱਚ ਸੰਗਤਾਂ ਤਾਈਂ ਇਹ ਪਾਈ ਜਾਂਦੇ, ਚਿੱਟੇ ਚੋਲੇ ਤੇ ਗੋਗੜਾ ਵੱਡੀਆਂ ਜੀ।
ਇਕ ਜਾਂਦਾ ਝੱਟ ਦੂਸਰਾ ਆਣ ਬਹਿੰਦਾ, ਜਿੱਦਾਂ ਔਣ ਸਟੇਸ਼ਨ 'ਤੇ ਗੱਡੀਆਂ ਜੀ।
'ਕੱਤੀ ਰਾਗਾਂ 'ਚੋਂ ਇਕ ਨਾ ਗਾਉਣ ਜੋਗੇ, ਬੱਸ ਧਾਰਨਾ ਸਿੱਧੀਆਂ ਛੱਡੀਆਂ ਜੀ।
ਕਿਰਤੀ ਸਿੱਖਾਂ ਦੀ ਦੇਖ ਕੇ ਲੁੱਟ ਹੁੰਦੀ, ਅਕਲਾਂ ਵਾਲਿਆਂ ਅੱਖੀਆਂ ਟੱਡੀਆਂ ਜੀ।
ਰੰਦਾ ਚੱਲਣਾ ਮਿਹਨਤ ਦੀ ਪਿੱਠ ਉਤੇ, ਉਸ ਨੇ ਵਿਹਲੜਾਂ ਹੱਥੋਂ ਇਉਂ ਰੱਦ ਹੋਣਾ।
ਲਿਖਤਾਂ ਲਿਖੀ ਜਾਹ ਭਾਵੇਂ 'ਮਝੈਲ ਸਿੰਘਾ', ਬਿਜਨਸ ਬਾਬਿਆਂ ਵਾਲਾ ਨਹੀਂ ਬੰਦ ਹੋਣਾ।

# ਪੰਜਾਬ ਵਿਚ ਯੂਰੇਨੀਅਮ ਬਾਰੇ ਤੌਖ਼ਲੇ ਤੇ ਤੱਥ

**ਡਾ. ਚਰਨਜੀਤ ਸਿੰਘ ਨਾਭਾ**

ਸੱਤ-ਅੱਠ ਸਾਲ ਪਹਿਲਾਂ ਜਦੋਂ ਪੰਜਾਬ ਦੇ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਦੇ ਪਾਣੀ ਵਿਚ ਯੂਰੇਨੀਅਮ ਦੀ ਮੌਜੂਦਗੀ ਬਾਰੇ ਘੁਸਰ-ਮੁਸਰ ਹੋਣੀ ਸ਼ੁਰੂ ਹੋਈ ਤਾਂ ਰਸਾਇਣ ਵਿਗਿਆਨੀ ਹੋਣ ਕਾਰਨ ਇਸ ਦੇ ਪ੍ਰਭਾਵਾਂ ਬਾਰੇ ਸੋਚਣਾ ਸੁਭਾਵਿਕ ਸੀ ਕਿਉਂਕਿ ਦੂਜੀ ਸੰਸਾਰ ਜੰਗ ਦੌਰਾਨ ਅਮਰੀਕਾ ਨੇ ਜਦੋਂ ਯੂਰੇਨੀਅਮ-235 ਦੇ 7 ਕਿੱਲੋ ਵਜ਼ਨ ਵਾਲਾ 'ਲਿਟਲ ਬੁਆਏ' ਹੀਰੋਸ਼ੀਮਾ ਦੀ ਧਰਤੀ 'ਤੇ ਸੁੱਟਿਆ ਤਾਂ ਸਮੁੱਚਾ ਸੰਸਾਰ ਕੰਬ ਉਠਿਆ ਸੀ। ਨਾਗਾਸਾਕੀ 'ਤੇ ਗਿਰਾਇਆ ਗਿਆ 'ਫੈਟਮੈਨ' ਪਲੂਟੋਨੀਅਮ 'ਤੇ ਆਧਾਰਤ ਸੀ। ਇਨ੍ਹਾਂ ਬੰਬਾਂ ਨਾਲ 75,000 ਜਾਪਾਨੀ ਮਾਰੇ ਗਏ ਸਨ ਅਤੇ ਅੱਜ ਵੀ ਜੈਨੇਟਿਕ (ਗੁਣ-ਸੂਤਰੀ) ਬਦਲਾਅ ਵਾਲੇ ਬੱਚੇ ਦੀ ਪੈਦਾ ਹੋ ਰਹੇ ਹਨ।

ਕੈਂਸਰ ਦੀ ਮਾਰ ਹੇਠ ਹੋਣ ਕਾਰਨ ਬਠਿੰਡਾ ਖੇਤਰ ਦਾ ਜ਼ਿਕਰ ਕੌਮੀ ਪੱਧਰ 'ਤੇ ਵਾਰ ਵਾਰ ਆਉਂਦਾ ਹੈ ਪਰ ਇਸ ਮਸਲੇ ਦੀਆਂ ਜੜ੍ਹਾਂ ਫਰੋਲਣ ਲਈ ਕੋਈ ਸਰਕਾਰੀ, ਗ਼ੈਰ-ਸਰਕਾਰੀ ਉਪਰਾਲਾ ਨਹੀਂ ਹੋ ਰਿਹਾ। ਸਿੰਜਾਈ ਅਤੇ ਊਰਜਾ ਵਿਭਾਗ ਦੇ ਸਾਬਕਾ ਚੀਫ਼ ਇੰਜੀਨੀਅਰ ਡਾ. ਜੀ. ਐਸ. ਢਿੱਲੋਂ ਨੇ 5 ਮਈ 2005 ਨੂੰ ਉਸ ਸਮੇਂ ਦੇ ਮੁੱਖ ਸਕੱਤਰ ਪੰਜਾਬ ਨੂੰ ਲਿਖੇ ਪੱਤਰ ਵਿਚ ਦੱਸਿਆ ਕਿ ਬਠਿੰਡਾ ਦੇ ਤਾਪ-ਬਿਜਲੀ ਘਰਾਂ ਤੋਂ ਪੈਦਾ ਹੋਈ ਰਾਖ ਵਿਚੋਂ ਯੂਰੇਨੀਅਮ ਵਰਗੀ ਮਾਰੂ ਧਾਤ ਇਸ ਤਾਪ-ਬਿਜਲੀ ਘਰ ਦੇ ਆਲੇ-ਦੁਆਲੇ ਦੇ ਜ਼ਮੀਨਦੋਜ਼ ਪਾਣੀ ਨੂੰ ਦੂਸ਼ਿਤ ਕਰ ਰਹੀ ਹੈ। ਇਸ ਖੇਤਰ ਦੇ 22 ਪਿੰਡਾਂ ਦੇ ਪਾਣੀਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਦੇ ਪ੍ਰੋ. ਸੁਰਿੰਦਰ ਸਿੰਘ ਨੇ ਯੂਰੇਨੀਅਮ ਦੀ ਇਨ੍ਹਾਂ ਪਾਣੀਆਂ ਵਿਚ ਮੌਜੂਦਗੀ ਨੂੰ ਵਿਗਿਆਨਕ ਤੌਰ 'ਤੇ ਸਿੱਧ ਕੀਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫ਼ਰੀਦਕੋਟ ਦੁਆਰਾ ਕਰਵਾਏ ਗਏ ਵੱਖ-ਵੱਖ ਸੈਮੀਨਾਰਾਂ ਵਿਚ ਹਾਜ਼ਰ ਹੋਰ ਵਿਦਵਾਨਾਂ ਤੋਂ ਇਲਾਵਾ ਮੁੱਖ ਸ਼ਖ਼ਸੀਅਤਾਂ ਜਿਨ੍ਹਾਂ ਵਿਚ ਉਸ ਵੇਲੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਵਿਜੇਂਦਰ ਜੈਨ, ਸਾਬਕਾ ਜਲ ਸੈਨਾ ਮੁਖੀ ਵਿਸ਼ਨੂੰ ਭਾਗਵਤ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ. ਐਸ. ਗਿੱਲ, ਕੇਂਦਰੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜੈ ਰੂਪ ਸਿੰਘ, ਕੌਮਾਂਤਰੀ ਕੇਂਦਰੀ ਵਿਗਿਆਨੀ ਡਾ. ਦਲਜੀਤ ਸਿੰਘ, ਕੋਲੀਸ਼ਨ ਫਾਰ ਨਿਊਕਲੀਅਰ ਡਿਸਆਰਮਾਮੈਂਟ ਐਂਡ ਪੀਸ ਦੇ ਕਨਵੀਨਰ ਪ੍ਰੋ. ਅਚਿਨ ਵਿਨਾਇਕ, ਗਰੀਨ ਪੀਸ ਦੀ ਵਿਨੀਤਾ ਗੋਪਾਲ, ਨਾਮਵਰ ਰੇਡੀਓ ਥੈਰਾਪਿਸਟ ਡਾ. ਐਮ. ਕੇ. ਮਹਾਜਨ ਅਤੇ ਸੀਨੀਅਰ ਜਰਨਲਿਸਟ ਪ੍ਰਫੁੱਲ ਬਿਦਵਈ ਆਦਿ ਸ਼ਾਮਿਲ ਸਨ, ਦੁਆਰਾ ਇਨ੍ਹਾਂ ਸੈਮੀਨਾਰਾਂ ਵਿਚ ਇਕੋ ਹੀ ਰਾਇ ਰੱਖੀ ਗਈ ਕਿ ਅਮਰੀਕਾ ਵਲੋਂ ਇਰਾਕ, ਅਫ਼ਗਾਨਿਸਤਾਨ, ਕਸੋਵੋ ਅਤੇ ਬੋਸਨੀਆ ਨਾਲ ਹੋਈਆਂ ਜੰਗਾਂ 'ਚ ਦੋ ਦਹਾਕਿਆਂ ਦੌਰਾਨ ਵਰਤੇ ਯੂਰੇਨੀਅਮ ਹੈਡ (ਨਿਊਕਲੀਅਰ) ਹਥਿਆਰਾਂ ਦੀ ਵਰਤੋਂ ਕਾਰਨ ਇਹ ਵਾਤਾਵਰਨ ਵਿਚ ਘੁਲਿਆ ਹੈ। ਖਡੂਰ ਸਾਹਿਬ ਵਿਖੇ ਪੰਜਾਬ ਸਰਕਾਰ ਦੀ ਸਰਪ੍ਰਸਤੀ ਵਿਚ ਕਰਵਾਏ ਗਏ ਸੈਮੀਨਾਰ ਵਿਚ ਇਕ ਡਾਕਟਰ ਬੀਬੀ ਨੇ ਭਾਵੁਕ ਪਰਚਾ ਪੜ੍ਹਦੇ ਹੋਏ ਕਿਹਾ ਕਿ ਪੰਜਾਬ ਦੇ ਉਦਯੋਗ ਬਿਨਾਂ ਰੋਕ-ਟੋਕ ਯੂਰੇਨੀਅਮ ਅਤੇ ਆਰਸੈਨਿਕ ਜਿਹੀਆਂ ਜ਼ਹਿਰੀਲੀਆਂ ਧਾਤਾਂ ਪੰਜਾਬ ਦੇ ਪਾਣੀਆਂ ਵਿਚ ਛੱਡ ਕੇ ਇਸ ਰੰਗਲੇ ਪੰਜਾਬ ਦੀ ਫ਼ਿਜ਼ਾ ਨੂੰ ਗੰਧਲਾ ਕਰ ਰਹੇ ਹਨ।

ਤਹਿਲਕਾ ਉਸ ਵਕਤ ਮਚਿਆ ਜਦੋਂ ਮਾਰਚ 2009 ਵਿਚ ਬਾਬਾ ਫ਼ਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ, ਫ਼ਰੀਦਕੋਟ ਵਿਚ ਰਹਿ ਰਹੇ 149 ਮੰਦਬੁੱਧੀ ਬੱਚਿਆਂ ਦੇ ਸਿਰ ਦੇ ਵਾਲਾਂ ਅਤੇ ਪਿਸ਼ਾਬ ਵਿਚ ਯੂਰੇਨੀਅਮ ਧਾਤ ਦੀ ਮੌਜੂਦਗੀ ਦੱਖਣੀ ਅਫਰੀਕੀ ਡਾ. ਕੈਰਿਨ ਸਮਿੱਟ ਨੇ ਜਰਮਨੀ ਦੀ ਮਾਈਕ੍ਰੋਟਰੈਸ ਮਿਨਰਲ ਪ੍ਰਯੋਗਸ਼ਾਲਾ ਤੋਂ ਟੈਸਟ ਕਰਵਾ ਕੇ ਸਾਬਤ ਕੀਤੀ।

ਇਨ੍ਹਾਂ ਟੈਸਟ ਨਤੀਜਿਆਂ ਨੇ ਪੰਜਾਬ ਸਰਕਾਰ, ਭਾਰਤ ਸਰਕਾਰ, ਪ੍ਰਮਾਣੂ ਊਰਜਾ ਵਿਭਾਗ, ਭਾਬਾ ਪ੍ਰਮਾਣੂ ਖੋਜ ਸੰਸਥਾ, ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਚਿੰਤਕਾਂ ਨੂੰ ਹਰਕਤ ਵਿਚ ਲਿਆਂਦਾ ਕਿ ਇਸ ਸਮੱਸਿਆ ਦੀ ਤਹਿ ਤੱਕ ਪੁੱਜਿਆ ਜਾਵੇ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਸਿਰਜਣ ਲਈ ਤੱਥ, ਖੋਜਾਂ ਅਤੇ ਅੰਕੜੇ ਇਕੱਠੇ ਕੀਤੇ ਜਾਣ। ਪੰਜਾਬ ਸਰਕਾਰ ਨੇ ਇਸ ਧਾਤ ਦੇ ਮਾਰੂ ਪ੍ਰਭਾਵਾਂ ਨੂੰ ਜਾਣਨ ਲਈ ਸਿਹਤ ਵਿਭਾਗ ਦੀ ਅਗਵਾਈ ਵਿਚ ਵੱਖ-ਵੱਖ ਵਿਭਾਗਾਂ ਦੇ ਮਾਹਿਰਾਂ ਦਾ ਕੋਰ-ਗਰੁਪ ਬਣਾਇਆ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਭੌਤਿਕ ਵਿਗਿਆਨ ਦੇ ਪ੍ਰੋ. ਦਵਿੰਦਰ ਮਹਿਤਾ ਨੇ ਇਸ ਸਮੱਸਿਆ ਬਾਰੇ ਸਖ਼ਤ ਸਟੈਂਡ ਲੈਂਦਿਆਂ ਆਪਣਾ ਪੱਖ ਰੱਖਣਾ ਸ਼ੁਰੂ ਕੀਤਾ ਕਿ ਪੰਜਾਬ ਨੂੰ ਕਿਸੇ ਖਾਸ ਸਾਜ਼ਿਸ਼ ਤਹਿਤ ਕੈਂਸਰ ਅਤੇ ਮੰਦਬੁੱਧੀਆਂ ਦਾ ਰਾਜ ਦੱਸਿਆ ਜਾ ਰਿਹਾ ਹੈ। ਉਨ੍ਹਾਂ ਇਨ੍ਹਾਂ ਕਾਰਨਾਂ ਕਰਕੇ ਮਾਲਵੇ ਦੇ ਪਿੰਡਾਂ ਦੇ ਹੋ ਰਹੇ ਸਮਾਜਿਕ ਬਾਈਕਾਟ ਅਤੇ ਸ਼ੋਸ਼ਣ ਖ਼ਤਮ ਕਰਵਾਉਣ ਲਈ ਉਸ ਖ਼ਿੱਤੇ ਦੇ ਪਾਣੀਆਂ ਦਾ ਡੂੰਘਾ ਵਿਸ਼ਲੇਸ਼ਣ ਕਰਕੇ ਵਿਗਿਆਨਕ ਤਰਕ ਦੇ ਕੇ ਮੁਹਿੰਮ ਵਿੱਢਣ ਦੀ ਪਹਿਲ-ਕਦਮੀ ਕੀਤੀ ਅਤੇ ਉਸ ਖੇਤਰ ਦੇ ਪਾਣੀਆਂ ਦੇ ਨਮੂਨੇ ਵਿਸ਼ਲੇਸ਼ਣ ਕਰਕੇ ਵਿਗਿਆਨਕ ਤਰਕ ਉਸਾਰਨੇ ਸ਼ੁਰੂ ਕੀਤੇ।

ਇਨ੍ਹਾਂ ਤੌਖ਼ਲਿਆਂ ਦਾ ਕੋਈ ਵਿਗਿਆਨਕ ਆਧਾਰ ਨਜ਼ਰ ਨਹੀਂ ਸੀ ਆ ਰਿਹਾ। ਚਾਂਦੀ ਰੰਗੀ ਇਸ ਧਾਤ ਦੀ ਖੋਜ ਜਰਮਨ ਵਿਗਿਆਨੀ ਨੇ 1789 ਵਿਚ ਕੀਤੀ ਅਤੇ ਇਸ ਦਾ ਨਾਂ ਯੂਰੇਨਸ (ਅਰੁਣ) ਗ੍ਰਹਿ ਦੇ ਨਾਂ 'ਤੇ ਰੱਖਿਆ। ਇਸ ਧਾਤ ਦੇ ਰੇਡੀਓ ਐਕਟਿਵ ਗੁਣਾਂ ਬਾਰੇ 1896 ਵਿਚ ਐਂਟੋਨੀ ਬੈਕਰਲ ਨੇ ਦੱਸਿਆ ਕਿ ਇਹ ਤਿੰਨ ਵਿਘਟਨਾਂ ਦੇ ਰੂਪ ਵਿਚ ਯੂਰੇਨੀਅਮ ਮੌਜੂਦ ਹੈ। ਇਸ ਧਾਤ ਦਾ ਪਿਘਲਾਓ ਅਤੇ ਉਬਾਲ ਦਰਜਾ ਬਹੁਤ ਉਚਾ ਹੈ ਜਦਕਿ ਇਸ ਦੇ ਕਾਰਬਨਿਕ ਅਤੇ ਅਕਾਰਬਨਿਕ ਯੋਗਿਕਾਂ ਦਾ ਉਬਾਲ ਦਰਜਾ ਬਹੁਤ ਘੱਟ ਹੁੰਦਾ ਹੈ। ਇਹ ਧਾਤ ਪਾਣੀ ਵਿਚ ਘੁਲਣਯੋਗ ਨਹੀਂ ਹੈ ਪਰ ਇਸ ਦੇ ਕਈ ਅਕਾਰਬਨਿਕ ਅਤੇ ਕਾਰਬਨਿਕ ਯੋਗਿਕ ਪਾਣੀ ਵਿਚ ਘੁਲਣਸ਼ੀਲ ਹਨ। ਇਸ ਧਾਤ ਦੀ ਮੌਜੂਦਗੀ ਸਮੁੱਚੇ ਸੰਸਾਰ ਦੀ ਮਿੱਟੀ ਦੀ ਸਤਹ 'ਤੇ ਥੋੜ੍ਹੀ ਜਾਂ ਬਹੁਤੀ ਮਾਤਰਾ ਵਿਚ ਜ਼ਰੂਰ ਹੈ। ਇਸੇ ਕਾਰਨ ਅਮਰੀਕੀ ਵਾਤਾਵਰਨ ਸੁਰੱਖਿਆ ਏਜੰਸੀ ਨੇ ਪੀਣਯੋਗ ਪਾਣੀ ਵਿਚ ਇਸ ਦੀ ਮਾਤਰਾ 30ਮਾ./ਲੀਟਰ, ਭਾਰਤੀ ਪ੍ਰਮਾਣੂ ਰੈਗੂਲੇਟਰੀ ਬੋਰਡ ਨੇ 60ਮਾ./ਲੀਟਰ ਅਤੇ ਸੰਸਾਰ ਸਿਹਤ ਸੰਸਥਾ ਨੇ 15 ਮਾ./ਲੀਟਰ ਨਿਰਧਾਰਿਤ ਕੀਤੀ ਹੈ।

ਯੂਰੇਨੀਅਮ ਦੀ ਮਨੁੱਖ ਵਿਚ ਮੌਜੂਦਗੀ ਦੇ ਵੱਡੇ ਕਾਰਨ ਪੀਣਯੋਗ ਪਾਣੀ ਤੋਂ ਇਲਾਵਾ ਸਿਗਰਟਨੋਸ਼ੀ ਵੀ ਹੈ। ਦੋ ਪੈਕਟ ਰੋਜ਼ਾਨਾ ਸਿਗਰਟ ਪੀਣ ਵਾਲੇ ਦੇ ਖ਼ੂਨ ਵਿਚ ਇਨ੍ਹਾਂ ਸਿਗਰਟਾਂ ਦੇ ਧੂੰਏ ਨਾਲ 50 ਨੈਨੋਗ੍ਰਾਮ ਤੱਕ ਯੂਰੇਨੀਅਮ ਚਲਾ ਜਾਂਦਾ ਹੈ। ਹਵਾ ਅਤੇ ਪਾਣੀਆਂ ਵਿਚ ਇਸ ਦੀ ਮੌਜੂਦਗੀ ਸੰਸਾਰ ਦੇ ਮੁੱਖ ਦੇਸ਼ਾਂ ਅਤੇ ਸ਼ਹਿਰਾਂ ਵਿਚ ਆਮ ਹੈ। ਕੈਨੇਡਾ, ਅਮਰੀਕਾ, ਆਸਟ੍ਰੇਲੀਆ ਫਿਨਲੈਂਡ ਅਤੇ ਮੈਕਸੀਕੋ ਦੇ ਪੀਣਯੋਗ ਪਾਣੀ ਵਿਚ ਇਸ ਧਾਤ ਦੀ ਮਾਤਰਾ ਨਿਰਧਾਰਿਤ ਹੱਦਾਂ ਤੋਂ ਕਿਤੇ ਜ਼ਿਆਦਾ ਦੇਖੀ ਗਈ ਹੈ ਜਿਸ ਨੂੰ ਲੋਕ ਲੰਬੇ ਅਰਸੇ ਤੋਂ ਪੀਂਦੇ ਆ ਰਹੇ ਹਨ ਪਰ ਕੋਈ ਨੁਕਸਾਨ ਦੇਖਣ ਨੂੰ ਨਹੀਂ ਮਿਲਿਆ। ਪੰਜਾਬ ਦੇ ਮਾਲਵਾ ਖ਼ਿੱਤੇ ਦੇ 8 ਜ਼ਿਲ੍ਹਿਆਂ ਦੇ ਪਾਣੀਆਂ ਵਿਚ ਥੋੜ੍ਹੀ-ਬਹੁਤੀ ਮਾਤਰਾ ਵਿਚ ਯੂਰੇਨੀਅਮ ਮੌਜੂਦ ਹੈ। ਪੰਜਾਬ ਵਿਚਲੇ ਤਿੰਨ ਤਾਪ ਬਿਜਲੀ ਘਰਾਂ ਦੇ ਕੋਲੇ, ਫਲਾਈਐਸ਼ ਅਤੇ ਲਾਗਲੇ ਇਲਾਕੇ ਦੇ ਪਾਣੀਆਂ ਵਿਚ ਯੂਰੇਨੀਅਮ ਦੀ ਮਾਤਰਾ ਦਾ ਵਿਸ਼ਲੇਸ਼ਣ ਪੰਜਾਬ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਦੁਆਰਾ ਕੀਤਾ ਗਿਆ। ਰੋਪੜ ਦੇ ਥਰਮਲ ਪਲਾਂਟ ਦੇ ਫਲਾਈਐਸ਼ ਟੈਂਕਾਂ ਦੇ ਲਾਗੇ ਪਾਣੀ ਵਿਚ ਕਿਤੇ ਯੂਰੇਨੀਅਮ ਨਹੀਂ ਮਿਲਿਆ। ਇਸੇ ਤਰ੍ਹਾਂ ਬਠਿੰਡਾ ਅਤੇ ਲਹਿਰਾ ਮੁਹੱਬਤ ਦੇ ਆਲੇ ਦੁਆਲਿਓਂ 40 ਕਿਲੋਮੀਟਰ ਅਰਧ ਵਿਆਸ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਵਿਚੋਂ ਯੂਰੇਨੀਅਮ ਦੀ ਮਾਤਰਾ ਲਗਭਗ ਬਰਾਬਰ ਜਿਹੀ ਹੀ ਵਿਸ਼ਲੇਸ਼ਿਤ ਕੀਤੀ ਗਈ ਹੈ। ਥਰਮਲ ਪਲਾਂਟਾਂ ਦੇ ਆਲੇ-ਦੁਆਲੇ ਕਿਤੇ ਵੀ ਹੈਰਾਨੀਜਨਕ ਮਾਤਰਾ ਵਿਚ ਯੂਰੇਨੀਅਮ ਨਹੀਂ ਮਿਲਿਆ ਜਿਸ ਤੋਂ ਸਿੱਧ ਹੋ ਸਕੇ ਕਿ ਇਹ ਤਾਪ ਬਿਜਲੀ ਘਰਾਂ ਦੀ ਰਾਖ ਤੋਂ ਰਿਸਾਓ ਕਾਰਨ ਹੈ। ਉਂਜ ਵੀ 1974 ਤੋਂ ਲਗਾਤਾਰ ਇਕੱਠੀ ਹੋ ਰਹੀ ਗਿੱਲੀ ਰਾਖ ਵਿਚ ਸੀਮਿੰਟ ਦੇ ਗੁਣ ਹੋਣ ਕਾਰਨ ਇਹ ਚੱਟਾਨ ਦਾ ਰੂਪ ਧਾਰਨ ਕਰ ਚੁੱਕੀ ਹੈ ਜਿਸ ਵਿਚੋਂ ਰਿਸਾਓ ਅਸੰਭਵ ਹੈ। ਸੀਮਿੰਟ ਦੇ ਗੁਣਾਂ ਕਾਰਨ ਇਹ ਰਾਖ ਹੁਣ ਸੀਮਿੰਟ ਬਣਾਉਣ ਲਈ ਵਰਤੀ ਜਾ ਰਹੀ ਹੈ।

ਉਂਜ ਵੀ ਜੇ ਮੰਨ ਲਿਆ ਜਾਵੇ ਕਿ ਇਸ ਰਾਖ ਵਿਚ ਯੂਰੇਨੀਅਮ ਦੀ ਮਾਤਰਾ 1 ਪੀ.ਪੀ.ਐਮ. ਹੈ ਤਾਂ ਹੁਣ ਤੱਕ ਇਸ ਪਲਾਂਟ ਵਿਚ 450 ਮਿਲੀਅਨ ਟਨ ਕੋਲਾ ਫੂਕੇ ਜਾਣ ਤੋਂ ਬਾਅਦ ਪੈਦਾ ਹੋਈ ਸਾਰੀ ਰਾਖ ਨੂੰ ਇਕ ਖਾਸ ਪੀ.ਐਚ. 'ਤੇ ਜ਼ਮੀਨਦੋਜ਼ ਪਾਣੀ ਵਿਚ ਘੋਲ ਕੇ ਹੀ ਇਸ ਮਾਤਰਾ ਵਿਚ ਯੂਰੇਨੀਅਮ ਪਾਣੀ 'ਚ ਦਾਖ਼ਲ ਕੀਤਾ ਜਾ ਸਕਦਾ ਸੀ, ਜਿਸ ਮਾਤਰਾ ਵਿਚ ਹੁਣ ਮੌਜੂਦ ਹੈ। ਇਸ ਦਲੀਲ ਵਿਚ ਕੋਈ ਦਮ ਨਹੀਂ ਕਿ ਬਠਿੰਡਾ ਦੇ ਤਾਪ-ਬਿਜਲੀ ਘਰਾਂ ਦੀ ਰਾਖ ਕਾਰਨ ਇਥੇ ਭੂ-ਗਰਭੀ ਪਾਣੀ ਵਿਚ ਯੂਰੇਨੀਅਮ ਹੈ। ਇਨ੍ਹਾਂ ਪਾਣੀਆਂ ਵਿਚ ਤਾਂ 27 ਹੋਰ ਤੱਤ ਹਨ ਜਿਨ੍ਹਾਂ ਵਿਚ ਮੋਲੀਬਡੈਨਮ ਅਤੇ ਸਟਰੋਨਸ਼ੀਅਮ ਮੁੱਖ ਹਨ, ਜਿਨ੍ਹਾਂ ਦੀ ਮਾਤਰਾ ਯੂਰੇਨੀਅਮ ਤੋਂ ਵੀ ਜ਼ਿਆਦਾ ਹੈ।

ਪੰਜਾਬ ਦਾ ਕੋਈ ਵੀ ਉਦਯੋਗ ਯੂਰੇਨੀਅਮ ਜਾਂ ਆਰਗੈਨਿਕ ਦੀ ਵਰਤੋਂ ਨਹੀਂ ਕਰ ਰਿਹਾ ਜਿਥੋਂ ਅਜਿਹਾ ਧਾਤਯੁਕਤ ਪਾਣੀ ਜ਼ਮੀਨੀ ਪਾਣੀ ਦਾ ਹਿੱਸਾ ਬਣ ਸਕੇ। ਇਸੇ ਤਰ੍ਹਾਂ ਅਫ਼ਗਾਨਿਸਤਾਨ, ਇਰਾਕ 'ਤੇ ਹੋਈ ਅਮਰੀਕੀ ਬੰਬਾਰੀ ਤੋਂ ਬਾਅਦ ਹਵਾ ਦੀ ਧੂੜ ਰਾਹੀਂ ਪੂਰਾ ਪਾਕਿਸਤਾਨ ਪਾਰ ਕਰ ਕੇ ਬਠਿੰਡਾ ਤੇ ਫਰੀਦਕੋਟ ਵਿਚ ਯੂਰੇਨੀਅਮ ਦਾ ਪਹੁੰਚਣਾ ਅਤੇ ਧਰਤੀ ਹੇਠਲੇ ਪਾਣੀਆਂ ਦਾ ਹਿੱਸਾ ਬਣਨਾ ਤਰਕ ਵਿਹੂਣਾ ਹੈ।

ਯੂਰੇਨੀਅਮ ਦੀ ਮੌਜੂਦਗੀ ਦਾ ਵੱਡਾ ਕਾਰਨ ਟਿਥਿਸ ਸਮੁੰਦਰ ਦੀ ਕੁੱਖੋਂ ਹਿਮਾਲਿਆ ਪਰਬਤ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਸ ਖ਼ਾਰੇ ਸਮੁੰਦਰ ਦੀਆਂ ਚੱਟਾਨਾਂ ਉਪਰ ਧਰਤੀ ਦਾ ਹੋਂਦ ਵਿਚ ਆਉਣਾ ਹੈ। ਇਹੋ ਕਾਰਨ ਹੈ ਦੱਖਣ-ਪੱਛਮੀ ਪੰਜਾਬ ਅਤੇ ਇਸ ਦੇ ਦੁਆਲੇ ਦੇ ਖੇਤਰ ਵਿਚ ਲੂਣੇ ਪਾਣੀ ਦੀ ਮੌਜੂਦਗੀ ਕਾਰਨ ਸ਼ੋਰੇ ਵਾਲਾ ਜ਼ਮੀਨੀ ਖੇਤਰ ਹਨ। ਇਸ ਖੇਤਰ ਦੇ ਹੀ ਭੂ-ਜਲ ਦੀ ਸਤਹ ਦਾ ਉਪਰ ਆਉਣਾ ਜਦਕਿ ਬਾਕੀ ਮਾਲਵੇ ਵਿਚ ਭੂ-ਜਲ ਦੀ ਸਤਹ ਵਿਚ ਗਿਰਾਵਟ ਆ ਰਹੀ ਹੈ, ਇਸ ਦੇ ਭੂਗੋਲਿਕ ਕਾਰਨ ਹਨ ਅਤੇ ਚੱਟਾਨਾਂ ਵਿਚਲੇ ਯੂਰੇਨੀਅਮ ਦੇ ਯੋਗਿਕਾਂ ਦੀ ਭਾਫ਼ ਦਾ ਭੂ-ਜਲ ਵਿਚ ਘੁਲਣ ਕਾਰਨ ਹੀ ਇਨ੍ਹਾਂ ਪਾਣੀਆਂ ਵਿਚ ਇਸ ਮਾਤਰਾ ਵਿਚ ਯੂਰੇਨੀਅਮ ਮੌਜੂਦ ਹੈ ਪਰ ਫਿਰ ਵੀ ਭਾਬਾ ਪ੍ਰਮਾਣੂ ਖੋਜ ਸੰਸਥਾ ਅਨੁਸਾਰ ਇਸ ਖੇਤਰ ਦੇ ਪਾਣੀ ਅਤੇ ਮਿੱਟੀ ਵਿਚ ਮੌਜੂਦ ਯੂਰੇਨੀਅਮ ਦੀ ਰੇਡੀਓ ਐਕਟਿਵਿਟੀ ਇਸ ਧਾਤ ਦੀ ਕੌਮੀ ਪੱਧਰ ਦੀ ਰੇਡੀਓ ਐਕਟਿਵ ਦਰ ਤੋਂ ਕਿਤੇ ਘੱਟ ਅਤੇ ਸੁਰੱਖਿਅਤ ਹੈ।

ਇਨ੍ਹਾਂ ਤੱਥਾਂ ਤੋਂ ਇਹ ਤਾਂ ਸਿੱਧ ਹੋ ਗਿਆ ਹੈ ਕਿ ਦੱਖਣ-ਪੱਛਮੀ ਪੰਜਾਬ ਦੇ ਪਾਣੀਆਂ ਵਿਚ ਯੂਰੇਨੀਅਮ ਦੀ ਮੌਜੂਦਗੀ ਦਾ ਕਾਰਨ ਭੂਗੋਲਿਕ ਅਤੇ ਕੁਦਰਤੀ ਹੈ, ਨਾ ਕਿ ਮਨੁੱਖੀ ਜਾਂ ਉਦਯੋਗਿਕ। ਇਹ ਧਾਤ ਕਿਸੇ ਵੀ ਪੱਧਰ 'ਤੇ ਕੈਂਸਰ, ਮੰਦ-ਬੁੱਧੀ, ਲੂਲੇ-ਲੰਗੜਿਆਂ, ਗੂੰਗੇ-ਬੋਲਿਆਂ ਦੀ ਪੈਦਾਇਸ਼ ਲਈ ਜ਼ਿੰਮੇਵਾਰ ਨਹੀਂ। ਖੋਜਾਂ ਅਤੇ ਵਿਗਿਆਨਕ ਤੱਥਾਂ 'ਤੇ ਆਧਾਰਤ ਅਜਿਹਾ ਹੀ ਹਲਫ਼ਨਾਮਾ ਸਿਹਤ ਵਿਭਾਗ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੇਸ਼ ਕੀਤਾ ਗਿਆ ਹੈ ਅਤੇ ਇਨ੍ਹਾਂ ਹੀ ਅੰਕੜਿਆਂ 'ਤੇ ਆਧਾਰ 'ਤੇ ਹੀ ਲੋਕ ਸਭਾ ਵਿਚ ਇਕ ਪ੍ਰਸ਼ਨ ਦਾ ਜਵਾਬ ਦਿੱਤਾ ਗਿਆ ਹੈ।

ਕੈਂਸਰ ਦਾ ਵੱਡਾ ਕਾਰਨ ਸਾਡੀ ਜੀਵਨ ਸ਼ੈਲੀ ਵਿਚ ਵੱਡੇ ਬਦਲਾਅ ਦਾ ਆਉਣਾ ਹੈ ਪਰ ਫਿਰ ਵੀ ਪੰਜਾਬ ਦੇ ਕੈਂਸਰ ਦੀ ਦਰ ਕੌਮੀ ਦਰ ਤੋਂ ਘੱਟ ਹੈ। ਪੰਜਾਬ ਵਿਚ ਵੀ ਬਠਿੰਡਾ, ਫਰੀਦਕੋਟ ਅਤੇ ਮੁਕਤਸਰ ਦੀ ਕੈਂਸਰ ਦਰ ਚੰਡੀਗੜ੍ਹ, ਪੰਚਕੂਲਾ, ਬੀਕਾਨੇਰ, ਜੈਪੁਰ ਅਤੇ ਪਟਿਆਲਾ ਤੋਂ ਘੱਟ ਹੈ। ਹੁਣ ਸਮਾਂ ਆ ਗਿਆ ਹੈ ਕਿ ਵਿਗਿਆਨਕ ਭਾਈਚਾਰਾ ਸਿਰ ਜੋੜ ਬੈਠੇ ਅਤੇ ਸਮਾਜ ਵਿਗਿਆਨੀਆਂ ਦੁਆਰਾ ਕੀਤੇ ਜਾ ਰਹੇ ਗ਼ੈਰਵਿਗਿਆਨਕ ਪ੍ਰਚਾਰ ਦੀ ਕਾਟ ਲਈ ਵਿਗਿਆਨਕ ਖੋਜਾਂ ਅਤੇ ਅੰਕੜਿਆਂ ਨੂੰ ਸਬੂਤਾਂ ਸਹਿਤ ਲੋਕਾਂ ਵਿਚ ਰੱਖਣ ਦੀ ਆਦਤ ਪਾਵੇ। ਜਦੋਂ ਵਿਗਿਆਨਕ ਤੱਥ ਲੋਕ ਮਾਨਸਿਕਤਾ ਦਾ ਹਿੱਸਾ ਬਣਨਾ ਸ਼ੁਰੂ ਹੋ ਜਾਣਗੇ ਤਾਂ ਆਪਣੇ ਆਪ ਹੀ ਬਠਿੰਡਾ-ਮਾਨਸਾ ਜ਼ਿਲ੍ਹਿਆਂ ਦੇ ਪੇਂਡੂ ਵਸਨੀਕਾਂ 'ਤੇ ਲੱਗਿਆ ਕੈਂਸਰ ਦਾ ਧੱਬਾ ਫਿੱਕਾ ਪੈਣਾ ਸ਼ੁਰੂ ਹੋ ਜਾਵੇਗਾ। ਅੱਜ ਇਹ ਲੋਕ ਇਸ ਸਮਾਜਕ ਅਨਿਆਂ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ ਜਿਥੇ ਪੰਜਾਬ ਦਾ ਕੋਈ ਵੀ ਵਸਨੀਕ ਕੈਂਸਰ ਪੱਟੀ ਹੋਣ ਕਾਰਨ ਆਪਣਾ ਪੁੱਤ-ਧੀ ਵਿਆਹੁਣ ਨੂੰ ਤਿਆਰ ਨਹੀਂ। ਰਿਸ਼ਤੇਦਾਰ ਇਨ੍ਹਾਂ ਪਿੰਡਾਂ ਦਾ ਪਾਣੀ ਪੀਣ ਤੋਂ ਗੁਰੇਜ਼ ਕਰਦੇ ਹਨ। ਇਨ੍ਹਾਂ ਭੋਲੇ-ਭਾਲੇ ਬੇਕਸੂਰ ਪੇਂਡੂਆਂ ਨੂੰ ਸਮਾਜਕ ਤ੍ਰਾਸਦੀ ਵਿਚੋਂ ਕੱਢਣ ਲਈ ਸਮੁੱਚੇ ਵਿਗਿਆਨਕ ਭਾਈਚਾਰੇ ਨੂੰ ਧੜੱਲੇ ਨਾਲ ਇਨ੍ਹਾਂ ਲੋਕਾਂ ਦੀ ਬਾਂਹ ਫੜਨੀ ਪਵੇਗੀ।

# ਵਿਕਾਸ ਦੀਆਂ ਛਾਲਾਂ ਮਾਰ ਰਹੇ ਭਾਰਤ ਦੇ ਬਹੁਤੇ ਲੋਕ ਢਿੱਡੋਂ ਭੁੱਖੇ


**ਕਰਮ ਬਰਸਟ**

ਬੀਬੀ ਸੋਨੀਆ ਗਾਂਧੀ ਦੀ ਅਗਵਾਈ ਹੇਠਲੀ ਕੌਮੀ ਸਲਾਹਕਾਰ ਕੌਂਸਲ (ਨੈਕ) ਕਾਫ਼ੀ ਲੰਬੇ ਸਮੇਂ ਤੋਂ ਭਾਰਤ ਵਾਸੀਆਂ ਲਈ ਨਵੀਂ ਅਨਾਜ ਨੀਤੀ ਘੜਨ ਲਈ ਖੌਝਲ ਰਹੀ ਹੈ, ਲੇਕਿਨ ਇਸ ਕੌਂਸਲ ਦੀਆਂ ਬਹੁਤ ਸਾਰੀਆਂ ਮੀਟਿੰਗਾਂ ਦੇ ਬਾਵਜੂਦ ਗੱਲ ਕਿਸੇ ਸਿਰੇ ਨਹੀਂ ਲੱਗ ਰਹੀ। ਭੋਜਨ ਦੇ ਹੱਕ ਦੀ ਲੜਾਈ ਲੜ ਰਹੀਆਂ ਜਥੇਬੰਦੀਆਂ ਇਸ ਮਸਲੇ ਨੂੰ ਸੁਪਰੀਮ ਕੋਰਟ ਵਿਚ ਲਿਆ ਚੁੱਕੀਆਂ ਹਨ। ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਹਰ ਸਾਲ ਕਰੋੜਾਂ ਟਨ ਅਨਾਜ ਖੁੱਲ੍ਹੇ ਅਸਮਾਨ ਹੇਠਾਂ ਗਲ-ਸੜ੍ਹ ਜਾਂਦਾ ਹੈ। ਸੁਪਰੀਮ ਕੋਰਟ ਵੱਲੋਂ ਗਲ-ਸੜ੍ਹ ਰਹੇ ਅਨਾਜ ਦਾ ਗੰਭੀਰ ਨੋਟਿਸ ਲੈਣ ਮਗਰੋਂ ਕੇਂਦਰ ਸਰਕਾਰ ਨੂੰ ਹਲਫ਼ਨਾਮਾ ਦਾਖ਼ਲ ਕਰਨਾ ਪਿਆ ਕਿ ਦੇਸ਼ ਵਿਚ ਸਿਰਫ਼ 7,000 ਬੋਰੀਆਂ ਅਨਾਜ ਹੀ ਬਰਬਾਦ ਹੋਇਆ ਹੈ। ਦੂਜਾ ਇਹ ਕਿਹਾ ਕਿ ਸਿਰਫ਼ 1.77 ਕਰੋੜ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਦਾ ਅਰਥ ਹੈ ਕਿ ਪੰਜ-ਮੈਂਬਰੀ ਪਰਿਵਾਰ ਦੇ ਹਿਸਾਬ ਨਾਲ ਸਿਰਫ਼ 8.85 ਕਰੋੜ ਲੋਕ ਭਾਵ ਮੌਜੂਦਾ ਆਬਾਦੀ ਦਾ ਕਰੀਬ 8 ਫੀਸਦੀ ਲੋਕ ਹੀ ਗਰੀਬ ਹਨ। ਤੀਜੇ ਪਾਸੇ ਇਹ ਵੀ ਕਿਹਾ ਗਿਆ ਕਿ ਦਿੱਲੀ ਵਰਗੇ ਸ਼ਹਿਰ ਵਿਚ 17 ਰੁਪਏ ਅਤੇ ਪੇਂਡੂ ਖੇਤਰ ਵਿਚ 11 ਰੁਪਏ ਪ੍ਰਤੀ ਦਿਨ 'ਤੇ ਗੁਜ਼ਾਰਾ ਕਰਨ ਵਾਲੇ ਲੋਕ ਗਰੀਬੀ ਰੇਖਾ ਤੋਂ ਉਪਰ ਦਾ ਜੀਵਨ ਬਸਰ ਕਰ ਰਹੇ ਹਨ।

ਸਰਕਾਰ ਇਹ ਭੁੱਲ ਹੀ ਗਈ ਕਿ ਉਸ ਦੀਆਂ ਆਪਣੀਆਂ ਵੱਖ ਵੱਖ ਕਮੇਟੀਆਂ ਹੀ 43 ਤੋਂ 77 ਫੀਸਦੀ ਲੋਕਾਂ ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਤਸਲੀਮ ਕਰ ਚੁੱਕੀਆਂ ਹਨ। ਇਸ ਤੱਥ ਦੀ ਚੀਰਫਾੜ ਕਰਨ ਅਤੇ ਇਕ ਹੋਰ ਤੱਥ ਵੱਲ ਧਿਆਨ ਦੇਣ ਦੀ ਲੋੜ ਹੈ। ਅਨਾਜ ਨੀਤੀ ਬਾਰੇ ਕੌਮਾਂਤਰੀ ਖੋਜ ਸੰਸਥਾ ਵੱਲੋਂ 122 ਦੇਸ਼ਾਂ ਦੇ ਕੀਤੇ ਸਰਵੇਖਣ ਵਿਚ ਭੁੱਖਮਰੀ ਦੇ ਸੂਚਕ ਅੰਕਾਂ ਮੁਤਾਬਕ ਭਾਰਤ 64ਵੇਂ ਸਥਾਨ ਤੋਂ ਤਿਲਕ ਕੇ 67ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਮਨੁੱਖੀ ਵਿਕਾਸ ਦੇ ਸੂਚਕ ਅੰਕਾਂ ਅਨੁਸਾਰ ਸਾਡਾ ਦੇਸ਼ 128 ਤੋਂ 134ਵੇਂ ਸਥਾਨ ਤਕ ਤਿਲਕ ਗਿਆ ਹੈ। ਵਿਕਾਸ ਦੇ ਅਹਿਮ ਸੂਚਕਾਂ ਵਿਚ ਅਸੀਂ ਚੀਨ, ਪਾਕਿਸਤਾਨ, ਸ੍ਰੀਲੰਕਾ, ਭੂਟਾਨ ਅਤੇ ਬੰਗਲਾਦੇਸ਼ ਨਾਲੋਂ ਵੀ ਹੇਠਾਂ ਡਿੱਗੇ ਪਏ ਹਾਂ। ਭਾਰਤ ਦੇ ਅੱਠ ਸੂਬਿਆਂ ਦੀ ਹਾਲਤ ਸਬ-ਸਹਾਰਨ ਅਫ਼ਰੀਕਾ ਦੇ ਸਭ ਤੋਂ ਗਰੀਬ 36 ਦੇਸ਼ਾਂ ਨਾਲੋਂ ਵੀ ਮਾੜੀ ਹੈ।

ਜਦੋਂ ਕੇਂਦਰ ਦਾ ਖ਼ੁਰਾਕ ਮਹਿਕਮਾ ਸੁਪਰੀਮ ਕੋਰਟ ਵਿਚ ਗ਼ਲਤ ਅੰਕੜੇ ਪੇਸ਼ ਕਰ ਰਿਹਾ ਸੀ ਤਾਂ ਉਨ੍ਹਾਂ ਦਿਨਾਂ ਵਿਚ ਹੀ ਪ੍ਰੈਸ ਵਿਚ ਹਰਿਆਣਾ ਦੇ ਇਕੱਲੇ ਸਿਰਸਾ ਜ਼ਿਲੇ ਵਿਚ ਬਨੀ ਕਸਬੇ ਵਿਚ ਸਥਿਤ ਗੁਦਾਮ ਵਿਚ 1,70,000 ਬੋਰੀਆਂ ਕਣਕ ਗਲ ਜਾਣ ਦੀ ਖ਼ਬਰ ਆ ਗਈ। ਇਹ ਗੱਲ ਵੀ ਨਸ਼ਰ ਹੋ ਚੁੱਕੀ ਹੈ ਕਿ ਇਸ ਕਣਕ ਨੂੰ ਖੁੱਲ੍ਹੀ ਬੋਲੀ ਰਾਹੀਂ ਸਿਰਫ਼ 94 ਪੈਸੇ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਣ ਦਾ ਟੈਂਡਰ ਪਾਸ ਹੋ ਗਿਆ ਹੈ। ਜੇਕਰ ਇਹੀ ਕਣਕ ਵੇਲੇ ਸਿਰ ਕੇਂਦਰੀ ਸਰਕਾਰ ਵੱਲੋਂ ਤਜਵੀਜ਼ਸ਼ੁਦਾ 35 ਕਿਲੋ ਫੀ ਮਹੀਨਾ ਫੀ ਟੱਬਰ ਦੇ ਹਿਸਾਬ ਨਾਲ ਵੀ ਸਸਤੀਆਂ ਦਰਾਂ 'ਤੇ ਵੇਚ ਦਿੱਤੀ ਜਾਂਦੀ ਤਾਂ ਇਸ ਨਾਲ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ 20,238 ਪਰਿਵਾਰਾਂ ਨੂੰ ਸਾਲ ਭਰ ਦਾ ਅੱਧਾ ਅਨਾਜ ਹਾਸਲ ਹੋ ਜਾਣਾ ਸੀ। ਇਸ ਹਕੀਕਤ ਨਾਲ ਪੰਜਾਬ ਅਤੇ ਬਾਕੀ ਸੂਬਿਆਂ ਵਿਚ ਹੁੰਦੀ ਅਨਾਜ ਦੀ ਬਰਬਾਦੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਜਦੋਂ ਸੁਪਰੀਮ ਕੋਰਟ ਨੇ 12 ਅਗਸਤ 2010 ਨੂੰ ਅਤੇ ਦੁਬਾਰਾ 30 ਅਗਸਤ ਨੂੰ ਸਪਸ਼ਟ ਕੀਤਾ ਕਿ ਗੁਦਾਮਾਂ ਵਿਚ ਸੜ੍ਹ ਰਹੇ ਅਨਾਜ ਨੂੰ ਗਰੀਬਾਂ ਵਿਚ ਮੁਫ਼ਤ ਵੰਡ ਦਿੱਤਾ ਜਾਵੇ ਤਾਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਇਹ ਹੁਕਮ ਸਰਕਾਰ ਦੇ ਨੀਤੀਗਤ ਫੈਸਲਿਆਂ ਵਿਚ ਦਖ਼ਲਅੰਦਾਜ਼ੀ ਕਰਨ ਲੱਗਿਆ। ਉਨ੍ਹਾਂ ਦੀ ਦਲੀਲ ਸੀ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ 43% ਅਬਾਦੀ ਨੂੰ ਮੁਫ਼ਤ ਅਨਾਜ ਦੇਣਾ ਸੰਭਵ ਨਹੀਂ ਹੈ ਪਰ ਉਹ ਇਹ ਗੱਲ ਭੁੱਲ ਗਏ ਕਿ ਉਨ੍ਹਾਂ ਦੀ ਸਰਕਾਰ ਨੇ ਚਾਲੂ ਸਾਲ ਦੇ ਇਕੱਲੇ ਬਜਟ ਅੰਦਰ ਹੀ ਵੱਡੀਆਂ ਕੰਪਨੀਆਂ ਨੂੰ 5,00,000 ਕਰੋੜ ਰੁਪਏ ਦੇ ਟੈਕਸਾਂ ਦੀ ਰਾਹਤ ਦਿੱਤੀ ਹੈ। ਉਨ੍ਹਾਂ ਦੀ ਵਜ਼ਾਰਤ ਵਿਚ ਹੀ ਦੂਰਸੰਚਾਰ ਮਹਿਕਮੇ ਦਾ 1,77,000 ਕਰੋੜ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ। ਅਸਲ ਵਿਚ ਸਾਡੇ ਦੇਸ਼ ਵਿਚ ਤਾਂ ਅਜੇ ਗਰੀਬੀ ਰੇਖਾ ਦੀ ਕੋਈ ਪਰਿਭਾਸ਼ਾ ਵੀ ਹੋਂਦ ਵਿਚ ਨਹੀਂ ਆ ਸਕੀ।



ਵਿਸ਼ਵ ਬੈਂਕ ਦੇ ਮਿਆਰਾਂ ਅਨੁਸਾਰ ਰੋਜ਼ਾਨਾ ਦੋ ਡਾਲਰ ਅਰਥਾਤ ਭਾਰਤ ਦੇ ਪ੍ਰਸੰਗ ਵਿਚ ਕਰੀਬ 90 ਰੁਪਏ ਪ੍ਰਤੀ ਦਿਨ ਤੋਂ ਘੱਟ ਆਮਦਨੀ ਵਾਲੇ ਲੋਕਾਂ ਨੂੰ ਗਰੀਬੀ ਦੀ ਰੇਖਾ ਤੋਂ ਹੇਠਾਂ ਮੰਨਿਆ ਜਾਂਦਾ ਹੈ। ਭਾਰਤ ਵਿਚ 1973-74 ਅੰਦਰ ਉਹ ਲੋਕ ਗਰੀਬ ਮੰਨੇ ਗਏ ਜਿਨ੍ਹਾਂ ਨੂੰ ਸਾਰੇ ਸੋਮਿਆਂ ਤੋਂ ਪ੍ਰਤੀ ਦਿਨ 2400 ਕੈਲਰੀ ਤੋਂ ਘੱਟ ਵਾਲੀ ਖ਼ੁਰਾਕ ਹਾਸਲ ਹੁੰਦੀ ਸੀ। ਇਸ ਖ਼ੁਰਾਕ ਦੀ ਕੀਮਤ ਉਦੋਂ 49 ਰੁਪਏ ਭਾਵ 6 ਅਮਰੀਕੀ ਡਾਲਰਾਂ ਦੇ ਬਰਾਬਰ ਬਣਦੀ ਸੀ ਅਤੇ ਉਸ ਵੇਲੇ ਦੇ ਮਿਆਰਾਂ ਮੁਤਾਬਕ 56.4 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ। ਫਿਰ 2005 ਅੰਦਰ ਇਸ ਪਰਿਭਾਸ਼ਾ ਵਿਚੋਂ ਪੌਸ਼ਟਿਕਤਾ ਦੇ ਪੱਖ ਨੂੰ ਤਿਆਗ ਦਿੱਤਾ ਗਿਆ ਅਤੇ ਪ੍ਰਤੀ ਦਿਨ 12 ਰੁਪਏ ਕਮਾਉਣ ਵਾਲੇ ਬੰਦੇ ਨੂੰ ਗਰੀਬੀ ਦੀ ਰੇਖਾ ਤੋਂ ਬਾਹਰ ਕੱਢ ਦਿੱਤਾ ਗਿਆ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਰੁਪਈਆਂ ਦੀ ਕੀਮਤ ਸਿਰਫ਼ 26 ਅਮਰੀਕੀ ਸੈਂਟ ਬਣਦੀ ਸੀ। ਵਾਧੇ ਦੀ ਗੱਲ ਇਹ ਹੋਈ ਕਿ ਇਨ੍ਹਾਂ ਮਿਆਰਾਂ ਵਿਚ ਬਾਲਣ, ਕੱਪੜਾ, ਸਿਹਤ, ਸਿੱਖਿਆ ਅਤੇ ਸਫ਼ਰ ਦੀਆਂ ਸਹੂਲਤਾਂ ਵੀ ਸ਼ਾਮਲ ਕਰ ਦਿੱਤੀਆਂ ਗਈਆਂ। ਬਾਅਦ ਵਿਚ ਕੈਲਰੀਆਂ ਵਿਚ ਵੀ ਕਟੌਤੀ ਕਰਕੇ ਇਨ੍ਹਾਂ ਨੂੰ ਪ੍ਰਤੀ ਦਿਨ ਪ੍ਰਤੀ ਜੀਅ 1800 ਕਰ ਦਿੱਤਾ ਗਿਆ। ਇਸ ਪੈਮਾਨੇ ਨੂੰ ਜੇਕਰ 1973-74 ਦੇ ਸੂਚਕ ਅੰਕ ਨਾਲ ਮੇਲ ਕੇ ਦੇਖਿਆ ਜਾਵੇ ਤਾਂ ਵੀ ਭਾਰਤ ਵਿਚ 70 ਫੀਸਦੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਦੂਜੇ ਪਾਸੇ ਅਰਜੁਨ ਸੇਨ ਗੁਪਤਾ ਕਮੇਟੀ ਮੁਤਾਬਕ ਗੈਰਜਥੇਬੰਦ ਖੇਤਰ ਦੇ 84 ਕਰੋੜ ਲੋਕ ਪਤੀ ਦਿਨ 20 ਰੁਪਏ ਅਤੇ ਇਨ੍ਹਾਂ ਵਿਚੋਂ ਵੀ 49 ਕਰੋੜ ਲੋਕ 12 ਰੁਪਏ ਅਤੇ ਬਾਕੀ ਦੇ 24 ਕਰੋੜ ਲੋਕ 9 ਰੁਪਏ ਪ੍ਰਤੀ ਦਿਨ 'ਤੇ ਗੁਜ਼ਾਰਾ ਕਰਦੇ ਹਨ। ਕੁਲ ਮਿਲਾ ਕੇ ਇਨ੍ਹਾਂ 77 ਫੀਸਦੀ ਗਰੀਬਾਂ ਦੀ ਗਿਣਤੀ ਅਜੋਕੀਆਂ ਕੀਮਤਾਂ 'ਤੇ 1973-74 ਦੇ ਪੱਧਰ ਤੋਂ ਵੀ ਜ਼ਿਆਦਾ ਹੈ।

ਅਨਾਜ ਲਈ ਮੁਹਿੰਮ ਚਲਾਉਣ ਵਾਲੇ ਕਾਰਜਕਰਤਾਵਾਂ ਦੇ ਦਬਾਅ ਅਧੀਨ 'ਨੈਕ' ਨੇ ਸਰਕਾਰ ਸਾਹਮਣੇ ਦੋ ਤਜਵੀਜ਼ਾਂ ਰੱਖੀਆਂ ਸਨ। ਪਹਿਲੀ, ਦੇਸ਼ ਦੇ ਸਭ ਤੋਂ ਗਰੀਬ 150 ਜ਼ਿਲ੍ਹਿਆਂ ਦੀ ਨਿਸ਼ਾਨਦੇਹੀ ਕਰਕੇ ਪੇਂਡੂ ਖੇਤਰ ਦੀ 80% ਅਤੇ ਸ਼ਹਿਰੀ ਖੇਤਰ ਦੀ 33% ਆਬਾਦੀ ਨੂੰ ਤਿੰਨ ਰੁਪਏ ਪ੍ਰਤੀ ਕਿਲੋ ਦੀ ਦਰ 'ਤੇ 35 ਕਿਲੋ ਕਣਕ/ਚੌਲ ਪ੍ਰਤੀ ਮਹੀਨਾ ਮੁਹੱਈਆ ਕਰਵਾਏ ਜਾਣ। ਦੂਜੀ, ਬਾਕੀ ਦੇ 490 ਜ਼ਿਲ੍ਹਿਆਂ ਵਿਚ ਵਸਦੇ ਪੇਂਡੂ ਖੇਤਰ ਦੇ 42% ਅਤੇ ਸ਼ਹਿਰੀ ਖੇਤਰ ਦੇ 33% ਗਰੀਬਾਂ ਨੂੰ ਇਹੀ ਰਿਆਇਤ ਦਿੱਤੀ ਜਾਵੇ। ਪੇਂਡੂ ਖੇਤਰ ਵਿਚਲੇ ਗਰੀਬੀ ਰੇਖਾ ਤੋਂ ਉਪਰਲੇ ਪਰਿਵਾਰਾਂ ਨੂੰ ਪੰਜ ਤੋਂ ਸਾਢੇ ਸੱਤ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ 25 ਕਿਲੋ ਅਨਾਜ ਦੀ ਗਾਰੰਟੀ ਕੀਤੀ ਜਾਵੇ। ਖੁਰਾਕ ਵਜ਼ਾਰਤ ਨੇ ਇਹ ਦੋਵੇਂ ਤਜਵੀਜ਼ਾਂ ਹੀ ਠੁਕਰਾ ਦਿੱਤੀਆਂ। ਉਸ ਦੀ ਦਲੀਲ ਸੀ ਕਿ ਪਹਿਲੀ ਤਜਵੀਜ਼ ਮੁਤਾਬਕ 704 ਲੱਖ ਟਨ ਅਤੇ ਦੂਜੀ ਵਿਚ 700 ਲੱਖ ਟਨ ਅਨਾਜ ਦੀ ਲੋੜ ਪਵੇਗੀ ਅਤੇ ਇਨ੍ਹਾਂ ਉਪਰ ਕ੍ਰਮਵਾਰ 90,264 ਕਰੋੜ ਅਤੇ 79,181 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ। ਕੇਂਦਰ ਸਰਕਾਰ ਪਹਿਲਾਂ ਹੀ 55,578 ਕਰੋੜ ਰੁਪਏ ਦੀ ਸਾਲਾਨਾ ਅਨਾਜ ਸਬਸਿਡੀ ਦੇ ਰਹੀ ਹੈ।

'ਨੈਕ' ਨੇ ਹੁਣ ਵਿਚ-ਵਿਚਾਲੇ ਦਾ ਰਾਹ ਕੱਢ ਕੇ ਕੇਂਦਰ ਸਰਕਾਰ ਨੂੰ ਦੋ ਸਲਾਹਾਂ ਦਿੱਤੀਆਂ ਹਨ। ਪਹਿਲੀ, ਬੀ.ਪੀ.ਐਲ. ਅਤੇ ਏ.ਪੀ.ਐਲ. ਦੀ ਮਸਨੂਈ ਵੰਡ ਖ਼ਤਮ ਕਰਕੇ ਜਨਤਾ ਨੂੰ "ਤਰਜੀਹ" ਅਤੇ "ਆਮ" ਆਬਾਦੀ ਵਿਚ ਵੰਡ ਲਿਆ ਜਾਵੇ। ਪਹਿਲੀ ਵੰਨਗੀ ਨੂੰ 3 ਰੁਪਏ ਪ੍ਰਤੀ ਕਿਲੋ ਚੌਲ, 2 ਰੁਪਏ ਪ੍ਰਤੀ ਕਿਲੋ ਕਣਕ ਅਤੇ 1 ਰੁਪਏ ਪ੍ਰਤੀ ਕਿਲੋ ਜਵਾਰ/ਬਾਜਰੇ ਦੇ ਹਿਸਾਬ ਨਾਲ 35 ਕਿਲੋ ਪ੍ਰਤੀ ਮਹੀਨਾ ਪ੍ਰਤੀ ਟੱਬਰ ਅਤੇ ਦੂਜੀ ਵੰਨਗੀ ਨੂੰ ਸਰਕਾਰੀ ਸਹਾਇਕ ਕੀਮਤ 'ਤੇ ਖਰੀਦੀ ਜਿਣਸ ਨਾਲੋਂ ਅੱਧੇ ਮੁੱਲ 'ਤੇ 20 ਕਿਲੋ ਪ੍ਰਤੀ ਮਹੀਨਾ ਪ੍ਰਤੀ ਟੱਬਰ ਅਨਾਜ ਦੇ ਦਿੱਤਾ ਜਾਵੇ। ਇਸ ਸਮੁੱਚੇ ਪ੍ਰਾਜੈਕਟ ਲਈ 58 ਕਰੋੜ ਕੁਇੰਟਲ ਅਨਾਜ ਦੀ ਲੋੜ ਪਵੇਗੀ। ਅਨੇਕਾਂ ਤਰੁੱਟੀਆਂ ਵਾਲੀ ਇਸ ਤਜਵੀਜ਼ ਨੂੰ ਸਵੀਕਾਰ ਕਰਨ ਵਿਚ ਸਰਕਾਰ ਅੰਦਰੋਂ ਸਹਿਮਤ ਨਹੀਂ ਹੈ ਲੇਕਿਨ ਇਸ ਨੂੰ ਇਹ ਕੌੜਾ ਘੁੱਟ ਭਰਨਾ ਪੈ ਸਕਦਾ ਹੈ ਕਿਉਂਕਿ 'ਨੈਕ' ਦੀ ਚੇਅਰਪਰਸਨ ਸੋਨੀਆ ਗਾਂਧੀ ਹੈ।

ਸਾਡੇ ਦੇਸ਼ ਵਿਚ ਅਨਾਜ ਦੀ ਅਸਲ ਹਾਲਤ ਕਾਫ਼ੀ ਨਾਜ਼ੁਕ ਹੈ। ਪਿਛਲੇ 10 ਸਾਲਾਂ ਦੌਰਾਨ ਅਨਾਜ ਦੀ ਸਾਲਾਨਾ ਔਸਤ ਪੈਦਾਵਾਰ 225-230 ਕਰੋੜ ਕੁਇੰਟਲ ਅਤੇ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਜਾਂਦੀ ਖਰੀਦ 50 ਕਰੋੜ ਕੁਇੰਟਲ ਵਿਚਕਾਰ ਲਟਕ ਰਹੀ ਹੈ। ਅਨਾਜ ਦਾ ਉਤਪਾਦਨ ਵਧਣ ਦੀ ਬਜਾਏ ਘਟ ਰਿਹਾ ਹੈ। "ਤਰਜੀਹੀ" ਪਰਿਵਾਰ ਨੂੰ ਆਪਣੇ ਗੁਜ਼ਾਰੇ ਲਈ ਜਾਂ ਤਾਂ ਅੱਧਾ ਭੁੱਖਾ ਰਹਿਣਾ ਪਵੇਗਾ ਜਾਂ ਖੁੱਲ੍ਹੀ ਮੰਡੀ ਵਿਚੋਂ ਅਨਾਜ ਖਰੀਦਣਾ ਪਵੇਗਾ। ਸਰਕਾਰ ਦਾ 'ਨਰੇਗਾ' ਪ੍ਰੋਗਰਾਮ ਤਾਂ ਇਕ ਪਰਿਵਾਰ ਨੂੰ ਸਿਰਫ਼ 100 ਦਿਨ ਦਾ ਕੰਮ ਦੇਣ ਦੀ ਜ਼ਾਮਨੀ ਦਿੰਦਾ ਹੈ। ਇਹ ਸਭਨਾਂ ਲਈ ਅਨਾਜ ਅਤੇ ਰੁਜ਼ਗਾਰ ਦੇ ਦੋਵੇਂ ਤਰ੍ਹਾਂ ਦੇ ਸੰਵਿਧਾਨਕ ਹੱਕਾਂ ਨਾਲ ਮਜ਼ਾਕ ਹੈ।

ਮੌਜੂਦਾ 110 ਕਰੋੜ ਦੀ ਆਬਾਦੀ ਲਈ ਪਹਿਲਾਂ ਹੀ 160 ਕਰੋੜ ਕੁਇੰਟਲ ਅਨਾਜ ਦੀ ਕਮੀ ਚਲ ਰਹੀ ਹੈ। ਜਦੋਂ ਉਪਜਾਊ ਜ਼ਮੀਨ ਲਗਾਤਾਰ ਵਿਸ਼ੇਸ਼ ਆਰਥਕ ਜ਼ੋਨਾਂ ਅਤੇ ਸ਼ਹਿਰੀਕਰਨ ਦੇ ਨਾਮ ਹੇਠਾਂ ਭੋਇੰ ਮਾਫ਼ੀਏ ਦੀ ਭੇਟ ਚੜ੍ਹ ਰਹੀ ਹੋਵੇ ਅਤੇ ਸਰਕਾਰ ਵੱਲੋਂ ਖੇਤੀ ਵਿਚ ਸਰਕਾਰੀ ਨਿਵੇਸ਼ ਨਦਾਰਦ ਹੋ ਜਾਵੇ ਤਾਂ ਅਨਾਜੀ ਪੈਦਾਵਾਰ ਵਿਚ ਗਿਰਾਵਟ ਆਉਣੀ ਅਤੇ ਲੋਕਾਂ ਦੀ ਵੱਡੀ ਬਹੁਗਿਣਤੀ ਦਾ ਭੁੱਖਿਆਂ ਰਹਿਣਾ ਅਟੱਲ ਹੈ। ਸਾਡੇ ਦੇਸ਼ ਵਿਚ ਇਹੀ ਕੁਝ ਵਾਪਰ ਰਿਹਾ ਹੈ।

# ਦਲਾਈਲਾਮਾ ਦੀਆਂ ਸੁੱਚੀਆਂ ਗੱਲਾਂ ਬਾਰੇ ਖ਼ਾਮੋਸ਼ੀ ਕਿਉਂ?

**ਹੁਮਰਾ ਕੁਰੈਸ਼ੀ**

ਜਦੋਂ ਡੂੰਘੀ ਪੁਣ-ਛਾਣ ਹੁੰਦੀ ਹੈ ਤਾਂ ਤੁਸੀਂ ਚੰਗੀ ਤਰ੍ਹਾਂ ਅਨੁਮਾਨ ਲਾ ਸਕਦੇ ਹੋ ਕਿ ਅੱਗੇ ਕੀ ਹੋਣ ਵਾਲਾ ਹੈ! ਗੂੜ੍ਹੇ ਧੱਬੇ ਹੋਰ ਗਹਿਰੇ ਹੋ ਰਹੇ ਹਨ, ਮਾਇਆ ਜਾਲ ਡਰਾਉਣੇ ਸੁਪਨੇ 'ਚ ਬਦਲ ਰਿਹਾ ਹੈ, ਅਸਮਾਨਤਾਵਾਂ ਵਿਆਪਕ ਹੋ ਰਹੀਆਂ ਹਨ ਅਤੇ ਨਿਰਾਸ਼ਾ ਵੀ ਸਪਸ਼ਟ ਰੂਪ 'ਚ ਵੱਡੀ ਹੁੰਦੀ ਜਾ ਰਹੀ ਹੈ। ਤਿੱਬਤ ਦਾ ਪੇਚੀਦਾ ਮਾਮਲਾ ਗਹਿਰੇ ਤੋਂ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਫਿਰ ਵੀ ਇਹ ਉਮੀਦ ਅਜੇ ਕਾਇਮ ਹੈ ਕਿ ਸ਼ਾਇਦ ਚੇਤਨਾ ਅਤੇ ਸੰਜਮ ਹਾਵੀ ਰਹਿਣਗੇ।

ਦਰਅਸਲ ਸੰਸਾਰ ਸ਼ਾਂਤੀ ਦੀ ਦਿਸ਼ਾ ਵਿਚ ਮਾਨਵੀ ਕੋਸ਼ਿਸ਼ਾਂ ਦੇ ਵਿਸ਼ੇ 'ਤੇ ਸਮਾਜਿਕ ਵਿਗਿਆਨ ਸੰਸਥਾ ਵਿਚ ਦਲਾਈਲਾਮਾ ਦੀ ਗੱਲਬਾਤ ਵਿਚੋਂ ਹੀ ਅਗਾਂਹ ਇਕ ਗੱਲ ਨਿਕਲੀ। ਦਲਾਈਲਾਮਾ ਨੇ ਹਰ ਹਾਲ ਵਿਚ ਅਹਿੰਸਾ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੇ ਨਾਲ ਹੀ ਗੰਭੀਰ ਸੰਵਾਦ ਦੀ ਪ੍ਰਚੰਡ ਸ਼ਕਤੀ ਦਾ ਵੀ ਪ੍ਰਗਟਾਵਾ ਕੀਤਾ। ਗੱਲਬਾਤ, ਸੰਵਾਦ, ਚਰਚਾ, ਪਰਸਪਰ ਪ੍ਰਭਾਵ ਹਿੰਸਾ ਅਤੇ ਪ੍ਰਤੀਹਿੰਸਾ ਦੀ ਤੁਲਨਾ ਵਿਚ ਜ਼ਿਆਦਾ ਸਫਲ ਰਣਨੀਤੀਆਂ ਸਿੱਧ ਹੋ ਸਕਦੀਆਂ ਹਨ। ਉਨ੍ਹਾਂ ਨੇ ਸਾਬਕਾ ਇਰਾਕੀ ਸ਼ਾਸਕ ਸੱਦਾਮ ਹੁਸੈਨ ਵਿਰੁਧ ਚਲਾਏ ਗਏ ਯੁੱਧ ਦੇ ਪ੍ਰਸੰਗ ਵਿਚ ਵੀ ਇਸੇ ਨੁਕਤੇ ਮੁਤਾਬਕ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਕੋਈ ਸੁਤੰਤਰ ਵਿਚਾਰਕ ਬਗ਼ਦਾਦ ਜਾਂਦਾ ਅਤੇ ਸੱਦਾਮ ਹੁਸੈਨ ਨਾਲ ਗੱਲਬਾਤ ਕਰਦਾ ਤਾਂ ਇਸ ਯੁੱਧ ਨੂੰ ਰੋਕਿਆ ਜਾ ਸਕਦਾ ਸੀ। ਅਜਿਹੀ ਕੋਈ ਵੀ ਸਮੱਸਿਆ ਨਹੀਂ ਹੈ ਜਿਸ ਦਾ ਹੱਲ ਗੱਲਬਾਤ ਨਾਲ ਨਹੀਂ ਕੱਢਿਆ ਜਾ ਸਕਦਾ ਪਰ ਅਸੀਂ ਮਾਨਵੀ ਪਹੁੰਚ ਤੋਂ ਦੂਰ ਜਾਂਦੇ ਪ੍ਰਤੀਤ ਹੁੰਦੇ ਹਾਂ। ਉਨ੍ਹਾਂ ਨੇ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੱਖ ਵੱਖ ਲੋਕਾਂ ਦੁਆਰਾ ਧਰਮ ਦਾ ਇਸਤੇਮਾਲ ਆਪਣੇ ਹਿਤਾਂ ਲਈ ਕੀਤਾ ਜਾ ਰਿਹਾ ਹੈ।



ਦਲਾਈਲਾਮਾ

ਦਲਾਈਲਾਮਾ ਨੇ ਇਹ ਵੀ ਕਿਹਾ ਕਿ ਤੁਸੀਂ ਮੁਸਲਮਾਨਾਂ, ਹਿੰਦੂਆਂ, ਇਸਾਈਆਂ ਤੇ ਬੋਧੀਆਂ ਭਾਵ ਹਰ ਸੰਭਵ ਧਾਰਮਿਕ ਸਮੂਹ ਵਿਚ ਸ਼ਰਾਰਤੀ ਤੱਤਾਂ ਦੀ ਮੌਜੂਦਗੀ ਦੇਖ ਸਕਦੇ ਹੋ ਅਤੇ ਇਹੀ ਉਹ ਤੱਤ ਹਨ, ਜੋ ਘ੍ਰਿਣਾ ਫੈਲਾਉਂਦੇ ਹਨ। ਫਿਰ ਵੀ ਇਨ੍ਹਾਂ ਦਾ ਮੁਕਾਬਲਾ ਹਿੰਸਕ ਢੰਗਾਂ ਨਾਲ ਨਹੀਂ ਕੀਤਾ ਜਾਣਾ ਚਾਹੀਦਾ। ਹਿੰਸਾ ਨਾਲ ਸਥਾਈ ਸ਼ਾਂਤੀ ਸੰਭਵ ਨਹੀਂ। ਸੂਝਬੂਝ ਅਤੇ ਪਿਆਰ ਨਾਲ ਹੀ ਘ੍ਰਿਣਾ ਨੂੰ ਚਾਰੇ ਪਾਸੇ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਜਿਨ੍ਹਾਂ ਨੂੰ ਆਪਣੇ ਬਚਪਨ ਵਿਚ ਭਾਵਨਾਤਮਕ ਪਿਆਰ ਮਿਲਿਆ ਹੈ, ਵਿਸ਼ੇਸ਼ ਤੌਰ 'ਤੇ ਆਪਣੀ ਮਾਂ ਦਾ ਪਿਆਰ, ਉਹ ਆਪਣੇ ਵਿਹਾਰ ਵਿਚ ਘੱਟ ਹਮਲਾਵਰ ਅਤੇ ਜ਼ਿਆਦਾ ਮਾਨਵੀ ਹੁੰਦੇ ਹਨ।

ਦਰਅਸਲ ਇਨ੍ਹਾਂ ਸਾਧਾਰਨ ਵਿਚਾਰਾਂ ਦੀ ਏਨੀ ਕੁਸ਼ਲਤਾ ਸਹਿਤ ਪੇਸ਼ਕਾਰੀ ਨੂੰ ਸੁਣਦੇ ਹੋਏ ਮੈਨੂੰ ਇੰਜ ਲੱਗ ਰਿਹਾ ਸੀ ਕਿ ਚੰਗਾ ਹੋਵੇ ਜੇਕਰ ਦਲਾਈਲਾਮਾ ਪੁਲਿਸ ਅਤੇ ਹੋਰ ਸੁਰੱਖਿਆ ਅਧਿਕਾਰੀਆਂ ਨੂੰ ਸੰਬੋਧਨ ਕਰਨ ਅਤੇ ਉਨ੍ਹਾਂ ਨੂੰ ਇਹ ਸੰਦੇਸ਼ ਦੇਣ ਕਿ ਜੇਕਰ ਉਹ ਥੋੜ੍ਹੀ ਸ਼ਾਂਤੀ ਚਾਹੁੰਦੇ ਹਨ ਤਾਂ ਉਨ੍ਹਾਂ ਦੀਆਂ ਡਰਾਉਣ ਵਾਲੀਆਂ ਪੁਲਿਸ ਨੀਤੀਆਂ ਬੀਤੇ ਸਮੇਂ ਦੀ ਦਾਸਤਾਨ ਹੋਣੀਆਂ ਚਾਹੀਦੀਆਂ ਹਨ।

ਹਰ ਵਾਰ ਮੈਨੂੰ ਕਦੀ ਨਾ ਮੁੱਕਣ ਵਾਲੇ ਕੌਮੀ ਅਤੇ ਕੌਮਾਂਤਰੀ ਸੰਮੇਲਨਾਂ ਜਾਂ ਕਾਨਫ਼ਰੰਸਾਂ ਦੇ ਸੱਦੇ ਮਿਲਦੇ ਰਹਿੰਦੇ ਹਨ ਜੋ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਹੁੰਦੀਆਂ ਹਨ। ਇਨ੍ਹਾਂ ਕਾਨਫ਼ਰੰਸਾਂ ਵਿਚ ਅਕਸਰ ਸ਼ਿਰਕਤ ਕਰੀਦੀ ਹੈ ਅਤੇ ਸੋਚੀਦਾ ਹੈ ਕਿ ਹਰ ਖੇਤਰ ਵਿਚ ਕਿੰਨਾ ਕੁਝ ਭਿਆਨਕ ਹੋਰ ਵਾਪਰਨ ਵਾਲਾ ਹੈ। ਅਸੀਂ ਅਜੇ ਵੀ ਅਜਿਹੇ ਸੈਸ਼ਨ ਕਰੀ/ਕਰਵਾਈ ਜਾ ਰਹੇ ਹਾਂ। ਇਸ ਲੜੀ ਵਿਚ ਬਾਲ ਅਧਿਕਾਰਾਂ ਸਬੰਧੀ ਕਨਵੈਨਸ਼ਨ ਦੀ ਚਰਚਾ ਕੀਤੀ ਜਾ ਸਕਦੀ ਹੈ ਜੋ ਆਪਣੀ ਹੋਂਦ ਵਿਚ ਆਉਣ ਦੇ 21 ਸਾਲ ਪੂਰੇ ਕਰ ਰਹੀ ਹੈ। ਇਸ ਕਨਵੈਨਸ਼ਨ ਦੇ ਪਿਛਲੇ ਸਾਹਿਤ ਵਿਚ ਸਰਕਾਰੀ ਸ਼ਬਦ ਪੜ੍ਹੋ ਅਤੇ ਫਿਰ ਪਿੱਛੇ ਬੈਠ ਕੇ ਚਾਰੇ ਪਾਸੇ ਫੈਲੇ ਖੋਖਲੇਪਣ 'ਤੇ ਵਿਚਾਰਾਂ ਕਰਦੇ ਰਹੋ।

21 ਸਾਲ ਪਹਿਲਾਂ ਬੱਚਿਆਂ ਦੇ ਅਧਿਕਾਰਾਂ ਨੂੰ ਮਾਨਤਾ ਮੁਹੱਈਆ ਕਰਵਾਉਣ ਅਤੇ ਸੁਰੱਖਿਆ ਦੇਣ ਲਈ ਜ਼ਿਕਰਯੋਗ ਕੰਮ ਕੀਤਾ ਗਿਆ ਸੀ। ਬੱਚਿਆਂ ਦੇ ਅਧਿਕਾਰਾਂ ਨਾਲ ਸਬੰਧਤ ਸਮਝੌਤੇ ਨੂੰ ਸਰਕਾਰੀ ਤੌਰ 'ਤੇ ਸੰਯੁਕਤ ਰਾਸ਼ਟਰ ਦੇ ਮੈਂਬਰਾਂ ਨੂੰ ਦਸਤਖ਼ਤਾਂ ਲਈ ਪੇਸ਼ ਕੀਤਾ ਗਿਆ ਸੀ। ਬੱਚਿਆਂ ਦੇ ਅਧਿਕਾਰਾਂ ਸਬੰਧੀ ਸਮਝੌਤਾ ਕਾਨੂੰਨੀ ਰੋਕਾਂ ਵਾਲਾ ਅਜਿਹਾ ਪਹਿਲਾ ਦਸਤਾਵੇਜ਼ ਹੈ ਜਿਸ ਦਾ ਉਦੇਸ਼ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਅਤੇ ਉਤਸ਼ਾਹਿਤ ਕਰਨਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਨੇ 20 ਨਵੰਬਰ, 1989 ਨੂੰ ਇਸ ਨੂੰ ਸਵੀਕਾਰ ਕੀਤਾ ਸੀ। ਇਹ ਹਰ ਸਾਲ ਬਾਲ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਹੁਣ ਇਸ ਨੇ ਲਗਭਗ ਸਰਵ-ਵਿਆਪਕ ਮਾਨਤਾ ਪ੍ਰਾਪਤ ਕਰ ਲਈ ਹੈ ਕਿਉਂਕਿ 193 ਪਾਰਟੀਆਂ ਨੇ ਇਸ ਦੀ ਪੁਸ਼ਟੀ ਕਰ ਦਿੱਤੀ ਹੈ। ਇਸ ਸਮਝੌਤੇ ਵਿਚ ਬੱਚਿਆਂ ਨੂੰ ਮਨੁੱਖ ਹੋਣ ਨਾਤੇ ਉਨ੍ਹਾਂ ਦੀ ਉਮਰ ਦੇ ਇਸ ਅਸੁਰੱਖਿਅਤ ਦੌਰ ਦੌਰਾਨ ਜੋ ਵਿਸ਼ੇਸ਼ ਅਧਿਕਾਰ ਅਤੇ ਸੁਰੱਖਿਆ ਉਨ੍ਹਾਂ ਲਈ ਜ਼ਰੂਰੀ ਹੈ, ਉਸ ਦਾ ਵਰਨਣ ਕੀਤਾ ਗਿਆ ਹੈ। ਇਹ ਸਮਝੌਤਾ ਸਰਵ-ਵਿਆਪਕਤਾ, ਪੱਖਪਾਤ ਰਹਿਤ, ਜਵਾਬਦੇਹੀ ਦੇ ਸਿਧਾਂਤ 'ਤੇ ਆਧਾਰਤ ਹੈ। ਇਸ ਦਾ ਅਰਥ ਇਹ ਹੈ ਕਿ ਹਰ ਬੰਦੇ 'ਤੇ ਇਹ ਬਰਾਬਰ ਰੂਪ ਵਿਚ ਲਾਗੂ ਹੁੰਦਾ ਹੈ। ਇਹ ਨੈਤਿਕ ਜ਼ਰੂਰਤਾਂ ਨੂੰ ਉਜਾਗਰ ਕਰਦਾ ਹੈ ਜੋ ਵਿਸ਼ਵ ਦੇ ਉਨ੍ਹਾਂ ਨੇਤਾਵਾਂ ਅਤੇ ਸਰਕਾਰਾਂ ਦੁਆਰਾ ਨਿਰਧਾਰਤ ਹੁੰਦੇ ਹਨ ਜਿਨ੍ਹਾਂ ਨੇ ਇਸ ਦਾ ਖਰੜਾ ਤਿਆਰ ਕੀਤਾ ਹੈ ਅਤੇ ਇਸ ਅਮਲ ਵਿਚ ਸ਼ਾਮਿਲ ਹੋਏ ਹਨ ਤਾਂ ਜੋ ਸਮਾਨਤਾ ਦੇ ਆਧਾਰ 'ਤੇ ਬੱਚਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਤੇ ਉਤਸ਼ਾਹਿਤ ਕੀਤਾ ਜਾਵੇ। ਹਰ ਬੱਚਾ ਭਾਵੇਂ ਉਹ ਆਪਣੇ ਮਾਤਾ-ਪਿਤਾ ਦੀ ਕਮਾਈ ਅਤੇ ਪਰਿਵਾਰਕ ਤੇ ਭੂਗੋਲਿਕ ਹਾਲਤ ਤੋਂ ਗ੍ਰਸਤ ਕਿਉਂ ਨਾ ਹੋਵੇ; ਉਹ ਕਿਸੇ ਵੀ ਜਾਤੀ ਜਾਂ ਲਿੰਗ ਦਾ ਹੋਵੇ; ਉਸ ਨੂੰ ਇਸ ਸਮਝੌਤੇ ਅਨੁਸਾਰ ਸੁਰੱਖਿਆ ਅਤੇ ਇਸ ਦੁਆਰਾ ਨਿਰਧਾਰਤ ਅਧਿਕਾਰ ਲਾਜ਼ਮੀ ਹੀ ਮਿਲਣੇ ਚਾਹੀਦੇ ਹਨ।

ਅਜਿਹੇ ਲੰਮੇ ਚੌੜੇ ਵਾਕਾਂ ਦਾ ਬੈਠ ਕੇ ਪ੍ਰਗਟਾਵਾ ਕਰਨਾ ਕਿੰਨਾ ਆਸਾਨ ਹੈ ਅਤੇ ਓਨਾ ਹੀ ਮੁਸ਼ਕਿਲ ਉਨ੍ਹਾਂ ਨੂੰ ਵਿਹਾਰਕ ਰੂਪ ਦੇਣਾ ਹੈ ਅਤੇ ਉਨ੍ਹਾਂ ਜ਼ਮੀਨੀ ਹਕੀਕਤਾਂ ਦਾ ਵਿਰੋਧ ਕਰਨਾ ਜੋ ਹੱਤਿਆਵਾਂ ਅਤੇ ਸ਼ੋਸ਼ਣ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਫਿਰ ਵੀ ਅਸੀਂ ਚੁੱਪ ਬੈਠੇ ਰਹਿੰਦੇ ਹਾਂ!

ਮੈਂ ਹੈਰਾਨ ਹਾਂ ਕਿ ਉਦੋਂ ਕਿਹੜਾ ਕੌਮੀ ਤੇ ਕੌਮਾਂਤਰੀ ਮੰਚ ਬੋਲਦਾ ਹੈ ਜਦੋਂ ਉਨ੍ਹਾਂ ਲੋਕਾਂ ਦੁਆਰਾ ਦਿਨ-ਦਿਹਾੜੇ ਦਰਜਨਾਂ ਬੱਚੇ ਮਾਰੇ ਜਾਂਦੇ ਹਨ ਜਾਂ ਨਜ਼ਰਬੰਦ ਜਾਂ ਪੁੱਛਗਿੱਛ ਕੇਂਦਰਾਂ ਵਿਚ ਸਤਾਏ ਜਾਂਦੇ ਹਨ, ਜਿਨ੍ਹਾਂ ਨੂੰ ਬੱਚਿਆਂ ਦਾ ਰੱਖਿਅਕ ਮੰਨਿਆ ਜਾਂਦਾ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

# ਜਾ ਕੋ ਰਾਖੇ ਸਾਈਆਂ...

ਧਾਰਮਿਕ, ਇਤਿਹਾਸਕ ਅਤੇ ਚਲੰਤ ਮਾਮਲਿਆਂ ਦੇ ਨਾਲ-ਨਾਲ ਹਾਸ-ਵਿਅੰਗ ਦੀਆਂ ਲਿਖਤਾਂ ਪੜ੍ਹਨਾ ਮੇਰੀ ਪਹਿਲੀ ਪਸੰਦ ਹੈ। ਕਿਸੇ ਲਿਖਤ ਦੇ ਸਿਰਲੇਖ ਨਾਲ 'ਵਿਅੰਗ' ਜਾਂ ਹਾਸ-ਵਿਅੰਗ ਲਿਖਿਆ ਹੋਇਆ ਹੋਵੇ, ਮੈਂ ਉਸ ਨੂੰ ਪੜ੍ਹੇ ਬਗ਼ੈਰ ਨਹੀਂ ਛੱਡਦਾ। ਇਸੇ ਆਦਤ ਦਾ ਮਾਰਿਆ ਅਖ਼ਬਾਰਾਂ ਵਿਚ ਛਪਦਾ ਚੁਟਕਲਿਆਂ ਦਾ ਕੋਨਾ ਵੀ ਜ਼ਰੂਰ ਪੜ੍ਹਦਾ ਹਾਂ। ਕਿਸੇ ਅਖ਼ਬਾਰ ਵਿਚ ਲਤੀਫ਼ਾ ਪੜ੍ਹ ਰਿਹਾ ਸਾਂ। ਕਹਿੰਦੇ ਕੋਈ ਵਿਆਹਿਆ-ਵਰਿਆ ਮਰਦ ਆਪਣੇ ਕਿਸੇ ਅਣ-ਵਿਆਹੇ ਭਾਵ ਕੰਵਾਰੇ ਦੋਸਤ ਨਾਲ ਆਪਣੇ ਘਰੇਲੂ ਰੰਡੀ-ਰੋਣੇ ਰੋ ਰਿਹਾ ਸੀ। ਉਹ ਦੱਸ ਰਿਹਾ ਸੀ ਕਿ ਕਿਵੇਂ ਉਸ ਦੀ ਪਤਨੀ ਨੇ ਨੱਕ ਵਿਚ ਦਮ ਲਿਆਂਦਾ ਹੋਇਆ ਹੈ। ਕੰਵਾਰਾ ਦੋਸਤ ਬੇਪ੍ਰਵਾਹ ਜਿਹਾ ਹੋ ਕੇ ਵਿਆਹੇ ਦੋਸਤ ਦੀ 'ਦੁੱਖ ਭਰੀ ਕਹਾਣੀ' ਸੁਣ ਰਿਹਾ ਸੀ। ਵਿਆਹਿਆ ਮਰਦ ਆਪਣੇ ਦੋਸਤ ਦੇ ਕੁਆਰੇ ਹੋਣ 'ਤੇ ਰਸ਼ਕ ਕਰਦਿਆਂ ਕਹਿੰਦਾ, "ਯਾਰ...ਤੂੰ ਤੀਹ-ਪੈਂਤੀ ਸਾਲ ਦਾ ਹੋ ਕੇ ਵੀ, ਭਲਾ ਅਹਿ ਵਿਆਹ ਨਾਂ ਦੀ ਬੀਮਾਰੀ ਤੋਂ ਕਿਵੇਂ ਬਚਿਆ ਰਹਿ ਗਿਆ ਏਂ?" ਮਾਸੂਮ ਜਿਹਾ ਮੂੰਹ ਬਣਾ ਕੇ ਕੰਵਾਰੇ ਨੇ ਜਵਾਬ ਦਿੱਤਾ, "ਜਾ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ!"

ਵਿਆਹੁਤਾ ਜ਼ਿੰਦਗੀ ਦਾ ਮੌਜੂ ਉਡਾਉਣ ਵਾਲਾ ਇਹ ਚੁਟਕਲਾ ਮੈਨੂੰ ਬਹੁਤਾ ਹਸਾ ਤਾਂ ਨਹੀਂ ਸਕਿਆ ਪਰ "ਜਾ ਕੋ ਰਾਖੇ ਸਾਈਆਂ" ਵਾਲੀ ਪੰਕਤੀ ਮੇਰਾ ਆਪਣਾ ਅੱਗਾ-ਪਿੱਛਾ ਫੋਲਣ ਲੱਗ ਪਈ। ਮੇਰੇ ਸਾਈਆਂ ਜੀਉ ਨੇ ਭਾਵੇਂ ਵਿਆਹ ਦੀ ਬਿਆਧਿ ਤੋਂ ਮੇਰੀ ਰੱਖਿਆ ਨਹੀਂ ਕੀਤੀ ਸਗੋਂ ਇਹ ਢੋਲ ਸਮੇਂ ਸਿਰ ਹੀ ਮੇਰੇ ਗਲ ਪਾ ਦਿੱਤਾ ਸੀ ਪਰ ਉਮਰ ਦੀ ਪੌੜੀ ਦੇ ਤਿਰਵੰਜਾ ਡੰਡੇ ਟੱਪਦਿਆਂ ਕਈ ਮੌਕੇ ਐਸੇ ਆਏ ਜਦੋਂ ਮਲਕ-ਉਲ-ਮੌਤ, ਭੱਜ-ਭੱਜ ਕੇ ਮੇਰੇ ਵੱਲ ਨੂੰ ਆਉਂਦਾ ਤਾਂ ਰਿਹਾ ਲੇਕਿਨ ਮੇਰੇ ਸਾਈਂ ਦੇ ਹੁਕਮ ਤੋਂ ਡਰ ਕੇ ਮੈਥੋਂ ਕੁਝ ਕੁ ਫੁੱਟ ਦੀ ਦੂਰੀ ਤੋਂ ਵਾਪਸ ਖ਼ਾਲੀ ਹੱਥ ਮੁੜ ਜਾਂਦਾ ਰਿਹਾ।

ਬੰਦੇ ਦੀ ਜ਼ਿੰਦਗੀ ਬਾਰੇ ਕਿਸੇ ਨੇ ਬੁਝਾਰਤ ਘੜੀ ਹੋਈ ਹੈ ਕਿ ਇਹ ਬਚਪਨ ਵਿਚ ਚੌ-ਪਾਇਆ, ਬਾਕੀ ਦੀ ਉਮਰ ਦੋ-ਪਾਇਆ ਅਤੇ ਅਖ਼ੀਰ ਵਿਚ ਤਿ-ਪਾਇਆ ਹੋ ਜਾਂਦਾ ਹੈ। ਬਚਪਨੇ ਵਿਚ ਦੋ ਹੱਥ ਅਤੇ ਦੋ ਗੋਡੇ ਧਰਤੀ ਨਾਲ ਲਾ ਕੇ 'ਰੁੜ੍ਹਦਾ' ਹੈ। ਬਾਕੀ ਦੀ ਉਮਰ ਦੋ ਪੈਰਾਂ 'ਤੇ ਚੱਲਦਾ ਹੈ। ਅਖ਼ੀਰ ਬੁਢਾਪੇ ਵਿਚ 'ਤੀਜਾ ਪੈਰ' ਡੰਗੋਰੀ ਬਣ ਜਾਂਦੀ ਹੈ। ਮੇਰੇ ਵੀ ਚੌਪਾਇਆ-ਕਾਲ ਭਾਵ ਰੁੜ੍ਹਨ ਵੇਲੇ ਦੀਆਂ ਦੋ ਘਟਨਾਵਾਂ ਐਸੀਆਂ ਹਨ ਜਿਨ੍ਹਾਂ ਨੂੰ ਗਾਹੇ-ਬਗਾਹੇ ਸੁਣਾਉਣ ਵੇਲੇ ਵੀ, ਮੇਰੇ ਮਾਂ-ਬਾਪ ਦਾ (ਖ਼ਾਸ ਕਰਕੇ ਮਾਂ ਦਾ) ਚਿਹਰਾ ਪੀਲਾ ਭੂਕ ਹੋ ਜਾਂਦਾ ਹੁੰਦਾ ਸੀ। ਮੇਰੇ ਬੱਚਿਆਂ ਨੂੰ ਗੋਦੀ ਖਿਡਾਉਣ ਸਮੇਂ ਵੀ ਉਹ ਇਹ ਵਾਕਿਆਤ ਇਉਂ ਸੁਣਾਉਂਦੇ ਹੁੰਦੇ ਸਨ ਜਿਵੇਂ ਕਿਤੇ ਇਹ ਗੱਲਾਂ ਹੁਣੇ ਤਾਜ਼ੀਆਂ ਹੀ ਹੋਈਆਂ ਹੋਣ।

ਸਾਈਂ ਦੀ ਸਮਰੱਥਾ ਦਿਖਾਉਂਦਾ ਪਹਿਲਾ ਦ੍ਰਿਸ਼ਟਾਂਤ ਸਾਡੇ ਘਰ ਦਾ ਹੀ ਹੈ। ਹੁਣ ਤਾਂ ਸਾਡੇ ਘਰ ਨੂੰ ਵੀ ਜੇਲ੍ਹ ਵਰਗੇ ਗੇਟ ਲੱਗ ਗਏ ਹਨ ਪਰ ਉਦੋਂ ਸਾਡੇ ਖੁੱਲ੍ਹੇ ਡੁੱਲ੍ਹੇ ਵਿਹੜੇ ਵਿਚ ਭਾਰੀ ਨਿੰਮ ਹੁੰਦੀ ਸੀ ਜਿਸ ਨੂੰ ਸਹੀ ਅਰਥਾਂ ਵਿਚ 'ਕਾਮਨਵੈਲਥ ਨਿੰਮ' ਕਿਹਾ ਜਾ ਸਕਦਾ ਸੀ ਕਿਉਂਕਿ ਆਂਢ-ਗੁਆਂਢ ਦੇ ਬੱਚੇ-ਬੁੱਢੇ, ਜ਼ਨਾਨੀਆਂ ਸਾਰੇ ਇਸ ਦੀ ਛਾਂ ਦਾ ਆਨੰਦ ਮਾਣਦੇ ਹੁੰਦੇ ਸਨ। ਪਿੰਡ ਵਿਚ ਆਉਣ ਵਾਲੇ ਮਦਾਰੀ ਜਾਂ ਤਮਾਸ਼ਾ ਕਰਨ ਵਾਲੇ ਇਸ ਨਿੰਮ ਥੱਲੇ ਆ ਕੇ ਡੁਗ-ਡੁਗੀ ਜਾਂ ਬੰਸਰੀ ਵਜਾਉਂਦੇ ਹੁੰਦੇ ਸਨ। ਹਮੇਸ਼ਾ ਇਥੇ ਹੀ ਮਜਮਾ ਲੱਗਦਾ ਹੁੰਦਾ ਸੀ। ਸਾਉਣ-ਭਾਦੋਂ ਦੇ ਦਿਨਾਂ ਵਿਚ ਇਕ ਵਾਰ ਸਪੇਰਾ ਬੀਨ ਵਜਾਉਂਦਾ ਸਾਡੀ ਨਿੰਮ ਥੱਲੇ ਆ ਬੈਠਾ। ਬੀਨ ਵੱਜਦੀ ਸੁਣ ਕੇ ਸਾਰੇ ਪਿੰਡ ਦੇ ਜੀਆ-ਜੰਤ ਸਪੇਰੇ ਦੁਆਲੇ ਆ ਖੜ੍ਹੇ ਹੋਏ। ਸਪੇਰੇ ਨੇ ਆਪਣੀ ਝੋਲੀ ਵਿਚੋਂ ਪਟਾਰੀ ਕੱਢੀ ਅਤੇ ਬੀਨ ਵਜਾਉਂਦਿਆਂ ਪਟਾਰੀ ਦਾ ਢੱਕਣ ਲਾਹਿਆ। ਇਕਦਮ ਕਾਲੀਆਂ ਕੌਡੀਆਂ ਵਾਲਾ ਬੜਾ ਭਾਰਾ ਖੜੱਪਾ ਸੱਪ ਫਨ ਫੈਲਾਅ ਕੇ ਬੀਨ ਦੇ ਨਾਲ-ਨਾਲ ਹਿੱਲਣ ਲੱਗ ਪਿਆ।

ਸੱਪ ਨੂੰ ਅਚਾਨਕ ਪਤਾ ਨਹੀਂ ਕੀ ਸੁੱਝਿਆ; ਪਲਾਂ-ਛਿਣਾਂ ਵਿਚ ਹੀ ਲਪਰ ਲਪਰ ਕਰਦਾ ਇਕ ਪਾਸੇ ਨੂੰ ਤੁਰ ਪਿਆ। ਲਾਗੇ ਹੀ ਜਿਸ ਮੰਜੀ 'ਤੇ ਮੇਰੀ ਮਾਂ ਨੇ ਮੈਨੂੰ ਸੁਲਾਇਆ ਹੋਇਆ ਸੀ, ਉਸ ਦੀ ਟੁੱਟੀ ਹੋਈ ਦੌਣ ਦੀਆਂ ਲਮਕਦੀਆਂ ਰੱਸੀਆਂ ਥਾਣੀਂ, ਦੇਖਦਿਆਂ ਦੇਖਦਿਆਂ ਸੱਪ ਮੇਰੀ ਮੰਜੀ 'ਤੇ ਜਾ ਚੜ੍ਹਿਆ। ਰੌਲਾ ਸੁਣ ਕੇ ਮੈਂ ਅੱਭੜਵਾਹੇ ਉਠ ਬੈਠਾ ਅਤੇ ਮੰਜੀ ਦੀ ਪੈਂਦ ਵੱਲ ਨੂੰ ਰੁਖ਼ ਕਰ ਲਿਆ! ਕੁੱਤਾ-ਬਿੱਲਾ ਹਮਲਾਵਰ ਹੋਵੇ ਤਾਂ ਕੋਈ ਬੰਦਾ-ਤੀਵੀਂ ਅੱਗੇ ਵਧੇ ਪਰ ਇਥੇ ਤਾਂ ਫਨੀਅਰ ਸੱਪ ਸੀ ਜਿਹਦੇ ਬਾਰੇ ਪਿੰਡਾਂ ਵਿਚ ਪ੍ਰਚਲਿਤ ਹੈ ਕਿ ਬੰਦੇ ਦੇ ਡੰਗ ਮਾਰਨ ਵੇਲੇ ਇਹ ਕਹਿੰਦਾ ਹੈ ਕਿ 'ਮਰਨ ਵਾਲਿਆ, ਮੇਰੇ ਉਤੇ ਨਾ ਡਿੱਗ ਪਈਂ!' ਗੱਲ ਕੀ...ਉਥੇ ਨੱਠ ਓਏ, ਭੱਜ ਓਏ...ਚੀਕ-ਚਿਹਾੜਾ ਪੈ ਗਿਆ। ਦੁ-ਹੱਥੜੀਂ ਪਿੱਟਦੀ ਹੋਈ ਮੇਰੀ ਮਾਂ ਨੇ ਬਿਜਲੀ ਦੀ ਫੁਰਤੀ ਨਾਲ ਮੈਨੂੰ ਲੱਤਾਂ ਤੋਂ ਫੜ ਕੇ ਪਿੱਛੇ ਨੂੰ ਘੜੀਸ ਲਿਆ। ਇੰਨੇ ਨੂੰ ਸਪੇਰੇ ਨੇ ਵੀ ਸੱਪ ਨੂੰ ਜਾ ਨੱਪਿਆ। ਮੇਰਾ ਬਾਪ ਤਾਂ ਜਿਗਰਾ ਕਰ ਗਿਆ ਪਰ ਕਹਿੰਦੇ ਨੇ ਮੇਰੀ ਮਾਂ ਨੇ ਮੈਨੂੰ ਘੁੱਟ ਕੇ ਹਿੱਕ ਨਾਲ ਲਾਉਂਦਿਆਂ ਸਪੇਰੇ ਦੀ ਚੰਗੀ ਦੁਰਗਤ ਕੀਤੀ।

ਦੂਸਰਾ ਵਾਕਿਆ ਵੀ ਮੇਰੇ 'ਰੁੜ੍ਹਨ ਕਾਲ' ਨਾਲ ਹੀ ਸਬੰਧਤ ਹੈ। ਹਰ ਸਾਲ ਵਾਂਗ ਸਾਡੇ ਘਰਦਿਆਂ ਨੇ ਹੋਲੇ-ਮਹੱਲੇ 'ਤੇ ਸ੍ਰੀ ਆਨੰਦਪੁਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਸਮਿਆਂ ਵਿਚ ਇਹ ਯਾਤਰਾ ਪੈਦਲ ਹੀ ਕੀਤੀ ਜਾਂਦੀ ਸੀ। ਸਾਡੇ ਇਲਾਕੇ ਦੀ ਸੰਗਤ ਵੱਲੋਂ ਪਹਿਲਾ ਪੜਾਅ ਕਰੀਮਪੁਰ ਚਾਹ ਵਾਲਾ ਦੇ ਗੁਰਦੁਆਰੇ ਵਿਖੇ ਕੀਤਾ ਜਾਂਦਾ ਹੈ। ਇਥੋਂ ਸੁਵਖ਼ਤੇ ਚਾਹ ਛਕਣ ਮਗਰੋਂ ਅਗਲੀ ਯਾਤਰਾ ਆਰੰਭ ਕੀਤੀ ਜਾਂਦੀ ਸੀ। ਇੰਜ ਸਾਡਾ ਕਾਫ਼ਲਾ ਸੁਵਖ਼ਤੇ ਹੀ ਸਤਲੁਜ ਦਰਿਆ ਕੰਢੇ ਜਾ ਪਹੁੰਚਿਆ। ਉਨ੍ਹਾਂ ਦਿਨਾਂ ਵਿਚ ਪੈਸੇ ਵਾਲੇ ਲੋਕ ਬੇੜੀ ਰਾਹੀਂ ਦਰਿਆ ਪਾਰ ਕਰ ਲੈਂਦੇ ਜਦਕਿ ਬਹੁਤੇ ਲੋਕੀਂ ਗਠੜੀਆਂ ਸਿਰਾਂ 'ਤੇ ਚੁੱਕ ਕੇ ਅਤੇ ਬਾਲਾਂ ਨੂੰ ਮੋਢਿਆਂ 'ਤੇ ਬਿਠਾ ਕੇ ਦਰਿਆ ਲੰਘਦੇ ਹੁੰਦੇ। ਸ਼ਰਧਾਲੂਆਂ ਦੀ ਸਹੂਲਤ ਵਾਸਤੇ ਦਰਿਆ ਦੇ ਨਾਲ ਨਾਲ ਵਸਦੇ ਪਿੰਡਾਂ ਦੇ ਲੋਕ, ਦਰਿਆ ਦੇ ਵਹਿਣ ਤੋਂ ਜਾਣੂੰ ਹੋਣ ਕਰਕੇ, ਪੈਦਲ ਦਰਿਆ ਪਾਰ ਕਰਨ ਵਾਲਿਆਂ ਦੇ ਅੱਗੇ ਅੱਗੇ ਤੁਰ ਕੇ ਉਨ੍ਹਾਂ ਦੀ ਅਗਵਾਈ ਕਰਦੇ। ਕੈਸਾ ਸਤਿਯੁਗੀ ਸਮਾਂ ਹੋਵੇਗਾ ਉਹ...!

ਜਿਸ ਜਥੇ ਵਿਚ ਮੇਰੀ ਮਾਂ ਨੇ ਮੈਨੂੰ ਕੁੱਛੜ ਚੁੱਕਿਆ ਹੋਇਆ ਸੀ, ਉਸ ਵਿਚ ਮੇਰੀਆਂ ਭੈਣਾਂ, ਮਾਮੇ-ਮਾਮੀਆਂ, ਨਾਨਾ ਅਤੇ ਭੂਆ-ਫੁੱਫੜ ਵਗੈਰਾ ਸਾਰੇ ਰਿਸ਼ਤੇਦਾਰ ਸ਼ਾਮਲ ਸਨ। ਦਰਿਆ ਕੰਢੇ ਜਾ ਕੇ ਮਸਲਾ ਇਹ ਖੜ੍ਹ ਗਿਆ ਕਿ ਦਰਿਆ ਪੈਦਲ ਪਾਰ ਕੀਤਾ ਜਾਏ ਜਾਂ ਬੇੜੀ ਰਾਹੀਂ। ਕੱਪੜੇ-ਲੱਤੇ ਅਤੇ ਝੋਲੇ ਵਗੈਰਾ ਦੀਆਂ ਗਠੜੀਆਂ ਬੰਨ੍ਹਦਿਆਂ-ਕਰਦਿਆਂ ਮੇਰੀ ਮਾਂ ਦੀ ਮਮਤਾ ਭਰੀ ਸਿਫ਼ਾਰਸ਼ 'ਤੇ ਫ਼ੈਸਲਾ ਹੋਇਆ ਕਿ ਸਾਰੇ ਜਣੇ ਬੇੜੀ ਵਿਚ ਹੀ ਪਾਰ ਜਾਣਗੇ। ਮੇਰੀ ਮਾਂ ਦਾ ਕਹਿਣਾ ਸੀ ਕਿ ਚੌਂਹ ਧੀਆਂ ਪਿੱਛੋਂ ਰੱਬ ਨੇ ਮਸਾਂ-ਮਸੇਂਦਰੇ ਦਾ ਮੈਨੂੰ ਪੁੱਤ ਦਿੱਤਾ ਹੈ। ਦਰਿਆ ਵਿਚ ਪਾਣੀ ਜ਼ਿਆਦਾ ਹੋਣ ਕਰਕੇ ਅਸੀਂ ਖ਼ਤਰਾ ਮੁੱਲ ਨਹੀਂ ਲੈਣਾ। ਇਥੇ ਬੇੜੀ ਇਕ ਹੀ, ਪਰ ਸੰਗਤ ਜ਼ਿਆਦਾ ਹੋਣ ਕਾਰਨ ਆਪੋ-ਧਾਪੀ ਪੈ ਜਾਂਦੀ ਸੀ। ਸੋ, ਕੁਝ ਚਿਰ ਉਡੀਕ ਕਰਨ ਬਾਅਦ ਸਾਡਾ ਕਾਫ਼ਲਾ ਬੇੜੀ ਵਿਚ ਜਾ ਬੈਠਾ। ਨੀਲੇ ਪਾਣੀ ਵਿਚ ਬੇੜੀ ਠਿੱਲ੍ਹ ਪਈ। ਸਾਰੀ ਸੰਗਤ ਕਲਗੀਆਂ ਵਾਲੇ ਪਾਤਸ਼ਾਹ ਦੀ ਉਪਮਾ ਦੇ ਆਪੇ-ਘੜੇ ਹੋਏ ਟੋਟਕੇ ਪੜ੍ਹ ਰਹੀ ਸੀ।

ਜਦ ਬੇੜੀ ਦਰਿਆ ਦੇ ਅੱਧ ਕੁ ਵਿਚ ਗਈ ਤਾਂ ਗਠੜੀਆਂ ਸਾਂਭੀ ਬੈਠੀ ਮੇਰੀ ਭੋਲੀ ਮਾਂ, ਮੇਰੇ ਬਾਪ ਨੂੰ ਪੁੱਛਣ ਲੱਗੀ ਕਿ ਮੁੰਡਾ ਤੂੰ ਚੁੱਕਿਆ ਹੋਇਐ? ਬੇਪ੍ਰਵਾਹ ਜਿਹੇ ਸੁਭਾਅ ਦਾ ਮੇਰਾ ਬਾਪ ਕਹਿੰਦਾ ਕਿ ਮੇਰੇ ਕੋਲ ਤਾਂ ਹੈਨੀਂ। ਕਿਸੇ ਕੁੜੀ (ਮੇਰੀਆਂ ਚਾਰ ਭੈਣਾਂ) ਕੋਲ ਹੋਵੇਗਾ! ਫ਼ਿਕਰ ਵਿਚ ਮੇਰੀ ਮਾਂ ਨੇ ਪੁੱਛ-ਪੜਤਾਲ ਕੀਤੀ ਤਾਂ ਉਹਦੇ ਸਾਹ ਸੁੱਕ ਗਏ! ਮਾਮੇ-ਮਾਮੀਆਂ, ਭੂਆ-ਫੁੱਫੜ, ਚਾਰੇ ਭੈਣਾਂ ਅਤੇ ਹੋਰ ਜੀਆ-ਜੰਤ ਬੇੜੀ ਵਿਚ ਹਾਜ਼ਰ ਪਰ 'ਮੁੰਡਾ' ਕਿਸੇ ਕੋਲ ਵੀ ਹੈ ਨਾ!! ਮੇਰੀ ਮਾਂ ਨੂੰ ਲੱਗ ਪਏ ਡੋਬੂ ਪੈਣ...ਸੁੱਖਾਂ ਲੱਧਾ ਮੇਰਾ ਪੁੱਤ ਕਿੱਥੇ ਗਿਆ? ਬੇੜੀ ਵਿਚ ਹਲਚਲ ਮਚ ਗਈ! ਪਰ ਮਲਾਹ ਸਾਵਧਾਨੀ ਨਾਲ ਵੰਝ ਲਾਉਂਦਾ ਹੋਇਆ ਬੇੜੀ ਦੂਜੇ ਕੰਢੇ ਵੱਲ ਲਿਜਾ ਰਿਹਾ ਸੀ।


ਅੱਕੀਂ ਪਲਾਹੀਂ ਹੱਥ ਮਾਰਨ ਵਾਂਗ ਮੇਰੇ ਬਾਪ ਨੇ ਖੜ੍ਹੇ ਹੋ ਕੇ ਆਰ-ਪਾਰ ਨਜ਼ਰ ਦੌੜਾਈ। ਅਚਾਨਕ ਉਸ ਦੀ ਨਜ਼ਰ ਪਾਰ ਦੇ ਕਿਨਾਰੇ ਪਈ ਜਿਥੇ ਮੈਂ ਕੰਢੇ 'ਤੇ ਬੈਠਾ ਰੇਤ ਨਾਲ ਖੇਡ ਰਿਹਾ ਸਾਂ ਅਤੇ ਮੇਰਾ ਨਾਨਾ ਮੈਨੂੰ ਇਕੱਲੇ ਨੂੰ ਛੱਡ ਕੇ, ਗਾਰੇ ਨਾਲ ਲਿਬੜੇ ਆਪਣੇ ਪੈਰ ਧੋਣ ਡਿਹਾ ਹੋਇਆ ਸੀ। ਅਸਲ ਵਿਚ ਹੋਇਆ ਇੰਜ ਕਿ ਜਦੋਂ ਇਹ ਸਾਰੇ ਜਣੇ ਉਰਾਰ ਬੈਠੇ ਬੇੜੀ ਵਿਚ ਬਹਿਣ ਦੀਆਂ ਹਾਲੇ ਸਲਾਹਾਂ ਕਰ ਰਹੇ ਸਨ ਤਾਂ ਰਾਮ-ਰੌਲੇ ਜਿਹੇ ਵਿਚ, ਧੁੱਸ ਮਾਰ ਸੁਭਾਅ ਵਾਲਾ ਮੇਰਾ ਨਾਨਾ ਚੁੱਪ-ਚੁਪੀਤਾ ਮੈਨੂੰ ਮੋਢੇ ਬਿਠਾ ਕੇ ਦਰਿਆ 'ਚ ਠਿੱਲ੍ਹ ਪਿਆ ਸੀ!


ਮੈਂ ਲੱਭ ਤਾਂ ਪਿਆ ਪਰ ਖ਼ਤਰੇ ਵਾਲੀ ਗੱਲ ਇਹ ਸੀ ਕਿ ਨਾਨਾ ਮੈਨੂੰ ਐਨ ਕੰਢੇ 'ਤੇ ਬਿਠਾ ਕੇ ਹੱਥ-ਪੈਰ ਧੋਈ ਜਾ ਰਿਹਾ ਸੀ। ਉਧਰ ਮੈਂ ਮਸਤੀ ਵਿਚ ਕਦੇ ਇਧਰ ਨੂੰ ਰੁੜ੍ਹਦਾ ਜਾਵਾਂ ਤੇ ਕਦੇ ਉਧਰ ਨੂੰ। ਕੰਢੇ ਨਾਲ ਸ਼ੂਕਦਾ ਦਰਿਆ ਪਿਆ ਵਗੇ! ਸਾਰੇ ਰਿਸ਼ਤੇਦਾਰ ਬੇੜੀ ਵਿਚੋਂ ਕਿੱਲ੍ਹ ਕਿੱਲ੍ਹ ਕੇ ਅਵਾਜਾਂ ਮਾਰਨ ਕਿ ਭਾਈਆ! ਮੁੰਡੇ ਨੂੰ ਚੁੱਕ ਕੇ ਕੰਢੇ ਤੋਂ ਪਰ੍ਹੇ ਕਰ ਦੇ ਪਰ ਬੋਲ਼ਾ ਨਾਨਾ ਬੇਪ੍ਰਵਾਹ ਹੋ ਕੇ ਆਪਣਾ ਕੰਮ ਕਰੀ ਗਿਆ। ਜਿੰਨਾ ਚਿਰ ਬੇੜੀ ਪਾਰ ਨਹੀਂ ਲੱਗੀ, ਸਾਡੇ ਘਰਦਿਆਂ ਦੀ ਜਾਨ ਮੁੱਠ ਵਿਚ ਆਈ ਰਹੀ!!

ਤੀਸਰੀ ਦੁਰਘਟਨਾ ਵੀ ਦਰਿਆ ਸਤਲੁਜ ਨਾਲ ਹੀ ਵਾਬਸਤਾ ਹੈ। ਮੈਂ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿਚ ਅੱਠਵੀਂ ਦਾ ਵਿਦਿਆਰਥੀ ਸਾਂ। ਜਲੰਧਰ ਸ਼ਹਿਰ ਦਾ ਇਕ ਅਧਿਆਪਕ ਸਾਡੇ ਸਕੂਲ ਆਣ ਲੱਗਾ। ਉਸ ਨੇ ਇਕ ਸਨਿਚਰਵਾਰ ਸਲਾਹ ਕੀਤੀ ਕਿ ਪਿਕਨਿਕ 'ਤੇ ਚੱਲਿਆ ਜਾਵੇ। 'ਮੁੱਲਾਂ ਦੀ ਦੌੜ ਮਸੀਤ ਤਕ' ਦੇ ਅਖਾਣ ਵਾਂਗ ਪੇਂਡੂ ਸਕੂਲ ਦੇ ਨਿਆਣਿਆਂ ਨੇ ਪਿਕਨਿਕ ਵਾਸਤੇ ਪਿੰਜੌਰ ਗਾਰਡਨ ਥੋੜ੍ਹੇ ਜਾਣਾ ਸੀ! ਸੋਚ-ਵਿਚਾਰ ਕੇ ਮਾਸਟਰ ਜੀ ਸਾਨੂੰ ਲੈ ਗਏ ਦਰਿਆ ਸਤਲੁਜ 'ਤੇ ਜੋ ਸਾਡੇ ਪਿੰਡੋਂ ਤਿੰਨ ਕੁ ਮੀਲ ਦੀ ਵਿੱਥ 'ਤੇ ਵਗਦਾ ਹੈ। ਇਕ ਛੁੱਟੀ ਹੋਣ ਦਾ ਚਾਅ, ਦੂਜੇ ਦਰਿਆ ਦੇ ਪਾਣੀ ਵਿਚ ਖਰਮਸਤੀਆਂ। ਮਾਸਟਰ ਜੀ ਨੇ ਸਾਨੂੰ ਹਦਾਇਤ ਤਾਂ ਦੇ ਰੱਖੀ ਸੀ ਕਿ ਕੰਢੇ ਨਾਲ ਹੀ ਰਹਿਣਾ ਹੈ ਪਰ ਇਕ ਸ਼ਰਾਰਤੀ ਮੁੰਡਾ ਮੇਰੇ ਉਪਰ ਪਾਣੀ ਸੁੱਟਦਾ ਗਿਆ। ਮੈਂ ਅਣਜਾਣ ਪਿਛਲ-ਖੁਰੀਆਂ ਤੁਰਦਾ-ਤੁਰਦਾ ਕੰਢੇ ਤੋਂ ਦੂਰ ਚਲਾ ਗਿਆ। ਪਾਣੀ ਦੀ ਘੁੰਮਣਘੇਰੀ ਜਿਹੀ ਨੇ ਮੇਰੇ ਪੈਰ ਚੱਕ ਦਿੱਤੇ। ਗੋਤੇ ਖਾਂਦਾ ਹੋਇਆ ਮੈਂ ਡੂੰਘੇ ਪਾਣੀ 'ਚ ਡੁੱਬ ਗਿਆ। ਮੇਰੇ ਮੂੰਹ ਵਿਚ ਪਾਣੀ ਭਰ ਗਿਆ। ਕੰਨਾਂ ਵਿਚ ਸਾਥੀਆਂ ਦੀ ਕਾਵਾਂ-ਰੌਲੀ ਦੀ ਥਾਂ ਤੇਜ਼ ਵਗਦੇ ਪਾਣੀ ਦੀ ਘਰਲ-ਘਰਲ ਹੋਣ ਲੱਗ ਪਈ।

ਪਤਾ ਮੈਨੂੰ ਉਦੋਂ ਹੀ ਲੱਗਾ ਜਦੋਂ ਮੈਨੂੰ ਕੋਈ ਆਪਣੀ ਘਨੇੜੀ ਲਾ ਕੇ ਦਰਿਆ ਵਿਚੋਂ ਧੂਹੰਦਾ ਹੋਇਆ ਬਾਹਰ ਨੂੰ ਖਿੱਚ ਕੇ ਲਿਆ ਰਿਹਾ ਸੀ। ਸਾਈਆਂ ਦੇ ਹੁਕਮ ਅਨੁਸਾਰ ਕੰਢੇ 'ਤੇ ਖੜ੍ਹੇ ਮੱਝਾਂ ਦੇ ਇਕ ਪਾਲੀ ਨੇ ਮੈਨੂੰ ਡੁੱਬਦੇ ਨੂੰ ਦੇਖ ਲਿਆ ਸੀ। ਸਣ-ਕੱਪੜੇ ਛਾਲ ਮਾਰ ਕੇ ਉਹ ਵਿਚਾਰਾ ਮੈਨੂੰ ਡੁੱਬਦੇ ਨੂੰ ਬਚਾਅ ਲਿਆਇਆ। ਮੂਧੇ ਮੂੰਹ ਲੰਮਾ ਪਾ ਕੇ ਮੇਰੇ ਅੰਦਰੋਂ ਪਾਣੀ ਕੱਢਿਆ। ਮੇਰੀ ਜ਼ਿੰਦਗੀ ਵਿਚ "ਮਾਰਨ ਵਾਲੇ ਨਾਲੋਂ ਰੱਖਣ ਵਾਲਾ ਬਿਅੰਤ" ਦੀ ਮਨੌਤ ਨੂੰ ਸੱਚੀ ਸਿੱਧ ਕਰਨ ਵਾਲੀਆਂ ਇਕ-ਦੋ ਘਟਨਾਵਾਂ ਹੋਰ ਵੀ ਹਨ ਪਰ ਇਕ ਨਾ ਇਕ ਦਿਨ ਉਹ ਵੀ ਜ਼ਰੂਰ ਆਉਣਾ ਹੈ ਜਦੋਂ "ਹੱਥ ਦੇ ਕੇ" ਰੱਖਣ ਵਾਲੇ ਸਾਈਂ ਨੇ ਖ਼ੁਦ ਹੀ ਕਾਲੇ ਵਾਰੰਟ ਜਾਰੀ ਕਰ ਦੇਣੇ ਹਨ। ਫਿਰ ਭਾਵੇਂ ਕੋਈ ਸ਼ਕਤੀ ਜਿੰਨਾ ਮਰਜ਼ੀ ਜ਼ੋਰ ਲਾ ਲਵੇ! ਭਾਵੇਂ ਅੜਿੱਕੇ ਆਇਆ ਬੰਦਾ ਅਜਿਹੇ ਤਰਲੇ ਮਾਰੀ ਜਾਵੇ:

ਪਿਛਾਂਹ ਰਹਿ ਕਾਹਲੀਏ ਮੌਤੇ,
ਮਿਰੇ ਨਜ਼ਦੀਕ ਨਾ ਆਵੀਂ।
ਗ਼ਜ਼ਲ ਲਿਖਦਾ ਹਾਂ ਮੈਂ ਹਾਲੇ,
ਮੈਂ ਹਾਲੇ ਮਰ ਨਹੀਂ ਸਕਦਾ!!





# 'ਕਾਗੋ ਹੰਸ ਕਰੇ ਮੇਰਾ ਸਾਹਿਬ'

ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਮੇਰੀ ਸਤਿ ਸ੍ਰੀ ਅਕਾਲ। ਮੈਂ ਉਨ੍ਹਾਂ ਸਭ ਦਾ ਧੰਨਵਾਦੀ ਹਾਂ ਕਿਉਂਕਿ ਉਨ੍ਹਾਂ ਨੇ ਮੇਰੀਆਂ ਰਚਨਾਵਾਂ ਨੂੰ ਬਹੁਤ ਮਾਣ ਦਿੱਤਾ ਹੈ। ਮੇਰੇ ਪਾਸ ਧੰਨਵਾਦ ਕਹਿਣ ਲਈ ਸ਼ਬਦ ਥੋੜ੍ਹੇ ਹਨ। ਆਸ ਕਰਦਾ ਹਾਂ ਕਿ ਜੇ ਪਾਠਕਾਂ ਦਾ ਹੁੰਗਾਰਾ ਇਸੇ ਤਰ੍ਹਾਂ ਮਿਲਦਾ ਰਿਹਾ ਤਾਂ ਮੇਰੀ ਕਲਮ ਵਿਚ ਹੋਰ ਵੀ ਸੁਧਾਰ ਆਵੇਗਾ। ਮੇਰਾ ਵਾਅਦਾ ਹੈ ਕਿ ਤੁਹਾਡੀ ਪਸੰਦ ਅਤੇ ਪੰਜਾਬੀ ਸਭਿਆਚਾਰ ਨੂੰ ਮੁੱਖ ਰੱਖ ਕੇ ਹੀ ਲਿਖਾਂਗਾ।

ਪੰਜਾਬ ਟਾਈਮਜ਼ ਦੇ ਸੰਪਾਦਕੀ ਅਮਲੇ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀਆਂ ਰਚਨਾਵਾਂ ਨੂੰ ਥਾਂ ਦਿੱਤਾ। ਪੰਜਾਬ ਟਾਈਮਜ਼ ਦੇ ਕਾਲਮਨਵੀਸਾਂ ਤਰਲੋਚਨ ਸਿੰਘ ਦੁਪਾਲਪੁਰ ਅਤੇ ਅਸ਼ੋਕ ਭੌਰਾ ਤੋਂ ਮੈਂ ਬਹੁਤ ਕੁਝ ਸਿਖਿਆ ਹੈ। ਪਿਛਲੇ ਕੁਝ ਸਮੇਂ ਤੋਂ ਅਸ਼ੋਕ ਭੌਰਾ ਦਾ ਲੇਖ ਨਹੀਂ ਛਪ ਰਿਹਾ। ਸ਼ਾਇਦ ਉਹ ਕਿਤੇ ਬਾਹਰ ਗਏ ਹੋਏ ਹਨ।

ਪਰਦੀਪ ਕੌਰ ਗਿੱਲ ਦਾ ਲਿਖਿਆ ਹੋਇਆ 'ਕਾਗੋ ਹੰਸ ਕਰੇ ਮੇਰਾ ਸਾਹਿਬ' ਲੇਖ ਪੜ੍ਹਿਆ। ਇਹ ਲੇਖ ਪੜ੍ਹ ਕੇ ਬਹੁਤ ਚੰਗਾ ਲੱਗਾ। ਉਨ੍ਹਾਂ ਨੇ ਇਤਿਹਾਸ ਵਿਚੋਂ ਮਿਸਾਲਾਂ ਦੇ ਕੇ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਦੇਣ ਦਾ ਸੱਦਾ ਦਿੱਤਾ ਹੈ। ਉਮੀਦ ਹੈ ਕਿ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੇ ਸੱਦੇ ਨੂੰ ਹੁੰਗਾਰਾ ਦੇਣਗੇ। ਸਾਡੀ ਇਹ ਬਦਕਿਸਮਤੀ ਹੈ ਕਿ ਸਾਡੇ ਲੀਡਰ ਸਾਡੀਆਂ ਵੋਟਾਂ ਨਾਲ ਚੋਣ ਜਿੱਤ ਕੇ ਚੰਡੀਗੜ੍ਹ ਜਾਂ ਦਿੱਲੀ ਵਿਚ ਐਸ਼ ਆਰਾਮ ਦੀ ਜ਼ਿੰਦਗੀ ਜਿਊਂਦੇ ਹਨ ਅਤੇ ਜੇ ਕੋਈ ਮਨਪ੍ਰੀਤ ਵਰਗਾ ਇਮਾਨਦਾਰੀ ਨਾਲ ਕੰਮ ਕਰਨਾ ਅਤੇ ਪੰਜਾਬ ਦੇ ਹਿੱਤ 'ਚ ਆਵਾਜ਼ ਉਠਾਉਣਾ ਚਾਹੇ ਤਾਂ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਾਂਦਾ ਹੈ।

*-ਰਾਜ ਧਾਲੀਵਾਲ*
*ਟੈਫਟ, ਕੈਲੀਫੋਰਨੀਆ।*

# ਹਰਿ ਬਿਨੁ ਕੋਇ ਨ ਚਾਲਸਿ ਸਾਥ

ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
ਕੇਦਾਰਾ ਮਹਲਾ 5
ਹਰਿ ਬਿਨੁ ਕੋਇ ਨ ਚਾਲਸਿ ਸਾਥ
ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਸਾਥ
ਸੁਤ ਸੰਪਤਿ ਬਿਖਿਆ ਰਸ ਭੋਗਵਤ, ਨਹ ਨਿਬਹਤ ਜਮ ਕੈ ਪਾਥ
ਨਾਮੁ ਨਿਧਾਨੁ ਗਾਉ ਗੁਨ ਗੋਬਿੰਦ, ਉਧਰੁ ਸਾਗਰ ਕੇ ਖਾਤ
ਸਰਨਿ ਸਮਰਥ ਅਕਥ ਅਗੋਚਰ, ਹਰਿ ਸਿਮਰਤ ਦੁਖ ਲਾਥ
ਨਾਨਕ ਦੀਨ ਧੂਰਿ ਜਨ ਬਾਂਛਤ, ਮਿਲੈ ਲਿਖਤ ਧੁਰਿ ਮਾਥ

ਸਾਹਿਬ ਸਤਿਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਉਪਦੇਸ਼ ਕਰਦੇ ਹਨ ਕਿ ਹੇ ਭਾਈ, ਉਸ ਵਾਹਿਗੁਰੂ ਅਕਾਲ ਪੁਰਖ਼ ਦੇ ਨਾਮ ਤੋਂ ਬਿਨਾਂ ਇਸ ਜੀਵਨ ਦੀ ਕੋਈ ਵੀ ਕੁਝ ਸਹਾਇਤਾ ਨਹੀਂ ਕਰ ਸਕਦਾ।

ਹਰਿ ਬਿਨੁ ਕੋਇ ਨ ਚਾਲਸਿ ਸਾਥ
ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਸਾਥ

ਹੇ ਭਾਈ! ਜਦੋਂ ਇਹ ਜੀਵ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਉਸ ਪ੍ਰਭੂ ਦੇ ਨਾਮ ਤੋਂ ਬਿਨਾਂ ਇਸ ਜੀਵ ਦੇ ਨਾਲ ਕੁਝ ਵੀ ਨਹੀਂ ਜਾਂਦਾ। ਸੋ, ਹੇ ਦੀਨਾਂ 'ਤੇ ਦਇਆ ਕਰਨ ਵਾਲੇ! ਹੇ ਮਿਹਰਾਂ ਦੇ ਮਾਲਿਕ, ਹੇ ਅਨਾਥਾਂ ਦੇ ਨਾਥ ਪ੍ਰਭ ਜੀਉ, ਤੇਰਾ ਨਾਮ ਹੀ ਜੀਵ ਆਤਮਾ ਦਾ ਅਸਲੀ ਸਾਥੀ ਹੈ ਜੋ ਅੰਤ ਤਕ ਨਾਲ ਨਿਭਦਾ ਹੈ।

ਸੁਤ ਸੰਪਤਿ ਬਿਖਿਆ ਰਸ ਭੋਗਵਤ ਨਹ ਨਿਬਹਤ ਜਮ ਕੈ ਪਾਥ
ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ਉਧਰੁ ਸਾਗਰ ਕੇ ਖਾਤ

ਹੇ ਭਾਈ! ਇਨਸਾਨ ਦੇ ਕੋਲ ਪੁੱਤਰ ਵੀ ਹੁੰਦੇ ਹਨ, ਧਨ-ਦੌਲਤ ਵੀ ਹੁੰਦੀ ਹੈ ਅਤੇ ਇਨਸਾਨ ਇਸ ਸੰਸਾਰ ਦੇ ਅੰਦਰ ਰਹਿ ਕੇ ਮਾਇਆ ਦੇ ਅਨੇਕ ਪ੍ਰਕਾਰ ਦੇ ਰਸ ਵੀ ਮਾਣਦਾ ਹੈ, ਪਰ ਜਦੋਂ ਜੀਵਨ ਜਮਰਾਜ ਦੇ ਰਸਤੇ 'ਤੇ ਤੁਰਦਾ, ਭਾਵ ਜਾਂਦਾ ਹੈ, ਉਦੋਂ ਇਸ ਦਾ ਕੋਈ ਵੀ ਸਾਥ ਨਹੀਂ ਦਿੰਦਾ। ਸੋ, ਹੇ ਭਾਈ, ਪ੍ਰਭੂ ਦਾ ਨਾਮ ਹੀ ਨਾਲ ਜਾਣ ਵਾਲਾ ਅਸਲੀ ਖ਼ਜ਼ਾਨਾ ਹੈ, ਉਸੇ ਦਾ ਸਿਮਰਨ ਕਰ ਕੇ ਹੀ ਅਸੀਂ ਆਪਣੇ ਆਪ ਨੂੰ ਸੰਸਾਰ ਸਮੁੰਦਰ ਦੇ ਡੂੰਘੇ ਟੋਏ ਵਿਚ ਡਿੱਗਣ ਤੋਂ ਬਚਾ ਸਕਦੇ ਹਾਂ।

ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ
ਨਾਨਕ ਦੀਨ ਧੂਰਿ ਜਨ ਬਾਂਛਤ, ਮਿਲੈ ਲਿਖਤ ਧੁਰਿ ਮਾਥ

ਹੇ ਸਭ ਤਾਕਤਾਂ ਦੇ ਮਾਲਕ ਸਮਰੱਥ ਪ੍ਰਭੂ, ਜਿਸ ਦੇ ਸਰੂਪ ਦਾ ਵਰਨਣ ਨਾ ਹੋ ਸਕੇ ਅਕਥ ਪ੍ਰਭੂ, ਅਗੋਚਰ ਜੋ ਪਹੁੰਚ ਤੋਂ ਪਰ੍ਹੇ ਹੈ, ਹੇ ਪ੍ਰਭੂ ਜੀਓ! ਮੈਂ ਆਪ ਜੀ ਦੀ ਸ਼ਰਣ ਆਇਆ ਹਾਂ, ਆਪ ਜੀ ਦੀ ਸ਼ਰਨ ਆ ਕੇ, ਅਤੇ ਤੇਰਾ ਨਾਮ ਸਿਮਰਨ ਕਰਦਿਆਂ ਹੀ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਹੇ ਮੇਰੇ ਪ੍ਰਭ ਜੀਉ! ਇਹ ਗ਼ਰੀਬ ਨਾਨਕ ਤੇਰੇ ਭਗਤ ਜਨਾਂ ਦੀ ਚਰਣ ਧੂੜ ਮੰਗਦਾ ਹੈ, ਪਰ ਇਹ ਧੂੜ ਵੀ ਉਸੇ ਨੂੰ ਮਿਲਦੀ ਹੈ ਜਿਸ ਦੇ ਮੱਥੇ ਉਤੇ ਧੁਰ ਤੋਂ ਹੀ ਆਪ ਲਿਖ ਦਿੰਦੇ ਹੋ। ਸੋ, ਹੇ ਭਾਈ ਉਸ ਅਕਾਲ ਪੁਰਖ਼ ਦੀ ਸ਼ਰਨ ਵਿਚ ਚੱਲੀਏ ਅਤੇ ਨਾਮ ਸਿਮਰਨ ਵਿਚ ਜੁੜੀਏ।

ਆਓ, ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਦੇ ਚਰਨਾਂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, 916-687-3536*

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ (ਫਰੀਮਾਂਟ) ਵਲੋਂ



ਸ. ਸੁਖਪਾਲ ਸਿੰਘ ਖਹਿਰਾ

ਪੰਜਾਬੀਆਂ ਦੇ ਹਰਮਨ ਪਿਆਰੇ ਨੌਜਵਾਨ ਨੇਤਾ

## ਸ. ਸੁਖਪਾਲ ਸਿੰਘ ਖਹਿਰਾ

ਐਮ ਐਲ ਏ, ਹਲਕਾ ਭੁਲੱਥ (ਕਪੂਰਥਲਾ)

ਨੂੰ ਅਮਰੀਕਾ ਆਉਣ ‘ਤੇ



ਸ. ਅਮੋਲਕ ਸਿੰਘ ਗਾਖਲ

# ਨਿੱਘੀ ਜੀ ਆਇਆਂ ਨੂੰ



ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਅਹੁਦੇਦਾਰ ਅਤੇ ਮੈਂਬਰ

## ਪ੍ਰੋਗਰਾਮ ਦਾ ਵੇਰਵਾ

ਨਿਊ ਯਾਰਕ
22 ਦਸੰਬਰ, 2010 (ਬੁੱਧਵਾਰ)

ਸ਼ਿਕਾਗੋ ਤੇ ਮਿਲਵਾਕੀ
24 ਦਸੰਬਰ, 2010 (ਸ਼ੁੱਕਰਵਾਰ)

ਯੂਨੀਅਨ ਸਿਟੀ (ਕੈਲੀਫੋਰਨੀਆ)
1 ਜਨਵਰੀ, 2011 (ਸਨਿਚਰਵਾਰ)
ਸਥਾਨ: ਰਾਜਾ ਸਵੀਟਸ, ਯੂਨੀਅਨ ਸਿਟੀ
ਸ਼ਾਮ 4 ਵਜੇ ਤੋਂ 6 ਵਜੇ ਤੱਕ

ਟਰੇਸੀ (ਕੈਲੀਫੋਰਨੀਆ)
2 ਜਨਵਰੀ, 2011 (ਐਤਵਾਰ)
ਸਥਾਨ: ਸੰਸਾਰ ਰੈਸਟੋਰੈਂਟ, ਟਰੇਸੀ
ਸ਼ਾਮ 4 ਵਜੇ ਤੋਂ 6 ਵਜੇ ਤੱਕ

ਫਰਿਜ਼ਨੋ (ਕੈਲੀਫੋਰਨੀਆ)
3 ਜਨਵਰੀ, 2011 (ਸੋਮਵਾਰ)

ਲਾਸ ਏਂਜਲਸ
4 ਜਨਵਰੀ, 2011 (ਮੰਗਲਵਾਰ)

ਫੀਨਿਕਸ (ਐਰੀਜ਼ੋਨਾ)
5 ਜਨਵਰੀ, 2011 (ਬੁੱਧਵਾਰ)

ਹਿਊਸਟਨ (ਟੈਕਸਸ)
6 ਜਨਵਰੀ, 2011 (ਵੀਰਵਾਰ)

*ਬਾਕੀ ਪ੍ਰੋਗਰਾਮਾਂ ਅਤੇ ਵਧੇਰੇ ਜਾਣਕਾਰੀ ਲਈ ਕਾਲ ਕਰੋ:*
ਸ. ਅਮੋਲਕ ਸਿੰਘ ਗਾਖਲ, ਫੋਨ:831-247-4637
ਸ. ਮੰਗਲ ਸਿੰਘ ਭੰਡਾਲ, ਫੋਨ:831-988-0724

*ਹਲਕਾ ਭੁਲੱਥ ਨਿਵਾਸੀਆਂ ਨੂੰ ਵੱਧ ਤੋਂ ਵੱਧ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਅਪੀਲ*

**Paid By: A & I Trucking Co., Watsonville, CA**

# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਮਿਸ਼ੀਗਨ ਇਕਾਈ ਦਾ ਵਿਸਤਾਰ

**ਡਿਟਰਾਇਟ:** ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾ ਕੇ ਬਹੁਤ ਹੀ ਸਹੀ ਦਿਸ਼ਾ ਵਿਚ ਕਦਮ ਉਠਾਇਆ ਹੈ ਅਤੇ ਅਸੀਂ ਸਾਰੇ ਉਨ੍ਹਾਂ ਦੇ ਧੰਨਵਾਦੀ ਹਾਂ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਜਿੱਤ ਕੇ ਪੰਜਾਬ ਦੇ ਲੋਕਾਂ ਨੂੰ ਇਕ ਵਿਕਾਸਮੁਖੀ ਸਰਕਾਰ ਦੇ ਸਕੇਗੀ। ਇਹ ਵਿਚਾਰ ਇਥੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਮਿਸ਼ੀਗਨ ਇਕਾਈ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਖ ਵਖ ਪਾਰਟੀ ਆਗੂਆਂ ਨੇ ਪ੍ਰਗਟਾਏ।

ਇਥੋਂ ਦੀ ਇਕ ਸਬਰਬ ਫਾਰਮਿੰਗਟਨ ਹਿਲਜ਼ ਦੇ ਹਾਊਸ ਆਫ ਇੰਡੀਆ ਰੈਸਟੋਰੈਂਟ ਵਿਚ ਲੰਘੇ ਸਨਿਚਰਵਾਰ ਨੂੰ ਹੋਈ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਅਤੇ ਮਿਸ਼ੀਗਨ ਸਟੇਟ ਇਕਾਈ ਦੇ ਪ੍ਰਧਾਨ ਸ੍ਰੀ ਸੰਨੀ ਧੂੜ ਨੇ ਕਿਹਾ ਕਿ ਯੂ. ਪੀ .ਏ. ਸਰਕਾਰ ਦੀ ਚੇਅਰਪਰਸਨ ਅਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਦੀ ਰਹਿਨੁਮਾਈ ਹੇਠ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਜਿੱਥੇ ਦੂਸਰੀ ਵਾਰੀ ਮੁਲਕ ਦੀ ਵਾਗਡੋਰ ਸੰਭਾਲ ਕੇ ਭਾਰਤ ਦੀ ਦੁਨੀਆਂ ਵਿਚ ਪਹਿਚਾਣ ਬਣਾਈ ਹੈ ਉਥੇ ਨਾਲ ਹੀ ਸਿੱਖਾਂ ਦੀ ਪਹਿਚਾਣ ਨੂੰ ਵੀ ਨਿਖਾਰਿਆ ਹੈ।

ਸ੍ਰੀ ਸੰਨੀ ਧੂੜ ਨੇ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਹੀ ਮੁਲਕ ਦੀ ਇੱਕ ਅਜਿਹੀ ਧਰਮ ਨਿਰਪੱਖ ਪਾਰਟੀ ਹੈ ਜੋ ਹਰ ਵਰਗ ਦੇ ਲੋਕਾਂ ਨੂੰ ਸਦਾ ਆਪਣੇ ਨਾਲ ਲੈ ਕੇ ਚਲਦੀ ਹੈ। ਸ੍ਰੀ ਧੂੜ ਨੇ ਕਿਹਾ ਕਿ ਪਾਰਟੀ ਪ੍ਰਧਾਨ ਸ੍ਰੀਮਤੀ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਵੇਰ ਫਿਰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਕੇ ਬਹੁਤ ਹੀ ਸਿਆਣਪ ਦਾ ਸਬੂਤ ਦਿੱਤਾ ਹੈ। ਉਨ੍ਹਾਂ ਸੱਦਾ ਦਿਤਾ ਕਿ ਅਸੀਂ ਸਭ ਨੇ ਮਿਲ ਕੇ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਮਜ਼ਬੂਤ ਕਰਨੇ ਹਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਅਗਲਾ ਮੁੱਖ ਮੰਤਰੀ ਬਣਾਉਣਾ ਹੈ। ਇਸ ਮੌਕੇ ਕਈ ਪਾਰਟੀ ਵਰਕਰਾਂ ਨੇ ਆਉਂਦੀਆਂ ਪੰਜਾਬ ਚੋਣਾਂ ਵਿਚ ਪੰਜਾਬ ਪਹੁੰਚ ਕੇ ਪਾਰਟੀ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਵੀ ਭਰੋਸਾ ਦਿੱਤਾ।

ਇਸ ਮੀਟਿੰਗ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਦਾ ਵਿਸਥਾਰ ਕੀਤਾ ਗਿਆ ਅਤੇ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ। ਇਸ ਮੁਤਾਬਕ ਪ੍ਰਧਾਨ ਸ੍ਰੀ ਸੰਨੀ ਧੂੜ ਤੋਂ ਇਲਾਵਾ ਨੀਰਜ ਸੈਣੀ ਕਾਰਜਕਾਰੀ ਚੇਅਰਮੈਨ, ਸ੍ਰੀ ਪ੍ਰਗਟ ਸਿੰਘ ਗਰੇਵਾਲ, ਮਨਜਿੰਦਰ ਸਿੰਘ ਅਤੇ ਕਰਮਬੀਰ ਸਿੰਘ ਮੀਤ ਪ੍ਰਧਾਨ, ਰਾਜ ਭੁਪਿੰਦਰ ਸਿੰਘ ਨਿੱਜਰ ਜੂਨੀਅਰ ਮੀਤ ਪ੍ਰਧਾਨ, ਸ੍ਰੀਮਤੀ ਰਾਣੀ ਮਾਹਲ ਜਨਰਲ ਸਕੱਤਰ, ਦਰਸ਼ਨ ਸਿੰਘ ਗਰੇਵਾਲ ਸਕੱਤਰ, ਸੁਖਰਾਜ ਸਿੰਘ ਜਾਮਾਰਾਏ ਜਨਰਲ ਸਕੱਤਰ, ਦਵਿੰਦਰ ਗਰੇਵਾਲ ਪਬਲਿਕ ਰਿਲੇਸ਼ਨ ਮੈਨੇਜਰ, ਅਮਰੀਕ ਸਿੰਘ ਮਾਹਲ ਆਬਜ਼ਰਵਰ, ਰੇਸ਼ਮ ਸਿੰਘ ਸੈਣੀ ਪ੍ਰੈਸ ਸੈਕਟਰੀ ਤੋਂ ਇਲਾਵਾ ਬਾਬ ਖਹਿਰਾ, ਬਿਕਰਮਜੀਤ ਸਿੰਘ ਸੰਧੂ, ਕੁਲਬੀਰ ਸਿੰਘ ਗਿੱਲ, ਸੁਖਦੇਵ ਸਿੰਘ ਸੇਖੋਂ, ਰਤਨ ਸਿੰਘ ਸੇਖੋਂ, ਜਸਵਿੰਦਰ ਸਿੰਘ ਸੰਧੂ, ਮਨਫੂਲ ਸਿੰਘ ਚੱਠਾ, ਅਰਵਿੰਦਰ ਸਿੰਘ ਬਦੇਸ਼ਾ, ਸੁਖਪਾਲ ਸਿੰਘ ਬੈਂਸ, ਹਰਮੋਹਨ ਸਿੰਘ ਬੈਂਸ ਅਤੇ ਜਸਵਿੰਦਰ ਸਿੰਘ ਸੰਧੂ ਨੂੰ ਐਗਜ਼ੀਕਿਊਟਿਵ ਕਮੇਟੀ ਦੇ ਮੈਂਬਰ ਵਜੋਂ ਲਿਆ ਲਿਆ ਗਿਆ ਹੈ।



















## ਸ਼ਹਿਜ਼ਾਦੇ ਪਾਰਸ ਵੱਲੋਂ ਸੁਜਾਤਾ ਕੋਇਰਾਲਾ ਦੇ ਧੀ-ਜਵਾਈ 'ਤੇ ਫਾਇਰਿੰਗ

**ਕਾਠਮੰਡੂ:** ਆਪਣੀ ਰੰਗੀਨ ਮਿਜ਼ਾਜ ਜ਼ਿੰਦਗੀ ਲਈ ਜਾਣੇ ਜਾਂਦੇ ਨੇਪਾਲ ਦੇ ਸਾਬਕਾ ਸ਼ਹਿਜ਼ਾਦੇ ਪਾਰਸ ਸ਼ਾਹ ਨੇ ਨੇਪਾਲ ਦੀ ਸਾਬਕਾ ਉਪ ਪ੍ਰਧਾਨ ਮੰਤਰੀ ਸੁਜਾਤਾ ਕੋਇਰਾਲਾ ਦੀ ਸੱਜ ਵਿਆਹੀ ਧੀ ਤੇ ਜਵਾਈ ਉਤੇ ਗੋਲੀ ਚਲਾ ਦਿੱਤੀ। ਇਹ ਘਟਨਾ 12 ਦਸੰਬਰ ਦੀ ਰਾਤ ਨੂੰ ਦੱਖਣੀ ਨੇਪਾਲ ਦੇ ਇਕ ਸੈਲਾਨੀ ਕੇਂਦਰ ਵਿਚ ਵਾਪਰੀ।

ਦੱਖਣੀ ਨੇਪਾਲ ਦੇ ਚਿਤਵਾਨ ਨੈਸ਼ਨਲ ਪਾਰਕ ਦੇ ਟਾਈਗਰ ਟੌਪ ਰਿਜ਼ਾਰਟ ਵਿਚ ਜਦੋਂ ਖਾਣ-ਪੀਣ ਦਾ ਦੌਰ ਜਾਰੀ ਸੀ ਤਾਂ 38 ਸਾਲਾ ਪਾਰਸ ਸ਼ਾਹ ਦਾ ਸ੍ਰੀਮਤੀ ਕੋਇਰਾਲਾ ਦੀ ਧੀ ਮਾਲਿਨੀ ਤੇ ਉਸ ਦੇ ਬੰਗਲਾਦੇਸ਼ੀ ਪਤੀ ਸੁਬੇਲ ਚੌਧਰੀ ਨਾਲ ਕਿਸੇ ਗੱਲ ਨੂੰ ਲੈ ਕੇ ਬੋਲ-ਬੁਲਾਰਾ ਹੋ ਗਿਆ। ਇਸ 'ਤੇ ਪਾਰਸ ਨੇ ਹਵਾ ਵਿਚ ਗੋਲੀ ਚਲਾ ਦਿੱਤੀ। ਉਨ੍ਹਾਂ ਦੇ ਇਕ ਦੋਸਤ ਨੇ ਦੱਸਿਆ ਕਿ ਪਾਰਸ ਦੀ ਬੀਬੀ ਮਾਲਿਨੀ ਨਾਲ ਉਦੋਂ ਬਹਿਸ ਹੋ ਗਈ ਜਦੋਂ ਉਸ ਨੇ ਦੋਸ਼ ਲਾਇਆ ਕਿ ਉਸ (ਬੀਬੀ ਮਾਲਿਨੀ) ਦੇ ਨਾਨਾ ਤੇ ਸ੍ਰੀਮਤੀ ਸੁਜਾਤਾ ਕੋਇਰਾਲਾ ਦੇ ਪਿਤਾ ਤੇ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਗਿਰਿਜਾ ਪ੍ਰਸਾਦ ਕੋਇਰਾਲਾ ਨੇ ਨੇਪਾਲ ਵਿਚ ਰਾਜਸ਼ਾਹੀ ਖਤਮ ਕਰਾਉਣ ਦੀ ਸਾਜਿਸ਼ ਰਚੀ ਸੀ। ਹਾਲਾਂਕਿ ਇਸ ਘਟਨਾ ਬਾਰੇ ਅਧਿਕਾਰਤ ਤੌਰ 'ਤੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਪਰ ਇਹ ਘਟਨਾ ਨੇਪਾਲ ਦੀਆਂ ਅਖਬਾਰਾਂ ਦੇ ਪਹਿਲੇ ਸਫਿਆਂ 'ਤੇ ਛਾਈ ਰਹੀ।

ਦੂਜੇ ਪਾਸੇ ਪਾਰਸ ਨੇ ਬਿਆਨ ਜਾਰੀ ਕਰਕੇ ਹਵਾ ਵਿਚ ਗੋਲੀ ਚਲਾਉਣ ਦੀ ਗੱਲ ਮੰਨ ਲਈ। ਉਸ ਨੇ ਦੋਸ਼ ਲਾਇਆ ਕਿ ਉਸ ਨੇ ਅਜਿਹਾ ਉਦੋਂ ਕੀਤਾ ਜਦੋਂ ਰਿਜ਼ਾਰਟ ਵਿਚਲੇ ਦੋ ਮਹਿਮਾਨਾਂ ਨੇ ਉਸ ਦੀ ਸਾਬਕਾ ਭੂਮਿਕਾ ਅਤੇ ਨੇਪਾਲ ਦੀ ਰਾਜਸ਼ਾਹੀ ਬਾਰੇ ਗਲਤ ਟਿੱਪਣੀਆਂ ਕੀਤੀਆਂ। ਘਟਨਾ ਦੇ ਚਸ਼ਮਦੀਦਾਂ ਨੇ ਦੱਸਿਆ ਕਿ ਪਾਰਸ ਉਥੇ ਆਪਣੀ ਪਤਨੀ ਤੇ ਪੁੱਤਰ ਨਾਲ ਆਇਆ ਹੋਇਆ ਸੀ ਤੇ ਇਸ ਘਟਨਾ ਪਿੱਛੋਂ ਕੁਝ ਲੋਕ ਉਸ ਨੂੰ ਬਾਹਰ ਲੈ ਗਏ।

## ਪਰਵਾਸੀ ਭਾਰਤੀ ਅਮਰੀਕਾ 'ਚ ਸਭ ਤੋਂ ਛੋਟੀ ਉਮਰ ਦਾ ਜੱਜ ਬਣਿਆ

**ਵਾਸ਼ਿੰਗਟਨ:** ਫਰੀਦਕੋਟ ਤੇ ਕੋਟਕਪੂਰਾ ਦੇ ਮਹਾਰਾਜਾ ਦੇ ਨਿੱਜੀ ਡਾਕਟਰ ਰਹੇ ਡਾ. ਹੰਸ ਰਾਜ ਦਾ ਪੋਤਰਾ ਜੈ ਸੀ. ਗਾਂਧੀ ਅਮਰੀਕਾ 'ਚ ਦੂਜਾ ਭਾਰਤੀ ਅਮਰੀਕਨ ਫੈਡਰਲ ਜੱਜ ਬਣ ਗਿਆ ਹੈ। ਕਈ ਦਹਾਕੇ ਪਹਿਲਾਂ ਅਮਰੀਕਾ ਆ ਵੱਸੇ ਹਰੀ ਗਾਂਧੀ ਤੇ ਉਮਾ ਗਾਂਧੀ ਦਾ 38 ਸਾਲਾ ਬੇਟਾ ਜੈ ਸੀ. ਗਾਂਧੀ ਕੈਲੀਫੋਰਨੀਆ 'ਚ ਅਹਿਮ ਅਹੁਦਾ ਹਾਸਲ ਕਰਨ 'ਚ ਕਾਮਯਾਬ ਹੋਇਆ ਹੈ। ਇਸ ਦੇ ਨਾਲ ਹੀ ਸ੍ਰੀ ਗਾਂਧੀ ਨੂੰ ਅਮਰੀਕਾ 'ਚ ਸਭ ਤੋਂ ਛੋਟੀ ਉਮਰ ਦਾ ਜੱਜ ਹੋਣ ਦਾ ਵੀ ਮਾਣ ਪ੍ਰਾਪਤ ਹੋਇਆ ਹੈ।

ਫੈਡਰਲ ਜੱਜ ਬਣਨ ਤੋਂ ਪਹਿਲਾਂ ਸ੍ਰੀ ਗਾਂਧੀ ਨੇ 12 ਵਰ੍ਹੇ ਅਟਾਰਨੀ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਯੂਨੀਵਰਸਿਟੀ ਆਫ ਸਾਊਦਰਨ ਕੈਲੇਫੋਰਨੀਆ ਦੇ ਲਾਅ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਹੈ ਤੇ ਉਨ੍ਹਾਂ ਨੇ ਅਮਰੀਕੀ ਜ਼ਿਲ੍ਹਾ ਜੱਜ ਕੇਂਟ ਐਮ. ਹੋ ਇਟ ਲਈ ਕਲਰਕ ਵਜੋਂ ਕੰਮ ਕੀਤਾ ਹੈ।

## ਭਾਰਤ 'ਚ ਸੂ ਚੀ ਦੇ ਹਮਾਇਤੀ 12 ਸਾਲ ਤੋਂ ਜੇਲ੍ਹ 'ਚ ਬੰਦ

**ਕੋਲਕਾਤਾ:** ਮਿਆਂਮਾਰ ਦੀ ਫੌਜੀ ਹਕੂਮਤ ਨੇ ਭਾਵੇਂ ਮੁਲਕ ਦੀ ਜਮਹੂਰੀਅਤ ਪੱਖੀ ਆਗੂ ਆਂਗ ਸਾਨ ਸੂ ਚੀ ਨੂੰ ਰਿਹਾਅ ਕਰ ਦਿੱਤਾ ਹੈ ਪਰ ਬਰਮਾ ਨਾਲ ਸਬੰਧਤ ਸੂ ਚੀ ਦੇ 34 ਹਮਾਇਤੀ 12 ਸਾਲਾਂ ਤੋਂ ਭਾਰਤੀ ਜੇਲ੍ਹ ਵਿਚ ਬੰਦ ਹਨ। ਇਨ੍ਹਾਂ ਵਿਅਕਤੀਆਂ ਨੂੰ ਫਰਵਰੀ 1998 ਵਿਚ ਭਾਰਤੀ ਫੌਜ ਤੇ ਸਮੁੰਦਰੀ ਫੌਜ ਨੇ 'ਅਪਰੇਸ਼ਨ ਲੀਚ' ਦੌਰਾਨ ਇਕ ਸਾਂਝੀ ਕਾਰਵਾਈ ਵਿਚ ਅੰਡੇਮਾਨ ਸਾਹਿਲ ਲਾਗਿਉਂ ਛੋਟੇ ਸਮੁੰਦਰੀ ਜਹਾਜ਼ 'ਚੋਂ ਗ੍ਰਿਫਤਾਰ ਕੀਤਾ ਸੀ।

ਇਸ ਘਟਨਾ ਵਿਚ ਕੁੱਲ 73 ਵਿਅਕਤੀ ਫੜੇ ਗਏ ਸਨ ਤੇ ਉਨ੍ਹਾਂ ਕੋਲੋਂ ਭਾਰੀ ਮਿਕਦਾਰ ਵਿਚ ਅਸਲਾ-ਬਾਰੂਦ ਵੀ ਮਿਲਿਆ ਸੀ। ਇਨ੍ਹਾਂ 'ਚੋਂ 34 ਬਰਮੀ ਨਾਗਰਿਕ ਸਨ ਜਿਹੜੇ ਹਾਲੇ ਵੀ ਜੇਲ੍ਹ 'ਚ ਬੰਦ ਹਨ ਜਦੋਂਕਿ ਬਾਕੀ ਮਛੇਰੇ ਸਨ ਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਇਹ ਵਿਅਕਤੀ 2006 ਤਕ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੀ ਰਾਜਧਾਨੀ ਪੋਰਟ ਬਲੇਅਰ ਵਿਚ ਬੰਦ ਰਹੇ ਤੇ ਉਸ ਪਿੱਛੋਂ ਇਨ੍ਹਾਂ ਦਾ ਕੇਸ ਕੋਲਕਾਤਾ ਤਬਦੀਲ ਹੋ ਜਾਣ ਕਾਰਨ ਉਨ੍ਹਾਂ ਨੂੰ ਇਥੇ ਭੇਜ ਦਿੱਤਾ ਗਿਆ।

ਸੰਯੁਕਤ ਰਾਸ਼ਟਰ ਦੀ ਇਕ ਟੀਮ ਨੇ ਪਿਛਲੇ ਸਮੇਂ ਅਧਿਕਾਰੀਆਂ ਤੋਂ ਇਨ੍ਹਾਂ ਬਰਮੀਆਂ ਨਾਲ ਮੁਲਾਕਾਤ ਦੀ ਇਜਾਜ਼ਤ ਮੰਗੀ ਸੀ ਕਿਉਂਕਿ ਇਹ ਲੋਕ ਭਾਰਤ ਵਿਚ ਸ਼ਰਨ ਦਿੱਤੇ ਜਾਣ ਦੀ ਮੰਗ ਕਰ ਰਹੇ ਹਨ। ਸੰਯੁਕਤ ਰਾਸ਼ਟਰ ਦੀ ਇਸ ਟੀਮ ਵਿਚ ਡਿਪਟੀ ਚੀਫ ਆਫ ਮਿਸ਼ਨ ਰਾਬਰਟ ਮਿਗਨੋਨ ਤੇ ਸੀਨੀਅਰ ਪ੍ਰੋਟੈਕਸ਼ਨ ਅਫਸਰ ਕਿਰਨ ਕੌਰ ਸ਼ਾਮਲ ਸਨ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਵਿਅਕਤੀਆਂ ਦੇ ਰੁਤਬੇ 'ਤੇ ਮੁੜ ਵਿਚਾਰ ਕਰਕੇ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਇਨ੍ਹਾਂ ਵਿਅਕਤੀਆਂ ਲਈ ਅਦਾਲਤ ਵੱਲੋਂ ਨਿਯੁਕਤ ਦੁਭਾਸ਼ੀਏ ਸੋਅ ਮੀਨਟ ਨੇ ਦੱਸਿਆ ਕਿ ਉਨ੍ਹਾਂ ਨੂੰ ਲਾਇਆ ਗਿਆ ਜੁਰਮਾਨਾ ਪਹਿਲਾਂ ਹੀ ਭਰਿਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ "ਇਨ੍ਹਾਂ ਆਜ਼ਾਦੀ ਘੁਲਾਟੀਆਂ ਦਾ ਕੇਸ ਖਤਮ ਹੋ ਚੁੱਕਿਆ ਹੈ ਪਰ ਤਾਂ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।"


ਅਮਰੀਕੀ ਪੰਜਾਬੀਆਂ ਦੇ ਦਿਲਾਂ ਦੀ ਧੜਕਣ
gPunjab TV
Programing Highlights
ਖਬਰ ਪੰਜਾਬ
Khabar Punjab
News from Punjab
ਪਿੰਡ ਗਲੋਬ
Pind Globe
Panel discussion on Punjabi Diaspora issues
News
Panel Discussions
ਖਬਰ ਇੰਡੀਆ
Khabar India
India's National News Bulletin
ਵੈਸਟਰਨ ਟਾਈਮ
Western Times
News from North America
Views
Talk Shows
Interviews
Features
Available only on:
DishNetwork on Channel no. 621
Call to subscribe 1 888 723 0195
To Advertise Your Business, Call:
1-877-321-1331
or send email at: info@gpunjabtv.com
Our Advertisement Rates Start $1/per second


ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...
AP AMERICAN PETRO
ਸਭ ਤੋਂ ਵਧੀਆ
ਸਹੂਲਤਾਂ ਵਾਲਾ
Truck Stop
*2 Cent/Gallon Rebate
* Cash/Credit Card/Fleet Card (Same Price on All)
ਸਹੂਲਤਾਂ
*ਸਸਤਾ Diesel
*Liquor Bar
*ਪੰਜਾਬੀ ਢਾਬਾ
*Liquor Store
Taste of India
ਪੰਜਾਬੀ ਢਾਬਾ
ਕੀਮਤਾਂ ਬਹੁਤ ਹੀ ਵਾਜਬ !
ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।
ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...। ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।
Brand New Shower ਹੈ।
ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।
Spiceland, Indiana
I-70, Exit 123
Call: 765-987-8786

# ਕਹਿਰਵਾਨ ਕੈਟਰੀਨਾ

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

ਬਹੁਤ ਸਾਰੇ ਨੌਜਵਾਨ ਪਾਠਕ ਦਿਲ ਫੜ੍ਹ ਕੇ ਬੈਠ ਗਏ ਹੋਣਗੇ ਕਿ ਮੈਂ ਸ਼ਾਇਦ ਕੈਟਰੀਨਾ ਕੈਫ਼ ਦੇ ਕਹਿਰ ਸੁਣਾਉਣ ਲੱਗਾ ਹਾਂ, ਜਿਸ ਨੇ ਆਪਣੇ ਹੁਸਨ ਅਤੇ ਅਦਾਵਾਂ ਦੇ ਬਲਬੂਤੇ ਐਸ਼ਵਰਿਆ ਰਾਏ ਨੂੰ ਵੀ ਮਾਤ ਪਾ ਦਿੱਤਾ ਹੈ। ਨਹੀਂ, ਅੱਜ ਮੈਂ 2005 ਵਿਚ ਲੂਸੀਆਨਾ ਰਾਜ ਵਿਚ ਆਏ ਅਮਰੀਕੀ ਇਤਿਹਾਸ ਦੇ ਸਭ ਤੋਂ ਵਧ ਜਾਨਲੇਵਾ ਚੱਕਰਵਾਤ (Hurricane) ਕੈਟਰੀਨਾ ਦੀ ਗੱਲ ਛੇੜ ਕੇ ਚੱਕਰਵਾਤਾਂ ਦੀ ਨਾਮਕਰਨ ਵਿਧੀ ਦੇ ਰਹੱਸ ਖੋਲ੍ਹਣੇ ਹਨ। ਅਜਿਹਾ ਕਰਨ ਤੋਂ ਪਹਿਲਾਂ ਮੈਂ ਕੈਟਰੀਨਾ ਨਾਮ ਨਾਲ ਵੀ ਸਿਝਣਾ ਚਾਹਾਂਗਾ। ਕੈਟਰੀਨਾ ਯੂਰਪ ਦੇ ਦੇਸ਼ਾਂ, ਖਾਸ ਤੌਰ ਤੇ ਫਿਨਲੈਂਡ, ਜਰਮਨੀ, ਹੰਗਰੀ, ਸਰਬੀਆ, ਸਵੀਡਨ, ਸਲੋਵੈਨੀਆ, ਐਸਟੋਨੀਆ, ਬੁਲਗਾਰੀਆ ਤੇ ਪੋਲੈਂਡ ਆਦਿ ਵਿਚ ਲੜਕੀਆਂ ਦਾ ਬਹੁ-ਪ੍ਰਚਲਿਤ ਨਾਂ ਹੈ। ਅਸਲ ਵਿਚ ਇਹ ਇਕ ਹੋਰ ਨਾਂ ਕੈਥਰੀਨ ਦਾ ਹੀ ਬਦਲਿਆ ਰੂਪ ਹੈ ਜੋ ਕਿ ਅਮਰੀਕਾ-ਇੰਗਲੈਂਡ ਵਿਚ ਬਹੁਤ ਹੀ ਹਰਮਨਪਿਆਰਾ ਹੈ। ਇਸ ਨਾਂ ਦਾ ਆਮ ਪ੍ਰਚਲਨ ਚੌਥੀ ਸਦੀ ਦੀ ਬੇਹੱਦ ਖ਼ੂਬਸੂਰਤ ਈਸਾਈ ਸੇਂਟ ਕੈਥਰੀਨ ਕਰਕੇ ਹੋਇਆ। ਇੰਗਲੈਂਡ ਵਿਚ ਇਹ ਨਾਂ ਸਭ ਤੋਂ ਪਹਿਲਾਂ 1196 ਵਿਚ ਦਰਜ ਹੋਇਆ



*ਅਲੈਗਜ਼ੈਂਡਰੀਆ ਦੀ ਸੇਂਟ ਕੈਥਰੀਨ ਜਿਸ ਨੇ ਆਪਣੇ ਮਾਪਿਆਂ ਨੂੰ ਕਿਹਾ ਸੀ ਕਿ ਮੈਂ ਉਸੇ ਮਰਦ ਨਾਲ ਸ਼ਾਦੀ ਕਰਾਂਗੀ ਜੋ ਸੁੰਦਰਤਾ, ਬੁਧੀ, ਅਮੀਰੀ ਅਤੇ ਸ਼ੁਹਰਤ ਵਿਚ ਉਸ ਨੂੰ ਮਾਤ ਪਾਵੇਗਾ। ਆਖਿਰ ਉਸਨੂੰ ਇਹ ਗੱਲਾਂ ਈਸਾ ਵਿਚ ਦਿਸੀਆਂ ਜਿਸ ਦੇ ਉਹ ਲੜ ਲੱਗੀ।*

ਮਿਲਦਾ ਹੈ। ਅੰਗਰੇਜ਼ੀ ਵਿਚ ਇਸ ਦੇ ਕਈ ਸ਼ਬਦ-ਜੋੜ ਹਨ ਪਰ ਅਸੀਂ ਏਨੀ ਬਰੀਕੀ ਵਿਚ ਕੀ ਜਾਣਾ। ਇਸ ਨਾਂ ਤੋਂ ਵਿਗੜਿਆ ਇਕ ਡੈਨਿਸ਼ ਨਾਂ ਹੈ ਕੈਰਨ, ਜੋ ਅਮਰੀਕਾ ਵਿਚ ਪ੍ਰਸਿਧ ਹੋ ਰਿਹਾ ਹੈ। ਜੇ ਮੈਂ ਸਾਰੀਆਂ ਯੂਰਪੀ ਭਾਸ਼ਵਾਂ ਵਿਚ ਇਸ ਦੇ ਨਾਂਵਾਂ ਦੇ ਰੁਪਾਂਤਰਣ ਗਿਣਾਉਣ ਲੱਗਾਂ ਤਾਂ ਤੁਹਾਡਾ ਨਹਾਉਣ ਹੋ ਜਾਵੇਗਾ। ਫਿਰ ਵੀ ਕੁਝ ਤੋਂ ਬਿਨਾਂ ਤਾਂ ਮੈਨੂੰ ਵੀ ਰੋਟੀ ਹਜਮ ਨਹੀਂ ਹੋਵੇਗੀ; ਤੁਰਕੀ: ਅਕੈਟਰੀਨਾ, ਫ਼ਰਾਂਸ: ਕੈਤੈਂਤ, ਰੂਸ: ਕਤੈਂਕਾ, ਪੁਰਤਗਾਲ: ਕੈਰੀਨਾ, ਡੱਚ: ਕੈਟੋ, ਭਾਰਤ: ਕਥਾਨੀ ਆਦਿ। 'ਪੰਜਾਬ ਟਾਈਮਜ਼' ਦੇ ਕਈ ਪਾਠਕਾਂ ਦਾ ਕੈਥੀ, ਕੈਟੀ, ਕਾਤੀਆ ਜਾਂ ਕੈਟੀਆ ਨਾਂ ਦੀਆਂ ਕੁੜੀਆਂ ਨਾਲ ਜ਼ਰੂਰ ਵਾਹ ਪਿਆ ਹੋਵੇਗਾ। ਇਹ ਨਾਂ ਕੈਥਰੀਨ ਦੇ ਹੀ ਛੋਟੇ ਰੂਪ ਹਨ ਜਿਵੇਂ ਪੰਜਾਬੀ ਪਰਮਜੀਤ ਦਾ ਪੰਮੀ। ਇਸਦੇ ਹੋਰ ਲਾਡਲੇ ਰੂਪ ਹਨ: ਕੇਟ, ਕੈਥ, ਕੇ, ਕੈਟ, ਕੈਟੀਆ, ਕੈਟੀਊਸ਼ਾ, ਕਿਟ, ਕਿਟੀ, ਕੈਸੀਆ।

ਕੈਥਰੀਨ ਨਾਂ ਦੀਆਂ ਕਈ ਮਸ਼ਹੂਰ ਇਤਿਹਾਸਕ ਹਸਤੀਆਂ ਹੋਈਆਂ ਹਨ। 14ਵੀਂ ਸਦੀ ਦੀ ਇਕ ਕੈਥਰੀਨ ਦੀ ਇੰਗਲੈਂਡ ਦੇ ਬਾਦਸ਼ਾਹ ਐਡਵਰਡ ਤੀਜੇ ਦੇ ਪੁਤਰ ਨਾਲ ਮੁਆਸ਼ਕੇ ਦੀ ਕਹਾਣੀ ਬਾਰੇ ਇਕ ਨਾਵਲ ਰਚਿਆ ਗਿਆ ਹੈ। ਐਰਾਗੌਨ ਦੀ ਕੈਥਰੀਨ ਸ਼ਾਇਦ ਵਿਸ਼ਵ ਇਤਿਹਾਸ ਦੀ ਸਭ ਤੋਂ ਪ੍ਰਸਿਧ ਕੈਥਰੀਨ ਹੈ। ਇਸਨੂੰ ਇਸਦੇ ਮਾਪਿਆਂ ਨੇ ਸਪੇਨ ਤੋਂ ਇੰਗਲੈਂਡ ਭੇਜਿਆ ਸੀ ਤਾਂ ਕਿ ਉਹ ਹੈਨਰੀ ਅੱਠਵੇਂ ਨਾਲ ਸ਼ਾਦੀ ਕਰ ਸਕੇ। ਕੈਥਰੀਨ ਬਾਦਸ਼ਾਹ ਨਾਲ ਵਿਆਹ ਕਰਵਾਉਣ ਵਿਚ ਸਫਲ ਹੋ ਗਈ ਪਰ ਉਹ ਵਾਰਸ ਵਜੋਂ ਪੁਤਰ ਪੈਦਾ ਨਾ ਕਰ ਸਕੀ। ਹੈਨਰੀ ਨੇ ਐਨੀ ਬੋਲਿਨ ਨਾਂ ਦੀ ਇਕ ਹੋਰ ਇਸਤਰੀ ਨਾਲ ਵਿਆਹ ਕਰਵਾ ਲਿਆ ਪਰ ਉਹ ਵੀ ਨਿਪੁੱਤੀ ਰਹੀ। ਅੰਤ ਐਨੀ ਬੋਲਿਨ ਦੀ ਪੁਤਰੀ ਐਲਿਜ਼ਾਬੈਥ ਨੂੰ ਤਖਤ 'ਤੇ ਬੈਠਾਇਆ ਗਿਆ।

ਕੈਥਰੀਨ ਨਾਂ ਦੇ ਉਦਭਵ ਬਾਰੇ ਭਾਵੇਂ ਕਈ ਮਤਭੇਦ ਹਨ ਪਰ ਬਹੁਤੇ ਇਸ ਗੱਲੇ ਸਹਿਮਤ ਹਨ ਕਿ ਮੁਢਲੇ ਇਸਾਈ ਸਮਿਆਂ ਵਿਚ ਇਹ ਨਾਂ ਗਰੀਕ ਸ਼ਬਦ ਕੈਥਾਰੋਸ (katharos) ਨਾਲ ਸਬੰਧਤ ਸੀ ਜਿਸ ਦਾ ਅਰਥ ਸ਼ੁਧ, ਖਾਲਸ ਹੁੰਦਾ ਹੈ। ਸਾਹਿਤਕ ਆਲੋਚਨਾ ਦਾ ਗਿਆਨ ਰੱਖਣ ਵਾਲੇ ਪਾਠਕ ਜਾਣਦੇ ਹੋਣਗੇ ਕਿ ਅਰਸਤੂ ਦੀ ਕ੍ਰਿਤ ਪੋਇਟਿਕਸ ਵਿਚ ਇਕ ਮਹੱਤਵਪੂਰਨ ਸ਼ਬਦ ਚਅਟਹਅਰਸਸਿ ਆਉਂਦਾ ਹੈ ਜਿਸ ਨੂੰ ਅਸੀਂ ਵਿਰੇਚਨ ਦੇ ਸ਼ਬਦ ਨਾਲ ਅਨੁਵਾਦਿਆ ਹੈ। ਇਹ ਸ਼ਬਦ ਵੀ 'ਕੈਥਾਰੋਸ' ਤੋਂ ਹੀ ਵਿਉਤਪਤ ਹੋਇਆ ਹੈ। ਨਾਟਕਲਾ ਦੇ ਪ੍ਰਸੰਗ ਵਿਚ ਕੈਥਾਰਸਿਸ ਦਾ ਭਾਵ ਹੈ ਕਿ ਨਾਟਕਕਾਰ ਦਾ ਮਨੋਰਥ ਆਪਣੇ ਪਾਤਰਾਂ ਅਤੇ ਸਰੋਤਿਆਂ ਵਿਚ ਕਰੁਣਾ ਅਤੇ ਭੈ ਦੇ ਸਸ਼ਕਤ ਜਜ਼ਬੇ ਪੈਦਾ ਕਰਕੇ ਉਨ੍ਹਾਂ ਦੇ ਦੱਬੇ ਹੋਏ ਨੀਚ ਭਾਵਾਂ ਦਾ ਨਿਕਾਸ ਕਰਨਾ ਅਰਥਾਤ ਭਾਵੁਕ ਸ਼ੁਧੀਕਰਨ ਕਰਨਾ ਹੁੰਦਾ ਹੈ।

ਹੁਣ ਆਈਏ ਚੱਕਰਵਾਤਾਂ ਦੇ ਨਾਮਕਰਨ ਵੱਲ। ਇਸ ਝਮੇਲੇ ਨੂੰ ਸਮਝਣ ਲਈ ਤੁਹਾਨੂੰ



ਥੋੜਾ ਸਕੂਲੀ ਜੁਗਰਾਫੀਆ ਤਾਜ਼ਾ ਕਰਨਾ ਪਵੇਗਾ। ਸਭ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਜਿੰਨਾ ਚਿਰ ਕੋਈ ਊਸ਼ਣਕਟਬੰਧੀ ਦਬਾਅ (tropical depression) ਊਸ਼ਣਕਟਬੰਧੀ ਹਨੇਰੀ (tropical storm) ਵਿਚ ਨਹੀਂ ਬਦਲ ਜਾਂਦਾ, ਓਨਾ ਚਿਰ ਕੋਈ ਨਾਂ ਨਹੀਂ ਉਜਾਗਰ ਹੁੰਦਾ। ਜਿਉਂ ਹੀ ਊਸ਼ਣਕਟਬੰਧੀ ਹਨੇਰੀ 39 ਮੀਲ ਘੰਟੇ ਦੀ ਸਪੀਡ ਫੜ ਲੈਂਦੀ ਹੈ, ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਹ ਚੱਕਰਵਾਤ (ਹਰੀਕੇਨ) ਜਾਂ ਸਾਈਕਲੋਨ ਕਹਾਉਣ ਲਗਦੀ ਹੈ ਤੇ ਨਾਂ ਦੀ ਹੱਕਦਾਰ ਹੋ ਜਾਂਦੀ ਹੈ। ਤੂਫਾਨ ਦੀ ਸਰਗਰਮੀ ਜਿਸ ਖਿਤੇ ਤੋਂ ਸ਼ੁਰੂ ਹੁੰਦੀ ਹੈ, ਚੱਕਰਵਾਤਾਂ ਦੇ ਨਾਂ ਉਸੇ ਖਿਤੇ ਦੇ ਪਹਿਲਾਂ ਤੋਂ ਤੈਅਸ਼ੁਦਾ ਨਾਂਵਾਂ ਵਿਚੋਂ ਲਾਗੂ ਕੀਤੇ ਜਾਂਦੇ ਹਨ।

ਬਹੁਤਿਆਂ ਨੇ ਨੋਟ ਕੀਤਾ ਹੋਵੇਗਾ ਕਿ ਇਹ ਨਾਂ ਬੰਦਿਆਂ ਵਰਗੇ ਹੁੰਦੇ ਹਨ। ਅਜਿਹਾ ਇਸ ਲਈ ਹੈ ਤਾਂ ਕਿ ਨਸ਼ਰ ਕੀਤੇ ਜਾ ਰਹੇ ਚੱਕਰਵਾਤ ਦੀ ਗੱਲ ਆਮ ਲੋਕਾਂ ਦੀ ਸਮਝ ਵਿਚ ਆ ਜਾਵੇ, ਨਾਲੇ ਜੇ ਇਕੋ ਸਮੇਂ ਇਕ ਤੋਂ ਵੱਧ ਚੱਕਰਵਾਤ ਆਏ ਹੋਣ ਤਾਂ ਭੰਬਲਭੂਸਾ ਨਾ ਪਵੇ। ਸਭ ਤੋਂ ਪਹਿਲਾਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਸਟਰੇਲੀਆ ਦੇ ਇਕ ਮੌਸਮਵਿਗਿਆਨੀ ਨੇ ਨਾਂ ਰੱਖਣ ਦੀ ਇਹ ਪਿਰਤ ਪਾਈ। ਉਸ ਨੂੰ ਜਿਹੜੇ ਰਾਜਸੀ ਨੇਤਾਵਾਂ ਤੋਂ ਚਿੜ੍ਹ ਸੀ, ਉਹ ਉਨ੍ਹਾਂ ਦੇ ਨਾਂਵਾਂ ਤੇ ਤੂਫਾਨਾਂ ਦੇ ਨਾਂ ਰੱਖ ਕੇ ਕਿੜਾਂ ਕਢਦਾ ਸੀ। ਦੂਜੀ ਸੰਸਾਰ ਜੰਗ ਦੌਰਾਨ ਅਮਰੀਕੀ ਜਲ ਤੇ ਹਵਾਈ ਸੈਨਾ ਦੇ ਮੌਸਮ ਵਿਗਿਆਨੀਆਂ ਨੇ ਆਪਣੀਆਂ ਪਤਨੀਆਂ ਤੇ 'ਗਰਲ ਫਰੈਂਡਾਂ' ਦੇ ਨਾਂ ਤੇ ਚੱਕਰਵਾਤਾਂ ਦੇ ਨਾਂ ਰੱਖੇ। 1953 ਤੋਂ ਅਮਰੀਕੀ ਮੌਸਮ ਬਿਊਰੋ ਨੇ ਉਤਰੀ ਐਟਲਾਂਟਿਕ ਮਹਾਂਸਾਗਰ ਵਿਚ ਆਉਂਦੇ ਚੱਕਰਵਾਤਾਂ ਦੇ ਨਾਂ ਔਰਤਾਂ ਜਿਹੇ ਰੱਖਣੇ ਸ਼ੁਰੂ ਕਰ ਦਿੱਤੇ ਪਰੰਤੂ 1979 ਤੋਂ ਵਿਸ਼ਵ ਮੌਸਮ ਸੰਗਠਨ ਅਤੇ ਅਮਰੀਕਾ ਦੀ ਰਾਸ਼ਟਰੀ ਮੌਸਮ ਸੇਵਾ ਸੰਸਥਾ ਨੇ ਲਿੰਗਿਕ ਬਰਾਬਰੀ ਦੇ ਸਰੋਕਾਰਾਂ ਕਾਰਨ ਮਰਦਾਂ ਦੇ ਨਾਂ ਵੀ ਸ਼ਾਮਿਲ ਕਰਨੇ ਸ਼ੁਰੂ ਕਰ ਦਿੱਤੇ। ਉਂਜ ਇਹ ਸੱਚ ਹੈ ਕਿ ਧਰਤੀ ਤੇ ਇਸ ਦੇ ਪ੍ਰਾਕ੍ਰਿਤਕ ਵਰਤਾਰਿਆਂ ਦਾ ਬੋਧ ਵਿਸ਼ਵ ਭਰ ਵਿਚ ਇਸਤਰੀਵਾਚਕ ਹੈ।

1959-60 ਤੱਕ ਉਤਰ-ਪੂਰਬੀ ਪ੍ਰਸ਼ਾਂਤ ਮਹਾਂਸਾਗਰ ਵਿਚ ਆਉਂਦੇ ਚੱਕਰਵਾਤਾਂ ਦੇ ਨਾਂ ਜਨਾਨਾਂ ਰੱਖੇ ਜਾਂਦੇ ਸਨ ਪਰ 1978 ਪਿਛੋਂ ਮਰਦਾਂ ਨੂੰ ਵੀ ਹਿੱਸਾ ਦੇਣਾ ਪਿਆ। ਉਤਰ ਪੱਛਮੀ ਪ੍ਰਸ਼ਾਂਤ ਮਹਾਂਸਾਗਰ ਦੀ ਵੀ 1979 ਤੱਕ ਲੱਗਭਗ ਏਹੀ ਕਹਾਣੀ ਚਲਦੀ ਰਹੀ ਪਰ 2000 ਸੰਨ ਤੋਂ ਏਸ਼ੀਅਨ ਨਾਂਵਾਂ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ। ਇਨ੍ਹਾਂ ਦੀਆਂ ਸੂਚੀਆਂ ਦੀ ਵਖਰੀ ਗੱਲ ਇਹ ਹੈ ਕਿ ਇਨ੍ਹਾਂ ਵਿਚ ਔਰਤਾਂ ਮਰਦਾਂ ਦੇ ਨਾਂਵਾਂ ਤੋਂ ਬਿਨਾਂ ਫੁੱਲਾਂ, ਪੰਛੀਆਂ, ਜਾਨਵਰਾਂ, ਦਰਖਤਾਂ ਏਥੋਂ ਤੱਕ ਕਿ ਖਾਣ ਵਾਲੀਆਂ ਚੀਜ਼ਾਂ ਦੇ ਨਾਂ ਵੀ ਸ਼ਾਮਿਲ ਹਨ। ਕੰਬੋਡੀਆ, ਮਲੇਸ਼ੀਆ, ਥਾਈਲੈਂਡ ਆਦਿ ਦੀਆਂ ਭਾਸ਼ਵਾਂ ਭਾਰਤੀ ਸ਼ਬਦਾਂ ਨਾਲ ਲੱਦੀਆਂ ਪਈਆ ਹਨ ਇਸ ਲਈ ਇਨ੍ਹਾਂ ਦੇ ਸੁਝਾਏ ਕੁਝ ਨਾਂ ਪਛਾਣੇ ਜਾਂਦੇ ਹਨ ਜਿਵੇਂ, ਸਾਰਿਕਾ, ਨੂਰੀ, ਨਿਦਾ, ਰਾਮਾਸੁਨ ਆਦਿ। ਇਹੀ ਗੱਲ ਫ਼ਿਜੀ ਖੇਤਰ ਦੇ ਨਾਂਵਾਂ 'ਤੇ ਢੁਕਦੀ ਹੈ; ਕੁਝ ਨਮੂਨੇ ਦੇਖੋ: ਮੀਨਾ, ਸ਼ੀਲਾ, ਉਰਮਿਲ, ਨਿਸ਼ਾ, ਊਸ਼ਾ, ਗੀਤਾ, ਮੋਨਾ, ਰੀਟਾ ਆਦਿ।

ਉਤਰੀ ਹਿੰਦ ਮਹਾਸਾਗਰ ਦੇ ਚੱਕਰਵਾਤਾਂ ਦੇ ਨਾਂ 2006 ਤੋਂ ਸ਼ੁਰੂ ਹੋਏ ਜਦ ਕਿ ਦੱਖਣ-ਪੱਛਮੀ ਹਿੰਦ ਮਹਾਸਾਗਰ ਨੇ ਇਹ ਪਿਰਤ 1960 ਤੋਂ ਸ਼ੁਰੂ ਕਰ ਦਿੱਤੀ ਸੀ। ਉਤਰ-ਪੂਰਬੀ ਐਟਲਾਂਟਿਕ ਮਹਾਸਾਗਰ ਦੇ ਸੰਭਾਵੀ ਚਕਰਵਾਤਾਂ ਲਈ ਇੱਕੀ ਇੱਕੀ ਨਾਂਵਾਂ ਦੀਆਂ ਛੇ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ ਜੋ ਕਿ ਅੰਗਰੇਜ਼ੀ ਵਰਣਮਾਲਾ ਦੀ ਤਰਤੀਬ ਅਨੁਸਾਰ ਲਿਖੇ ਗਏ ਹਨ। ਹਰ ਸਤਵੇਂ ਸਾਲ ਹਰ ਸੂਚੀ ਵਾਰੀ ਸਿਰ ਦੁਹਰਾਈ ਜਾਂਦੀ ਹੈ। ਮਿਸਾਲ ਵਜੋਂ 2010 ਦੇ ਨਾਂਵਾਂ ਵਾਲੀ ਸੂਚੀ 2016 ਵਿਚ ਵੀ ਲਾਗੂ ਕੀਤੀ ਜਾਵੇਗੀ। ਹਾਂ, ਜੇ ਕੋਈ ਚੱਕਰਵਾਤ ਬਹੁਤ ਹੀ ਤਬਾਹਕੁਨ ਨਿਕਲੇ ਤਾਂ ਮਨਹੂਸ ਸਮਝਦਿਆਂ ਉਸ ਦਾ ਨਾਂ ਕੱਢ ਦਿਤਾ ਜਾਂਦਾ ਹੈ। ਮਿਸਾਲ ਵਜੋਂ 2007 ਵਿਚ ਆਏ ਡੋਰੀਅਨ ਨਾਂ ਦੇ ਚੱਕਰਵਾਤ ਦਾ ਨਾਂ ਕੱਢ ਕੇ ਡੀਨ ਨਾਂ ਪਾ ਦਿੱਤਾ ਗਿਆ ਹੈ। 1800 ਤੋਂ ਉਪਰ ਲੋਕਾਂ ਦੀ ਜਾਨ ਲੈਣ ਵਾਲੇ ਕੈਟਰੀਨਾ ਨੂੰ ਵੀ ਸੇਵਾਮੁਕਤ ਕਰ ਦਿੱਤਾ ਗਿਆ ਹੈ। ਇਕ ਸਾਲ 'ਚ 21 ਤੋਂ ਵੱਧ ਚੱਕਰਵਾਤ ਆ ਜਾਣ ਦੀ ਸੂਰਤ ਵਿਚ ਗਰੀਕ ਵਰਣਮਾਲਾ ਦੇ ਅਲਫਾ, ਬੀਟਾ, ਗਾਮਾ ਆਦਿ ਨਾਂ ਰੱਖ ਲੈਣ ਦੀ ਵਿਵਸਥਾ ਕੀਤੀ ਗਈ ਹੈ। 2010 ਦੌਰਾਨ ਉਤਰੀ ਐਟਲਾਂਟਿਕ 'ਚੋਂ ਛੇ ਚੱਕਰਵਾਤ ਉਠੇ ਜਿਨ੍ਹਾਂ ਦੇ ਭੁਗਤ ਚੁੱਕੇ ਨਾਂ ਇਸ ਪ੍ਰਕਾਰ ਹਨ: ਐਲੈਕਸ, ਬੌਨੀ, ਕੌਲਿਨ, ਡੈਨੀਅਲ, ਅਰਲ ਤੇ ਫੈਰਿਅਨ। ਇਸ ਸਾਲ ਅਗਸਤ ਦੇ ਮਹੀਨੇ ਅਰਲ ਨਾਂ ਦੇ ਚਕਰਵਾਤ ਨੇ ਪਹਿਲੀ ਵਾਰੀ ਨਿਊ ਇੰਗਲੈਂਡ ਵਿਚ ਭਿਆਨਕ ਤਬਾਹੀ ਮਚਾਈ। ਇਸ ਨਾਲ ਕੋਈ 40 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਤੇ ਇਕ ਜਾਨ ਗਈ। ਹੁਣ ਤਾਂ ਲਗਦਾ ਨਹੀਂ ਕਿ ਇਸ ਸਾਲ ਅਮਰੀਕੀ ਖਿਤੇ ਵਿਚ ਕੋਈ ਹੋਰ ਬੇਮੌਸਮਾ ਚੱਕਰਵਾਤ ਆਏ, ਜੇ ਅਜਿਹਾ ਹੋਇਆ ਤਾਂ ਗੈਸਟਨ ਨਾਂ ਦੀ ਵਾਰੀ ਹੈ। 2011 ਦੇ ਪਹਿਲੇ ਚੱਕਰਵਾਤ ਦਾ ਨਾਂ ਏਰਿਅਨ ਹੋਵੇਗਾ।

ਹਿੰਦ ਮਹਾਸਾਗਰ ਦੇ ਸੰਭਾਵੀ ਚੱਕਰਵਾਤਾਂ ਦੇ ਕੁਝ ਜਾਣੇ ਪਛਾਣੇ ਨਾਂ ਇਸ ਪ੍ਰਕਾਰ ਹਨ: ਅਗਨੀ, ਪਿਆਰ, ਬਾਜ, ਫਨੂਸ ਮਾਲਾ, ਆਕਾਸ਼, ਗੋਨੂ, ਨਰਗਿਸ, ਨਿਸ਼ਾ, ਬਿਜਲੀ, ਲੈਲਾ, ਬੰਧੂ, ਗਿਰੀ, ਜਲ, ਕੇਲਾ, ਨੀਲਮ, ਹੈਲਨ, ਲਹਿਰ, ਪ੍ਰਿਆ, ਤਿਤਲੀ, ਦਾਸ, ਫਾਨੀ, ਵਾਯੂ, ਬਲੁਬੁਲ ਆਦਿ।

ਇਕ ਗੋਰੇ ਨੇ ਗੱਲ ਸੁਣਾਈ ਕਿ ਇਕ ਵਾਰੀ ਉਸ ਦਾ ਸਿਰਨਾਂਵੀਆਂ ਚੱਕਰਵਾਤ ਆ ਧਮਕਿਆ। ਉਸ ਦੀ ਭੈਣ ਉਸ ਨੂੰ ਛੇੜਿਆ ਕਰੇ, "ਦਫ਼ਾ ਹੋ ਪਰਾਂਹ, ਕੁਦਰਤੀ ਅਫਾਤੇ!" ਵਿਚਾਰਾ ਬੜਾ ਛਿਥਾ ਪਿਆ ਰਹੇ। ਪਦਵੀਆਂ ਉਪਾਧੀਆਂ ਦੇ ਕੀਲੇ ਲੋਕ ਖਿਝਦੇ ਹਨ ਕਿ 'ਅਰਲ' ਤਾਂ ਮਧਯੁਗੀ ਇੰਗਲੈਂਡ ਵਿਚ ਕੁਲੀਨ ਲੋਕਾਂ ਦਾ ਖਿਤਾਬ ਹੁੰਦਾ ਸੀ, ਇਸ ਦੇ ਨਾਂ 'ਤੇ ਵਿਨਾਸ਼ਕਾਰੀ ਚੱਕਰਵਾਤ ਦਾ ਨਾਂ ਰੱਖ ਕੇ ਇਸ ਨੂੰ ਕਿਉਂ ਜ਼ਲੀਲ ਕੀਤਾ ਹੈ? ਕਈ



*ਕੈਟਰੀਨਾ ਕੈਫ਼*

ਹੋਰਨਾਂ ਦੇ ਇਸ ਗੱਲੋਂ ਹਿਰਦੇ ਵਲੂੰਧਰੇ ਜਾਂਦੇ ਹਨ ਕਿ ਕੋਮਲ-ਭਾਵੀ ਔਰਤਾਂ ਦੇ ਨਾਂਵਾਂ ਤੇ ਤੂਫਾਨਾਂ ਦੇ ਨਾਂ ਕਿਉਂ ਰੱਖੇ ਹਨ? ਤੂਫਾਨ ਇਤਰਾਜ਼ ਕਰ ਸਕਦੇ ਹਨ ਕਿ ਔਰਤਾਂ ਕਿਉਂ ਤੂਫਾਨ ਮੇਲ ਹੁੰਦੀਆਂ ਹਨ, ਨਾਲੇ ਬੰਦਿਆਂ ਦਾ ਨਾਂ ਤੂਫਾਨ ਸਿੰਘ ਕਿਉਂ ਰੱਖਿਆ ਜਾਂਦਾ ਹੈ?

# 'ਸਿੱਖੀ ਨੂੰ ਸਭ ਤੋਂ ਵੱਡਾ ਖਤਰਾ ਸਿੱਖ ਸਿਆਸਤਦਾਨਾਂ ਤੋਂ'

**ਸ਼ਿਕਾਗੋ:** ਵਰਤਮਾਨ ਸਮੇਂ ਵਿਚ ਸਿੱਖੀ ਨੂੰ ਸਭ ਤੋਂ ਵੱਡਾ ਖਤਰਾ ਸਿੱਖ ਸਿਆਸਤਦਾਨਾਂ ਤੋਂ ਹੈ ਅਤੇ ਸਿੱਖ ਪੰਥ ਨੂੰ ਇਸ ਪ੍ਰਤੀ ਉਚੇਚੇ ਤੌਰ 'ਤੇ ਸੁਚੇਤ ਹੋਣ ਦੀ ਲੋੜ ਹੈ। ਇਹ ਚਿਤਾਵਨੀ ਇਥੇ ਗੁਰਦੁਆਰਾ ਪੈਲਾਟਾਈਨ ਵਿਖੇ ਸੰਗਤ ਨੂੰ ਸੰਬੋਧਨ ਕਰਦਿਆਂ ਉਘੇ ਸਿੱਖ ਵਿਦਵਾਨ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਲੰਮਾ ਸਮਾਂ ਮੁਖੀ ਰਹੇ ਡਾ. ਬਲਕਾਰ ਸਿੰਘ ਨੇ ਦਿੱਤੀ।

ਡਾ. ਬਲਕਾਰ ਸਿੰਘ ਨੇ ਕਿਹਾ, "ਆਧੁਨਿਕਤਾ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਪਰ ਬਹੁਤ ਕੁਝ ਖੋਹ ਵੀ ਲਿਆ ਹੈ। ਅਸੀਂ ਸ਼ੁਰੂ ਕੀਤਾ ਸੀ, 'ਮੈਂ ਗੁਰੂ ਦਾ ਹਾਂ' ਅਤੇ ਪਹੁੰਚ ਗਏ ਹਾਂ 'ਗੁਰੂ ਮੇਰਾ ਹੈ'। ਪਹਿਲੀ ਗੱਲ ਧਰਮ ਨਾਲ ਜੋੜਦੀ ਸੀ ਤੇ ਦੂਜੀ ਗੱਲ ਸਿਆਸਤ ਨਾਲ ਜੋੜਦੀ ਹੈ। ਸਿਆਸਤ ਧਰਮ ਨੂੰ ਕਦੇ ਠੀਕ ਨਹੀਂ ਬੈਠਦੀ। ਹਾਲਾਂਕਿ ਬਹੁਤ ਸਾਰੇ ਧਰਮਾਂ ਨੇ ਸਿਆਸਤ ਨੂੰ ਧਰਮ ਵਾਸਤੇ ਬਹੁਤ ਹੀ ਲੋੜੀਂਦਾ ਸਾਧਨ ਮੰਨ ਲਿਆ ਹੈ। ਸਿੱਖ ਵੀ ਕਹਿਣ ਲੱਗ ਪਏ ਹਨ ਕਿ 'ਧਰਮ ਬਿਨਾ ਨਹੀਂ ਰਾਜ ਚਲੇਂ ਹੈ।' ਹੋਰ ਵੀ ਕਹਿਣ ਲੱਗ ਪਏ ਹਨ ਕਿ ਮੀਰੀ-ਪੀਰੀ ਨੇ ਸਿਆਸਤ ਨੂੰ ਬੜੀ ਮਾਨਤਾ ਦਿੱਤੀ ਹੈ ਪਰ ਇਹ ਕੋਈ ਨਹੀਂ ਸੋਚਦਾ ਕਿ ਧਰਮ ਨੂੰ ਸਿਆਸਤ ਕਿਹੜੇ ਵੇਲੇ ਠੀਕ ਬੈਠੀ ਸੀ? ਮੈਨੂੰ ਲੱਗਦਾ ਹੈ ਕਿ ਵਰਤਮਾਨ ਵਿਚ ਸਿੱਖੀ ਨੂੰ ਸਭ ਤੋਂ ਵੱਡਾ ਖਤਰਾ ਸਿੱਖ ਸਿਆਸਤਦਾਨਾਂ ਤੋਂ ਹੀ ਹੈ। ਸਿਆਸਤ ਦਾ ਕੰਮ ਹੈ ਕਿਸੇ ਵੀ ਮੁੱਦੇ ਦਾ ਅਪਹਰਨ ਕਰਨ ਲੈਣਾ।"

ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਆਖਿਆ, "ਅਪਹਰਨ ਕਰਨ ਦੀ ਆਦਤ ਪੂਰੀ ਕਰਨ ਲਈ ਕਈ ਵਾਰ ਸਿਆਸਤਦਾਨ ਮੁੱਦੇ ਖੜ੍ਹੇ ਵੀ ਕਰ ਲੈਂਦੇ ਹਨ। ਮਜਬੂਰੀ ਵਿਚ ਪੈਦਾ ਹੋ ਗਏ ਮੁੱਦਿਆਂ ਨੂੰ ਸਿਆਸਤਦਾਨ ਹੱਲ ਕਰਨ ਦੀ ਥਾਂ 'ਤੇ ਜ਼ਿੰਦਾ ਰੱਖਦੇ ਹਨ, ਜਿਵੇਂ ਅਸੀਂ 1984 ਦੇ ਸਿੱਖ ਦੁਖਾਂਤ ਨੂੰ ਜ਼ਿੰਦਾ ਰੱਖਣ ਦੇ ਰਾਹੇ ਪਏ ਹੋਏ ਹਾਂ। ਮੈਂ ਨਹੀਂ ਕਹਿੰਦਾ ਕਿ ਉਹ ਦੁਖਾਂਤ ਭੁਲਾਇਆ ਜਾ ਸਕਦਾ ਹੈ ਪਰ ਧਰਮ ਮੈਨੂੰ ਇਹੀ ਸਿਖਾਉਂਦਾ ਹੈ ਕਿ ਉਸ ਦੁਖਾਂਤ ਤੋਂ ਸਿੱਖਣਾ ਚਾਹੀਦਾ ਹੈ। ਸਿੱਖ ਯਾਦ ਵਿਚ ਇਹ ਦੁਖਾਂਤ 'ਜੜ੍ਹਾਂ ਵਾਲੇ ਫੋੜੇ' ਵਾਂਗ ਸਦਾ ਰਿਸਦਾ ਰਹਿਣਾ ਹੈ। ਇਸ ਦੇ ਦਰਦ ਤੋਂ ਤਾਂ ਨਹੀਂ ਬਚਿਆ ਜਾ ਸਕਦਾ ਪਰ ਇਹਦੇ ਕਲੇਸ਼ ਤੋਂ ਬਚਣਾ ਚਾਹੀਦਾ ਹੈ। ਸਿਆਸਤਦਾਨ ਜੋ ਚਾਹੁੰਦਾ ਹੈ, ਧਰਮ ਨੂੰ ਉਹ ਠੀਕ ਨਹੀਂ ਬੈਠਣਾ।"

ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਸਿੱਖ ਗੁਰੂ ਸਾਹਿਬਾਨ ਨੇ ਧਰਮ ਨੂੰ ਸੌਖਿਆਂ ਕਰਨ ਦੀ ਵਿਧੀ ਨੂੰ ਹੀ ਸਿੱਖ ਧਰਮ



*ਡਾ. ਬਲਕਾਰ ਸਿੰਘ*


ਆਖਿਆ ਸੀ ਪਰ ਸਿੱਖਾਂ ਨੇ ਹੀ ਇਸ ਨੂੰ ਔਖਾ ਕਰਨਾ ਸ਼ੁਰੂ ਕਰ ਲਿਆ ਹੈ। ਗੁਰੂ ਨੇ ਕਿਹਾ, 'ਧਰਮ ਦ੍ਰਿੜਹੁ' ਪਰ ਅਸੀਂ ਪੁੱਛਣ ਲੱਗ ਪਏ ਕਿ ਧਰਮ ਕੀ ਹੈ? ਧਰਮ ਹੈ ਸਹਿਜ ਸਥਾਪਨ ਦੀ ਵਿਧੀ ਅਤੇ ਟੈਕਨਾਲੋਜੀ। ਇਸ ਵਿਧੀ ਦੀ ਵਰਤੋਂ ਕਰਕੇ ਬੰਦੇ ਨੇ ਸਹਿਜ ਵਿਚ ਆਉਣਾ ਸੀ ਪਰ ਉਹ ਸਹਿਜ ਵਿਚ ਆਉਣ ਦੀ ਥਾਂ 'ਤੇ ਸੰਸਿਆਂ, ਝੋਰਿਆਂ ਦਾ ਸ਼ਿਕਾਰ ਹੁੰਦਾ ਚਲਾ ਜਾ ਰਿਹਾ ਹੈ। ਬੰਦਾ ਕੀ ਹੈ? ਬੰਦਾ ਤਾਂ ਦੋਹਰੀ ਪਛਾਣ ਦਾ ਮਾਲਕ ਹੈ। ਇਕ ਪਛਾਣ ਨਾਂ ਨਾਲ ਜੁੜੀ ਹੋਈ ਹੈ ਜਿਸ ਦਾ ਅਤਾ-ਪਤਾ ਡਾਕਖਾਨੇ ਤੱਕ ਵਾਲੇ ਲੋਕਾਂ ਨੂੰ ਹੁੰਦਾ ਹੈ। ਅਮਰੀਕਾ ਵਿਚ ਪਛਾਣ ਦੇ ਪੱਤਰ ਜਾਰੀ ਹੁੰਦੇ ਹਨ। ਬੰਦੇ ਦੀ ਦੂਜੀ ਪਛਾਣ ਵੀ ਹੈ। ਇਹ ਨਾਮ-ਵਿਹੂਣ ਪਛਾਣ ਹੈ। ਨਾਮ ਵਾਲੀ ਪਛਾਣ ਤੇ ਨਾਮ-ਵਿਹੂਣ ਪਛਾਣ ਵਿਚ ਸਦਾ ਸੰਘਰਸ਼ ਛਿੜਿਆ ਰਹਿੰਦਾ ਹੈ ਤੇ ਇਹ ਹੀ ਸੰਸਿਆਂ, ਝੋਰਿਆਂ ਦਾ ਸ਼ਿਕਾਰ ਹੋ ਜਾਣਾ ਹੈ। ਧਾਰਮਿਕ ਵਿਧੀ ਰਾਹੀਂ ਇਸ ਦੁਬਿਧਾ ਵਿਚੋਂ ਨਿਕਲਿਆ ਜਾ ਸਕਦਾ ਹੈ ਪਰ ਅਸੀਂ ਨਿਕਲਣ ਦੀ ਥਾਂ 'ਤੇ ਫਸਦੇ ਤੁਰੇ ਜਾ ਰਹੇ ਹਾਂ। ਅਸੀਂ ਦੂਜਿਆਂ ਨੂੰ ਦੱਸਣਾ ਸੀ ਪਰ ਆਪ ਹੀ ਨਹੀਂ ਸਮਝ ਰਹੇ।

ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਗੁਰੂ ਤੇਗ ਬਹਾਦਰ ਨੂੰ ਤਾਂ ਅਸੀਂ 'ਤਿਲਕ, ਜੰਜੂ ਦੇ ਰਾਖੇ' ਤੱਕ ਸੀਮਤ ਕਰ ਲਿਆ ਹੈ। ਨੌਂਵੇਂ ਪਾਤਸ਼ਾਹ ਹਜ਼ੂਰ ਹੋਰ ਵੀ ਬਹੁਤ ਕੁਝ ਸਨ। ਉਨ੍ਹਾਂ ਨੇ ਤਾਂ ਇਹੀ ਦੱਸਿਆ ਸੀ ਕਿ ਸਿਆਸਤ ਧਰਮ ਨੂੰ ਹਰਾ ਨਹੀਂ ਸਕਦੀ। ਸਿਆਸਤ ਸੱਚ ਨੂੰ ਟੁਕੜਿਆਂ ਵਿਚ ਗ੍ਰਹਿਣ ਕਰਦੀ ਹੈ ਅਤੇ ਹਰ ਟੁਕੜੇ ਦੀ ਕੀਮਤ ਵਸੂਲ ਕਰਨ ਵਾਸਤੇ ਤਹੂ ਰਹਿੰਦੀ ਹੈ।

ਮੈਂ ਤਾਂ ਇਹ ਦੱਸਣ ਵਾਸਤੇ ਗੱਲ ਸ਼ੁਰੂ ਕਰ ਲਈ ਸੀ ਕਿ ਜਿਹੜੀਆਂ ਕੌਮਾਂ ਆਪਣੇ ਧਰਮ ਨੂੰ ਸਮਕਾਲ ਦੀ ਸੁਰ ਵਿਚ ਨਹੀਂ ਸੰਭਾਲ ਸਕਦੀਆਂ, ਉਹ ਪਿਛੇ ਰਹਿ ਜਾਂਦੀਆਂ ਹਨ। ਅਸੀਂ ਆਲਮੀ ਭਾਈਚਾਰਾ ਹੋ ਗਏ ਹਾਂ। ਸਾਨੂੰ ਗੁਰੂ ਨੇ ਬਹੁ-ਸਭਿਆਚਾਰਕ ਵਿਧੀਆਂ ਮੁਹੱਈਆ ਕੀਤੀਆਂ ਸਨ ਪਰ ਸਿਆਸਤਵੱਸ ਅਸੀਂ ਇਨ੍ਹਾਂ ਵਿਧੀਆਂ ਨੂੰ ਯੂਨੀ ਕਲਚਰਲ ਵਾਸਤੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਸਿੱਖਾਂ ਨੇ ਦੁਨੀਆਂ ਨੂੰ ਸੇਧ ਦੇਣੀ ਸੀ ਕਿਉਂਕਿ ਉਨ੍ਹਾਂ ਕੋਲ ਸ਼ਬਦ ਗੁਰੂ ਦੀ ਇਲਾਹੀ ਦਾਤ ਸੀ ਪਰ ਅਜੇ ਤਾਂ ਅਸੀਂ ਇਸ ਦੀ ਵਰਤੋਂ ਕਰਨੀ ਹੀ ਸ਼ੁਰੂ ਨਹੀਂ ਕੀਤੀ।"

ਇਸ ਤੋਂ ਪਹਿਲਾਂ ਸਵੇਰੇ ਸਮੇਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਹਜ਼ੂਰੀ ਰਾਗੀ ਭਾਈ ਗੁਰਜੰਤ ਸਿੰਘ ਤੇ ਗੁਰਮੁਖ ਸਿੰਘ ਤੋਂ ਇਲਾਵਾ ਪੰਥ ਪ੍ਰਸਿਧ ਰਾਗੀਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਮੰਚ ਸੰਚਾਲਨ ਗੁਰੂ ਘਰ ਦੇ ਧਾਰਮਿਕ ਸਕੱਤਰ ਸ. ਸੋਖੀ ਸਿੰਘ ਨੇ ਕੀਤਾ। ਇਸ ਮੌਕੇ ਗੁਰੂ ਘਰ ਦੀ ਤਰਫੋਂ ਡਾ. ਬਲਕਾਰ ਸਿੰਘ ਨੂੰ ਸਿਰੋਪਾਓ ਦੀ ਬਖਸ਼ਿਸ਼ ਵੀ ਕੀਤੀ ਗਈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸਤਵੰਤ ਸਿੰਘ ਅਟੱਲ ਨੇ ਡਾ. ਬਲਕਾਰ ਸਿੰਘ ਦਾ ਧੰਨਵਾਦ ਕੀਤਾ।

# ਵੇਟਲਿਫਟਰ ਜਸਵਿੰਦਰ ਸਿੰਘ ਨਾਗਰਾ 'ਜੱਬੋਵਾਲ'



**ਖੇਡ ਸੰਸਾਰ**

ਇਕਬਾਲ ਜੱਬੋਵਾਲੀਆ
ਫੋਨ:917-375-6395

1994 'ਚ ਆਸਟਰੇਲੀਅਨ ਵੇਟਲਿਫਟਿੰਗ ਮੁਕਾਬਲਿਆਂ ਵਿਚ ਕੈਨੇਡਾ ਦੀ ਨੁਮਾਇੰਦਗੀ ਕਰਨ ਵਾਲੇ ਜਸਵਿੰਦਰ ਸਿੰਘ ਨਾਗਰਾ ਨੇ ਬ੍ਰਿਜਮੈਂਟ ਵੇਟਲਿਫਟਿੰਗ ਮੁਕਾਬਲੇ ਵਿਚ ਸੋਨ ਤਮਗ਼ਾ ਜਿੱਤ ਕੇ ਸਮੁੱਚੀ ਦੁਨੀਆਂ ਵਿਚ ਕੈਨੇਡਾ ਦਾ ਨਾਂ ਉਚਾ ਕੀਤਾ ਹੈ। ਕੈਨੇਡਾ ਸਰਕਾਰ ਨੇ ਜਸਵਿੰਦਰ ਸਿੰਘ ਦੇ ਪਰਿਵਾਰ ਨੂੰ ਮਾਣ-ਸਤਿਕਾਰ ਬਖ਼ਸ਼ਦਿਆਂ ਕਨੈਲ ਸ਼ਹਿਰ ਦੀ ਵੱਡੀ ਸੜਕ ਦਾ ਨਾਂ 'ਨਾਗਰਾ ਐਵੇਨਿਊ' ਰੱਖਿਆ ਹੈ।

ਜਸਵਿੰਦਰ ਦਾ ਜਨਮ ਜ਼ਿਲ੍ਹਾ ਨਵਾਂ ਸ਼ਹਿਰ ਦੇ ਪ੍ਰਸਿੱਧ ਪਿੰਡ ਜੱਬੋਵਾਲ (ਇਸ ਲੇਖਕ ਦਾ ਪਿੰਡ) ਹੋਇਆ। ਨਵਾਂ ਸ਼ਹਿਰ ਦਾ ਨਾਂ ਬਦਲ ਕੇ ਹੁਣ ਸ਼ਹੀਦ ਭਗਤ ਸਿੰਘ ਨਗਰ ਰੱਖ ਦਿੱਤਾ ਗਿਆ ਹੈ। ਇਸ ਪਿੰਡ ਨੇ ਸ਼ੰਗਾਰਾ ਸਿੰਘ ਤੇ ਦਰਸ਼ਨ ਸਿੰਘ ਵਰਗੇ ਵਧੀਆ ਪਹਿਲਵਾਨ ਪੈਦਾ ਕੀਤੇ ਹਨ। (1965 ਦੇ ਲਗਪਗ ਨਵਾਂ ਸ਼ਹਿਰ ਲਾਗੇ ਪਹਿਲਵਾਨ ਦਰਸ਼ਨ ਸਿੰਘ ਨਾਲ ਪਹਿਲਵਾਨ ਮਿਹਰਦੀਨ ਦੀ ਕੁਸ਼ਤੀ ਬਰਾਬਰ ਰਹਿ ਚੁੱਕੀ ਹੈ)। ਮਰਹੂਮ ਸੂਬੇਦਾਰ ਪੂਰਨ ਸਿੰਘ ਅਤੇ ਮਰਹੂਮ ਹੈਡਮਾਸਟਰ ਗਿਆਨ ਸਿੰਘ ਵਰਗੇ ਉਚ ਕੋਟੀ ਦੇ ਖਿਡਾਰੀ ਵੀ ਇਸ ਪਿੰਡ ਨੇ ਖੇਡ ਜਗਤ ਦੀ ਝੋਲੀ ਪਾਏ।

ਇਸ ਪਿੰਡ ਦੇ ਹੋਰ ਖਿਡਾਰੀ ਆਰ.ਕੇ. ਆਰੀਆ ਕਾਲਜ ਨਵਾਂ ਸ਼ਹਿਰ 1977 ਦਾ ਬੈਸਟ ਅਥਲੀਟ, ਕੱਬਡੀ ਤੇ ਫੁਟਬਾਲ ਖਿਡਾਰੀ ਜੋਗਿੰਦਰ ਸਿੰਘ ਨਿਊ ਜਰਸੀ, ਗੁਰਨੇਕ ਸਿੰਘ, ਗੁਦਾਵਰ ਸਿੰਘ, ਪ੍ਰੇਮ ਸਿੰਘ, ਜੋਗਾ ਸਿੰਘ, ਹਰਪਾਲ ਪਾਲਾ, ਸ਼ਿਵ ਨਾਥ, ਸਤਪਾਲ (ਦੋਵੇਂ ਸਕੇ ਭਰਾ), ਹਰਭਜਨ ਸਿੰਘ, ਬਿੰਦਰ, ਬਲਿਹਾਰ ਸਿੰਘ, ਮਾਹਣਾਂ, ਚਰਨਜੀਤ ਚੋਪੜਾ ਅਤੇ ਕੈਨੇਡਾ ਵਾਲੇ ਜੀਤੇ ਤੋਂ ਇਲਾਵਾ ਦੋਆਬਾ ਕਬੱਡੀ ਕੱਪ ਦੀ ਰੈਫਰੀ ਦੀ ਸੇਵਾ ਨਿਭਾਉਣ ਤੇ ਇਲਾਕਾ ਨਵਾਂ ਸ਼ਹਿਰ ਵਿਚੋਂ ਕੱਬਡੀ ਖਿਡਾਰੀ ਪੈਦਾ ਕਰਨ ਵਾਲੇ ਕੋਚ ਜਸਵੰਤ ਸਿੰਘ ਜੱਸੀ ਵੀ ਇਸੇ ਨਗਰ ਦੀ ਪੈਦਾਇਸ਼ ਹਨ।

ਖ਼ੁਸ਼ੀਆਂ-ਖੇੜੇ ਵਾਲੇ ਪਰਿਵਾਰ 'ਚ ਜਨਮੇ ਜਸਵਿੰਦਰ ਦੇ ਚਾਚੇ ਪਹਿਲਵਾਨ ਬਲਵੀਰ ਸਿੰਘ ਫ਼ੌਜੀ, ਜੋਗਿੰਦਰ ਸਿੰਘ, ਲਾਲ ਸਿੰਘ ਤੋਂ ਇਲਾਵਾ ਬਾਬਾ ਤਰਲੋਕ ਸਿੰਘ ਪਹਿਲਵਾਨੀ ਦੇ ਕਾਫ਼ੀ ਸ਼ੌਕੀਨ ਸਨ। 21 ਅਗਸਤ 1956 ਨੂੰ ਜਨਮੇ ਜਸਵਿੰਦਰ ਨੇ ਮਾਤਾ ਗਿਆਨ ਕੌਰ ਅਤੇ ਪਿਤਾ ਸ਼ਿਵ ਸਿੰਘ ਨਾਗਰਾ ਦੇ ਵਿਹੜੇ ਨੂੰ ਭਾਗ ਲਾਏ। ਮੁੱਢਲੀ ਵਿਦਿਆ ਪਿੰਡੋਂ ਕਰਨ ਮਗਰੋਂ 1972 ਵਿਚ ਜਸਵਿੰਦਰ ਪਰਿਵਾਰ ਨਾਲ ਕੈਨੇਡਾ ਆ ਗਿਆ। ਕੈਨੇਡਾ ਆ ਕੇ ਇਕ ਸਾਲ ਸਕੂਲ ਦੀ ਪੜ੍ਹਾਈ ਕੀਤੀ ਅਤੇ ਪਰਿਵਾਰਕ ਜੀਵਨ ਚਲਾਉਣ ਲਈ ਲੱਕੜ ਦੇ ਕਾਰਖ਼ਾਨੇ ਵਿਚ ਕੰਮ ਕਰਨਾ ਸ਼ੁਰੂ ਕੀਤਾ। ਉਸ ਦੇ ਮਾਮਾ ਮੱਲ੍ਹਾਂ ਬੇਦੀਆਂ ਵਾਲੇ ਮੋਹਨ ਸਿੰਘ ਬਾਧ ਭਾਰ ਚੁੱਕਦੇ ਸਨ। ਮਾਮੇ ਦੀ ਹੱਲਾਸ਼ੇਰੀ ਨਾਲ ਜਸਵਿੰਦਰ ਵੀ ਭਾਰ ਚੁੱਕਣ ਦੀ ਪ੍ਰੈਕਟਿਸ ਕਰਨ ਲੱਗਾ। ਮਾਤਾ-ਪਿਤਾ ਅਤੇ ਭਰਾ ਸਤਿੰਦਰ ਸਿੰਘ 'ਘੋਨੇ' ਵੱਲੋਂ ਵੀ ਹੌਸਲਾ ਮਿਲਣ ਲੱਗਾ। ਚਾਚੇ ਬਲਵੀਰ ਸਿੰਘ ਫ਼ੌਜੀ ਨੇ ਕੈਨੇਡਾ ਆ ਕੇ ਪਹਿਲਵਾਨ ਮਿਹਰਦੀਨ ਅਤੇ ਸ਼ੀਰੀ ਪਹਿਲਵਾਨ ਵਰਗੇ ਤਕੜੇ ਮੱਲਾਂ ਨਾਲ ਪਕੜਾਂ ਕੀਤੀਆਂ। ਚਾਚੇ ਬਲਵੀਰ ਸਿੰਘ ਵੱਲੋਂ ਥਾਪੜਾ ਮਿਲਣ 'ਤੇ ਜਸਵਿੰਦਰ ਕੈਨੇਡਾ ਦੇ ਖੇਡ ਮੇਲਿਆਂ ਵਿਚ ਭਾਰ ਚੁੱਕਣ ਦੇ ਮੁਕਾਬਲਿਆਂ ਵਿਚ ਭਾਗ ਲੈ ਕੇ ਪਹਿਲੀਆਂ ਪੁਜ਼ੀਸ਼ਨਾਂ ਦਾ ਦਾਅਵੇਦਾਰ ਬਣਨ ਲੱਗਾ।

ਪ੍ਰੈਕਟਿਸ ਕਰਦੇ ਸਮੇਂ ਜਸਵਿੰਦਰ ਨਾਲ ਮੇਜਰ ਲਿੱਧੜ ਅਤੇ ਪਰਮਜੀਤ ਗਿੱਲ ਵਰਗੇ ਤਕੜੇ ਵੇਟਲਿਫਟਰ ਸਾਥੀ ਹੁੰਦੇ ਸਨ। ਉਸ ਦੇ ਰਿਸ਼ਤੇਦਾਰ ਪਰਮਜੀਤ ਸਿੰਘ 'ਪਾਵਰ' ਉਚ-ਕੋਟੀ ਦੇ ਵੇਟਲਿਫਟਰ ਹੁੰਦੇ ਹੋਏ ਵਧੀਆ ਕੋਚ ਵੀ ਸਨ। ਵਿਆਹ ਤੋਂ ਬਾਅਦ ਜਸਵਿੰਦਰ ਨੇ ਭਾਰ ਚੁੱਕਣਾ ਸ਼ੁਰੂ ਕੀਤਾ। ਆਮ ਸੁਣਿਆ ਜਾਂਦਾ ਹੈ ਕਿ ਵਿਆਹ ਤੋਂ ਬਾਅਦ ਖਿਡਾਰੀ ਗੇਮ ਨਹੀਂ ਕਰ ਸਕਦੇ ਪਰ ਜਸਵਿੰਦਰ ਨੇ ਇਹ ਸਾਬਤ ਕਰ ਦਿੱਤਾ ਕਿ ਮਿਹਨਤ ਅਤੇ ਲਗਨ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ।




ਜਸਵਿੰਦਰ ਨੇ 1977 ਵਿਚ ਪਹਿਲੀ ਵਾਰ ਵਿਲੀਅਮ ਲੇਕ ਬੀ.ਸੀ. ਵਿਖੇ ਹੋਏ 75 ਕਿਲੋਗ੍ਰਾਮ (165 ਪੌਂਡ) ਮੁਕਾਬਲਿਆਂ ਵਿਚ ਭਾਗ ਲੈ ਕੇ ਪਹਿਲੀ ਪੁਜ਼ੀਸ਼ਨ ਮਾਰੀ ਤੇ ਗੋਲਡ ਮੈਡਲ ਜਿੱਤਿਆ। 1979 ਦੀਆਂ ਬੀ.ਸੀ. ਇੰਟਰ ਗੇਮਾਂ ਵਿਚ 82 ਕਿਲੋਗ੍ਰਾਮ ਵਰਗ ਵਿਚ ਪ੍ਰਥਮ ਰਹਿ ਕੇ ਸੋਨੇ ਦਾ ਮੈਡਲ ਜਿੱਤਿਆ। ਦੱਬ ਕੇ ਪ੍ਰੈਕਟਿਸ ਕਰ ਕੇ ਜਸਵਿੰਦਰ ਸਰੀਰ ਨੂੰ ਆਰਾਮ ਦਿਵਾਉਂਦਾ। ਆਰਾਮ ਕਰਨ ਨਾਲ ਸਰੀਰ ਨੂੰ ਹੋਰ ਬਲ ਮਿਲਦਾ। ਇਸ ਤਰ੍ਹਾਂ ਕੈਨੇਡਾ ਦੇ ਖੇਡ ਮੇਲਿਆਂ ਵਿਚ ਵੇਟਲਿਫਟਿੰਗ ਕਲਾ ਦਾ ਪ੍ਰਦਰਸ਼ਨ ਕਰਦਾ। ਕਨੈਲ ਸ਼ਹਿਰ ਦੇ ਪ੍ਰਸਿੱਧ ਵੇਟਲਿਫਟਰ ਅਮਰੀਕ ਸਿੰਘ ਲਿੱਧੜ ਵਧੀਆ ਢੰਗ ਨਾਲ ਜਸਵਿੰਦਰ ਨੂੰ ਕੋਚਿੰਗ ਦਿੰਦੇ ਰਹੇ। ਬੀ.ਸੀ. ਕੈਨੇਡਾ ਦੀਆਂ ਸਾਰੀਆਂ ਇੰਟਰ ਗੇਮਾਂ ਵਿਚੋਂ ਪਹਿਲੇ ਸਥਾਨ ਪ੍ਰਾਪਤ ਕਰਦੇ ਹੋਏ ਉਸ ਨੇ 1992 ਦੀ ਕੈਨੇਡੀਅਨ ਚੈਂਪੀਅਨਸ਼ਿਪ (ਟੋਰਾਂਟੋ) ਕਾਲਨ ਵੁੱਡਜ਼ ਵਿਚ 82 ਕਿਲੋਗ੍ਰਾਮ ਵਰਗ ਵਿਚ ਪਹਿਲੀ ਪੁਜ਼ੀਸ਼ਨ ਲਈ।

ਇਨ੍ਹਾਂ ਪ੍ਰਾਪਤੀਆਂ ਦੇ ਮੱਦੇਨਜ਼ਰ ਜਸਵਿੰਦਰ ਸਿੰਘ ਦੀ ਬ੍ਰਿਜਮੈਨ ਆਸਟਰੇਲੀਆ ਮੁਕਾਬਲੇ ਵਾਸਤੇ ਚੋਣ ਹੋਈ। ਉਸ ਮੁਕਾਬਲੇ ਵਿਚ 82 ਕਿਲੋਗ੍ਰਾਮ ਵਰਗ 'ਚ ਪਹਿਲੀ ਪੁਜ਼ੀਸ਼ਨ ਲੈ ਕੇ ਗੋਲਡ ਮੈਡਲ ਦਾ ਹੱਕਦਾਰ ਬਣਿਆ। ਇਸ ਜਿੱਤ ਨਾਲ ਕੈਨੇਡਾ ਵਾਸੀਆਂ, ਪੰਜਾਬੀ ਭਾਈਚਾਰੇ, ਨਾਗਰਾ ਪਰਿਵਾਰ ਅਤੇ ਜਨਮ-ਭੂਮੀ ਪਿੰਡ ਜੱਬੋਵਾਲ ਦਾ ਨਾਂ ਉਚਾ ਕਰ ਕੇ ਕੈਨੇਡਾ ਦਾ ਇਤਿਹਾਸ ਸਿਰਜਿਆ। ਬੀ.ਸੀ. ਦੇ ਪ੍ਰਿੰਸ ਜੌਰਜ ਨੇ ਜਸਵਿੰਦਰ ਨੂੰ ਹੋਰ ਸ਼ਕਤੀਸ਼ਾਲੀ ਹੋਣ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਸਮੂਹ ਨਾਗਰਾ ਪਰਿਵਾਰ ਨੂੰ ਕੈਨੇਡਾ ਪ੍ਰਤੀ ਚੰਗੀ ਖੇਡ ਭਾਵਨਾ ਸਦਕਾ ਪੂਰਾ ਮਾਣ ਬਖ਼ਸ਼ਿਆ।

ਆਪਣੇ ਸ਼ੌਕ ਨੂੰ ਬਰਕਰਾਰ ਰੱਖਦੇ ਹੋਏ ਜਸਵਿੰਦਰ ਆਪਣੇ ਭਾਣਜੇ ਦੇਵ 'ਪਾਵਰ' ਅਤੇ ਬੇਟੇ ਅਮਨਦੀਪ ਨਾਗਰਾ ਨੂੰ ਭਾਰ ਚੁੱਕਣ ਲਈ ਪ੍ਰੇਰਿਤ ਕਰ ਰਿਹਾ ਹੈ। ਓਲੰਪੀਅਨ ਜਸਵੀਰ ਸਿੰਘ ਕਰਨਾਣਾ ਉਸ ਦੇ ਬੇਟੇ ਅਮਨਦੀਪ ਨੂੰ ਪੂਰੀ ਟਰੇਨਿੰਗ ਦੇ ਰਿਹਾ ਹੈ। ਜਸਵਿੰਦਰ ਜ਼ਿੰਦਗੀ ਦੀਆਂ ਪ੍ਰਾਪਤੀਆਂ ਤੋਂ ਪੂਰਾ ਖ਼ੁਸ਼ ਹੈ। ਆਪਣੇ ਆਪ ਨੂੰ ਫਿੱਟ ਰੱਖਣ ਲਈ ਕਸਰਤ ਜ਼ਰੂਰ ਕਰਦਾ ਹੈ। ਆਪਣੇ ਜੱਦੀ ਪਿੰਡ ਜੱਬੋਵਾਲ ਗੇੜਾ ਵੀ ਜ਼ਰੂਰ ਮਾਰਦਾ ਹੈ। ਪਿੰਡ ਦੇ ਨਵੇਂ-ਪੁਰਾਣੇ ਖਿਡਾਰੀਆਂ ਨਾਲ ਮੇਲ-ਮਿਲਾਪ ਰੱਖਦਾ ਹੈ। ਖੇਤੀਬਾੜੀ ਕਰਦੇ ਚਾਚਿਆਂ ਨਾਲ ਖੇਤੀ ਵਿਚ ਹੱਥ ਵਟਾ ਆਉਂਦੈ। ਪਹਿਲਵਾਨ ਚਾਚਾ ਬਲਵੀਰ ਸਿੰਘ ਫ਼ੌਜੀ ਪਰਿਵਾਰ ਸਮੇਤ ਕੈਨੇਡਾ ਰਹਿੰਦਾ ਹੋਇਆ ਹਰ ਸਾਲ ਭਾਰਤ ਗੇੜਾ ਜ਼ਰੂਰ ਮਾਰਦਾ ਹੈ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖ਼ੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
ਸੈਕਰਾਮੈਂਟੋ, ਕੈਲੀਫੋਰਨੀਆ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu
Cell:916-502-7733
4585 Pell Dr. Secramento CA, 95838

# ਗੈਰਕਾਨੂੰਨੀ ਪਰਵਾਸੀਆਂ ਨੂੰ ਪੱਕਾ ਕਰਨ ਵਾਲਾ ਅਮਰੀਕੀ ਬਿੱਲ ਲਟਕਣ ਦੇ ਆਸਾਰ

**ਵਾਸ਼ਿੰਗਟਨ:** ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਲਿਆਂਦੇ ਹਜ਼ਾਰਾਂ ਕਿਸ਼ੋਰਾਂ ਨੂੰ ਅਮਰੀਕਾ ਦੇ ਪੱਕੇ ਵਾਸੀ ਬਣਨ ਦਾ ਮੌਕਾ ਦੇਣ ਲਈ ਪ੍ਰਤੀਨਿਧ ਸਦਨ ਵੱਲੋਂ ਪਾਸ ਕਾਨੂੰਨ ਸੈਨੇਟ 'ਚ ਲਟਕਣ ਦੇ ਆਸਾਰ ਹਨ। ਇਹ 'ਡਰੀਮ ਐਕਟ' ਨਾਂ ਦਾ ਕਾਨੂੰਨ ਪ੍ਰਤੀਨਿਧ ਸਦਨ 'ਚ 216-198 ਨਾਲ ਪਾਸ ਹੋ ਗਿਆ ਸੀ ਤੇ ਇਸ ਨੂੰ ਬਰਾਕ ਓਬਾਮਾ ਤੇ ਡੈਮੋਕਰੇਟਾਂ ਦੇ ਕਬਜ਼ੇ ਵਾਲੀ ਕਾਂਗਰਸ ਵੱਲੋਂ ਹਿਸਪੈਨਿਕਾਂ ਨੂੰ ਆਪਣੇ ਪੱਕੇ ਵੋਟਰ ਬਣਾਏ ਜਾਣ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਨਾਲ ਇਕ ਤੋਂ 1.20 ਕਰੋੜ ਤੱਕ ਗੈਰ ਕਾਨੂੰਨੀ ਪ੍ਰਵਾਸੀ ਅਮਰੀਕਾ ਦੇ ਕਾਨੂੰਨੀ ਵਾਸੀ ਬਣ ਸਕਦੇ ਹਨ। ਜਦਕਿ ਆਲੋਚਕ ਇਸ ਦੇ ਵਿਰੁੱਧ ਡਟਦਿਆਂ ਇਸ ਨੂੰ ਪਿਛਲੇ ਦਰਵਾਜ਼ਿਓਂ ਦਿੱਤੀ ਜਾ ਰਹੀ ਆਮ ਮੁਆਫੀ ਕਰਾਰ ਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਦੇਸ਼ੀਆਂ ਵੱਲੋਂ ਚੋਰੀ-ਛਿਪੇ ਅਮਰੀਕਾ 'ਚ ਵੜਨ ਦਾ ਰੁਝਾਨ ਵਧੇਗਾ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕਦੀ ਨਾ ਕਦੀ ਪੱਕੇ ਤਾਂ ਉਨ੍ਹਾਂ ਨੇ ਹੋ ਹੀ ਜਾਣਾ ਹੈ।

**1.20 ਕਰੋੜ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਕਿਸਮਤ ਦਾ ਫ਼ੈਸਲਾ**

ਸੈਨੇਟ 'ਚ ਇਸ ਕਾਨੂੰਨ ਦੇ ਪਾਸ ਹੋਣ ਦੇ ਆਸਾਰ ਨਹੀਂ ਹਨ ਕਿਉਂਕਿ ਰਿਪਬਲਿਕਨ ਇਸ ਦਾ ਵਿਰੋਧ ਕਰਨਗੇ।

ਡੈਮੋਕਰੇਟ ਸੈਨੇ ਡਿੱਕ ਡਰਬਿਨ ਅਨੁਸਾਰ ਓਬਾਮਾ ਨੇ ਇਸ ਬਾਰੇ ਨਿੱਜੀ ਤੌਰ 'ਤੇ ਬਹੁਤ ਯਤਨ ਕੀਤੇ ਸਨ ਕਿਉਂਕਿ ਉਹ ਹਿਸਪੈਨਿਕ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਸਿੱਧ ਕਰਨੀ ਚਾਹੁੰਦੇ ਸਨ ਜੋ ਰਾਸ਼ਟਰਪਤੀ ਆਵਾਸ ਬਾਰੇ ਕਾਨੂੰਨ ਦੇ ਮਾਮਲੇ 'ਚ ਅਸਫਲ ਰਹਿਣ ਕਾਰਨ ਅਲਹਿਦਗੀ ਦਾ ਸ਼ਿਕਾਰ ਹੋ ਗਏ ਸਨ। ਇਸ ਕਾਨੂੰਨ ਦਾ ਭਵਿੱਖ ਹਾਲ ਦੀ ਘੜੀ ਡਾਵਾਂਡੋਲ ਹੈ ਪਰ ਕੁਝ ਲੋਕਾਂ ਦੀ ਆਸ ਕਾਇਮ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਮੀਗਰੇਸ਼ਨ ਸੁਧਾਰਾਂ ਲਈ ਇਹ ਕਾਰਜ ਜ਼ਰੂਰੀ ਹੈ। ਵਾਈਟ ਹਾਊਸ ਵੱਲੋਂ ਇਸ ਕਾਨੂੰਨ ਲਈ ਵੋਟਾਂ ਤੋਂ ਪਹਿਲਾਂ ਲਗਾਤਾਰ ਇਸ ਦੇ ਹੱਕ 'ਚ ਬਿਆਨ ਦਿੱਤੇ ਜਾ ਰਹੇ ਹਨ ਤੇ ਕਿਹਾ ਜਾ ਰਿਹਾ ਹੈ ਕਿ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਅਮਰੀਕਾ 'ਚ ਬਿਤਾ ਚੁੱਕੇ ਨੌਜਵਾਨ ਆਪਣੀ ਜ਼ਿੰਦਗੀ ਤੇ ਮੁਲਕ ਦੀ ਦਸ਼ਾ ਸੁਧਾਰਨੀ ਚਾਹੁੰਦੇ ਹਨ ਜਾਂ ਦੇਸ਼ ਦੀਆਂ ਹਥਿਆਰਬੰਦ ਫੌਜਾਂ 'ਚ ਜਾਣਾ ਚਾਹੁੰਦੇ ਹਨ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

# ਸਵੀਡਨ ਦੇ ਬੰਕਰ 'ਚ ਸੰਭਾਲਿਆ ਸੀ ਵਿਕੀਲੀਕਸ ਦਾ ਡੈਟਾ

**ਲੰਡਨ:** ਫਿਲਮ 007 ਵਾਂਗ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੇ ਅਮਰੀਕਾ ਦੀਆਂ ਹਜ਼ਾਰਾਂ ਡਿਪਲੋਮੈਟਿਕ ਗੁਪਤ ਫਾਈਲਾਂ ਸਵੀਡਨ ਵਿਚ ਸੀਤ ਯੁੱਧ ਦੇ ਪ੍ਰਮਾਣੂ ਬੰਕਰ ਵਿਚ ਰੱਖੀਆਂ ਹਨ। ਇਥੋਂ ਦੇ ਦਰਜਨਾਂ ਸ਼ਕਤੀਸ਼ਾਲੀ ਕੰਪਿਊਟਰ ਸਰਵਰਜ਼ ਕਈ ਕੰਪਨੀਆਂ ਵੱਲੋਂ ਸਟੋਰੇਜ ਲਈ ਵਰਤੇ ਜਾਂਦੇ ਹਨ।




'ਦੀ ਡੇਲ ਮੇਲ' ਨੇ ਟਿੱਪਣੀ ਕੀਤੀ ਹੈ ਕਿ ਰਹੱਸ ਭਰਪੂਰ ਜ਼ਿੰਦਗੀ ਵਾਲਾ ਅਸਾਂਜੇ ਖਲਨਾਇਕ ਜੇਮਜ਼ ਬਾਂਡ ਵਾਂਗ ਆਪਣਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਬਰਤਾਨਵੀ ਅਖ਼ਬਾਰ ਨੇ ਵੀ ਪਾਇਓਕਿਨ ਡੈਟਾ ਸੈਂਟਰ ਦੀਆਂ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਹਨ ਜਿਥੇ ਵਿਕੀਲੀਕਸ ਫਾਈਲਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਇਹ ਸੈਂਟਰ ਜ਼ਮੀਨ ਤੋਂ ਸੌ ਫੁੱਟ ਹੇਠਾਂ ਠੰਢੀ ਜੰਗ ਵੇਲੇ ਦੇ ਪ੍ਰਮਾਣੂ ਬੰਕਰ ਵਿਚ ਬਣਾਇਆ ਗਿਆ ਹੈ। ਇਹ ਬੰਕਰ 1970 ਵਿਚ ਸਰਕਾਰ ਦੀਆਂ ਅਹਿਮ ਗਤੀਵਿਧੀਆਂ ਨੂੰ ਪ੍ਰਮਾਣੂ ਹਮਲੇ ਤੋਂ ਬਚਾਉਣ ਲਈ ਬਣਾਇਆ ਗਿਆ ਸੀ। ਰਿਪੋਰਟ ਅਨੁਸਾਰ ਸਟਾਕਹੋਮ ਵਿਚ ਵੀਟਾ ਬਰਗ ਪਾਰਕ ਹੇਠ ਚਟਾਨਾਂ ਨੂੰ ਤੋੜ ਕੇ ਵੱਡੀ ਗੁਫ਼ਾ ਬਣਾਈ ਗਈ ਹੈ। ਇਥੇ ਪਏ ਦਰਜਨਾਂ ਕੰਪਿਊਟਰ ਸਰਵਰ ਕਈ ਕੰਪਨੀਆਂ ਵੱਲੋਂ ਆਪਣੇ ਦਸਤਾਵੇਜ਼ ਸੰਭਾਲਣ ਲਈ ਵਰਤੇ ਜਾਂਦੇ ਹਨ। ਅਖ਼ਬਾਰ ਅਨੁਸਾਰ ਇਸ ਬੰਕਰ ਵਿਚ ਚਲਦਾ-ਫਿਰਦਾ ਕਾਨਫਰੰਸ ਕਮਰਾ, ਖਾਸ ਕਿਸਮ ਦੇ ਸ਼ੀਸ਼ਿਆਂ ਵਾਲੇ ਵਰਾਂਡੇ, ਖ਼ੂਬਸੂਰਤ ਤੇ ਡਿਜ਼ਾਈਨਰ ਫਰਨੀਚਰ ਰੱਖਿਆ ਗਿਆ ਹੈ।

# ਧੋਖੇਬਾਜ਼ ਇਮੀਗ੍ਰੇਸ਼ਨ ਏਜੰਟਾਂ ਨੂੰ ਨੱਥ ਪਾਏਗਾ ਨਵਾਂ ਕਾਨੂੰਨ

**ਟੋਰਾਂਟੋ:** ਕੈਨੇਡਾ ਸਰਕਾਰ ਨੇ ਧੋਖੇਬਾਜ਼ ਟਰੈਵਲ ਏਜੰਟਾਂ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ। ਇਸ ਸਬੰਧੀ ਕੈਨੇਡਿਆਈ ਸੰਸਦ ਵੱਲੋਂ ਨਵਾਂ ਕਾਨੂੰਨ ਪਾਸ ਕੀਤਾ ਜਾ ਰਿਹਾ ਹੈ ਜਿਸ ਨਾਲ ਭਾਰਤ ਵਿਚਲੇ ਇਮੀਗਰੇਸ਼ਨ ਏਜੰਟਾਂ ਦੀ ਸ਼ਾਮਤ ਆ ਜਾਵੇਗਾ ਜੋ ਨਾਜਾਇਜ਼ ਢੰਗ ਨਾਲ ਕੈਨੇਡਾ ਵਿਚ ਪ੍ਰਵਾਸ ਕਰਾਉਂਦੇ ਹਨ।

ਕੈਨੇਡੀਅਨ ਇਮੀਗਰੇਸ਼ਨ ਮੰਤਰੀ ਜੈਸਨ ਕੇਨੀ ਨੇ ਕਿਹਾ ਕਿ ਗ਼ੈਰ ਕਾਨੂੰਨੀ ਢੰਗ ਨਾਲ ਇਮੀਗ੍ਰੇਸ਼ਨ ਦਾ ਕੰਮ ਕਰ ਰਹੇ ਏਜੰਟਾਂ 'ਤੇ ਕਾਬੂ ਪਾਉਣ ਲਈ ਕਾਨੂੰਨ ਆਖਰੀ ਪ੍ਰਵਾਨਗੀ ਲਈ ਹੇਠਲੇ ਸਦਨ ਵਿਚ ਪਹੁੰਚ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਨਵਾਂ ਕਾਨੂੰਨ ਉਨ੍ਹਾਂ ਇਮੀਗਰੇਸ਼ਨ ਏਜੰਟਾਂ ਨੂੰ ਆਪਣੇ ਘੇਰੇ ਵਿਚ ਲਵੇਗਾ ਜੋ ਕੈਨੇਡਾ ਦੀ ਪ੍ਰਵਾਸ ਪ੍ਰਣਾਲੀ ਦੀ ਅਹਿਮੀਅਤ ਨੂੰ ਘਟਾ ਰਹੇ ਹਨ।

ਕੇਨੀ ਨੇ ਕਿਹਾ ਕਿ "ਧੋਖੇਬਾਜ਼ ਏਜੰਟਾਂ ਨੇ ਆਪਣੇ ਨਿੱਜੀ ਲਾਭਾਂ ਖਾਤਰ ਸਾਡੇ ਪ੍ਰਵਾਸ ਨਿਯਮਾਂ ਨੂੰ ਧੱਬਾ ਲਾਇਆ ਹੈ ਤੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਦੋਵੇਂ ਹੱਥਾਂ ਨਾਲ ਲੁੱਟਿਆ ਹੈ।" ਇਨ੍ਹਾਂ ਲਾਲਚੀ ਏਜੰਟਾਂ ਨੇ ਨਾ ਸਿਰਫ਼ ਆਪਣੇ ਲੋਕਾਂ ਨੂੰ ਲੁੱਟਿਆ ਹੈ ਬਲਕਿ ਸਾਡੀ ਪ੍ਰਵਾਸ ਪ੍ਰਣਾਲੀ ਦੀ ਭਰੋਸੇਯੋਗਤਾ ਤੇ ਨਿਰਪੱਖਤਾ ਨੂੰ ਵੀ ਸ਼ਰਮਸਾਰ ਕੀਤਾ ਹੈ।

ਇਨ੍ਹਾਂ ਵੱਲੋਂ ਸਿਸਟਮ ਨਾਲ ਕੀਤੇ ਜਾ ਰਹੇ ਧੋਖੇ ਕਾਰਨ ਹੀ ਉਨ੍ਹਾਂ ਲੋਕਾਂ ਦੀ ਵੀ ਇਮੀਗਰੇਸ਼ਨ ਪ੍ਰਕਿਰਿਆ ਨੂੰ ਧੱਕਾ ਲੱਗਦਾ ਹੈ ਜੋ ਨਿਯਮਾਂ ਦੀ ਪਾਲਣਾ ਕਰਦੇ ਹਨ।

# ਦੁਨੀਆਂ ਦਾ ਹਰੇਕ ਚੌਥਾ ਸ਼ਖ਼ਸ ਭ੍ਰਿਸ਼ਟਾਚਾਰ ਦਾ ਸ਼ਿਕਾਰ

**ਬਰਲਿਨ:** ਭਾਰਤ ਦਾ ਹੀ ਨਹੀਂ ਬਲਕਿ ਦੁਨੀਆਂ ਦਾ ਹਰੇਕ ਚੌਥਾ ਸ਼ਖ਼ਸ ਦੇ ਆਪਣੇ ਕੰਮ ਕਰਾਉਣ ਲਈ ਰਿਸ਼ਵਤ ਦੇ ਰਿਹਾ ਹੈ। ਇਹ ਖੁਲਾਸਾ ਕੌਮਾਂਤਰੀ ਭ੍ਰਿਸ਼ਟਾਚਾਰ ਵਿਰੋਧੀ ਦਿਵਸ 'ਤੇ ਜਾਰੀ ਕੀਤੇ 'ਚ ਕੀਤਾ ਗਿਆ ਹੈ।

ਬਰਲਿਨ ਆਧਾਰਤ ਗੈਰ-ਸਰਕਾਰੀ ਏਜੰਸੀ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ ਕਰਵਾਏ ਅਧਿਐਨ ਅਨੁਸਾਰ ਰਿਸ਼ਵਤਖੋਰੀ ਦੇ ਮਾਮਲੇ 'ਚ ਮੋਹਰੀ ਦੇਸ਼ਾਂ ਵਿਚ ਅਫਗਾਨਿਸਤਾਨ, ਕੰਬੋਡੀਆ, ਕੈਮਰੂਨ, ਭਾਰਤ, ਇਰਾਕ, ਲਾਇਬੇਰੀਆ, ਨਾਇਜੇਰੀਆ, ਫਲਸਤੀਨ ਖਿੱਤਾ, ਸੈਨੇਗਲ, ਸੀਅਰੋ ਲਿਓਨ ਤੇ ਯੁਗਾਂਡਾ ਸ਼ਾਮਲ ਹਨ। ਇਹ ਅਧਿਐਨ ਹੇਠਲੇ ਪੱਧਰ 'ਤੇ ਹੁੰਦੀ ਰਿਸ਼ਵਤਖੋਰੀ 'ਤੇ ਕੇਂਦਰਤ ਹੈ ਤੇ ਇਸ ਤਹਿਤ 86 ਦੇਸ਼ਾਂ ਤੇ ਖਿੱਤਿਆਂ ਦੇ 91000 ਤੋਂ ਵੱਧ ਲੋਕਾਂ ਦਾ ਮੱਤ ਜਾਣਿਆ ਗਿਆ ਹੈ।

2010 ਗਲੋਬਲ ਕੁਰੱਪਸ਼ਨ ਬੈਰੋਮੀਟਰ ਅਨੁਸਾਰ ਪਿਛਲੇ 12 ਮਹੀਨਿਆਂ ਦੌਰਾਨ ਚਾਰ 'ਚੋਂ ਇਕ ਵਿਅਕਤੀ ਨੂੰ ਸਿਹਤ, ਸਿੱਖਿਆ ਜਾਂ ਟੈਕਸ ਅਥਾਰਿਟੀਜ਼ ਜਿਹੇ ਨੌਂ ਵਿਚੋਂ ਇਕ ਅਦਾਰੇ ਨੂੰ ਰਿਸ਼ਵਤ ਦੇਣੀ ਪਈ ਪਰ ਸਭ ਤੋਂ ਵੱਧ ਭ੍ਰਿਸ਼ਟ ਪੁਲੀਸ ਸਾਬਤ ਹੋਈ। ਸਰਵੇਖਣ ਤਹਿਤ 29 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਪੁਲੀਸ ਨਾਲ ਜਦੋਂ ਵੀ ਵਾਹ ਪਿਆ ਤਾਂ ਰਿਸ਼ਵਤ ਦੇਣੀ ਪਈ। ਦੁਨੀਆ ਭਰ ਵਿਚ ਸਭ ਤੋਂ ਵੱਧ ਭ੍ਰਿਸ਼ਟਾਚਾਰ ਸਬ-ਸਹਾਰਾ ਅਫਰੀਕਾ ਖਿੱਤੇ ਵਿਚ ਪਾਇਆ ਗਿਆ ਜਿੱਥੇ ਹਰ ਦੋ 'ਚੋਂ ਇਕ ਤੋਂ ਵੱਧ ਲੋਕਾਂ ਨੇ ਇਹ ਕਿਹਾ ਕਿ ਉਨ੍ਹਾਂ ਪਿਛਲੇ 12 ਮਹੀਨਿਆਂ ਦੌਰਾਨ ਅਫਸਰਾਂ ਦੀਆਂ ਜੇਬਾਂ ਗਰਮ ਕੀਤੀਆਂ ਸਨ।

ਇਸ ਤੋਂ ਬਾਅਦ ਮੱਧ ਪੂਰਬ ਤੇ ਉੱਤਰੀ ਅਫਰੀਕਾ ਦਾ ਨੰਬਰ ਆਉਂਦਾ ਹੈ ਜਿੱਥੇ 36 ਫੀਸਦੀ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਸਾਬਕਾ ਸੋਵੀਅਤ ਸੰਘ ਵਿਚ 32 ਫੀਸਦੀ, ਦੱਖਣੀ ਅਫਰੀਕਾ ਵਿਚ 23 ਫੀਸਦੀ, ਬਾਲਕਨ ਤੇ ਤੁਰਕੀ ਵਿਚ 19 ਫੀਸਦੀ, ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ 11 ਫੀਸਦੀ, ਯੂਰਪੀ ਸੰਘ ਤੇ ਉੱਤਰੀ ਅਮਰੀਕਾ ਵਿਚ ਪੰਜ ਫੀਸਦੀ ਲੋਕਾਂ ਨੂੰ ਰਿਸ਼ਵਤ ਦੇਣੀ ਪਈ।

# ਭਾਰਤੀ ਅਕਾਊਂਟੈਂਟ 'ਤੇ ਕਰੰਸੀ ਸਾੜਨ ਤੇ ਚੋਰੀ ਕਰਨ ਦਾ ਦੋਸ਼

**ਦੁਬਈ:** ਇਕ ਟੈਕਸੀ ਕੰਪਨੀ ਲਈ ਕੰਮ ਕਰਦੇ ਭਾਰਤੀ ਅਕਾਊਂਟੈਂਟ ਨੂੰ ਕੰਪਨੀ ਨੂੰ ਘਾਟਾ ਪਾਉਣ ਤੇ ਨੁਕਸਾਨ ਕਰਨ ਦੇ ਇਰਾਦੇ ਨਾਲ ਜਾਣਬੁੱਝ ਕੇ 8,064 ਡਾਲਰ (ਅਮਰੀਕੀ) ਕਰੰਸੀ ਸਾੜਨ ਤੇ ਏਨੀ ਹੀ ਰਕਮ ਚੋਰੀ ਕਰਨ ਦਾ ਦੋਸ਼ੀ ਪਾਇਆ ਗਿਆ ਹੈ।

ਇਸ ਭਾਰਤੀ ਅਕਾਊਂਟੈਂਟ ਦੀ ਪਛਾਣ 'ਐਸ.ਟੀ' ਵਜੋਂ ਦੱਸੀ ਗਈ ਹੈ। । ਇਕ ਅਖ਼ਬਾਰ 'ਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਲ੍ਹ ਵਾਰਡਨ ਕੱਲ੍ਹ ਉਹਨੂੰ 'ਦੁਬਈ ਕੋਰਟ ਆਫ ਫਸਟ ਇੰਸਟਾਂਸ' ਅੱਗੇ ਪੇਸ਼ ਨਹੀਂ ਕਰ ਸਕੇ। ਜੱਜ ਅਲ ਸਈਦ ਮੁਹੰਮਦ ਬਰਗੰਤ ਨੇ ਸੁਣਵਾਈ 27 ਦਸੰਬਰ 'ਤੇ ਪਾ ਦਿੱਤੀ ਤਾਂ ਕਿ ਮਸ਼ਕੂਕ ਨੂੰ ਅਦਾਲਤ 'ਚ ਪੇਸ਼ ਕੀਤਾ ਜਾ ਸਕੇ।

ਕੰਪਨੀ ਦੇ ਭਾਰਤੀ ਮੈਨੇਜਰ ਨੇ ਪੁਸ਼ਟੀ ਕੀਤੀ ਹੈ ਕਿ ਉਹਦੇ ਇਕ ਮੁਲਾਜ਼ਮ ਨੇ ਉਸ ਨੂੰ ਫੋਨ 'ਤੇ ਦੱਸਿਆ ਕਿ ਅਕਾਊਂਟਿੰਗ ਦਫ਼ਤਰ ਨੂੰ ਅੱਗ ਲੱਗੀ ਹੋਈ ਹੈ। ਦੁਬਈ ਪੁਲੀਸ ਦੀ ਅਪਰਾਧਾਂ ਸਬੰਧੀ ਲੈਬਾਰਟਰੀ ਦੀ ਰਿਪੋਰਟ ਨੇ ਇਹ ਪੁਸ਼ਟੀ ਕਰ ਦਿੱਤੀ ਹੈ ਕਿ ਇਹ ਅੱਗ ਜਾਣ-ਬੁੱਝ ਕੇ ਲਾਈ ਗਈ ਸੀ।

ਮੈਨੇਜਰ ਨੇ ਦੱਸਿਆ ਕਿ ਉਹ ਝੱਟ ਕੰਪਨੀ ਦੇ ਦਫ਼ਤਰ ਪੁੱਜਿਆ। ਉਹਦੇ ਅਨੁਸਾਰ ਉਹ 5 ਲੱਖ ਦੇ ਕਰੀਬ ਦਿਰਹਾਮ ਇਕ ਬੈਗ 'ਚ ਛੱਡ ਕੇ ਗਿਆ ਸੀ, ਜੋ ਲੱਕੜੀ ਦੀ ਅਲਮਾਰੀ 'ਚ ਰੱਖਿਆ ਹੋਇਆ ਸੀ। ਇਹ ਟੈਕਸੀ ਚਾਲਕਾਂ ਦੀ ਰੋਜ਼ ਦੀ ਕਮਾਈ ਤੋਂ ਆਈ ਰਾਸ਼ੀ ਸੀ।ਮੈਨੇਜਰ ਅਨੁਸਾਰ ਉਹਨੇ ਦੇਖਿਆ ਕਿ ਅੱਧੀ ਰਕਮ ਚੋਰੀ ਹੋ ਗਈ ਸੀ ਤੇ ਅੱਧੀ ਸੜ ਗਈ ਸੀ।

# ਹੁਣ ਟੀ.ਬੀ. ਟੈਸਟ ਸਿਰਫ਼ ਦੋ ਘੰਟਿਆਂ ਵਿਚ !

**ਲੰਡਨ:** ਮਹਿਜ਼ ਦੋ ਘੰਟਿਆਂ ਵਿਚ ਟੀ.ਬੀ. ਦੀ ਜਾਂਚ ਇਸ ਘਾਤਕ ਬਿਮਾਰੀ ਦੀ ਇਲਾਜ ਵਿਚ ਕ੍ਰਾਂਤੀ ਲਿਆ ਸਕਦੀ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਨਵੇਂ ਨਿਊਕਲਿਕ ਐਸਿਡ ਐਂਪਲੀਫਿਕੇਸ਼ਨ ਟੈਸਟ (ਐਨ.ਏ.ਏ.ਟੀ.) ਨਾਲ ਟੀ.ਬੀ. ਦੇ ਇਲਾਜ ਵਿਚ ਚਮਤਕਾਰੀ ਨਤੀਜੇ ਸਾਹਮਣੇ ਆ ਸਕਦੇ ਹਨ।

ਭਾਰਤ ਵਰਗੇ ਮੁਲਕਾਂ ਵਿਚ ਇਸ ਉਪਰ ਕ੍ਰਾਂਤੀਕਾਰੀ ਢੰਗ ਨਾਲ ਕਾਬੂ ਪਾਇਆ ਜਾ ਸਕਦਾ ਹੈ। ਮੌਜੂਦਾ ਟੈਸਟ ਵਿਧੀਆਂ ਤਹਿਤ ਇਸ ਖ਼ਤਰਨਾਕ ਬਿਮਾਰੀ ਦੇ ਹੋਣ ਬਾਰੇ ਪਤਾ ਲੱਗਣ ਵਿਚ ਹੀ ਤਿੰਨ ਮਹੀਨੇ ਲੱਗ ਜਾਂਦੇ ਹਨ। ਹੁਣ ਇਸ ਨਵੇਂ ਟੈਸਟ ਨਾਲ ਮਹਿਜ਼ ਦੋ ਘੰਟਿਆਂ ਦੇ ਵੀ ਘੱਟ ਸਮੇਂ ਵਿਚ ਇਸ ਬਿਮਾਰੀ ਦੇ ਹੋਣ ਬਾਰੇ ਪਤਾ ਲੱਗ ਜਾਵੇਗਾ। ਬਿਮਾਰੀ ਦੇ ਸਮੇਂ ਸਿਰ ਪਤਾ ਲੱਗਣ 'ਤੇ ਇਸ ਦਾ ਸਮੇਂ ਸਿਰ ਇਲਾਜ ਸ਼ੁਰੂ ਹੋ ਸਕਦਾ ਹੈ ਤੇ ਇਸ ਬਿਮਾਰੀ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਘਟਾਈ ਜਾ ਸਕਦੀ ਹੈ। ਵਿਸ਼ਵ ਸਿਹਤ ਸੰਸਥਾ ਦੇ 'ਸਟਾਪ ਟੀ.ਬੀ. ਵਿਭਾਗ' ਦੇ ਡਾਇਰੈਕਟਰ ਡਾ. ਮਾਰੀਓ ਰਵੀਗਲੀਓਨ ਨੇ ਦੱਸਿਆ ਕਿ ਇਸ ਨਵੇਂ ਟੈਸਟ ਨੇ ਵਿਸ਼ਵ ਪੱਧਰ 'ਤੇ ਬਿਮਾਰੀ ਬਾਰੇ ਥੋੜ੍ਹੇ ਸਮੇਂ ਵਿਚ ਹੀ ਪਤਾ ਲਾਉਣ ਦਾ ਮੀਲ ਪੱਥਰ ਹੈ।

**ਪਹਿਲਾਂ ਲੱਗਦੇ ਨੇ ਤਿੰਨ ਮਹੀਨੇ**

ਸੰਸਥਾ ਨੇ ਕਿਹਾ ਕਿ ਬੇਸ਼ੱਕ ਇਸ ਬਿਮਾਰੀ 'ਤੇ ਕਾਫੀ ਹੱਦ ਤੱਕ ਕਾਬੂ ਪਾਇਆ ਗਿਆ ਹੈ ਪਰ ਫੇਰ ਮੌਤਾਂ ਦੀ ਗਿਣਤੀ ਲੱਖਾਂ ਵਿਚ ਹੈ। ਇਹ ਟੈਸਟ ਵੱਖ-ਵੱਖ ਮੁਲਕਾਂ ਵਿਚ 18 ਮਹੀਨਿਆਂ ਤੋਂ ਵੱਧ ਸਮੇਂ ਵਿਚ ਕੀਤੇ ਅਧਿਐਨ ਨਾਲ ਹਾਸਲ ਕੀਤਾ ਗਿਆ ਹੈ। ਇਸ ਅਧਿਐਨ ਵਿਚ 8000 ਤੋਂ ਵਧੇਰੇ ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ ਸੀ।

'ਗਾਰਡੀਅਨ' ਦੀ ਰਿਪੋਰਟ ਅਨੁਸਾਰ ਇਹ ਟੈਸਟ ਫਾਊਂਡੇਸ਼ਨ ਫਾਰ ਇਨੋਵੇਟਿਵ ਨਿਊ ਡਾਇਗਨੋਸਟਿਕਸ (ਐਫ.ਆਈ.ਐਨ.ਡੀ.) ਵੱਲੋਂ ਪ੍ਰਾਈਵੇਟ ਕੰਪਨੀ ਸੇਫੇਡ ਤੇ ਯੂਨੀਵਰਸਿਟੀ ਆਫ ਮੈਡੀਸਿਨ ਐਂਡ ਡੈਂਟਿਸਟਰੀ ਆਫ ਨਿਊ ਜਰਸੀ ਦੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ। ਟੈਸਟ ਦਾ ਵੱਡਾ ਮੁੱਦਾ ਇਸ ਦੀ ਕੀਮਤ ਹੈ। ਬਾਜ਼ਾਰ ਵਿਚ ਇਸ ਟੈਸਟ ਵਾਲੀ ਮਸ਼ੀਨ ਦਾ ਮੁੱਲ 55000 ਤੋਂ 62000 ਅਮਰੀਕੀ ਡਾਲਰ ਹੈ।

# ਛੇ ਭਾਰਤੀਆਂ 'ਤੇ ਹਮਲਾ ਕਰਨ ਵਾਲੇ ਦੋ ਮੁੰਡਿਆਂ ਨੂੰ 'ਮਾਮੂਲੀ' ਸਜ਼ਾ

**ਮੈਲਬਰਨ:** ਆਸਟਰੇਲੀਆ ਦੀ ਇਕ ਅਦਾਲਤ ਨੇ ਭਾਰਤੀਆਂ ਨੂੰ ਲੁੱਟਣ ਤੇ ਉਨ੍ਹਾਂ ਵਿਚ ਦਹਿਸ਼ਤ ਫੈਲਾਉਣ ਦੇ ਮਾਮਲੇ ਵਿਚ ਦੋ ਆਸਟਰੇਲਿਆਈ ਨੌਜਵਾਨਾਂ ਨੂੰ ਮਾਮੂਲੀ ਸਜ਼ਾ ਸੁਣਾਈ ਹੈ ਜਿਸ ਕਰਕੇ ਭਾਰਤੀ ਭਾਈਚਾਰੇ 'ਚ ਦੁਖ ਦੀ ਭਾਵਨਾ ਪਾਈ ਜਾ ਰਹੀ ਹੈ।

ਅਦਾਲਤ ਨੇ ਦੋਸ਼ੀਆਂ ਨੇ ਇਸ ਨਸਲੀ ਹਿੰਸਾ ਨੂੰ 'ਪੰਜੀ ਹੰਟਿੰਗ' ਦਾ ਨਾਂ ਦਿੱਤਾ ਹੈ। ਇਨ੍ਹਾਂ ਨੇ ਪਿਛਲੇ ਸਾਲ ਛੇ ਭਾਰਤੀਆਂ ਨੂੰ ਲੁੱਟਿਆ ਤੇ ਉਨ੍ਹਾਂ ਨੂੰ ਡਰਾਇਆ-ਧਮਕਾਇਆ ਸੀ। ਜਸਟਿਸ ਲਿਜ਼ ਗੇਨਰ ਨੇ ਜੂਲੀਅਸ ਮੈਡਿਨਾ ਨੂੰ ਤਿੰਨ ਸਾਲਾਂ ਤੱਕ ਯੂਥ ਨਿਆਂ ਕੇਂਦਰ ਦੀ ਹਿਰਾਸਤ ਵਿਚ ਰੱਖਣ ਤੇ ਪੀਟਰ ਸਲਾਪਰ ਨੂੰ 624 ਘੰਟਿਆਂ ਲਈ ਬਗ਼ੈਰ ਪੈਸਾ ਲਏ ਲੋਕ ਸੇਵਾ ਕਰਨ ਦੀ ਸਜ਼ਾ ਸੁਣਾਈ। ਇਹ ਦੋਵੇਂ 19 ਸਾਲਾਂ ਦੇ ਹਨ।

ਮੈਡਿਨਾ ਨੇ ਪਿਛਲੇ ਸਾਲ ਛੇ ਭਾਰਤੀਆਂ 'ਤੇ ਹਮਲਾ ਕੀਤਾ ਤੇ ਸਲਾਪਰ ਲੁੱਟ ਦੀਆਂ ਦੋ ਘਟਨਾਵਾਂ ਵਿਚ ਸ਼ਾਮਲ ਸੀ। ਮੈਡਿਨਾ ਨੇ ਲੁੱਟ ਦੀਆਂ ਕੋਸ਼ਿਸ਼ਾਂ ਦੇ ਤਿੰਨ ਦੋਸ਼ ਕਬੂਲੇ ਜਦਕਿ ਸਲਾਪਰ ਨੇ ਲੁੱਟ ਦੀਆਂ ਦੋ ਘਟਨਾਵਾਂ ਵਿਚ ਸ਼ਮੂਲੀਅਤ ਮੰਨੀ। ਜੱਜ ਨੇ ਕਿਹਾ ਕਿ 'ਪੰਜੀ ਹੰਟਿੰਗ' ਦਾ ਮਕਸਦ ਦਹਿਸ਼ਤ ਫੈਲਾਉਣਾ ਤੇ ਨੀਵਾਂ ਦਿਖਾਉਣਾ ਸੀ ਨਾ ਕਿ ਭਾਰਤੀਆਂ ਖ਼ਿਲਾਫ਼ ਨਫ਼ਰਤ ਫੈਲਾਉਣਾ। ਇਨ੍ਹਾਂ ਨੇ ਭਾਰਤੀਆਂ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਕਿਉਂਕਿ ਉਹ ਆਸਾਨ ਸ਼ਿਕਾਰ ਸਨ। ਅਦਾਲਤ ਨੇ ਇਸ ਦਾ ਗੰਭੀਰ ਨੋਟਿਸ ਲਿਆ ਕਿ ਇਨ੍ਹਾਂ ਨੇ ਪਿਛਲੇ ਸਾਲ ਦਸੰਬਰ ਵਿਚ ਚਾਰ ਦਿਨਾਂ ਤੱਕ ਆਪਣੀ ਦਹਿਸ਼ਤ ਫੈਲਾਅ ਰੱਖੀ। ਅਦਾਲਤ ਨੇ ਦੋਵਾਂ ਨੂੰ ਕਿਸੇ ਨੂੰ ਜ਼ਖ਼ਮੀ ਕਰਨ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ।

# ਚੀਨ ਵੱਲੋਂ 'ਨੋਬੇਲ ਪੁਰਸਕਾਰ' ਦੀ ਸਾਈਟ ਠੱਪ

**ਓਸਲੋ:** ਚੀਨ ਨੇ ਨੋਬੇਲ ਅਮਨ ਪੁਰਸਕਾਰ ਸਮਾਰੋਹ ਦੀ ਨਾਰਵਿਆਈ ਬ੍ਰਾਡਕਾਸਟਰ ਐਨ.ਆਰ.ਕੇ. ਦੀ ਵੈੱਬਸਾਈਟ ਚੀਨ ਵਿਚ ਇੰਟਰਨੈਟ ਵਰਤੋਂਕਾਰਾਂ ਲਈ ਬੰਦ ਕਰ ਦਿੱਤੀ। ਨੋਬੇਲ ਕਮੇਟੀ ਨੇ ਚੀਨ ਦੇ ਜੇਲ੍ਹ 'ਚ ਬੰਦ ਵਿਰੋਧੀ ਲੇਖਕ ਲਿਊ ਸ਼ਿਆਬੋ ਨੂੰ ਅਮਨ ਪੁਰਸਕਾਰ ਦਿੱਤੇ ਜਾਣ ਤੋਂ ਚੀਨ ਖ਼ਫ਼ਾ ਹੈ। ਐਨ.ਆਰ.ਕੇ. ਨੇ ਦੱਸਿਆ ਕਿ ਇਸੇ ਨਾਲ ਹੀ ਬੀ.ਬੀ.ਸੀ. ਤੇ ਸੀ.ਐਨ.ਐਨ. ਦੀਆਂ ਵੈੱਬਸਾਈਟਾਂ ਵੀ ਅਸਰਅੰਦਾਜ਼ ਹੋਈਆਂ ਹਨ।

# ਬਰਤਾਨੀਆ 'ਚ ਵਿਦੇਸ਼ੀ ਵਿਦਿਆਰਥੀਆਂ ਲਈ ਦਾਖ਼ਲਾ ਨਿਯਮ ਹੋਰ ਸਖ਼ਤ

**ਲੰਡਨ:** ਬਰਤਾਨੀਆ 'ਚ ਵਿਦੇਸ਼ੀਆਂ ਦੀ ਵੱਧ ਰਹੀ ਆਮਦ ਨੂੰ ਘੱਟ ਕਰਨ ਦੇ ਯਤਨਾਂ ਤਹਿਤ ਸਰਕਾਰ ਨੇ ਦਾਖ਼ਲੇ ਦੇ ਨਿਯਮਾਂ ਨੂੰ ਹੋਰ ਸਖ਼ਤ ਕਰਨ ਤੇ ਕੰਮ ਦੇ ਘੰਟੇ ਹੋਰ ਸੀਮਤ ਕੀਤੇ ਜਾਣ ਦੀ ਤਜਵੀਜ਼ ਰੱਖੀ ਹੈ। ਵਿਦਿਆਰਥੀ ਵੀਜ਼ਾ ਪ੍ਰਣਾਲੀ 'ਚ ਵੱਡੀਆਂ ਤਬਦੀਲੀਆਂ ਲਿਆਉਣ ਦੇ ਮਨਸ਼ੇ ਨਾਲ ਰੱਖੀ ਇਸ ਤਜਵੀਜ਼ 'ਚ ਹੋਰ ਸਖ਼ਤੀਆਂ ਵੀ ਸ਼ਾਮਲ ਹੋਣਗੀਆਂ, ਜਿਸ ਨਾਲ ਬਰਤਾਨੀਆ ਜਾਣ ਦੇ ਚਾਹਵਾਨ ਭਾਰਤੀਆਂ ਲਈ ਹੁਣ ਇਹ ਸਭ ਆਸਾਨ ਨਹੀਂ ਹੋਵੇਗਾ। ਨੰਬਰਾਂ ਦੇ ਆਧਾਰ 'ਤੇ ਵਿਦਿਆਰਥੀ ਵੀਜ਼ੇ ਰਾਹੀਂ ਬਰਤਾਨੀਆ 'ਚ ਦਾਖ਼ਲੇ ਦੇ ਅਮਲ 'ਚ ਸੁਧਾਰਾਂ ਲਈ ਜਨਤਕ ਸਲਾਹ-ਮਸ਼ਵਰਾ ਸ਼ੁਰੂ ਕਰਦਿਆਂ, ਗ੍ਰਹਿ ਵਿਭਾਗ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਪੜ੍ਹਨ ਲਈ ਇੱਥੇ ਆਉਣ ਵਾਲੇ 41 ਫੀਸਦੀ ਵਿਦਿਆਰਥੀ ਡਿਗਰੀ ਤੋਂ ਹੇਠਲੇ ਪੱਧਰ ਦੀ ਪੜ੍ਹਾਈ ਹੀ ਕਰ ਰਹੇ ਹਨ।

ਇਮੀਗ੍ਰੇਸ਼ਨ ਮੰਤਰੀ ਡੇਮੀਆਨ ਗਰੀਨ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਵਿਦੇਸ਼ਾਂ 'ਚੋਂ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਲੈਣਾ ਦੇਸ਼ ਲਈ ਲਾਹੇਵੰਦ ਹੈ, ਪਰ ਸਾਨੂੰ ਇਹ ਚੋਣ ਕਰਨ ਵੇਲੇ ਵਧੇਰੇ ਸਚੇਤ ਹੋਣਾ ਹੋਵੇਗਾ ਕਿ ਕੌਣ ਇੱਥੇ ਆ ਕੇ ਕਿੰਨੇ ਸਮੇਂ ਲਈ ਰਹਿ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਉਨ੍ਹਾਂ ਨੂੰ ਵਿਦਿਆਰਥੀ ਮੰਨਦੇ ਹਨ, ਜੋ ਇੱਥੇ ਆਉਂਦੇ ਹਨ, ਕੁਝ ਸਾਲ ਰਹਿ ਕੇ ਯੂਨੀਵਰਸਿਟੀ 'ਚ ਪੜ੍ਹਦੇ ਹਨ ਤੇ ਫਿਰ ਆਪਣੇ ਮੁਲਕਾਂ ਨੂੰ ਪਰਤ ਜਾਂਦੇ ਹਨ, ਪਰ ਇਹ ਹਾਲਾਤ ਹਮੇਸ਼ਾ ਨਹੀਂ ਹੁੰਦੇ। ਬਹੁਤ ਸਾਰੇ ਵਿਦਿਆਰਥੀ ਇੱਥੇ ਡਿਗਰੀ ਤੋਂ ਹੇਠਲੀ ਪੜ੍ਹਾਈ ਕਰਨ ਆਉਂਦੇ ਹਨ, ਪਰ ਉਹ ਇੱਥੇ ਰਹਿਣ ਤੇ ਕੰਮ ਕਰਨ ਨੂੰ ਵਧੇਰੇ ਤਰਜੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਅਜਿਹੀ ਦੁਰਵਰਤੋਂ ਰੋਕੇ ਜਾਣ ਦੀ ਲੋੜ ਹੈ। ਲੇਬਰ-ਲਿਬਰਲ ਡੈਮੋਕਰੇਟ ਕੁਲੀਸ਼ਨ ਨੇ ਬਰਤਾਨੀਆ ਆਉਣ ਵਾਲਿਆਂ ਦੀ ਸਾਲਾਨਾ ਸੀਮਾ 21,700 ਤੈਅ ਕੀਤੀ। ਇਹ ਹੁਨਰਮੰਦ ਤੇ ਅਤਿ-ਹੁਨਰਮੰਦ ਲੋਕਾਂ ਲਈ ਹੈ। ਲਾਗੂ ਹੋ ਚੁੱਕੀਆਂ ਇਹ ਪਾਬੰਦੀਆਂ ਕੇਵਲ ਉਨ੍ਹਾਂ ਲਈ ਵੀਜ਼ੇ ਯਕੀਨੀ ਬਣਾਉਣ ਲਈ ਹਨ, ਜੋ ਡਿਗਰੀ ਦੀ ਪੜ੍ਹਾਈ ਕਰਨ ਇੱਥੇ ਆਉਂਦੇ ਹਨ। ਗਰੀਨ ਦੇ ਦੱਸਣ ਅਨੁਸਾਰ ਨਵੀਆਂ ਤਜਵੀਜ਼ਾਂ ਇਸ ਪ੍ਰਣਾਲੀ ਦਾ ਵੱਡੇ ਪੱਧਰ 'ਤੇ ਜਾਇਜ਼ਾ ਲੈਣ ਲਈ ਹਨ ਤੇ ਵਧੇਰੇ ਚੋਣਕਾਰੀ ਸਿਸਟਮ ਲਈ ਹਨ ਤਾਂ ਕਿ ਦੇਸ਼ 'ਚ ਆਉਂਦੇ ਲੋਕਾਂ ਦੀ ਗਿਣਤੀ ਮਿਆਰੀ ਤੇ ਬਿਲਕੁਲ ਘਟਾ ਕੇ ਝੱਲਣਯੋਗ ਕੀਤੀ ਜਾ ਸਕੇ।

# ਨੀਰਾ ਰਾਡੀਆ ਵਰਗਿਆਂ ਜੋਗਾ ਹੀ ਰਹਿ ਗਿਆ ਹੈ ਭਾਰਤੀ ਲੋਕਤੰਤਰ !

**ਜਤਿੰਦਰ ਪਨੂੰ**


ਕਹਿੰਦੇ ਹਨ ਕਿ ਬਚਪਨ ਵਿਚ ਇਕ ਵਾਰੀ ਲਕਸ਼ਮੀ ਬਾਈ ਨੇ ਜ਼ਿੱਦ ਕੀਤੀ ਸੀ ਕਿ ਹਾਥੀ ਦੀ ਸਵਾਰੀ ਕਰਨੀ ਹੈ। ਉਸ ਦੇ ਬਾਪ ਨੇ ਕਿਹਾ ਸੀ ਕਿ ਤੇਰੀ ਕਿਸਮਤ ਵਿਚ ਹਾਥੀ ਦੀ ਸਵਾਰੀ ਕਰਨੀ ਨਹੀਂ ਲਿਖੀ ਪਰ ਉਸ ਨੇ ਅੱਗਿਓਂ ਕਿਹਾ ਸੀ ਕਿ ਇਕ ਦਿਨ ਮੇਰੇ ਅੱਗੇ ਸਵਾਰੀ ਕਰਨ ਲਈ ਦਸ ਹਾਥੀ ਖੜ੍ਹੇ ਹੋਣਗੇ। ਸਮਾਂ ਪਾ ਕੇ ਉਹ ਝਾਂਸੀ ਦੀ ਰਾਣੀ ਬਣ ਗਈ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਮਾਇਆਵਤੀ ਨਾਂ ਦੀ ਇਕ ਕੁੜੀ ਦਾ ਬਾਪ ਕਿਸੇ ਸਮੇਂ ਬਾਬੂ ਕਾਂਸ਼ੀ ਰਾਮ ਕੋਲ ਇਹ ਤਰਲਾ ਮਾਰਨ ਗਿਆ ਸੀ ਕਿ ਕੁੜੀ ਨੂੰ ਆਈ.ਏ.ਐਸ. ਅਫ਼ਸਰ ਬਣਾਉਣਾ ਹੈ। ਬਾਬੂ ਕਾਂਸ਼ੀ ਰਾਮ ਨੇ ਅੱਗਿਓਂ ਇਹ ਕਿਹਾ ਕਿ ਆਈ.ਏ.ਐਸ. ਅਫ਼ਸਰ ਬਣ ਕੇ ਇਸ ਕੁੜੀ ਨੇ ਕੀ ਕਰਨਾ ਹੈ, ਇਸ ਨੂੰ ਤਾਂ ਏਡੀ ਵੱਡੀ ਲੀਡਰ ਬਣਾਵਾਂਗਾ ਕਿ ਆਈ.ਏ.ਐਸ. ਅਫ਼ਸਰ ਇਸ ਦੇ ਅੱਗੇ ਫ਼ਾਈਲਾਂ ਚੁੱਕ ਕੇ ਖੜ੍ਹੇ ਹੋਇਆ ਕਰਨਗੇ। ਸਮਾਂ ਪਾ ਕੇ ਮਾਇਆਵਤੀ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣ ਗਈ ਤੇ ਆਈ.ਏ.ਐਸ. ਅਫ਼ਸਰ ਉਸ ਦੇ ਅੱਗੇ-ਪਿੱਛੇ ਫਿਰਦੇ ਹਨ। ਇਹ ਸਿਰਫ਼ ਸੁਣੀਆਂ ਹੋਈਆਂ ਗੱਲਾਂ ਹਨ। ਨੀਰਾ ਰਾਡੀਆ ਦਾ ਤਾਜ਼ਾ ਕਿੱਸਾ ਸਭ ਦੇ ਸਾਹਮਣੇ ਸਬੂਤਾਂ ਸਮੇਤ ਖੜ੍ਹਾ ਹੈ। ਸਿਰਫ਼ ਇਕ ਲੱਖ ਰੁਪਏ ਲੈ ਕੇ ਵਾਜਪਾਈ ਸਰਕਾਰ ਦੇ ਵਕਤ ਕੇਂਦਰੀ ਹਵਾਬਾਜ਼ੀ ਮੰਤਰੀ ਅਨੰਤ ਕੁਮਾਰ ਨੂੰ ਮਿਲੀ ਸੀ ਕਿ ਹਵਾਈ ਕੰਪਨੀ ਖੋਲ੍ਹਣਾ ਚਾਹੁੰਦੀ ਹਾਂ। ਇਕ ਲੱਖ ਰੁਪਏ ਨਾਲ ਹਵਾਈ ਕੰਪਨੀ ਖੋਲ੍ਹਣ ਦੀ ਗੱਲ ਅਨੰਤ ਕੁਮਾਰ ਨੂੰ ਉਂਜ ਹੀ ਹਾਸੋਹੀਣੀ ਲੱਗੀ ਹੋਵੇਗੀ। ਉਦੋਂ ਇਕ ਲੱਖ ਰੁਪਏ ਲੈ ਕੇ ਕੇਂਦਰੀ ਮੰਤਰੀ ਨੂੰ ਮਿਲਣ ਵਾਲੀ ਨੀਰਾ ਰਾਡੀਆ ਅੱਜ ਤਿੰਨ ਸੌ ਕਰੋੜ ਰੁਪਏ ਦੀ ਮਾਲਕ ਹੈ। ਕਿਵੇਂ ਬਣੀ ਤੇ ਫਿਰ ਬਣਿਆ ਕੀ, ਉਹ ਗੱਲ ਥੋੜ੍ਹਾ ਅਟਕ ਕੇ ਕਰਾਂਗੇ।



1990 ਤੋਂ ਪਹਿਲਾਂ ਗਿਣੇ-ਚੁਣੇ ਲੋਕਾਂ ਤੋਂ ਬਿਨਾਂ ਹਰਸ਼ਦ ਮਹਿਤਾ ਦਾ ਨਾਂ ਕਿਸੇ ਨੇ ਨਹੀਂ ਸੀ ਸੁਣਿਆ। ਫਿਰ ਉਹ ਮੁੰਬਈ ਦੀ ਸਟਾਕ ਐਕਸਚੇਂਜ ਨੂੰ ਮਰੋੜੇ ਦੇਣ ਵਾਲਾ ਬਣ ਗਿਆ ਪਰ ਉਸ ਦਾ ਇਹ ਟੌਹਰ ਲੰਮਾ ਸਮਾਂ ਨਾ ਰਹਿ ਸਕਿਆ ਅਤੇ ਫੜਿਆ ਗਿਆ। ਨਰਸਿਮਹਾ ਰਾਓ ਦੀ ਸਰਕਾਰ ਵੀ ਉਸ ਦੇ ਫੜੇ ਜਾਣ ਵੇਲੇ ਹਿਲਦੀ ਨਜ਼ਰ ਆਉਣ ਲੱਗੀ ਸੀ। ਭਾਰਤ ਦੇਸ਼ ਦੀ ਆਰਥਿਕਤਾ ਉਦੋਂ ਸਾਰੀ ਦੀ ਸਾਰੀ ਹਲੂਣੀ ਗਈ ਸੀ। ਫਿਰ ਇਹ ਕਿਹਾ ਜਾਣ ਲੱਗਾ ਕਿ ਅੱਗੇ ਤੋਂ ਇਹੋ ਜਿਹੇ ਪੱਕੇ ਪ੍ਰਬੰਧ ਕਰ ਦਿੱਤੇ ਜਾਣਗੇ ਕਿ ਕੋਈ ਦੂਜਾ ਹਰਸ਼ਦ ਮਹਿਤਾ ਅੱਗੇ ਆ ਕੇ ਇਸ ਦੇਸ਼ ਦੀ ਆਰਥਿਕਤਾ ਨਾਲ ਖਿਲਵਾੜ ਨਾ ਕਰ ਸਕੇ ਪਰ ਪ੍ਰਬੰਧ ਉਸ ਤੋਂ ਬਾਅਦ ਵੀ ਕੱਚੇ ਹੀ ਨਿਕਲੇ ਸਨ। ਇਸੇ ਕਰਕੇ ਬਾਅਦ ਵਿਚ ਕੇਤਨ ਮਹਿਤਾ ਵਰਗੇ ਬੰਦੇ ਇਸ ਕੰਮ ਵਿਚ ਰੁੱਝੇ ਫੜੇ ਗਏ ਅਤੇ ਅੱਜ ਵੀ ਰੁੱਝੇ ਹੋਏ ਹਨ। ਅਪਰੈਲ 2008 ਵਿਚ ਕੇਤਨ ਨੂੰ ਸਜ਼ਾ ਹੋ ਗਈ ਤਾਂ ਜ਼ਮਾਨਤ ਕਰਵਾ ਲਈ। ਉਸ ਉਤੇ ਕਾਰੋਬਾਰ ਕਰਨ ਦੀ ਰੋਕ ਲੱਗ ਗਈ ਤਾਂ ਪ੍ਰਵਾਹ ਨਹੀਂ। ਹੁਣ ਨੌਂ ਦਸੰਬਰ ਦੀ ਰਿਪੋਰਟ ਹੈ ਕਿ ਉਹ ਆਪਣੇ ਨਾਂ ਹੇਠ ਕੁਝ ਕਰਨ ਦੀ ਥਾਂ ਕੁਝ ਹੋਰਨਾਂ ਦੇ ਨਾਂ ਹੇਠ ਕਰੋੜਾਂ ਨਹੀਂ, ਅਰਬਾਂ ਰੁਪਏ ਦਾ ਕਾਰੋਬਾਰ ਕਰ ਰਿਹਾ ਹੈ। ਇਸ ਖੇਡ ਬਾਰੇ ਉਹ ਏਜੰਸੀਆਂ ਵੀ ਸਭ ਕੁਝ ਜਾਣਦੀਆਂ ਹਨ ਜਿਨ੍ਹਾਂ ਨੇ ਧੋਖਾਧੜੀ ਹੋਣ ਤੋਂ ਰੋਕਣੀ ਹੁੰਦੀ ਹੈ ਪਰ ਸਾਰੀਆਂ ਬੇਵੱਸ ਹਨ ਕਿਉਂਕਿ ਉਸ ਕੋਲ ਇੰਨੇ ਸੀਨੀਅਰ ਵਕੀਲਾਂ ਦੀ ਟੀਮ ਹੈ ਜਿਹੜੀ ਇਕ ਰਾਤ ਵੀ ਉਸ ਨੂੰ ਹਵਾਲਾਤ ਵਿਚ ਨਹੀਂ ਕੱਟਣ ਦਿੰਦੀ।

ਅਬਦੁੱਲ ਕਰੀਮ ਤੇਲਗੀ ਦਾ ਕਿੱਸਾ ਵੀ ਯਾਦ ਰੱਖਣਾ ਚਾਹੀਦਾ ਹੈ। ਸਿਰਫ਼ ਤੀਹ ਸਾਲਾਂ ਦਾ ਸੀ ਜਦੋਂ ਉਹ ਪਹਿਲੀ ਵਾਰੀ ਧੋਖਾਧੜੀ ਦੇ ਕੇਸ ਵਿਚ ਫੜਿਆ ਗਿਆ। ਰਿਹਾ ਹੋਣ ਪਿੱਛੋਂ ਉਸ ਨੇ ਸਾਧਾਰਨ ਜਿਹੇ ਵਸੀਕਾ ਨਵੀਸ ਵਾਂਗ ਅਸ਼ਟਾਮ ਪੇਪਰ ਵੇਚਣ ਦਾ ਲਾਇਸੈਂਸ ਲਿਆ ਤੇ ਉਸ ਲਾਇਸੈਂਸ ਦੇ ਆਸਰੇ ਆਪੇ ਬਣਾਏ ਜਾਅਲੀ ਅਸ਼ਟਾਮ ਵੇਚਣ ਤੋਂ ਤੁਰ ਕੇ ਏਡਾ ਵੱਡਾ 'ਅਸ਼ਟਾਮ ਫਰੋਸ਼' ਬਣ ਗਿਆ ਕਿ ਤਰਤਾਲੀ ਹਜ਼ਾਰ ਕਰੋੜ ਦੇ ਅਸ਼ਟਾਮ ਸਾਰੇ ਭਾਰਤ ਵਿਚ ਵੇਚ ਗਿਆ। ਇਹ ਅਸ਼ਟਾਮ ਛਾਪਣ ਲਈ ਉਸ ਨੇ ਭਾਰਤ ਸਰਕਾਰ ਦੀ ਪੁਰਾਣੀ ਹੋ ਗਈ ਜਾਂ ਮਿਲ ਕੇ ਪੁਰਾਣੀ ਕਹੀ ਗਈ ਮਸ਼ੀਨਰੀ ਖ਼ਰੀਦੀ। ਆਮ ਹਦਾਇਤਾਂ ਮੁਤਾਬਕ ਇਹੋ ਜਿਹੀ ਮਸ਼ੀਨਰੀ ਨੂੰ ਇੰਜ ਤੋੜ-ਭੰਨ ਕੇ ਵੇਚਣਾ ਹੁੰਦਾ ਹੈ ਕਿ ਉਸ ਦੀ ਫਿਰ ਕੋਈ ਵਰਤੋਂ ਨਾ ਕਰ ਸਕੇ ਪਰ ਇੰਜ ਕਰਨ ਦੀ ਥਾਂ ਅਬਦੁੱਲ ਕਰੀਮ ਤੇਲਗੀ ਦੇ ਖੜ੍ਹੇ ਕੀਤੇ ਬੰਦੇ ਨੂੰ ਸਬੂਤੀ ਮਸ਼ੀਨਰੀ ਚੁਕਾ ਦਿੱਤੀ ਗਈ। ਸਰਕਾਰੀ ਪ੍ਰੈਸ ਦਾ ਸਟਾਫ ਬਾਹਰ ਜਾ ਕੇ ਕੰਮ ਨਹੀਂ ਕਰ ਸਕਦਾ ਪਰ ਓਥੇ ਸਰਕਾਰੀ ਟਕਸਾਲ ਵਿਚ ਕੰਮ ਕਰਦੇ ਮੁਲਾਜ਼ਮ ਡਿਊਟੀ ਤੋਂ ਛੁੱਟੀ ਲੈ ਕੇ ਤੇਲਗੀ ਦੀ ਪ੍ਰੈਸ ਵਿਚ ਅਸਲੀ ਨਾਲੋਂ ਵੀ ਵਧੀਆ ਨਕਲੀ ਅਸ਼ਟਾਮ ਪੇਪਰ ਛਾਪਣ ਜਾਂਦੇ ਰਹੇ। ਸਾਰੇ ਸਰਕਾਰੀ ਤਾਣੇ-ਬਾਣੇ ਨੂੰ ਭ੍ਰਿਸ਼ਟ ਕਰ ਕੇ ਤੇਲਗੀ ਆਪਣਾ ਮਾਲ ਭਾਰਤ ਦੀ ਜੀਵਨ ਬੀਮਾ ਨਿਗਮ ਅਤੇ ਬੈਂਕਾਂ ਸਮੇਤ ਕਈ ਸਰਕਾਰੀ ਅਤੇ ਗ਼ੈਰ ਸਰਕਾਰੀ ਏਜੰਸੀਆਂ ਨੂੰ ਵੀ ਵੇਚਦਾ ਰਿਹਾ। ਜਦੋਂ ਇਸ ਖੇਡ ਤੋਂ ਪਰਦਾ ਉਠਿਆ, ਵਾਜਪਾਈ ਸਰਕਾਰ ਦਾ ਖ਼ਜ਼ਾਨਾ ਮੰਤਰੀ ਪਾਰਲੀਮੈਂਟ ਵਿਚ ਖੜ੍ਹੋ ਇਹ ਕਹਿੰਦਾ ਸੁਣਿਆ ਗਿਆ ਕਿ ਤੇਲਗੀ ਦੇ ਚੱਕਰ ਵਿਚ ਬੱਤੀ ਹਜ਼ਾਰ ਕਰੋੜ ਤੋਂ ਵੱਧ ਦੇ ਜਾਅਲੀ ਅਸ਼ਟਾਮ ਵਿਕ ਚੁੱਕੇ ਹਨ। ਇਨ੍ਹਾਂ ਸਾਰਿਆਂ ਨੂੰ ਹੁਣ ਰੱਦ ਨਹੀਂ ਕੀਤਾ ਜਾ ਸਕਦਾ, ਜਿਥੇ ਵਰਤੇ ਜਾ ਚੁੱਕੇ ਹਨ; ਉਨ੍ਹਾਂ ਨੂੰ ਜਾਅਲੀ ਹੋਣ ਦੇ ਬਾਵਜੂਦ ਪ੍ਰਵਾਨਗੀ ਦੇਣੀ ਪਵੇਗੀ। ਬਾਅਦ ਵਿਚ ਭਾਵੇਂ ਇਸ ਕਾਲੇ ਕਾਰੋਬਾਰ ਦਾ ਅੰਕੜਾ ਤਰਤਾਲੀ ਹਜ਼ਾਰ ਕਰੋੜ ਨੂੰ ਛੂਹ ਗਿਆ। ਜਦੋਂ ਬੱਤੀ ਹਜ਼ਾਰ ਕਰੋੜ ਰੁਪਏ ਦੱਸਿਆ ਗਿਆ ਸੀ, ਉਸ ਸਾਲ ਸਾਡੇ ਪੰਜਾਬ ਦੀ ਸਰਕਾਰ ਦਾ ਕੁੱਲ ਬਜਟ ਅਠਾਈ ਹਜ਼ਾਰ ਕਰੋੜ ਰੁਪਏ ਦਾ ਸੀ। ਕਮਾਲ ਦੀ ਗੱਲ ਇਹ ਕਿ ਟੁੱਚਲ ਜਿਹਾ ਫ਼ਰਾਡੀਆ ਪੰਜਾਬ ਵਰਗੇ ਰਾਜ ਦੀ ਸਰਕਾਰ ਦੇ ਬਜਟ ਤੋਂ ਵੱਡਾ ਫ਼ਰਾਡ ਕਰ ਜਾਵੇ ਅਤੇ ਕੇਂਦਰ ਦੀ ਸਰਕਾਰ ਇਹ ਆਖਦੀ ਫਿਰੇ ਕਿ ਜਾਅਲੀ ਕਾਗ਼ਜ਼ਾਂ ਨੂੰ ਵੀ ਪ੍ਰਵਾਨਗੀ ਦੇਣੀ ਪਵੇਗੀ, ਕੀ ਇਸ ਤੋਂ ਵੱਧ ਸ਼ਰਮਨਾਕ ਹਾਲਤ ਕੋਈ ਹੋਰ ਹੋ ਸਕਦੀ ਹੈ ਕਿਸੇ ਦੇਸ਼ ਲਈ?

ਇਕ ਹੋਰ ਸੁਣਿਆ ਜਾਂਦਾ ਸੀ ਲਲਿਤ ਮੋਦੀ। ਉਸ ਦੀ ਗੁੱਡੀ ਇਨੀ ਚੜ੍ਹ ਗਈ ਸੀ ਕਿ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਉਸ ਦੇ ਨਾਲ ਢੁੱਕ ਕੇ ਬਹਿਣ ਨੂੰ ਇਕ-ਦੂਜੇ ਦੇ ਪੈਰ ਮਿੱਧਦੇ ਹੁੰਦੇ ਸਨ। ਜਦੋਂ ਉਹ ਤੁਰਦਾ ਸੀ ਤਾਂ ਦੂਜੇ ਲੋਕ ਉਸ ਦੇ ਪਿੱਛੇ ਇੰਜ ਤੁਰਦੇ ਹੁੰਦੇ ਸਨ ਜਿਵੇਂ ਪਾਰਲੀਮੈਂਟ ਦੇ ਇਜਲਾਸ ਦਾ ਉਦਘਾਟਨ ਕਰਨ ਜਾ ਰਹੇ ਰਾਸ਼ਟਰਪਤੀ ਦੇ ਪਿੱਛੇ ਪ੍ਰਧਾਨ ਮੰਤਰੀ ਅਤੇ ਹੋਰ ਵੱਡੇ ਲੋਕ ਤੁਰਦੇ ਹਨ। ਕਦੇ ਜਵਾਨ ਉਮਰੇ ਉਸ ਨੂੰ ਅਮਰੀਕਾ ਵਿਚ ਕਿਸੇ ਕੇਸ ਵਿਚ ਫੜਿਆ ਗਿਆ ਸੀ। ਉਥੋਂ ਆ ਕੇ ਉਹ ਕਿੱਥੇ ਰਿਹਾ, ਕੀ ਕੀਤਾ, ਬਹੁਤਾ ਕਿਸੇ ਨੂੰ ਪਤਾ ਨਹੀਂ ਪਰ 1999 ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੇਲੇ ਉਹ ਹਿਮਾਚਲ ਪ੍ਰਦੇਸ਼ ਦੀ ਕ੍ਰਿਕਟ ਐਸੋਸੀਏਸ਼ਨ ਦਾ ਆਗੂ ਜਾ ਬਣਿਆ। ਅਗਲੀ ਵਾਰੀ ਜਦੋਂ ਭਾਜਪਾ ਵੱਲੋਂ ਪ੍ਰੇਮ ਕੁਮਾਰ ਧੂਮਲ ਮੁੱਖ ਮੰਤਰੀ ਬਣਿਆ, ਉਸ ਨੇ ਲਲਿਤ ਮੋਦੀ ਦੀ ਛੁੱਟੀ ਕਰਾ ਦਿੱਤੀ ਪਰ ਇੰਨੇ ਚਿਰ ਵਿਚ ਮੋਦੀ ਨੇ ਰਾਜਸਥਾਨ ਵਿਚ ਭਾਜਪਾ ਆਗੂਆਂ ਨਾਲ ਵੀ ਜਾ ਕੁੰਡੀ ਪਾਈ ਅਤੇ ਕਾਂਗਰਸ ਦੇ ਆਗੂਆਂ ਨਾਲ ਵੀ। ਉਥੋਂ ਚੜ੍ਹਦਾ ਉਹ ਕ੍ਰਿਕਟ ਦੇ ਇੰਡੀਅਨ ਪ੍ਰੀਮੀਅਰ ਲੀਗ ਵਾਲੇ ਤਮਾਸ਼ੇ ਦਾ ਮੋਹਰੀ ਬਣ ਗਿਆ ਅਤੇ ਫਿਰ ਕਰੋੜਾਂ ਦੇ ਲੈਣ-ਦੇਣ ਇੰਜ ਹੋਣ ਲੱਗ ਪਏ ਜਿਵੇਂ ਕਿਸੇ ਸਿਨੇਮਾ ਹਾਲ ਦੇ ਬਾਹਰ ਲੱਗੀ ਰੇੜ੍ਹੀ ਵਾਲੇ ਦੋ-ਦੋ ਰੁਪਏ ਦੇ ਮੂੰਗਫਲੀ ਦੇ ਪੈਕੇਟ ਵੇਚਦੇ ਹਨ। ਹੁਣ ਬਰਤਾਨੀਆ ਵਿਚ ਬੈਠਾ ਦੱਸਿਆ ਜਾਂਦਾ ਹੈ ਜਿਥੋਂ ਉਸ ਨੂੰ ਗੁੱਟੋਂ ਫੜ ਕੇ ਲਿਆਉਣ ਵਾਸਤੇ ਭਾਰਤ ਦੀਆਂ ਏਜੰਸੀਆਂ ਰੱਸੇ-ਪੈੜੇ ਵੱਟ ਰਹੀਆਂ ਹਨ ਤੇ ਉਹ ਹੋਰ ਅੱਗੇ ਖਿਸਕਣ ਦੀਆਂ ਤਰਕੀਬਾਂ ਲੜਾ ਰਿਹਾ ਸੁਣੀਂਦਾ ਹੈ। ਵਕੀਲਾਂ ਦੀਆਂ ਟੀਮਾਂ ਉਸ ਲਈ ਬਰਤਾਨੀਆ ਵਿਚ ਵੀ ਬਹੁਤ ਹਨ ਤੇ ਭਾਰਤ ਵਿਚ ਵੀ; ਜਿਨ੍ਹਾਂ ਨੂੰ ਦੇਣ ਵਾਲੇ ਲੱਖਾਂ ਰੁਪਏ ਉਸ ਨੇ ਲੋਕਾਂ ਦਾ ਸਿਰ ਮੁੰਨ ਕੇ ਕਮਾਏ ਸਨ। 'ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼' ਦੇ ਫ਼ਾਰਮੂਲੇ ਨਾਲ ਖ਼ਰਚਣੇ ਵੀ ਪੈਣ ਤਾਂ ਚਿੰਤਾ ਦੀ ਗੱਲ ਨਹੀਂ!



ਹਰਸ਼ਦ ਮਹਿਤਾ

...ਤੇ ਸਾਡੇ ਵਿਚੋਂ ਹਸਨ ਅਲੀ ਖ਼ਾਨ ਦਾ ਨਾਂ ਵੀ ਕਿੰਨੇ ਕੁ ਲੋਕਾਂ ਨੇ ਸੁਣਿਆ ਹੈ? ਉਂਜ ਜਿਨ੍ਹਾਂ ਨੇ ਸੁਣਿਆ ਹੀ ਨਹੀਂ ਬਲਕਿ ਸਾਰਾ ਕੁਝ ਜਾਣਿਆ ਵੀ ਹੈ, ਉਹ ਅਖ਼ਬਾਰਾਂ ਜਾਂ ਟੀ.ਵੀ. ਚੈਨਲਾਂ ਵਾਲੇ ਉਸ ਬਾਰੇ ਜ਼ਿਕਰ ਤਕ ਨਹੀਂ ਕਰਦੇ। ਅਗਸਤ 2009 ਵਿਚ ਭਾਰਤ ਦੀ ਪਾਰਲੀਮੈਂਟ ਦੇ ਉਤਲੇ ਹਾਊਸ (ਰਾਜ ਸਭਾ) ਵਿਚ ਜਦੋਂ ਟੈਕਸ ਦੇ ਵੱਡੇ ਬਕਾਏਦਾਰਾਂ ਦੀ ਸੂਚੀ ਪੇਸ਼ ਕੀਤੀ ਗਈ ਤਾਂ ਹਸਨ ਦਾ ਨਾਂ ਸਭ ਤੋਂ ਉਤੇ ਸੀ। ਕਿੰਨਾ ਬਕਾਇਆ ਦੱਸਿਆ ਗਿਆ ਉਸ ਦੇ ਨਾਂ? ਖ਼ਜ਼ਾਨਾ ਮਹਿਕਮੇ ਦੇ ਰਾਜ ਮੰਤਰੀ ਦੇ ਦੱਸਣ ਅਨੁਸਾਰ ਹਸਨ ਅਲੀ ਖ਼ਾਨ ਦੇ ਨਾਂ ਸਿਰਫ਼ ਪੰਜਾਹ ਹਜ਼ਾਰ ਕਰੋੜ ਰੁਪਏ ਦਾ ਟੈਕਸ ਬਕਾਇਆ ਸੀ। ਇਸ ਤੋਂ ਪਹਿਲਾਂ ਰਾਜੀਵ ਗਾਂਧੀ ਕਤਲ ਕੇਸ ਦੀ ਜਾਂਚ ਵੇਲੇ ਵੀ ਉਸ ਦਾ ਨਾਂ ਚਰਚਾ ਵਿਚ ਆਇਆ ਅਤੇ ਕਿਹਾ ਗਿਆ ਸੀ ਕਿ ਉਸ ਨੇ ਸ੍ਰੀਲੰਕਾ ਦੇ ਲਿੱਟੇ ਦਹਿਸ਼ਤਗਰਦਾਂ ਨੂੰ ਹਥਿਆਰ ਸਪਲਾਈ ਕਰਨ ਲਈ ਸੰਸਾਰ ਦੇ ਵੱਡੇ ਹਥਿਆਰ ਵਪਾਰੀ ਅਦਨਾਨ ਖ਼ਾਸ਼ੋਗੀ ਨੂੰ ਤੀਹ ਕਰੋੜ ਡਾਲਰ, ਉਦੋਂ ਦੇ ਹਿਸਾਬ ਨਾਲ ਕਰੀਬ ਪੰਜ ਸੌ ਕਰੋੜ ਰੁਪਏ ਦਿੱਤੇ ਸਨ। ਅੱਜ ਤੋਂ ਉੱਨੀ ਸਾਲ ਪਹਿਲਾਂ ਦੇ ਪੰਜ ਸੌ ਕਰੋੜ ਰੁਪਏ ਅੱਜ ਦੀ ਗਿਣਤੀ ਦੇ ਹਿਸਾਬ ਨਾਲ ਪੰਦਰਾਂ ਹਜ਼ਾਰ ਕਰੋੜ ਦੇ ਨੇੜੇ ਜਾ ਸਕਦੇ ਹਨ। ਇਸ ਬੰਦੇ ਨੇ ਆਪਣਾ ਕਾਰੋਬਾਰ ਪੰਦਰਾਂ ਲੱਖ ਡਾਲਰ ਨਾਲ 1982 ਵਿਚ ਸ਼ੁਰੂ ਕੀਤਾ ਤੇ ਉਹ ਪੰਦਰਾਂ ਲੱਖ ਡਾਲਰ ਕਿੱਥੋਂ ਆਏ ਸਨ, ਇਹ ਵੀ ਕਿਸੇ ਨੂੰ ਪਤਾ ਨਹੀਂ ਪਰ ਅੱਜ ਅੱਠ ਹਜ਼ਾਰ ਕਰੋੜ ਡਾਲਰ (ਚਾਰ ਲੱਖ ਕਰੋੜ ਰੁਪਏ) ਦਾ ਮਾਲਕ ਮੰਨਿਆ ਜਾਂਦਾ ਹੈ। ਪੰਜਾਹ ਹਜ਼ਾਰ ਕਰੋੜ ਦਾ ਉਹ ਪਿਛਲੇ ਸਾਲ ਭਾਰਤ ਦਾ ਟੈਕਸ ਦਾ ਦੇਣਦਾਰ ਸੀ, ਹੁਣ ਪਤਾ ਨਹੀਂ ਕਿੰਨੇ ਕੁ ਦਾ ਹੋ ਚੁੱਕਾ ਹੋਵੇਗਾ!



ਅਬਦੁੱਲ ਕਰੀਮ ਤੇਲਗੀ

ਹੁਣ ਆਈਏ ਬੀਬੀ ਨੀਰਾ ਰਾਡੀਆ ਵੱਲ ਜਿਹੜੀ ਇਕ ਮੌਕੇ ਇਕ ਲੱਖ ਰੁਪਏ ਲੈ ਕੇ ਹਵਾਈ ਕੰਪਨੀ ਖੋਲ੍ਹਣ ਤੁਰ ਪਈ ਸੀ। ਇਸ ਕੰਮ ਲਈ ਉਦੋਂ ਘੱਟੋ-ਘੱਟ ਪੰਦਰਾਂ ਸੌ ਕਰੋੜ ਚਾਹੀਦੇ ਸਨ ਪਰ ਤਜਵੀਜ਼ ਲਿਆਉਣ ਵਾਲੀ ਬੀਬੀ ਨੀਰਾ ਰਾਡੀਆ ਕੋਲ ਪੰਦਰਾਂ ਲੱਖ ਵੀ ਨਹੀਂ ਸਨ। ਗੱਲ ਉਹ ਇੰਨੀ ਗੰਭੀਰਤਾ ਨਾਲ ਕਰ ਰਹੀ ਸੀ ਜਿਵੇਂ ਉਸ ਦੀ ਜੇਬ ਵਿਚ ਕਾਰੂੰ ਦੇ ਖ਼ਜ਼ਾਨੇ ਦੀ ਚਾਬੀ ਪਈ ਹੋਵੇ। ਨੀਰਾ ਰਾਡੀਆ ਦੀ ਉਹ ਤਜਵੀਜ਼ ਮੰਨੀ ਨਹੀਂ ਸੀ ਗਈ ਪਰ ਜਾਪਦਾ ਹੈ ਕਿ ਉਸੇ ਮੀਟਿੰਗ ਮੌਕੇ ਉਸ ਨੇ ਧਾਰ ਲਿਆ ਸੀ ਕਿ ਇਕ ਦਿਨ ਅਜਿਹਾ ਕ੍ਰਿਸ਼ਮਾ ਕਰਾਂਗੀ ਕਿ ਹਵਾਈ ਕੰਪਨੀਆਂ ਵਾਲੇ ਮੇਰੇ ਅੱਗੇ-ਪਿੱਛੇ ਘੁੰਮਿਆ ਕਰਨਗੇ। ਉਹ ਕੁਝ ਦਿਨਾਂ ਵਿਚ ਹੀ ਭਾਰਤ ਦੇ ਅੱਧੀ ਸਦੀ ਤਕ ਦੇ ਦੋ ਵੱਡੇ ਪੂੰਜੀਪਤੀਆਂ ਵਿਚੋਂ ਇਕ ਗਿਣੇ ਜਾਂਦੇ ਰਤਨ ਟਾਟਾ ਨਾਲ ਵੀ ਨੇੜਤਾ ਕਾਇਮ ਕਰਨ ਵਿਚ ਕਾਮਯਾਬ ਰਹੀ। ਕਈ ਹੋਰ ਘਰਾਣਿਆਂ ਦੀ ਕਾਰ-ਮੁਖ਼ਤਾਰ ਵੀ ਬਣਦੀ ਗਈ।



ਹਸਨ ਅਲੀ ਖ਼ਾਨ

ਕਮਾਲ ਇਹ ਕਿ ਇਕ-ਦੂਜੇ ਦੇ ਕਾਰੋਬਾਰੀ ਸ਼ਰੀਕਾਂ ਨੂੰ ਪਤਾ ਲੱਗਣ ਦਿੱਤੇ ਬਗ਼ੈਰ ਦੋਵਾਂ ਨੂੰ ਇਹ ਸੁਫ਼ਨੇ ਵੀ ਦਿਖਾਈ ਗਈ ਕਿ "ਅਸਲ ਵਿਚ ਮੈਂ ਤੇਰਾ ਕੰਮ ਸਿਰੇ ਚਾੜ੍ਹ ਰਹੀ ਹਾਂ।" ਹੁਣ ਉਹ ਸਾਰੇ ਸ਼ਰਮਿੰਦੇ ਹੋਣੇ ਚਾਹੀਦੇ ਹਨ।

ਇਹ ਭਾਰਤੀ ਲੋਕਤੰਤਰ ਹੈ ਜਿਥੇ ਪੰਝੀ-ਤੀਹ ਲੱਖ ਰੁਪਏ ਦੀ ਜ਼ਮੀਨ ਦਾ ਮਾਲਕ ਕਿਸਾਨ ਪੰਜ ਲੱਖ ਰੁਪਏ ਦੀ ਲਿਮਿਟ ਬੰਨ੍ਹਾਉਣ ਲਈ ਦਸ-ਦਸ ਦਿਨ ਬੈਂਕ ਦੇ ਫੀਲਡ ਅਫ਼ਸਰ ਨੂੰ ਲੱਭਦਾ ਰਹਿੰਦਾ ਹੈ ਪਰ ਇਕ 'ਚੱਲਦਾ ਪੁਰਜ਼ਾ' ਔਰਤ ਸਿਰਫ਼ ਇਕ ਲੱਖ ਰੁਪਏ ਕਾਗ਼ਜ਼ ਉਤੇ ਲਿਖ ਕੇ ਹਵਾਬਾਜ਼ੀ ਦੇ ਮੰਤਰੀ ਨੂੰ ਜਾ ਮਿਲਦੀ ਹੈ। ਫਿਰ ਉਸ ਮੰਤਰੀ ਨਾਲ ਮਿਲਣੀ ਦਾ ਇਹੋ ਜਿਹਾ ਲਾਭ ਲੈਂਦੀ ਹੈ ਕਿ ਉਸ ਨੂੰ ਸਾਰੇ ਵੱਡੇ ਕਾਰੋਬਾਰੀ ਲੋਕ ਹੱਥਾਂ ਉਤੇ ਚੁੱਕ ਲੈਂਦੇ ਹਨ। ਇਕ ਹਿੰਦੀ ਫ਼ਿਲਮ ਦਾ ਗਾਣਾ ਕਦੇ ਬੜਾ ਮਸ਼ਹੂਰ ਹੋਇਆ ਸੀ; "ਲੈਲਾ ਓ ਲੈਲਾ! ਹਰ ਕੋਈ ਚਾਹੇ ਤੁਝਸੇ, ਮਿਲਨਾ ਅਕੇਲਾ।" ਨੀਰਾ ਰਾਡੀਆ ਵੀ ਕੁਝ ਹੀ ਦਿਨਾਂ ਅੰਦਰ ਭਾਰਤ ਦੇ ਕਾਰੋਬਾਰੀ ਜਗਤ ਵਾਸਤੇ ਇਸ ਤਰ੍ਹਾਂ ਦੀ 'ਲੈਲਾ' ਬਣ ਗਈ ਜਿਸ ਨੂੰ ਮਿਲਣ ਲਈ ਹਰ ਕੋਈ ਤਾਂਘਦਾ ਨਜ਼ਰ ਆਉਂਦਾ ਸੀ। ਮਿਲਣ ਵਾਲਿਆਂ ਦੀ ਤਾਂਘ ਦਾ ਉਸ ਨੇ ਲਾਭ ਵੀ ਤਕੜਾ ਲਿਆ ਤੇ ਕੱਲ੍ਹ ਦੀ ਇਕ ਲੱਖ ਰੁਪਏ ਵਾਲੀ ਨੀਰਾ ਦਿਨਾਂ ਵਿਚ ਹੀ ਤਿੰਨ ਸੌ ਕਰੋੜ ਦੀ ਮਾਲਕ ਬਣ ਗਈ। ਹੁਣ ਉਹ ਜਦੋਂ ਫੜੀ ਗਈ ਹੈ, ਹਰ ਕੋਈ ਉਸ ਤੋਂ ਇੰਜ ਕੰਨੀਂ ਖਿਸਕਾਉਂਦਾ ਹੈ ਜਿਵੇਂ ਉਸ ਨੂੰ ਕੋਈ ਸਿਰੇ ਦੀ ਖ਼ਤਰਨਾਕ ਬੀਮਾਰੀ ਲੱਗ ਗਈ ਹੋਵੇ। ਜਿਹੜੇ ਵੱਡੇ ਟੀ.ਵੀ. ਚੈਨਲਾਂ ਦੇ ਮਾਲਕ ਅਤੇ ਮੁੱਖ ਪੇਸ਼ਕਾਰ ਇਕ ਮਹੀਨਾ ਪਹਿਲਾਂ ਤਕ ਉਸ ਨਾਲ ਗੱਲ ਕਰਨ ਦਾ ਮੌਕਾ ਲੱਭਦੇ ਰਹਿੰਦੇ ਸਨ, ਲੰਮੀਆਂ ਵਾਰਤਾਵਾਂ ਕਰਦੇ ਹੁੰਦੇ ਸਨ; ਉਹ ਹੁਣ ਇਹ ਕਹਿੰਦੇ ਹਨ ਕਿ ਅਸੀਂ ਆਪਣੇ ਕਿੱਤਾਵਾਰ ਕੰਮ ਤੋਂ ਬਿਨਾਂ ਕੋਈ ਸਾਂਝ ਨਹੀਂ ਸੀ ਰੱਖੀ। ਜਾਸੂਸੀ ਕਰਨ ਵਾਲੀਆਂ ਜਿਹੜੀਆਂ ਏਜੰਸੀਆਂ ਕੱਲ੍ਹ ਤਕ ਉਸ ਦਾ ਨਾਂ ਵੀ ਨਹੀਂ ਸਨ ਲੈਂਦੀਆਂ, ਹੁਣ ਇਹ ਕਹਿ ਰਹੀਆਂ ਹਨ ਕਿ ਨੀਰਾ ਤਾਂ ਭਾਰਤ-ਵਿਰੋਧੀ ਦੇਸ਼ ਦੀ ਖ਼ੁਫ਼ੀਆ ਏਜੰਟ ਸੀ। ਜੇ ਉਹ ਵਿਦੇਸ਼ੀ ਏਜੰਟ ਭਾਰਤ ਦੀ ਰਾਜਨੀਤੀ ਦਾ ਡੇਵਿਡ ਕੋਲਮੈਨ ਹੈਡਲੀ ਬਣੀ ਰਹੀ ਸੀ ਤਾਂ ਇਨ੍ਹਾਂ ਸਾਰਿਆਂ ਨੇ ਮੂੰਹ ਵਿਚ ਘੁੰਗਣੀਆਂ ਕਿਉਂ ਪਾਈ ਰੱਖੀਆਂ ਸਨ? ਇਨ੍ਹਾਂ ਸਵਾਲਾਂ ਦਾ ਜਵਾਬ ਦੇਸ਼ ਦੇ ਲੋਕਾਂ ਨੂੰ ਚਾਹੀਦਾ ਹੈ ਪਰ ਕਿਸੇ ਨੇ ਦੇਣਾ ਨਹੀਂ।

ਲੋਕਾਂ ਦੀ ਸੋਚ ਵਿਚ ਕੰਡੇ ਵਾਂਗ ਧੱਸਦੇ ਜਾ ਰਹੇ ਇਸ ਸਵਾਲ ਦਾ ਜਵਾਬ ਕਿਸੇ ਨੇ ਇਸ ਕਰਕੇ ਨਹੀਂ ਦੇਣਾ ਕਿ ਨੀਰਾ ਰਾਡੀਆ ਬਾਹਲੀ ਦੇਰ ਕਿਸੇ ਨੂੰ ਯਾਦ ਹੀ ਨਹੀਂ ਰਹਿਣੀ। ਇਸ ਲੋਕਤੰਤਰ ਵਿਚ ਬੜੇ ਲੋਕ ਏਦਾਂ ਦੇ ਆਉਂਦੇ ਹਨ ਜਿਹੜੇ ਕਿਸੇ ਗੁੱਡੀ ਦੇ ਆਕਾਸ਼ ਵਿਚ ਚੜ੍ਹਨ ਵਾਂਗ ਦਿਨਾਂ ਵਿਚ ਹੀ ਹਰ ਪਾਸੇ ਛਾ ਜਾਂਦੇ ਹਨ। ਫਿਰ ਉਹ ਕਿਸੇ ਖੂੰਜੇ ਵਿਚ ਬਿਠਾ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਵਰਗੀ ਜਾਂ ਉਨ੍ਹਾਂ ਤੋਂ ਵੱਧ ਮੁਹਾਰਤ ਵਾਲੇ ਹੋਰ ਕਲਾਕਾਰ ਸਟੇਜ 'ਤੇ ਆ ਚੜ੍ਹਦੇ ਹਨ। ਹੁਣ ਅਸੀਂ ਨੀਰਾ ਰਾਡੀਆ ਦਾ ਕਿੱਸਾ ਸੁਣਿਆ ਹੈ, ਦੋ-ਚਾਰ ਮਹੀਨੇ ਬਾਅਦ ਕਿਸੇ ਹੋਰ ਨੀਰਾ, ਹਰਸ਼ਦ, ਕੇਤਨ ਜਾਂ ਤੇਲਗੀ ਜਾਂ ਫਿਰ ਕਿਸੇ ਨਵੇਂ ਹਸਨ ਅਲੀ ਦਾ ਕਿੱਸਾ ਸੁਣ ਕੇ ਉਂਗਲਾਂ ਚੱਬ ਰਹੇ ਹੋਵਾਂਗੇ!

# ਜੱਟ ਲੰਡਨ ਪਹੁੰਚ ਗਿਆ, ਹੁਣ ਕਿਉਂ ਚਿੱਠੀਆਂ ਵੈਰਨੇ ਪਾਉਂਦੀ

**ਸਵਰਨ ਸਿੰਘ ਟਹਿਣਾ***

ਕੀ ਤੁਸੀਂ ਸੋਚ ਸਕਦੇ ਹੋ ਕਿ ਜਿਹੜੇ ਬੰਦੇ ਦਾ ਪਿਛੋਕੜ ਪੰਜਾਬ ਦਾ ਹੋਵੇ ਤੇ ਜੰਮਪਲ ਇੰਗਲੈਂਡ ਦਾ, ਸੰਗੀਤਕਾਰ ਵਜੋਂ ਪੱਕੀ ਪਛਾਣ ਬਣੀ ਹੋਵੇ ਤੇ ਨਾਲ-ਨਾਲ ਗਾ ਕੇ ਚੋਖਾ ਨਾਂ ਵੀ ਕਮਾਇਆ ਹੋਵੇ, ਉਹ ਆਖੇ ਕਿ ਜੇ ਬਾਲੀਵੁੱਡ ਤੱਕ ਪਹੁੰਚਿਆ ਤਾਂ ਵੀ ਪੰਜਾਬੀ ਰੰਗ 'ਚ ਹੀ ਰੰਗਿਆ ਰਹਾਂਗਾ। ਹੈ ਇਹ ਗੱਲ ਬਿਲਕੁਲ ਦਰੁਸਤ, ਸੁਖਸ਼ਿੰਦਰ ਸ਼ਿੰਦਾ ਇੰਜ ਹੀ ਆਖਦੈ। ਉਹ ਅੱਧੇ ਘੰਟੇ ਦੀ ਗੱਲਬਾਤ 'ਚ ਦਸ ਵਾਰ ਪਿੰਡ ਦਾ ਜ਼ਿਕਰ ਕਰਦੈ ਤੇ ਏਨੀ ਵਾਰ ਹੀ ਭਗਤ ਸਿੰਘ ਦਾ ਜ਼ਿਕਰ ਕਰਦਿਆਂ ਕਹਿੰਦੈ, 'ਸ਼ੁਕਰ ਐ ਮੈਂ ਓਸ ਧਰਤੀ ਨਾਲ ਜੁੜਿਆਂ, ਜਿੱਥੇ ਇਹੋ ਜਿਹੇ ਮਹਾਨ ਯੋਧਿਆਂ ਜਨਮ ਲਿਆ।'



ਸ਼ਿੰਦਾ ਪੰਜਾਬ ਤੇ ਪੰਜਾਬੀਅਤ ਨੂੰ ਪ੍ਰਣਾਇਆ ਗਾਇਕ ਹੈ। ਧੁਨਾਂ ਉਸ ਦੀਆਂ ਕਮਾਲ ਦੀਆਂ ਹੁੰਦੀਆਂ ਨੇ, ਜਿਨ੍ਹਾਂ ਗੋਰਿਆਂ ਨੂੰ ਵੀ ਪੰਜਾਬੀ ਗੀਤਾਂ 'ਤੇ ਨੱਚਣ ਲਾਇਆ ਹੈ। ਜਦੋਂ ਉਹ ਇੰਗਲੈਂਡ ਸ਼ੋਅ ਕਰਦੈ ਤਾਂ ਉਥੋਂ ਦੇ ਜੰਮਪਲ, ਜਿਨ੍ਹਾਂ ਨੂੰ ਪੰਜਾਬੀ ਦੀ ਭੋਰਾ ਸਮਝ ਨਹੀਂ ਆਉਂਦੀ, ਉਹਦੀ ਬੀਟ 'ਤੇ ਲੱਕ ਹਿਲਾਉਣ ਲੱਗਦੇ ਨੇ। ਸੱਤ ਕੁ ਸਾਲ ਪਹਿਲਾਂ ਜਦੋਂ ਉਸ ਨੇ ਗਾਉਣ ਦਾ ਰਾਹ ਫੜਿਆ ਤਾਂ ਸਭ ਤੋਂ ਪਹਿਲਾਂ ਧਿਆਨ ਇਹੀ ਰੱਖਿਆ ਕਿ ਦੁਨੀਆਂ ਦੇ ਵੱਖ ਵੱਖ ਕੋਨਿਆਂ 'ਚ ਨਵਾਂ ਪੰਜਾਬ ਵਸਾਈ ਬੈਠੇ ਪੰਜਾਬੀਆਂ ਲਈ ਗਾਵਾਂ। ਪਹਿਲਾ ਤਜਰਬਾ ਹੋਇਆ ਕਿ ਪੰਜਾਬੀ ਗੀਤਾਂ ਵਿਚ ਰੈਪ ਪਾਇਆ ਜਾਵੇ, ਸੋ ਇਹ ਫਾਰਮੂਲਾ ਬੜਾ ਮਾਫ਼ਕ ਆਇਆ। ਏਸੇ ਤਜਰਬੇ ਨੇ ਸੁਖਸ਼ਿੰਦਰ ਸ਼ਿੰਦਾ ਨੂੰ ਸੰਗੀਤ ਤੇ ਗਾਇਕੀ-ਦੋਹਾਂ ਪਿੜਾਂ 'ਚ ਸਫ਼ਲਤਾ ਨਾਲ ਵਿਚਰਨ ਲਾਇਆ।

ਸ਼ਿੰਦੇ ਨੇ ਉਸਤਾਦ ਬੀ. ਐਸ. ਨਾਰੰਗ ਤੋਂ ਬੜੀ ਮਿਹਨਤ ਨਾਲ ਗਾਉਣਾ ਸਿੱਖਿਆ। ਖੁਦ ਨਾਰੰਗ ਸਾਹਿਬ ਵੀ ਆਖਦੇ ਨੇ, 'ਸ਼ਿੰਦਾ ਭਾਵੇਂ ਇੰਗਲੈਂਡ ਵਸਦੈ, ਹਰ ਤਰ੍ਹਾਂ ਦਾ ਗਾਉਣਾ ਉਸ ਦੀ ਮਜਬੂਰੀ ਏ ਪਰ ਉਸਨੂੰ ਕਲਾਸੀਕਲ ਦੀ ਵੀ ਚੰਗੀ ਸਮਝ ਏ।' ਨਵੀਂ ਕੈਸਿਟ 'ਜਾਦੂ' ਦੀ ਰਿਲੀਜ਼ ਮੌਕੇ ਵੀ ਇਹੀ ਵਿਚਾਰ ਪ੍ਰਗਟ ਹੋਏ ਕਿ ਸ਼ਿੰਦਾ ਹਰ ਰੰਗ ਨੂੰ ਸਮਝਣ ਵਾਲਾ ਬੰਦਾ ਏ, ਸਵਾਦ ਲੈ-ਲੈ ਗਾਉਂਦੈ ਤੇ ਏਦਾਂ ਦਾ ਹੀ ਮਜ਼ੇਦਾਰ ਸੰਗੀਤ ਤਿਆਰ ਕਰਦੈ।

ਸ਼ਿੰਦੇ ਨੂੰ ਮਾਣ ਹੈ ਕਿ ਜੈਜ਼ੀ ਬੀ ਦੀਆਂ ਜਿੰਨੀਆਂ ਵੀ ਕੈਸਿਟਾਂ ਉਸ ਦੇ ਸੰਗੀਤ 'ਚ ਆਈਆਂ, ਸਭ ਪ੍ਰਵਾਨ ਚੜ੍ਹੀਆਂ। ਜਿੰਨੀਆਂ ਏ.ਐਸ.ਕੰਗ ਦੀਆਂ ਆਈਆਂ, ਸਭ ਸਫ਼ਲ, ਜਿੰਨੀਆਂ ਅਮਰਿੰਦਰ ਗਿੱਲ ਦੀਆਂ ਆਈਆਂ, ਸਭ ਬਾਕਮਾਲ। ਇਹੀ ਕਾਰਨ ਹੈ ਕਿ ਭਾਵੇਂ ਉਹ ਸਭ ਤੋਂ ਮਹਿੰਗਾ ਸੰਗੀਤਕਾਰ ਹੈ, ਫਿਰ ਵੀ ਪੱਧਰ ਉਚਾ ਚੁੱਕਣ ਦੇ ਚਾਹਵਾਨ ਕਲਾਕਾਰ ਉਸ ਤੋਂ ਕੈਸਿਟਾਂ ਦਾ ਸੰਗੀਤ ਤਿਆਰ ਕਰਾਉਂਦੇ ਨੇ। ਉਹ ਮਰਜ਼ੀ ਨਾਲ ਕੰਮ ਕਰਦੈ, ਪਰ ਕਰਦਾ ਟਿਕਾ ਕੇ ਏ। ਸਾਲ 'ਚ ਪੰਜ ਕੁ ਕੈਸਿਟਾਂ ਕਰਦੈ, ਇੱਕ ਆਪਣੀ ਤੇ ਚਾਰ ਕੁ ਹੋਰਾਂ ਦੀਆਂ ਪਰ ਰੰਗ ਹਰ ਵਾਰ ਵੱਖਰਾ ਪੇਸ਼ ਹੁੰਦੈ।

2003 'ਚ ਉਸ ਨੇ ਸ਼ੌਕੀਆ ਤੌਰ 'ਤੇ ਇੱਕ ਗੀਤ ਗਾਇਆ ਸੀ, ਉਹ ਵਾਹਵਾ ਚੱਲਿਆ। ਉਤਸ਼ਾਹ ਮਿਲਿਆ ਤੇ ਉਸ ਨੇ 'ਗੱਲ ਸੁਣ ਜਾ' ਕੈਸਿਟ ਕਰ ਲਈ ਤੇ ਸਭ ਜਾਣਦੇ ਨੇ ਕਿ ਇਸਨੂੰ ਕਿੰਨਾ ਹੁੰਗਾਰਾ ਮਿਲਿਆ ਸੀ। ਬਤੌਰ ਗਾਇਕ ਪੰਜਾਬ ਵਿਚ ਉਸ ਦੇ ਨਾਂ ਦੀ ਚਰਚਾ ਸ਼ੁਰੂ ਹੋ ਗਈ ਤੇ ਫੇਰ ਅਗਲੇ ਸਾਲ 'ਬੱਲੇ' ਨੇ ਬੱਲੇ-ਬੱਲੇ ਕਰਾ ਦਿੱਤੀ। ਬਾਅਦ 'ਚ 'ਕੋਲੈਬੋਰੇਸ਼ਨ' ਆ ਗਈ, ਜਿਸ ਵਿਚ ਨਵਾਂ ਤਜਰਬਾ ਕਰਦਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਲਾਕਾਰਾਂ ਤੋਂ ਗਵਾਇਆ ਗਿਆ। ਸ਼ਿੰਦੇ, ਗੁਰਦਾਸ ਮਾਨ ਤੇ ਅਬਰਾਰ ਉਲ ਹੱਕ ਨੇ ਟੱਪੇ ਗਾਏ, ਬੜੀ ਵਿਕੀ ਇਹ ਕੈਸਿਟ। ਫੇਰ 'ਲਿਵਿੰਗ ਦਾ ਡਰੀਮ' ਆ ਗਈ, ਜਿਸ ਵਿਚਲਾ 'ਮੈਂ ਚਿੱਠੀ ਲੰਡਨੋਂ ਲਿਖਦਾ ਤਾਰਾ' ਗੀਤ ਅੱਜ ਤੱਕ ਸਭ ਦੇ ਬੁੱਲ੍ਹਾਂ 'ਤੇ ਚੜ੍ਹਿਆ ਹੋਇਐ। 'ਕੋਲੈਬੋਰੇਸ਼ਨ 2' 'ਚ ਰਾਹਤ ਫ਼ਤਹਿ ਅਲੀ ਖ਼ਾਨ ਨਾਲ 'ਗੁੰਮ ਸੁੰਮ, ਗੁੰਮ ਸੁੰਮ' ਗਾਇਆ ਤੇ ਫੇਰ ਧਾਰਮਿਕ ਕੈਸਿਟ 'ਸਤਿਗੁਰ ਮੇਰਾ' ਕੀਤੀ ਤੇ ਹੁਣ 'ਜਾਦੂ' ਨਾਲ ਸਰੋਤਿਆਂ 'ਤੇ ਜਾਦੂ ਕਰਨ ਲੱਗੈ।

ਸ਼ਿੰਦੇ ਦੇ ਗੀਤ ਉਸ ਦੀ ਸੋਚ ਦੀ ਗਵਾਹੀ ਭਰਦੇ ਨੇ। ਕਦੇ ਉਸ ਨੇ 'ਚਿੱਤ ਕਰੇ ਸੱਜਣਾਂ ਦੇ ਵਿਹੜੇ ਫੁੱਲ ਬਣ ਕੇ ਲੱਗ ਜਾਵਾਂ' ਗਾਇਆ ਤੇ ਕਦੇ 'ਯਾਰ ਮੈਂ ਉਥੋਂ ਦਾ ਜਿੱਥੇ ਜੰਮਿਆ ਭਗਤ ਸਰਦਾਰ।' ਪੁਰਾਣੇ ਪੰਜਾਬ ਦੀ ਯਾਦ ਦਿਵਾਉਣ ਵਾਲੇ ਰਾਜ ਕਾਕੜਾ ਦੇ ਲਿਖੇ ਗੀਤ 'ਤਾਰਾ' ਨੂੰ ਉਸ ਨੇ ਜਿਸ ਢੰਗ ਨਾਲ ਪੇਸ਼ ਕੀਤਾ, ਉਸਨੂੰ ਹਰ ਪੰਜਾਬੀ ਨੇ ਦਾਦ ਦਿੱਤੀ। ਕਿੰਨਾ ਖੂਬ ਕਿਹਾ ਉਸ ਨੇ:

ਖਾ ਖਾ ਬਰਗਰ ਵੰਨ ਸੁਵੰਨੇ,
ਭੁੱਲ ਗਏ ਦੁੱਧ ਦਹੀਂ ਦੇ ਛੰਨੇ,
ਆਇਆ 'ਰਾਜ ਕਾਕੜੇ' ਸੁਪਨਾ,
ਪਿੰਡ ਵਿਚ ਫਿਰਾਂ ਚੂਪਦਾ ਗੰਨੇ।
ਦੇਖਣ ਨੂੰ ਦਿਲ ਕਰੇ ਦੌੜ,
ਬਲਦਾਂ ਦੀ ਗੱਡੀ ਦੀ,
ਭੁੱਲਦੀ ਨਹੀਂ ਖੁਸ਼ਬੋ,
ਵੀਰਿਆ ਘਰ ਦੀ ਕੱਢੀ ਦੀ।

ਇੰਗਲੈਂਡੀਏ ਸ਼ਿੰਦੇ ਨੂੰ 'ਮਿਊਜ਼ਿਕ ਮਸ਼ੀਨ' ਕਹਿੰਦੇ ਨੇ ਤੇ ਪੰਜਾਬੀ 'ਨਵੀਂਆਂ ਧੁਨਾਂ ਦਾ ਬਾਦਸ਼ਾਹ' ਤੇ ਜਦੋਂ ਉਸ ਨੂੰ ਇਨ੍ਹਾਂ ਵਿਸ਼ੇਸ਼ਣਾਂ ਬਾਰੇ ਪੁੱਛੀਦੈ ਤਾਂ ਉਹ ਸ਼ਰਮਾ ਕੇ ਨੀਵੀਂ ਜਿਹੀ ਪਾ ਲੈਂਦੈ।

ਸ਼ਿੰਦੇ ਦਾ ਸਭ ਤੋਂ ਵੱਡਾ ਪੱਖ ਉਸ ਦਾ ਨੇਕ ਹੋਣਾ ਹੈ। ਕਈ ਕਲਾਕਾਰ ਗਾਇਕੀ ਤੋਂ ਛੁੱਟ ਦਾਰੂ ਸਿੱਕੇ 'ਚ ਰੁੱਝੇ ਰਹਿੰਦੇ ਨੇ, ਕੁੜੀਆਂ ਨਾਲ ਫੋਨਾਂ 'ਤੇ ਵਕਤ ਲੰਘਾਉਂਦੇ ਨੇ ਪਰ ਸ਼ਿੰਦਾ ਦਾਰੂ ਦਾ ਜ਼ਿਕਰ ਛਿੜਦਿਆਂ, 'ਬਸ ਕਰੋ ਮਾਅਰਾਜ, ਬਸ ਕਰੋ...ਖਾ ਲਵਾਂਗੇ, ਪੀਣੀ ਬਿਲਕੁਲ ਨਹੀਂ...ਰੱਬ ਬਚਾਈ ਰੱਖੇ ਇਨ੍ਹਾਂ ਚੀਜ਼ਾਂ ਤੋਂ...' ਕਹਿ ਛੱਡਦੈ ਤੇ ਜੇ ਕਿਸੇ ਕੁੜੀ ਦਾ ਫੋਨ ਆ ਜਾਵੇ ਤਾਂ ਪਹਿਲੀ ਗੱਲ ਬੱਲੀ ਜੇਠੂਵਾਲ ਉਸ ਤੱਕ ਅੱਪੜਣ ਹੀ ਨਹੀਂ ਦਿੰਦਾ ਤੇ ਜੇ ਕੋਈ ਅੱਪੜ ਵੀ ਜਾਵੇ ਤਾਂ ਸ਼ਿੰਦਾ ਝੱਟ ਆਖ ਛੱਡਦੈ, 'ਗਾਣੇ ਪਸੰਦ ਕਰਨ ਲਈ ਸ਼ੁਕਰੀਆ...ਪਰ ਮੇਰੇ ਵਾਲੇ ਫੋਨ 'ਤੇ ਨਾ ਹੀ ਕਰਿਆ ਕਰੋ ਜੀ...।'

ਇਨ੍ਹਾਂ ਗੱਲਾਂ ਤੋਂ ਹੀ ਉਸ ਦੇ ਵਿਅਕਤੀਤਵ ਬਾਰੇ ਪਤਾ ਲੱਗ ਜਾਂਦੈ। ਹਰਭਜਨ ਦੀ ਫ਼ਿਲਮ 'ਦਿਲ ਆਪਣਾ ਪੰਜਾਬੀ' ਤੇ ਅਮਰਿੰਦਰ ਗਿੱਲ ਦੀ 'ਇੱਕ ਕੁੜੀ ਪੰਜਾਬ ਦੀ' ਦੀ ਕਾਮਯਾਬੀ ਦਾ ਸਿਹਰਾ ਵੀ ਉਸੇ ਦੇ ਸੰਗੀਤ ਨੂੰ ਹੀ ਜਾਂਦੈ।

ਹੁਣ ਸ਼ਿੰਦਾ ਆਪਣੀ ਨਵੀਂ ਐਲਬਮ ਤੋਂ ਬੜਾ ਉਤਸ਼ਾਹਤ ਏ, ਜਿਸ 'ਤੇ ਉਸ ਨੇ ਕਈ ਸਾਲ ਮਿਹਨਤ ਕੀਤੀ ਏ। ਉਹ ਆਖਦੈ, 'ਕਲਾਕਾਰ ਨੂੰ ਨਵੀਂ ਕੈਸਿਟ ਦਾ ਵਿਆਹ ਜਿੰਨਾ ਚਾਅ ਹੁੰਦੈ, ਮੈਨੂੰ ਵੀ ਐ, ਏਸ ਕਰਕੇ ਵੀ ਕਿਉਂਕਿ ਇਸ ਵਿਚ ਹਰ ਵਰਗ ਦੀ ਪਸੰਦ ਦਾ ਖਿਆਲ ਰੱਖਿਐ, ਇੱਕ ਪਾਸੇ ਨੌਜਵਾਨਾਂ ਦੀ ਗੱਲ ਕਰਦਿਆਂ 'ਪੈਲਾਂ ਪਾਉਂਦਾ ਏ, ਗੁਣਗੁਣਾਉਂਦਾ ਏ...ਲਾ... ਲਾ...ਲਾ' ਆਖਿਐ ਤੇ ਦੂਜੇ ਪਾਸੇ ਸਿਆਣੀ ਗੱਲ ਕਰਦਿਆਂ 'ਏਦਾਂ ਦੇ ਪੁੱਤ ਜੰਮਣ ਪੰਜਾਬੀ ਮਾਂਵਾਂ' ਕਿਹੈ।'

ਸ਼ਿੰਦੇ ਦੀ 'ਜਾਦੂ' ਟੀ. ਸੀਰੀਜ਼ ਕੰਪਨੀ ਵੱਲੋਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਗਈ ਏ, ਪੇਸ਼ਕਾਰ ਹੈ ਐਚ.ਐਸ.ਪ੍ਰੀਤ ਜਿਸ ਨੇ ਕੈਸਿਟ ਦੀ ਰੂਪ-ਰੇਖਾ ਉਲੀਕਣ ਵਿਚ ਵੱਡਾ ਯੋਗਦਾਨ ਪਾਇਐ। ਸੰਗੀਤ ਸ਼ਿੰਦੇ ਦਾ ਖੁਦ ਆਪਣਾ ਹੈ ਜਿਸ ਵਿਚੋਂ ਨਿਵੇਕਲੀ ਮਹਿਕ ਆਉਂਦੀ ਏ। ਦਸ ਗੀਤ ਤੇ ਇਕ ਸ਼ੇਅਰ 'ਜਾਦੂ' ਦਾ ਸ਼ਿੰਗਾਰ ਨੇ। ਗੀਤ ਨਵਿਆਂ-ਪੁਰਾਣਿਆਂ ਨੇ ਸਾਂਝੇ ਰੂਪ 'ਚ ਲਿਖੇ ਨੇ, ਜਿੱਤ ਸਲਾਲਾ, ਮਨਜੀਤ ਪੰਡੋਰੀ, ਗੁਰਮਿੰਦਰ ਮੱਦੋਕੇ, ਅਮਰਜੀਤ ਮੂਸਾਪੁਰੀ, ਕਰਮਜੀਤ ਕੱਦੋਂ, ਜੱਸ ਕਲਿਆਣਪੁਰੀ, ਬੱਲੀ ਜੇਠੂਵਾਲ, ਸੁਰਜੀਤ ਧਾਲੀਵਾਲ, ਬਿੱਲੂ ਕੰਗ, ਪ੍ਰਗਟ ਸਿੰਘ ਸ਼ੌਕੀ ਤੇ ਡਾ. ਬੱਲ ਸਿੱਧੂ, ਸਾਰਿਆਂ ਨੇ ਕਲਮਾਂ ਦਾ ਖੂਬ ਜਾਦੂ ਦਿਖਾਇਆ ਹੈ।

ਸ਼ਿੰਦੇ ਨੇ ਸੈਡ ਗੀਤ ਬਹੁਤ ਘੱਟ ਗਾਏ ਨੇ ਪਰ ਜਦੋਂ ਵੀ ਗਾਇਆ, ਅਰਥਾਂ ਦਾ ਚੀਰਹਰਨ ਨਹੀਂ ਹੋਣ ਦਿੱਤਾ, ਏਧਰਲੇ ਕਲਾਕਾਰਾਂ ਵਾਂਗ ਕੀਰਨੇ ਨਹੀਂ ਪਾਏ। 'ਜਾਦੂ' ਵਿਚ ਉਸ ਨੇ ਇੱਕ ਸੈਡ ਗੀਤ ਸ਼ਾਮਲ ਕੀਤੈ, 'ਮੇਰੇ ਦਿਲ 'ਤੇ' ਅਤੇ ਇਸ ਵਿਚ ਉਸ ਨੇ ਆਪਣੀ ਸੋਚ ਦਾ ਜਿਹੜਾ ਨਮੂਨਾ ਪੇਸ਼ ਕੀਤਾ ਹੈ, ਉਹ ਦਾਦ ਦੇਣ ਵਾਲਾ ਹੈ। ਬੋਲ ਹਨ:

ਕੋਈ ਮੰਗਦਾ ਏ ਦੌਲਤ ਤੇ
ਕੋਈ ਮੰਗਦਾ ਸ਼ੋਹਰਤਾਂ,
ਇੱਕ ਤਮੰਨਾ ਮੇਰੀ ਪਲ-ਪਲ
ਤੇਰੇ ਕੋਲ ਰਹਾਂ,
ਮੇਰੇ ਦਿਲ 'ਤੇ ਲਿਖਿਆ
ਬਸ ਤੇਰਾ ਹੀ ਇਹ ਨਾਂ।

ਸ਼ਿੰਦੇ ਦੀ 'ਜਾਦੂ' ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਗੀਤ 'ਲੰਡਨ' ਹੈ, ਜਿਸ ਵਿਚੋਂ ਪ੍ਰਵਾਸ ਦਾ ਉਦਰੇਵਾਂ ਝਲਕਦਾ ਹੈ। ਜਿੰਨੀ ਦੇਰ ਅਸੀਂ ਕਿਸੇ ਦੇ ਕੋਲ ਰਹਿੰਦੇ ਹਾਂ, ਓਨਾ ਚਿਰ ਮਿਲਣ-ਗਿਲਣ ਦੀ ਅਹਿਮੀਅਤ ਨਹੀਂ ਸਮਝੀ ਜਾਂਦੀ ਪਰ ਜਦੋਂ ਸੱਤ ਸਮੁੰਦਰੋਂ ਪਾਰ ਚਲੇ ਜਾਈਦੈ, ਫੇਰ ਯਾਦਾਂ ਘੇਰਾ ਪਾਉਣ ਲੱਗਦੀਆਂ ਨੇ। ਗੀਤ ਦਾ ਇਕ ਇਕ ਅੰਤਰਾ ਸ਼ਿੰਦੇ ਦਾ ਹੀ ਹੰਢਾਇਆ ਜਾਪਦਾ ਹੈ। ਇਕ ਥਾਂ ਉਹ ਆਖਦਾ ਏ:

ਗੱਲਾਂ ਸੱਚ ਸਿਆਣੇ ਕਹਿੰਦੇ,
ਦਿਨ ਨਾ ਸਦਾ ਇੱਕੋ ਜਿਹੇ ਰਹਿੰਦੇ,
ਅੱਜ ਅਸੀਂ ਵੀ ਕਿਸੇ ਮੁਕਾਮ ਦੇ ਉਤੇ
ਪਹੁੰਚ ਗਏ ਡਿੱਗਦੇ ਢਹਿੰਦੇ,
ਸਾਡੇ ਹਾਲ 'ਤੇ ਹੱਸਦੀ ਸੈਂ,
ਅੱਜ ਤੂੰ ਰੋ-ਰੋ ਹਾਲ ਸੁਣਾਉਂਦੀ।
ਜੱਟ ਲੰਡਨ ਪਹੁੰਚ ਗਿਆ,
ਹੁਣ ਕਿਉਂ ਚਿੱਠੀਆਂ ਵੈਰਨੇ ਪਾਉਂਦੀ।

'ਜਾਦੂ' ਵਿਚਲਾ ਸੂਫ਼ੀਆਨਾ ਰੰਗ ਵਾਲਾ ਗੀਤ 'ਅੱਖ ਲੱਭਦੀ ਸੋਹਣੇ ਯਾਰ ਨੂੰ...ਤਰਸਾਂ ਮੈਂ ਦੀਦਾਰ ਨੂੰ' ਦਾ ਵੀ ਵੱਖਰਾ ਪ੍ਰਭਾਵ ਏ ਤੇ ਪੰਜਾਬ ਦੇ ਗੱਭਰੂਆਂ ਦੀ ਉਸਤਤ ਵਾਲਾ 'ਏਦਾਂ ਦੇ ਪੁੱਤ ਜੰਮਣ ਪੰਜਾਬੀ ਮਾਂਵਾਂ' ਵੀ ਜਿਸ ਵਿਚ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਤੇ ਮਿਹਨਤਕਸ਼ਾਂ ਦਾ ਵੀ।



*ਸੁਖਸ਼ਿੰਦਰ ਛਿੰਦਾ ਦੀ ਐਲਬਮ ਰੀਲੀਜ਼ ਵੇਲੇ ਬੀ ਐਸ ਨਾਰੰਗ, ਗਾਇਕ ਛਿੰਦਾ, ਮਦਨ ਮੱਦੀ, ਮਨਜੀਤ ਪੱਪੂ, ਅਮਰਿੰਦਰ ਗਿੱਲ ਅਤੇ ਸਵਰਨ ਸਿੰਘ ਟਹਿਣਾ*

ਸ਼ਿੰਦਾ ਚੰਗੀ ਤਰ੍ਹਾਂ ਜਾਣਦੈ ਕਿ ਪੰਜਾਬ ਵਿਚ ਸ਼ੋਅ ਲਾਉਣ ਲਈ ਨੱਚਣ-ਟੱਪਣ ਵਾਲਿਆਂ ਦੀ ਪਸੰਦ ਨੂੰ ਮੁੱਖ ਰੱਖਣਾ ਜ਼ਰੂਰੀ ਏ। ਏਸੇ ਕਰਕੇ ਉਸ ਨੇ 'ਜਾਦੂ' ਵਿਚ ਅੱਧਿਓਂ ਵੱਧ ਇਹੋ ਜਿਹੇ ਗੀਤ ਸ਼ਾਮਲ ਕੀਤੇ ਨੇ, ਜਿਹੜੇ ਨੱਚ-ਨੱਚ ਥੱਕਣ ਲਈ ਮਜਬੂਰ ਕਰਦੇ ਨੇ ਤੇ ਜਦੋਂ ਥਕੇਵਾਂ ਚੜ੍ਹ ਜਾਂਦੈ ਤਾਂ ਮੁੜ 'ਲਾ...ਲਾ...ਲਾ' ਸੁਣ ਬੰਦਾ ਤਾਜ਼ਾ ਹੋ ਜਾਂਦੈ। ਇੱਕ ਗੀਤ 'ਚ ਉਹ ਆਖਦੈ:

ਹੁੰਦੀਆਂ ਨੇ ਗੱਲਾਂ ਜਦ ਤੂੰ ਨੱਚਦੀ,
ਖਿੜ ਜਾਣ ਫੁੱਲ ਜਦ ਤੂੰ ਹੱਸਦੀ,
ਭੌਰਿਆਂ ਨੂੰ ਹੁੰਦੀ ਸਦਾ ਮਹਿਕ ਦੀ ਪਿਆਸ,
ਤਾਹੀਓਂ ਚਰਚੇ ਨੇ ਤੇਰੇ ਠੋਢੀ ਵਾਲੇ ਤਿਲ ਦੇ,
ਬਸ ਕਰ ਬਸ ਕਰ ਛੱਡ ਨੱਚਣਾ
ਅੱਡੀ ਮਾਰੇਂ ਮੁੰਡਿਆਂ ਦੇ ਦਿਲ ਹਿੱਲਦੇ।


ਸ਼ਿੰਦੇ ਨੂੰ ਆਪਣੀ ਮਿਹਨਤ 'ਤੇ ਮਾਣ ਹੈ ਤੇ ਉਮੀਦ ਵੀ ਕਿ ਉਸਦਾ 'ਜਾਦੂ' ਜ਼ਰੂਰ ਚੱਲੇਗਾ। 'ਜਾਦੂ' ਦੇ ਪੰਜ ਗੀਤਾਂ ਦੇ ਵੀਡੀਓ ਬਣੇ ਨੇ ਤੇ ਚੈਨਲਾਂ 'ਤੇ ਦਿਸਦਾ 'ਲਾ..ਲਾ...ਲਾ' ਗੀਤ ਰਾਹੁਲ ਸੂਦ ਨੇ ਤਿਆਰ ਕੀਤਾ ਹੈ। ਆਉਂਦੇ ਸਮੇਂ ਵਿਚ ਉਹ ਜੈਜ਼ੀ ਦੀ ਨਵੀਂ ਕੈਸਿਟ ਤਿਆਰ ਕਰਨ ਦੇ ਨਾਲ-ਨਾਲ ਅਮਰਿੰਦਰ ਗਿੱਲ ਤੇ ਤਿੰਨ ਕੁ ਹੋਰ ਗਾਇਕਾਂ ਦੇ ਗੀਤਾਂ ਨੂੰ ਸੰਗੀਤਬੱਧ ਕਰੇਗਾ।

*ਫੋਨ 91-98141-78883*

# ਨਾਵਲ 'ਐਨੀਮਲਜ਼ ਪੀਪਲ' 'ਤੇ ਬਣੇਗੀ ਫ਼ਿਲਮ

**ਨਵੀਂ ਦਿੱਲੀ:** ਬਰਤਾਨਵੀ ਫਿਲਮਸਾਜ਼ ਮਾਈਕਲ ਐਂਡਰਸਨ ਵੱਲੋਂ ਇੰਦਰ ਸਿਨਹਾ ਦੇ ਪ੍ਰਸਿੱਧ ਨਾਵਲ 'ਐਨੀਮਲਜ਼ ਪੀਪਲ' ਦੇ ਆਧਾਰ 'ਤੇ ਫਿਲਮ ਬਣਾਈ ਜਾ ਰਹੀ ਹੈ।

ਬੁੱਕਰ ਪੁਰਸਕਾਰ ਲਈ ਨਾਮਜ਼ਦ ਹੋਏ ਇਸ ਨਾਵਲ 'ਚ 1984 ਦੇ ਭੁਪਾਲ ਗੈਸ ਕਾਂਡ ਨੂੰ ਦਰਦ ਭਰੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਦੇ ਕੇਂਦਰ 'ਚ 16 ਸਾਲ ਦਾ ਇਕ ਲੜਕਾ ਐਨੀਮਲ ਹੈ ਜੋ ਯੂਨੀਅਨ ਕਾਰਬਾਈਡ 'ਚੋਂ ਰਿਸੀ ਖਤਰਨਾਕ ਗੈਸ ਕਾਰਨ ਅਪਾਹਜ ਹੋ ਜਾਂਦਾ ਹੈ। ਆਪਣੀ ਪਹਿਲੀ ਫਿਲਮ 'ਹੈਨਰੀ-5' 'ਤੇ ਆਸਕਰ ਜੇਤੂ ਮਾਈਕਲ ਕੋਇਨ ਨਾਲ ਕੰਮ ਕਰ ਰਿਹਾ ਮਾਈਕਲ ਐਂਡਰਸਨ ਭਾਰਤ 'ਚ ਫਿਲਮਾਏ ਜਾਣ ਵਾਲੇ ਆਪਣੇ ਪ੍ਰਾਜੈਕਟ ਲਈ




ਧਨ ਜੁਟਾਉਣ ਦੇ ਆਹਰ 'ਚ ਹੈ। ਉਹ ਸਿਨਹਾ ਨਾਲ ਫਿਲਮ ਦੇ ਸਕਰੀਨਪਲੇਅ 'ਤੇ ਕੰਮ ਕਰ ਰਿਹਾ ਹੈ ਤੇ ਫਰਵਰੀ 2012 'ਚ ਸ਼ੂਟਿੰਗ ਕਰਨੀ ਚਾਹੁੰਦਾ ਹੈ। ਉਹ ਭਾਰਤੀ ਫਿਲਮ ਸਨਅਤ ਨਾਲ ਭਾਈਵਾਲੀ ਵੀ ਕਰਨੀ ਚਾਹ ਰਿਹਾ ਹੈ। ਐਂਡਰਸਨ ਨੇ ਦੱਸਿਆ ਕਿ ਉਹ ਭਾਰਤੀ ਸਹਿ-ਨਿਰਮਾਤਾਵਾਂ, ਨਿਰਮਾਤਾ ਕੰਪਨੀਆਂ ਤੇ ਹੋਰ ਅਦਾਰਿਆਂ ਨਾਲ ਗੱਲਬਾਤ ਚਲਾ ਰਿਹਾ ਹੈ ਤੇ ਨਾਲ ਹੀ ਭਾਰਤੀ ਕਾਸਟ ਡਾਇਰੈਕਟਰਾਂ ਤੇ ਹੋਰ ਸਟਾਫ ਲਈ ਕੰਮ ਕਰ ਰਿਹਾ ਹੈ।

ਐਂਡਰਸਨ ਦਾ ਕਹਿਣਾ ਹੈ ਕਿ ਦੁਨੀਆ ਭਰ ਦੇ ਲੱਖਾਂ ਲੋਕਾਂ ਵਾਂਗ ਉਸ ਨੂੰ ਵੀ 1984 ਦੇ ਗੈਸ ਕਾਂਡ 'ਤੇ ਬਹੁਤ ਗੁੱਸਾ ਆਇਆ ਸੀ ਤੇ ਉਹ ਵੀ ਖੌਫ਼ਜ਼ਦਾ ਹੋਇਆ ਸੀ। ਉਹ ਭਾਰਤ ਆ ਕੇ ਫੈਕਟਰੀ ਦੇਖਣ ਵੀ ਗਿਆ ਤੇ ਰੋਸ ਪ੍ਰਦਰਸ਼ਨਾਂ 'ਚ ਵੀ ਹਿੱਸਾ ਲਿਆ ਪਰ ਇਸ ਬਾਰੇ ਫਿਲਮ ਬਣਾਉਣ ਦਾ ਫੈਸਲਾ ਉਸ ਨੇ ਸਿਨਹਾ ਦਾ ਨਾਵਲ ਪੜ੍ਹ ਕੇ ਹੀ ਕੀਤਾ।

ਫਿਲਮਸਾਜ਼ ਅਨੁਸਾਰ ਉਹ ਤੇ ਸਿਨਹਾ ਲੰਮੇ ਸਮੇਂ ਤੋਂ ਦੋਸਤ ਹਨ। ਕਿਤਾਬ ਪੜ੍ਹ ਕੇ ਉਸ ਨੇ ਫੌਰੀ ਸਿਨਹਾ ਨੂੰ ਫੋਨ ਕੀਤਾ ਤੇ ਫਿਲਮ ਬਣਾਉਣ ਲਈ ਇਸ ਦੇ ਹੱਕ ਖਰੀਦਣ ਦੀ ਪੇਸ਼ਕਸ਼ ਕੀਤੀ। ਉਹ ਨੇ ਦੱਸਿਆ ਕਿ ਉਹ ਦੋਵੇਂ ਰਲ ਕੇ ਦੋ ਸਾਲ ਤੋਂ ਇਸ ਦੀ ਪਟਕਥਾ 'ਤੇ ਕੰਮ ਕਰ ਰਹੇ ਹਨ। ਹਾਲੀਵੁੱਡ ਫਿਲਮਾਂ ਸੁਪਰਮੈਨ ਤੇ ਅਮਰੀਕਨ ਵਰਵੁਲਫ' ਨਾਲ ਫਿਲਮੀ ਕੈਰੀਅਰ ਸ਼ੁਰੂ ਕਰਨ ਵਾਲੇ ਐਂਡਰਸਨ ਦਾ ਫਿਲਮਸਾਜ਼ੀ 'ਚ ਲੰਮਾ ਤਜਰਬਾ ਹੈ।

## ਪ੍ਰੇਮਿਕਾ ਦੇ ਕਤਲ ਪਿੱਛੇ ਨੌਜਵਾਨ ਵੱਲੋਂ ਖੁਦਕੁਸ਼ੀ

**ਬਠਿੰਡਾ:** ਬਠਿੰਡਾ ਦੇ ਮਾਲ ਰੋਡ 'ਤੇ ਦਿਨ-ਦਿਹਾੜੇ ਇਕ ਨੌਜਵਾਨ ਨੇ ਡਾਕਟਰ ਦੇ ਬੁਟੀਕ ਵਿਚ ਆਪਣੀ ਲੈਕਚਰਾਰ ਪ੍ਰੇਮਿਕਾ ਨੂੰ ਗੋਲੀਆਂ ਨਾਲ ਭੁੰਨਣ ਮਗਰੋਂ ਖੁਦਕੁਸ਼ੀ ਕਰ ਲਈ। ਲੜਕੀ ਦਾ ਦਸ ਦਿਨਾਂ ਬਾਅਦ ਕਿਸੇ ਹੋਰ ਮੁੰਡੇ ਨਾਲ ਵਿਆਹ ਹੋਣਾ ਤੈਅ ਸੀ।

ਭੀਖੀ ਕਸਬੇ ਨੇੜਲੇ ਪਿੰਡ ਖੀਵਾ ਕਲਾ ਦੀ 21 ਸਾਲਾ ਲੜਕੀ ਜਗਦੀਪ ਕੌਰ ਪੁੱਤਰੀ ਨਰਿੰਦਰਜੀਤ ਸਿੰਘ ਦੇ ਲੁਧਿਆਣਾ ਨੇੜੇ ਕਸਬਾ ਦਾਖਾ ਦੇ ਵਾਸੀ ਪ੍ਰਭਜੀਤ ਸਿੰਘ ਪੁੱਤਰ ਦਲਜੀਤ ਸਿੰਘ ਨਾਲ ਪਿਆਰ ਸਬੰਧ ਸਨ।

# ਸ਼ਹਿਜ਼ਾਦੇ ਪਾਰਸ ਵੱਲੋਂ ਸੁਜਾਤਾ ਕੋਇਰਾਲਾ ਦੇ ਧੀ-ਜਵਾਈ 'ਤੇ ਫਾਇਰਿੰਗ

**ਕਾਠਮੰਡੂ:** ਆਪਣੀ ਰੰਗੀਨ ਮਿਜ਼ਾਜ ਜ਼ਿੰਦਗੀ ਲਈ ਜਾਣੇ ਜਾਂਦੇ ਨੇਪਾਲ ਦੇ ਸਾਬਕਾ ਸ਼ਹਿਜ਼ਾਦੇ ਪਾਰਸ ਸਾਹ ਨੇ ਨੇਪਾਲ ਦੀ ਸਾਬਕਾ ਉਪ ਪ੍ਰਧਾਨ ਮੰਤਰੀ ਸੁਜਾਤਾ ਕੋਇਰਾਲਾ ਦੀ ਸੱਜ ਵਿਆਹੀ ਧੀ ਤੇ ਜਵਾਈ ਉਤੇ ਗੋਲੀ ਚਲਾ ਦਿੱਤੀ। ਇਹ ਘਟਨਾ 12 ਦਸੰਬਰ ਦੀ ਰਾਤ ਨੂੰ ਦੱਖਣੀ ਨੇਪਾਲ ਦੇ ਇਕ ਸੈਲਾਨੀ ਕੇਂਦਰ ਵਿਚ ਵਾਪਰੀ।

ਦੱਖਣੀ ਨੇਪਾਲ ਦੇ ਚਿਤਵਾਨ ਨੈਸ਼ਨਲ ਪਾਰਕ ਦੇ ਟਾਈਗਰ ਟੌਪ ਰਿਜ਼ਾਰਟ ਵਿਚ ਜਦੋਂ ਖਾਣ-ਪੀਣ ਦਾ ਦੌਰ ਜਾਰੀ ਸੀ ਤਾਂ 38 ਸਾਲਾ ਪਾਰਸ ਸ਼ਾਹ ਦਾ ਸ੍ਰੀਮਤੀ ਕੋਇਰਾਲਾ ਦੀ ਧੀ ਮਾਲਿਨੀ ਤੇ ਉਸ ਦੇ ਬੰਗਲਾਦੇਸ਼ੀ ਪਤੀ ਸੁਬੇਲ ਚੌਧਰੀ ਨਾਲ ਕਿਸੇ ਗੱਲ ਨੂੰ ਲੈ ਕੇ ਬੋਲ-ਬੁਲਾਰਾ ਹੋ ਗਿਆ। ਇਸ 'ਤੇ ਪਾਰਸ ਨੇ ਹਵਾ ਵਿਚ ਗੋਲੀ ਚਲਾ ਦਿੱਤੀ। ਉਨ੍ਹਾਂ ਦੇ ਇਕ ਦੋਸਤ ਨੇ ਦੱਸਿਆ ਕਿ ਪਾਰਸ ਦੀ ਬੀਬੀ ਮਾਲਿਨੀ ਨਾਲ ਉਦੋਂ ਬਹਿਸ ਹੋ ਗਈ ਜਦੋਂ ਉਸ ਨੇ ਦੋਸ਼ ਲਾਇਆ ਕਿ ਉਸ (ਬੀਬੀ ਮਾਲਿਨੀ) ਦੇ ਨਾਨਾ ਤੇ ਸ੍ਰੀਮਤੀ ਸੁਜਾਤਾ ਕੋਇਰਾਲਾ ਦੇ ਪਿਤਾ ਤੇ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਗਿਰਿਜਾ ਪ੍ਰਸਾਦ ਕੋਇਰਾਲਾ ਨੇ ਨੇਪਾਲ ਵਿਚ ਰਾਜਸ਼ਾਹੀ ਖਤਮ ਕਰਾਉਣ ਦੀ ਸਾਜਿਸ਼ ਰਚੀ ਸੀ। ਹਾਲਾਂਕਿ ਇਸ ਘਟਨਾ ਬਾਰੇ ਅਧਿਕਾਰਤ ਤੌਰ 'ਤੇ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਗਈ ਪਰ ਇਹ ਘਟਨਾ ਨੇਪਾਲ ਦੀਆਂ ਅਖਬਾਰਾਂ ਦੇ ਪਹਿਲੇ ਸਫਿਆਂ 'ਤੇ ਛਾਈ ਰਹੀ।

ਦੂਜੇ ਪਾਸੇ ਪਾਰਸ ਨੇ ਬਿਆਨ ਜਾਰੀ ਕਰਕੇ ਹਵਾ ਵਿਚ ਗੋਲੀ ਚਲਾਉਣ ਦੀ ਗੱਲ ਮੰਨ ਲਈ। ਉਸ ਨੇ ਦੋਸ਼ ਲਾਇਆ ਕਿ ਉਸ ਨੇ ਅਜਿਹਾ ਉਦੋਂ ਕੀਤਾ ਜਦੋਂ ਰਿਜ਼ਾਰਟ ਵਿਚਲੇ ਦੋ ਮਹਿਮਾਨਾਂ ਨੇ



*ਸ਼ਹਿਜ਼ਾਦਾ ਪਾਰਸ*

ਉਸ ਦੀ ਸਾਬਕਾ ਭੂਮਿਕਾ ਅਤੇ ਨੇਪਾਲ ਦੀ ਰਾਜਸ਼ਾਹੀ ਬਾਰੇ ਗਲਤ ਟਿੱਪਣੀਆਂ ਕੀਤੀਆਂ। ਘਟਨਾ ਦੇ ਚਸ਼ਮਦੀਦਾਂ ਨੇ ਦੱਸਿਆ ਕਿ ਪਾਰਸ ਉਥੇ ਆਪਣੀ ਪਤਨੀ ਤੇ ਪੁੱਤਰ ਨਾਲ ਆਇਆ ਹੋਇਆ ਸੀ ਤੇ ਇਸ ਘਟਨਾ ਪਿੱਛੋਂ ਕੁਝ ਲੋਕ ਉਸ ਨੂੰ ਬਾਹਰ ਲੈ ਗਏ।

# ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥

**ਡਾ. ਗੁਰਨਾਮ ਕੌਰ**

ਹਸਪਤਾਲ ਵਿਚ ਅਸੀਂ ਉਚੀ ਰੋ ਵੀ ਨਹੀਂ ਸੀ ਸਕਦੇ, ਉਥੇ ਹੋਰ ਵੀ ਬਿਮਾਰ ਬੱਚੇ ਸਨ। ਮੇਰੇ ਭਾਣਜੇ ਅਮਨਦੀਪ ਨੇ ਸਕੂਟਰ ਚੱਕਿਆ ਅਤੇ ਅਰਬਨ ਅਸਟੇਟ ਵਿਚ ਡਾ. ਬਲਕਾਰ ਸਿੰਘ ਨੂੰ ਸੁਨੇਹਾ ਦੇ ਕੇ ਆਪ ਤੜਕੇ ਦੇ ਹਨੇਰੇ ਵਿਚ ਮੇਰੇ ਪਿੰਡ ਘੁੰਗਰਾਲੀ ਅਤੇ ਮੇਰੀ ਵੱਡੀ ਭੈਣ ਨੂੰ ਮਹਿਦੂਦਾਂ ਪੂਨਮ ਬਾਰੇ ਦੱਸਣ ਚਲਾ ਗਿਆ। ਡਾ. ਬਲਕਾਰ ਸਿੰਘ ਟੈਕਸੀ ਲੈ ਕੇ ਰਾਸਤੇ ਵਿਚ ਗੁਰਬਖਸ਼ ਕਲੋਨੀ ਸਾਡੇ ਕੁਲੀਗ ਮੇਵਾ ਸਿੰਘ ਸਿੱਧੂ ਨੂੰ ਦੱਸ ਕੇ ਹਸਪਤਾਲ ਪਹੁੰਚ ਗਏ। ਘਰ ਨੂੰ ਖਾਲੀ ਹੱਥ ਮੁੜਨਾ ਬਹੁਤ ਔਖਾ ਲੱਗ ਰਿਹਾ ਸੀ। ਸੂਰਜ ਚੜ੍ਹਨ ਤੋਂ ਬਹੁਤ ਪਹਿਲਾਂ ਹੀ ਜਦੋਂ ਅਸੀਂ ਦਰਵਾਜੇ ਉਤੇ ਆ ਕੇ ਰੁਕੇ ਅਤੇ ਮੇਰੀ ਭੈਣ ਨੇ ਘਰ ਦਾ ਤਾਲਾ ਖੋਲ੍ਹਿਆ ਤਾਂ ਸਾਡੇ ਵਿਰਲਾਪ ਨਾਲ ਸਾਰਾ ਗੁਆਂਢ ਇਕੱਠਾ ਹੋ ਗਿਆ। ਮੈਨੂੰ ਨਹੀਂ ਪਤਾ ਕਿਥੇ ਕੌਣ ਕੀ ਕਰ ਰਿਹਾ ਸੀ। ਡਾ. ਮੇਵਾ ਸਿੰਘ ਸਿੱਧੂ ਹਰ ਤਰ੍ਹਾਂ ਨਾਲ ਭੱਜ ਨੱਸ ਕਰ ਰਹੇ ਸਨ। ਡਾ. ਬਲਕਾਰ ਸਿੰਘ ਚੰਡੀਗੜ੍ਹ ਥਾਂ ਥਾਂ ਫੋਨ ਕਰਕੇ ਮੇਰੇ ਪਤੀ ਨਾਲ ਸੰਪਰਕ ਕਰਨ ਅਤੇ ਮੇਰੇ ਗੁਆਂਢੀ ਸ. ਦਲੀਪ ਸਿੰਘ ਉਪਲ ਤੇ ਸ. ਬਲਦੇਵ ਸਿੰਘ ਸੰਧੂ ਮੇਰੇ ਪਤੀ ਦੇ ਪਿੰਡ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਮੈਨੂੰ ਇਨ੍ਹਾਂ ਗੱਲਾਂ ਦੀ ਕੋਈ ਸੁਰਤ ਨਹੀਂ ਸੀ। ਭਾਬੀ ਜੀ ਕਰਮਜੀਤ ਤੇ ਉਨ੍ਹਾਂ ਦੀ ਦਰਾਣੀ ਜਸਵੀਰ ਨਾਲ ਮੇਰਾ ਬੇਟਾ ਮਨਵੀਰ ਵੀ ਘਰ ਆ ਗਿਆ। ਸੱਤ ਸਾਲ ਦਾ ਬੱਚਾ ਪ੍ਰੇਸ਼ਾਨ ਹੋਇਆ ਬਿਟਰ ਬਿਟਰ ਆਪਣੀ ਮੋਈ, ਲੰਮੀ ਪਈ ਭੈਣ ਵੱਲ ਤੱਕ ਰਿਹਾ ਸੀ ਅਤੇ ਮੂੰਹ ਤੋਂ ਕੁੱਝ ਨਹੀਂ ਸੀ ਬੋਲ ਰਿਹਾ ਅਤੇ ਨਾ ਹੀ ਰੋ ਰਿਹਾ ਸੀ। ਉਹ ਰੋਣਾ ਅਤੇ ਅੱਖਾਂ ਵਿਚਲਾ ਭੈਅ ਅੱਜ ਵੀ ਉਸ ਦੇ ਅੰਦਰ ਉਵੇਂ ਹੀ ਬੈਠਾ ਹੈ ਅਤੇ ਉਹ ਕਿਸੇ ਦੀ ਮੌਤ ਨਹੀਂ ਦੇਖ ਸਕਦਾ। ਮੇਰੀ ਮਾਂ ਅੜੈਚੀਂ ਸਾਨੂੰ ਮਿਲਣ ਗਈ ਸੀ ਅਤੇ ਦੁਰਾਹੇ ਤੋਂ ਬੱਸ ਲੈ ਕੇ ਸਮਰਾਲੇ ਪਹੁੰਚੀ ਸੀ। ਸਮਰਾਲੇ ਤੋਂ ਉਹ ਪਿੰਡ ਜਾਣ ਵਾਲੇ ਟੈਂਪੂ 'ਤੇ ਬੈਠੀ ਸੀ ਕਿ ਮੇਰੇ ਭਤੀਜੇ ਹਰਦੇਵ ਨੇ ਆ ਕੇ ਮੋਢੇ ਤੋਂ ਫੜ ਕੇ ਉਤਾਰ ਲਿਆ ਅਤੇ ਭੁੱਬ ਮਾਰ ਕੇ ਬੋਲਿਆ, "ਬੇਜੀ! ਉਤਰ ਆਉ ਪਟਿਆਲੇ ਨੂੰ ਜਾਣਾ ਹੈ। ਪੂਨਮ ਆਪਣੇ ਕੋਲੋਂ ਹਮੇਸ਼ਾ ਲਈ ਚਲੀ ਗਈ।"



ਡਾ. ਗੁਰਨਾਮ ਕੌਰ

ਮੇਰੀ ਭਾਬੀ ਨੇ ਬੜਾ ਕੀਮਤੀ ਸੂਟ ਪੂਨਮ ਦੇ ਪਾਉਣ ਲਈ ਕੱਢਿਆ। ਨਾਨਕੇ ਰੋਂਦੇ ਕੁਰਲਾਂਦੇ ਇਕੱਠੇ ਹੋ ਕੇ ਪਹੁੰਚ ਗਏ। ਕਿਸੇ ਨੇ ਕਿਹਾ ਜਾਣ ਵੇਲੇ ਬੰਦੇ ਨੂੰ ਸੂਤੀ ਕਪੜੇ ਪਹਿਨਾਈਦੇ ਹਨ। ਥੋੜਾ ਸਮਾਂ ਪਹਿਲਾਂ ਮੈਂ ਤੇ ਭਾਬੀ ਕਰਮਜੀਤ ਸੱਚਖੰਡ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਗਈਆਂ ਸਾਂ। ਉਥੋਂ ਮੈਂ ਪੂਨਮ ਲਈ ਇੱਕ ਗੁਜਰਾਤੀ ਦੁਕਾਨ ਤੋਂ ਕਾਲੇ ਰੰਗ ਤੇ ਸੁਨਿਹਰੀ ਕਢਾਈ ਵਾਲਾ ਸੂਤੀ ਸੂਟ ਖਰੀਦਿਆ ਸੀ ਜੋ ਹਾਲੇ ਅਣਸੀਤਾ ਪਿਆ ਸੀ। ਹੁਣ ਉਹ ਕਿਸ ਨੇ ਪਾਉਣਾ ਸੀ? ਪਾਉਣ ਵਾਲੀ ਤਾਂ ਸਦਾ ਸਦਾ ਲਈ ਆਪਣੀ ਮਾਂ ਨਾਲ ਰੁੱਸ ਕੇ ਤੁਰ ਗਈ। ਉਹ ਕੱਢ ਕੇ ਆਪਣੀ ਭੈਣ ਨੂੰ ਫੜਾਇਆ। ਪੂਨਮ ਨੂੰ ਸਦੀਵੀ ਵਿਦਾਇਗੀ ਦੇਣ ਸਾਰੀ ਯੂਨੀਵਰਸਿਟੀ ਪਹੁੰਚੀ। ਮੇਰੇ ਗੁਆਂਢੀ ਬਲਦੇਵ ਸਿੰਘ ਸੰਧੂ ਅਤੇ ਦਲੀਪ ਸਿੰਘ ਉਪਲ ਭੁੱਬਾਂ ਮਾਰ ਮਾਰ ਰੋ ਰਹੇ ਸਨ ਪਰ ਮੈਨੂੰ ਕਿਸੇ ਗੱਲ ਦੀ ਕੋਈ ਸੁਰਤ ਨਹੀਂ ਸੀ। ਮਹੀਨਾ ਕੁ ਪਹਿਲਾਂ ਹੀ ਮੈਨੂੰ ਪਤਾ ਲੱਗਾ ਹੈ ਕਿ ਸ. ਬਲਦੇਵ ਸਿੰਘ ਸੰਧੂ ਦੀ ਇੱਕੋ-ਇੱਕ ਪਿਆਰੀ ਬੇਟੀ ਨਿੱਪੀ ਜੋ ਅਮਰੀਕਾ ਰਹਿੰਦੀ ਸੀ ਆਪਣੀ ਬੇਟੀ ਨੂੰ ਮੈਡੀਕਲ ਵਿਚ ਦਾਖਲਾ ਦੁਆਉਣ ਭਾਰਤ ਗਈ ਸੀ। ਕਾਰ ਵਿਚ ਨਿੱਪੀ, ਉਸ ਦੀ ਬੇਟੀ ਅਤੇ ਸੰਧੂ ਸਾਹਿਬ ਕਿਤੇ ਜਾ ਰਹੇ ਸਨ ਕਿ ਕਾਰ ਐਕਸੀਡੈਂਟ ਵਿਚ ਤਿੰਨਾਂ ਦੀ ਮੌਤ ਹੋ ਗਈ।

ਮੇਰੇ ਪਤੀ ਪੰਜਾਬੀ ਟ੍ਰਿਬਿਊਨ ਵਿਚ ਸਬ ਐਡੀਟਰ ਸਨ। ਦੂਸਰੇ ਦਿਨ ਅਖ਼ਬਾਰ ਵਿਚ ਖਬਰ ਲੱਗ ਗਈ। ਮੇਰਾ ਭਤੀਜਾ ਗੁਰਮੁਖ ਸਿੰਘ ਅੰਮ੍ਰਿਤਸਰ ਬਿਜਲੀ ਬੋਰਡ ਦੀ ਪਾਵਰ ਕਾਲੋਨੀ ਵਿਚ ਰਹਿ ਰਿਹਾ ਸੀ। ਉਸ ਦੀ ਬੇਟੀ ਜੋ ਪੂਨਮ ਤੋਂ ਤਿੰਨ ਸਾਲ ਛੋਟੀ ਹੈ, ਆਪਣੇ ਭਰਾ ਨਾਲ ਸਕੂਲ ਲਈ ਰਿਕਸ਼ਾ ਵਿਚ ਬੈਠਣ ਤੋਂ ਪਹਿਲਾਂ ਅਖ਼ਬਾਰ ਅੰਦਰ ਆਪਣੇ ਪਾਪਾ ਨੂੰ ਫੜਾ ਕੇ ਜਾਂਦੀ ਹੁੰਦੀ ਸੀ। ਪਹਿਲੇ ਪੰਨੇ 'ਤੇ ਉਸ ਦੀ ਨਜ਼ਰ ਮੋਟੇ ਅੱਖਰਾਂ 'ਤੇ ਪਹੁੰਚੀ, "ਗੁਰਦਿਆਲ ਬੱਲ ਨੂੰ ਸਦਮਾ" ਉਸ ਨੇ ਛੇਤੀ ਛੇਤੀ ਖ਼ਬਰ ਪੜ੍ਹਨ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਮੰਮੀ, ਪਾਪਾ ਘਬਰਾ ਕੇ ਅੰਦਰੋਂ ਨਿਕਲੇ। ਉਹ ਅਖ਼ਬਾਰ ਅੱਗੇ ਕਰਕੇ ਬੋਲੀ, "ਪੂਨਮ ਭੂ ਜੀ।" ਜਿਸ ਜਿਸ ਨੂੰ ਵੀ ਪਤਾ ਲੱਗਾ ਪਟਿਆਲੇ ਪਹੁੰਚ ਗਿਆ। ਲੇਡੀ ਫ਼ਾਤਿਮਾ ਸਕੂਲ ਦੀ ਪ੍ਰਿੰਸੀਪਲ, ਮਿਸਿਜ ਬਾਂਸਲ, ਹੋਰ ਅਧਿਆਪਕ ਅਤੇ ਪੂਨਮ ਦੀ ਛੇਵੀਂ ਦੀ ਕਲਾਸ ਟੀਚਰ ਮਿਸਿਜ ਸਤਵੰਤ ਸਿੱਧੂ ਅਫਸੋਸ ਕਰਨ ਆਈਆਂ। ਮਿਸਿਜ ਸਿੱਧੂ ਦੇ ਵੀ ਮੇਰੇ ਵਾਂਗ ਹੀ ਹੰਝੂ ਨਹੀਂ ਸੀ ਰੁਕ ਰਹੇ। ਫੁੱਲ ਚੁਗਦਿਆਂ ਪੂਨਮ ਦਾ ਚਾਚਾ ਇੱਕ ਪਾਸੇ ਬੈਠਾ ਹੰਝੂ ਕੇਰਦਾ ਰਿਹਾ।

ਸਭ ਰਸਮਾਂ ਹੋਣੀਆਂ ਹੀ ਹੁੰਦੀਆਂ ਹਨ ਅਤੇ ਹੋ ਗਈਆਂ। ਮੇਰੀ ਭੈਣ ਗੁਰਮੇਲ ਅਤੇ ਮੇਰੀ ਭਤੀਜੀ ਕੰਵਲ ਨਾਲੇ ਆਏ ਗਏ ਨੂੰ ਸਾਂਭਦੀਆਂ ਅਤੇ ਨਾਲੇ ਰੋਂਦੀਆਂ ਰਹਿੰਦੀਆਂ। ਮੈਂ ਡਿਪਰੈਸ਼ਨ ਵਿਚ ਰਹਿਣ ਲੱਗ ਪਈ ਕਿ ਪੂਨਮ ਤੋਂ ਬਿਨਾ ਹੁਣ ਕਿਵੇਂ ਜੀਵਾਂਗੀ? ਬਲੱਡ ਪ੍ਰੈਸ਼ਰ ਵੀ ਘੱਟ ਰਹਿਣ ਲੱਗ ਪਿਆ। ਮੇਰੇ ਬੇਟੇ ਨੇ ਬੱਚਿਆਂ ਨਾਲ ਖੇਡਣਾ ਬੰਦ ਕਰ ਦਿੱਤਾ, ਬੱਸ ਦਰਵਾਜੇ ਅੱਗੇ ਸੜਕ ਕੰਢੇ ਬੈਠਾ ਖੇਡਦੇ ਬੱਚਿਆਂ ਵੱਲ ਦੇਖਦਾ ਰਹਿੰਦਾ। ਮੈਂ ਕਹਿਣਾ, "ਮਨੂ ਤੂੰ ਬੱਚਿਆਂ ਨਾਲ ਖੇਡ, ਬੈਠਾ ਕਿਉਂ ਹੈਂ?" ਉਸ ਨੇ ਅੱਗੋਂ ਇੱਕ ਹੀ ਉਤਰ ਦੇਣਾ, "ਮੈਨੂੰ ਹੁਣ ਬੱਚੇ ਨਾਲ ਨਹੀਂ ਖਿਡਾਉਂਦੇ।" ਗੱਲ ਇਹ ਨਹੀਂ ਸੀ। ਬੱਚੇ ਤਾਂ ਸਗੋਂ ਉਸ ਵੱਲ ਵੱਧ ਧਿਆਨ ਦਿੰਦੇ ਸੀ ਪਰ ਉਸ ਦਾ ਪੂਨਮ ਬਿਨਾ ਖੇਡਣ ਨੂੰ ਜੀਅ ਨਹੀਂ ਸੀ ਕਰਦਾ। ਵੈਸੇ ਵੀ ਆਸ ਪਾਸ ਹੀ ਰਹਿੰਦਾ, ਉਸ ਨੂੰ ਪਤਾ ਸੀ, ਜਦੋਂ ਵੀ ਮੈਂ ਪਾਸੇ ਹੋਵਾਂਗਾ ਮਾਮਾ ਨੇ ਰੋਣ ਲੱਗ ਜਾਣਾ ਹੈ। ਇਸੇ ਲਈ ਜਦੋਂ ਕਿਸੇ ਨੇ ਘਰ ਆ ਜਾਣਾ ਤਾਂ ਉਸ ਨੇ ਕਹਿਣਾ, "ਤੁਸੀਂ ਥੋੜ੍ਹੀ ਦੇਰ ਸਾਡੇ ਘਰ ਬੈਠੋਂਗੇ ਤਾਂ ਮੈਂ ਥੋੜ੍ਹੀ ਦੇਰ ਖੇਡ ਆਵਾਂ।" ਮੇਰੀਆਂ ਗੁਆਂਢਣਾਂ ਸੁਖਪਾਲ ਸੰਧੂ, ਕਮਲੇਸ਼ ਉਪਲ ਅਤੇ ਮਿਸਿਜ ਅਗਰਵਾਲ ਨੇ ਮੇਰੇ ਕੋਲ ਸ਼ਾਮ ਨੂੰ ਜ਼ਰੂਰ ਗੇੜਾ ਮਾਰਨਾ। ਮਿਸਿਜ ਅਗਰਵਾਲ ਤਾਂ ਸਕੂਲੋਂ ਆ ਕੇ ਘੰਟਾ ਦੋ ਘੰਟੇ ਜ਼ਰੂਰ ਬੈਠਦੀ ਅਤੇ ਹਮੇਸ਼ਾ ਇਹ ਗੱਲ ਕਹਿੰਦੀ, "ਅਰੇ ਪੂਨਮ ਕੋ ਤੋ ਮਨਵੀਰ ਕੇ ਸਾਥ ਇਤਨੀ ਅਟੈਚਮੈਂਟ ਥੀ, ਮੁਝੇ ਸਮਝ ਨਹੀਂ ਲਗਤੀ ਵੋ ਕੈਸੇ ਚਲੀ ਗਈ?" ਮੈਂ ਮਨ ਵਿਚ ਸੋਚਣਾ ਕੋਈ ਆਪ ਥੋੜੇ ਜਾਂਦਾ ਹੈ, ਬੱਸ ਡਾਢਾ ਲੈ ਜਾਂਦਾ ਹੈ। ਉਸ ਨੂੰ ਤਾਂ ਆਪ ਜ਼ਿੰਦਗੀ ਨਾਲ ਬਹੁਤ ਲਗਾਉ ਸੀ, ਬੜਾ ਚਾਅ ਸੀ। ਮੈਨੂੰ ਕਹਿਣਾ, "ਮਾਮਾ ਆਪਾਂ ਛੇਤੀ ਅਰਬਨ ਅਸਟੇਟ ਵਿਚ ਆਪਣਾ ਘਰ ਛੱਤ ਲਈਏ।" ਮੈਂ ਕਹਿਣਾ, "ਪੂਨਮ ਉਥੇ ਤੈਨੂੰ ਕੈਂਪਸ ਵਾਂਗ ਸਹੇਲੀਆਂ ਨਹੀਂ ਮਿਲਣੀਆਂ, ਮੈਨੂੰ ਤਾਂ ਕੋਈ ਫਰਕ ਨਹੀਂ ਪੈਣਾ।" ਉਸਦਾ ਉਤਰ ਹੁੰਦਾ, "ਮੈਂ ਬਿੰਦੂ, ਛਿੰਦੂ ਨਾਲ ਖੇਡ ਆਇਆ ਕਰਾਂਗੀ।" ਬਿੰਦੂ, ਛਿੰਦੂ ਡਾ. ਬਲਕਾਰ ਸਿੰਘ ਦੇ ਛੋਟੇ ਭਾਈ ਦੀਆਂ ਲੜਕੀਆਂ ਹਨ ਜੋ ਥੋੜੇ ਜਿਹੇ ਫਰਕ ਨਾਲ ਅਰਬਨ ਅਸਟੇਟ ਵਿਚ ਬਣੇ ਹਾਊਸਿੰਗ ਬੋਰਡ ਵਿਚ ਰਹਿੰਦੇ ਸਨ।

ਮੈਂ ਆਪਣੀ ਮਾਂ ਨੂੰ ਪਿੰਡੋਂ ਬੁਲਾ ਲਿਆ ਕਿਉਂਕਿ ਮੈਂ ਰਾਤ ਨੂੰ ਡਰ ਡਰ ਕੇ ਉਠਣ ਲੱਗ ਪਈ ਸੀ। ਮਹੀਨਾ ਕੁ ਮੇਰੇ ਕੋਲ ਉਹ ਰਹੇ ਅਤੇ ਫਿਰ ਮੇਰੀ ਭਤੀਜੀ ਕਮਲ ਨੂੰ ਮੇਰੇ ਕੋਲ ਛੱਡਿਆ ਜੋ ਆਪਣਾ ਵਿਆਹ ਹੋਣ ਤੱਕ ਤਿੰਨ ਕੁ ਮਹੀਨੇ ਰਹੀ। ਸਕੂਲ ਵਾਲਿਆਂ ਨੇ ਸਕੂਲ ਮੈਗਜ਼ੀਨ ਵਿਚ ਫੋਟੋ ਛਾਪੀ। ਡਾ. ਸਤੀਸ਼ ਵਰਮਾ ਨੇ ਮੈਗਜ਼ੀਨ ਵਿਚ ਫੀਚਰ ਲਾਇਆ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਆਪਣੇ ਮੈਗਜ਼ੀਨ ਵਿਚ ਫੀਚਰ ਲਾਇਆ ਪਰ ਇਹ ਗੱਲਾਂ ਮੇਰੇ ਮਨ ਨੂੰ ਕੋਈ ਸਕੂਨ ਨਹੀਂ ਸੀ ਦਿੰਦੀਆਂ। ਕੰਮ ਵਿਚ ਮੇਰਾ ਮਨ ਨਹੀਂ ਸੀ ਲਗਦਾ। ਜਾਣ ਪਛਾਣ ਵਾਲੇ ਸਾਰਿਆਂ ਨੂੰ ਇੱਕ ਫ਼ਿਕਰ ਲੱਗਾ ਰਹਿੰਦਾ ਅਤੇ ਸਭ ਨੇ ਆਪਣੇ ਵਲੋਂ ਸਮਝਾਉਣ ਦੀ ਕੋਸ਼ਿਸ਼ ਵੀ ਕਰਨੀ। ਗਰਮੀ ਦੀਆਂ ਛੁੱਟੀਆਂ ਵਿਚ ਮੇਰੇ ਪਤੀ ਨੇ ਆਪਣੇ ਭਰਾ ਅਤੇ ਭਰਜਾਈ ਨੂੰ ਵੀ ਸੱਦਿਆ ਅਤੇ ਸਭ ਨੂੰ ਸ਼ਿਮਲੇ ਲੈ ਤੁਰੇ ਪਰ ਇਸ ਵਾਰ ਮੇਰਾ ਸ਼ਿਮਲੇ ਜੀਅ ਨਹੀਂ ਲੱਗਿਆ। ਮੈਡਮ ਦਲੀਪ ਕੌਰ ਟਿਵਾਣਾ ਨੇ ਇੱਕ-ਦੋ ਵਾਰ ਘਰ ਚੱਕਰ ਵੀ ਲਾਇਆ ਅਤੇ ਫਿਰ ਪੂਨਮ ਦੀਆਂ ਗੱਲਾਂ ਕਰਨ ਲਈ ਮੈਨੂੰ ਘਰ ਵੀ ਬੁਲਾ ਲੈਂਦੇ ਪਰ ਕਿਤੇ ਵੀ ਮਨ ਨੂੰ ਸਕੂਨ ਨਾ ਮਿਲਦਾ।

ਨਾਭੇ ਵਾਲੇ ਪੰਡਿਤ ਸੁਖਦੇਵ ਸ਼ਰਮਾ ਨੇ ਵਿਭਾਗ ਵਲੋਂ ਸੰਸਕ੍ਰਿਤ ਵਿਚ ਜਪੁਜੀ ਸਾਹਿਬ ਦਾ ਅਨੁਵਾਦ ਕੀਤਾ ਸੀ ਅਤੇ ਉਨ੍ਹਾਂ ਨੇ ਮੋਹ ਵੱਸ ਹੀ ਦੋਹਾਂ ਬੱਚਿਆਂ ਦੀ ਜਨਮ ਪੱਤਰੀ ਬਣਾ ਦਿੱਤੀ ਸੀ ਜਿਸ ਵਿਚ ਪੂਨਮ ਦੇ ਭਵਿੱਖ ਬਾਰੇ ਕਈ ਕੁਝ ਲਿਖਿਆ ਸੀ। ਪੂਨਮ ਦੇ ਸੰਸਾਰ ਤੋਂ ਤੁਰ ਜਾਣ ਤੋਂ ਹਫਤਾ ਕੁ ਪਹਿਲਾਂ ਉਹ ਪਰੂਫ ਦੇਣ ਆਏ ਤਾਂ ਮੈਂ ਪੱਤਰੀ ਅੱਗੇ ਕਰਕੇ ਪੁੱਛਿਆ, "ਪੰਡਿਤ ਜੀ ਪੂਨਮ ਦੇ ਭਵਿੱਖ ਬਾਰੇ ਕੁੱਝ ਦੱਸੋ?" ਕਹਿੰਦੇ, "ਸਾਊ! ਬੇਟੀ ਦਾ ਚਿਹਰਾ ਬਦਲ ਜਾਣ ਦਾ ਖਤਰਾ ਹੈ। ਇਸ ਨੂੰ ਸਨਿਚਰਵਾਰ ਨੂੰ ਪਾਣੀ ਵਿਚ ਸੁਰਮੇ ਦੀਆਂ ਡਲੀਆਂ ਪਾ ਕੇ ਇਸ਼ਨਾਨ ਕਰਾਉਣਾ।" ਜਦੋਂ ਤੁਰ ਜਾਣ ਤੋਂ ਬਾਅਦ ਆਏ, ਕਹਿੰਦੇ, "ਸਾਊ! ਮੇਰੀ ਜੀਭ 'ਤੇ ਆ ਕੇ ਕਿਉਂ ਸਰਸਵਤੀ ਬੈਠ ਗਈ? ਮੈਨੂੰ ਇਹ ਨਹੀਂ ਸੀ ਪਤਾ ਚਿਹਰਾ ਇਸ ਰੂਪ ਵਿਚ ਬਦਲ ਜਾਣਾ ਹੈ?" ਮੈਨੂੰ ਏਨਾ ਵਹਿਮ ਹੋ ਗਿਆ ਸੀ ਕਿ ਮੈਂ ਉਸ ਪੱਤਰੀ ਨੂੰ

## ਰੰਗ-ਬੇਰੰਗ

ਕੱਢ ਕੇ ਪੜ੍ਹਦੇ ਰਹਿਣਾ ਅਤੇ ਕਈਆਂ ਨੂੰ ਦਿਖਾਈ। ਫਿਰ ਕਿਸੇ ਨੇ ਕਿਹਾ, "ਤੁਰ ਗਿਆਂ ਦੀ ਪੱਤਰੀ ਨਹੀਂ ਰੱਖੀਦੀ। ਇਸ ਨੂੰ ਜਲ ਪ੍ਰਵਾਹ ਕਰ ਦਿਉ।" ਪਰ ਮੇਰਾ ਜੀਅ ਨਹੀਂ ਸੀ ਕਰਦਾ। ਫਿਰ ਮੇਰਾ ਭਤੀਜਾ ਦਲੀਪ ਸਿੰਘ ਜ਼ੋਰ ਪਾ ਕੇ ਪੱਤਰੀ ਮੇਰੇ ਕੋਲੋਂ ਲੈ ਗਿਆ ਅਤੇ ਜਲ ਪ੍ਰਵਾਹ ਕਰ ਆਇਆ।

ਅਕਤੂਬਰ ਆਉਣ ਵਾਲਾ ਸੀ। ਮੈਂ ਸਤੰਬਰ ਦੇ ਮਹੀਨੇ ਪੂਨਮ ਦੀ ਪਹਿਲੀ ਬਰਸੀ ਦਾ ਪਾਠ ਅਤੇ ਕੀਰਤਨ ਕਰਾਇਆ। ਚਾਚਾ ਜੀ ਕਰਤਾਰ ਸਿੰਘ ਪਟਿਆਲੇ ਹੀ ਰਹਿੰਦੇ ਸਨ, ਉਹ ਤੇ ਭੈਣ ਸੁਰਿੰਦਰ ਵੀ ਆਏ। ਲੰਗਰ ਤੋਂ ਬਾਅਦ ਚਾਚਾ ਜੀ ਨੇ ਮੈਨੂੰ ਮੇਰੇ ਬੇਜੀ ਦੇ ਕੋਲ ਸਾਹਮਣੇ ਬਿਠਾਇਆ। ਉਹ ਬੇਜੀ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਬੇਜੀ ਨੂੰ ਪਿੰਡ ਦੀਆਂ ਬਹੁਤ ਸਮਝਦਾਰ ਔਰਤਾਂ ਵਿਚੋਂ ਗਿਣਦੇ ਸਨ। ਕਹਿਣ ਲੱਗੇ, "ਬੇਟੀ ਤੁਸੀਂ ਆਪ ਸਿਆਣੇ ਹੋ। ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਕੰਮ ਕਰਦੇ ਹੋ। ਜਿਹੜਾ ਤੁਰ ਗਿਆ ਉਸ ਨੇ ਵਾਪਸ ਨਹੀਂ ਆਉਣਾ। ਤੁਹਾਡਾ ਬੇਟਾ ਹੈ, ਆਪਣਾ ਸਾਰਾ ਧਿਆਨ ਇਸ 'ਤੇ ਲਾਉ। ਇਨ੍ਹਾਂ ਬਰਸੀਆਂ ਵਿਚੋਂ ਕੁਝ ਨਹੀਂ ਨਿਕਲਣਾ। ਇੱਕ ਵਾਰ ਕਰ ਲਈ ਠੀਕ ਹੈ, ਅੱਗੋਂ ਨਹੀਂ।" ਬੇਜੀ ਨੂੰ ਸੰਬੋਧਨ ਕਰਕੇ ਬੋਲੇ, "ਤੁਸੀਂ ਵੀ ਸਮਝਾਉ, ਇਨ੍ਹਾਂ ਗੱਲਾਂ ਵਿਚ ਕੁੱਝ ਨਹੀਂ ਪਿਆ।" ਮੈਂ ਉਥੇ ਹੀ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਅੱਗੇ ਤੋਂ ਮੈਂ ਕੋਈ ਬਰਸੀ ਨਹੀਂ ਕਰਾਂਗੀ।

ਨਵੰਬਰ ਦੇ ਮਹੀਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਯੂਨੀਵਰਸਿਟੀ ਵਿਚ ਵੱਡੇ ਪੱਧਰ ਦਾ ਸਮਾਗਮ ਸੀ। ਕੁਝ ਲੈਕਚਰ ਅਤੇ ਗਿਆਨੀ ਸੋਹਣ ਸਿੰਘ ਸੀਤਲ ਦੇ ਢਾਡੀ ਜਥੇ ਦਾ ਪ੍ਰੋਗਰਾਮ ਸੀ। ਸਟੱਡੀ ਸਰਕਲ ਜਥੇਬੰਦੀ ਵਲੋਂ ਲੁਧਿਆਣਾ ਤੋਂ ਉਨ੍ਹਾਂ ਦਾ ਨੁਮਾਇੰਦਾ ਆਇਆ ਸੀ, ਸ਼ਾਇਦ ਲੜਕੇ ਦਾ ਨਾਮ ਸਰਬਜੀਤ ਸਿੰਘ ਸੀ। ਮੈਂ ਉਦਾਸ ਮਨ ਨਾਲ ਆਪਣੇ ਬੇਟੇ ਨੂੰ ਨਾਲ ਲੈ ਕੇ ਸਟੇਜ ਦੇ ਸਾਹਮਣੇ ਬੈਠੀ ਸੀ। ਉਸ ਨੇ ਆਪਣਾ ਲੈਕਚਰ ਜਪੁਜੀ ਦੀ ਪੰਕਤੀ, "ਕੇਤਿਆ ਦੂਖ ਭੂਖ ਸਦ ਮਾਰ॥ ਇਹ ਭਿ ਦਾਤ ਤੇਰੀ ਦਾਤਾਰ॥" ਤੋਂ ਸ਼ੁਰੂ ਕੀਤਾ ਅਤੇ ਉਸ ਦਾ ਧਿਆਨ ਮੇਰੇ ਵੱਲ ਸੀ। ਮੈਨੂੰ ਮਹਿਸੂਸ ਹੋਇਆ ਜਿਵੇਂ ਉਸ ਨੇ ਆਪਣੇ ਇਸ ਲੈਕਚਰ ਵਿਚ ਮੈਨੂੰ ਸੰਕਟ ਵਿਚੋਂ ਨਿਕਲਣ ਵੱਲ ਇਸ਼ਾਰਾ ਕਰਦਿਆਂ ਗੁਰਬਾਣੀ ਦਾ ਓਟ ਆਸਰਾ ਲੈਣ ਦੀ ਤਾਕੀਦ ਕੀਤੀ ਹੋਵੇ। ਉਥੇ ਬੈਠਿਆਂ ਹੀ ਮਨ ਨਾਲ ਫੈਸਲਾ ਕਰ ਲਿਆ ਕਿ ਬੱਚੀ ਨੂੰ ਭੁਲਾਇਆ ਤਾਂ ਨਹੀਂ ਜਾ ਸਕਦਾ ਪਰ ਹੁਣ ਮਨ ਦੀ ਇਸ ਅਵਸਥਾ ਵਿਚੋਂ ਨਿਕਲਣਾ ਹੈ। ਸੁਖਮਨੀ ਸਾਹਿਬ ਦੇ ਪਾਠ ਵਿਚ ਮਨ ਲੱਗਣੋਂ ਹਟ ਗਿਆ ਸੀ। ਪਾਠ ਕਰਨ ਨੂੰ ਜੀਅ ਹੀ ਨਹੀਂ ਸੀ ਕਰਦਾ। ਦੁਬਾਰਾ ਪਾਠ ਸ਼ੁਰੂ ਕਰਨ ਦਾ ਪੱਕਾ ਇਰਾਦਾ ਕੀਤਾ। ਪਾਠ ਕਰਦਿਆਂ ਹਮੇਸ਼ਾ ਮਨ ਇਸ ਤੁਕ ਤੇ ਆ ਕੇ ਅਟਕ ਜਾਂਦਾ, "ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ ਏਕ ਭੀ ਨ ਦੇਇ॥ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥" ਇਨ੍ਹਾਂ ਪੰਕਤੀਆਂ 'ਤੇ ਆ ਕੇ ਹਮੇਸ਼ਾ ਮੇਰਾ ਧਿਆਨ ਜੰਮ ਜਾਂਦਾ ਅਤੇ ਇਨ੍ਹਾਂ ਪੰਕਤੀਆਂ ਵਿਚਲਾ ਤੱਤ ਅਤੇ ਜਪੁਜੀ ਸਾਹਿਬ ਦੀਆਂ ਉਪਰ ਦੱਸੀਆਂ ਪੰਕਤੀਆਂ ਮੈਨੂੰ ਦੁਬਾਰਾ ਆਪਣੇ ਆਪ ਵਿਚ ਆਉਣ ਦੀ ਹਿੰਮਤ ਦੇਣ ਲੱਗੀਆਂ। ਮੈਂ ਪਹਿਲਾਂ ਵੀ ਇੱਕ ਵਾਰ ਜ਼ਿਕਰ ਕੀਤਾ ਸੀ ਕਿ ਮੇਰੇ ਬਾਪੂ ਜੀ ਸਵੇਰੇ ਉਠ ਕੇ, ਇਸ਼ਨਾਨ ਕਰਕੇ ਪਾਠ ਕਰਕੇ ਫਿਰ ਚਾਹ-ਪਾਣੀ ਪੀਂਦੇ ਸਨ। ਪਰਸ਼ਾਦਾ ਛਕਣ ਤੋਂ ਪਹਿਲਾਂ ਵੀ ਵਾਹਿਗੁਰੂ ਦਾ ਨਾਮ ਲੈਂਦੇ ਅਤੇ ਪਰਸ਼ਾਦਾ ਛਕ ਕੇ ਹਮੇਸ਼ਾ ਖੜ੍ਹੇ ਹੋ ਕੇ ਅਰਦਾਸ ਕਰਦੇ। ਮੇਰਾ ਵੱਡਾ ਭਣੋਈਆ ਹਮੇਸ਼ਾ ਕਹਿੰਦਾ, "ਆਪਾਂ ਸਭ ਬਾਪੂ ਜੀ ਦੀ ਭਗਤੀ ਦਾ ਖੱਟਿਆ ਖਾ ਰਹੇ ਹਾਂ।" ਪੂਨਮ ਤੋਂ ਪੂਰਾ ਡੇਢ ਸਾਲ ਬਾਅਦ ਮੇਰੀ ਉਸੇ ਭੈਣ ਦੀ ਜੁਆਨ ਵਿਆਹੀ-ਵਰੀ ਲੜਕੀ ਜੋ, ਮੇਰੇ ਤੋਂ ਵੱਡੀ ਮੇਰੀ ਭੈਣ ਦੇ ਦਿਓਰ ਨੂੰ ਵਿਆਹੀ ਸੀ ਅਤੇ ਉਸ ਦੇ ਛੋਟੇ ਛੋਟੇ ਤਿੰਨ ਬੱਚੇ ਸਨ, ਅਚਾਨਕ ਰੱਬ ਨੂੰ ਪਿਆਰੀ ਹੋ ਗਈ। ਰਿਸ਼ਤੇਦਾਰੀ ਵਿਚ ਵਿਆਹ ਦੇਖ ਕੇ ਆਈ ਸੀ। ਸਿਰ ਦੁਖਦਾ ਸੀ। ਇੱਕ ਉਲਟੀ ਆਈ ਅਤੇ ਉਥੇ ਹੀ ਢੇਰੀ ਹੋ ਗਈ। ਮੇਰੀ ਮਾਂ ਰੋਂਦਿਆਂ ਕਹਿ ਰਹੀ ਸੀ, "ਤੁਹਾਡਾ ਬਾਪ ਕਰਮਾਂ ਵਾਲਾ ਸੀ ਜਿਸ ਨੇ ਕੋਈ ਦੁੱਖ ਨਹੀਂ ਦੇਖਿਆ। ਮੈਂ ਧੀਆਂ ਦੇ ਦੁੱਖ ਦੇਖਣ ਨੂੰ ਪਿੱਛੇ ਰਹਿ ਗਈ।" ਮੈਨੂੰ ਅਹਿਸਾਸ ਹੋਇਆ ਕਿ ਮੇਰਾ ਦੁੱਖ ਮੇਰੀਆਂ ਦੋ ਭੈਣਾਂ ਨਾਲੋਂ ਬਹੁਤ ਛੋਟਾ ਹੈ। ਇੱਕ ਭੈਣ ਜਿਸ ਦੀ ਵਿਆਹੀ-ਵਰੀ ਧੀ ਤੁਰ ਗਈ ਅਤੇ ਦੂਸਰੀ ਜਿਸ ਦੀ ਉਹ ਦਰਾਣੀ ਸੀ ਅਤੇ ਜਿਸ ਨੇ ਉਸਦੇ ਛੋਟੇ ਛੋਟੇ ਬੱਚੇ ਪਾਲਣੇ ਸਨ। ਉਹ ਰੋਂਦੀ ਰੋਂਦੀ ਕਹਿ ਰਹੀ ਸੀ, "ਮੈਂ ਤੁਹਾਨੂੰ ਹੋਰ ਕਿਸੇ ਗੱਲ ਦੀ ਘਾਟ ਨਹੀਂ ਮਹਿਸੂਸ ਹੋਣ ਦਿੰਦੀ ਪਰ ਮੈਂ ਤੁਹਾਨੂੰ ਕਦੇ ਨਿੰਦਰ ਨਹੀਂ ਮੋੜ ਕੇ ਦੇ ਸਕਣੀ।" *(ਚਲਦਾ...)*

---

## ਪੇਂਡੂ ਮਾਤਾ ਤੇ ਐਨ.ਆਰ.ਆਈ. ਮੁੰਡਾ

*-ਰਾਜ ਧਾਲੀਵਾਲ, ਟੈਫਟ, ਕੈਲੀਫੋਰਨੀਆ*

**ਮਾਤਾ:** ਖੁੱਲ੍ਹਾ ਕਰਦੈਂ ਕਿੱਥੋਂ ਖ਼ਰਚਾ,
ਤੇਰੀ ਹੁੰਦੀ ਆ ਵੇ ਚਰਚਾ
ਨਿੱਤ ਨਵੇਂ ਹੀ ਬਹਿੰਦੇ ਆ
ਤੇਰੇ ਘਰ ਆ ਕੇ ਵੇ
ਕਿਉਂ ਕਾਲੇ-ਸ਼ੀਸ਼ੇ ਦੱਸ ਤੂੰ
ਰੱਖੇ ਆ ਕਰਵਾ ਵੇ

**ਮੁੰਡਾ:** ਪਾਉਂਦੀ ਸ਼ੱਕ ਸਫਾਰੀ ਰੱਖੀ,
ਜੋ ਵੀ ਕਹਿਨਾਂ ਸਮਝਣ ਪੱਕੀ
ਪਰ ਹੁੰਦੀ ਨ੍ਹੀਂ ਓ ਸੱਚੀ,
ਮੈਂ ਤਾਂ ਪਰਖਾਂ ਬੰਦਾ ਨ੍ਹੀਂ।
ਮਾੜਾ-ਮੋਟਾ ਕਦੇ ਕਦੇ
ਕਰ ਲਈ ਦਾ ਧੰਦਾ ਨ੍ਹੀਂ

**ਮਾਤਾ:** ਦਸਾਂ ਨੂੰਹਾਂ ਦੀ ਚੰਗੀ ਹੁੰਦੀ
ਕਿਰਤ-ਕਮਾਈ ਵੇ
ਆ ਪਰਖਣ ਵਾਲੀ ਗੱਲ ਤੇਰੀ
ਨਾ ਸਮਝ 'ਚ ਆਈ ਵੇ
ਉਤੋਂ ਕਹਿਨਾ ਰੱਬ ਹੀ ਰਾਖਾ
ਤੂੰ ਨੀਵੀਂ ਜੀ ਪਾ ਕੇ ਵੇ...।

**ਮੁੰਡਾ:** ਚਿਕਨ ਹੱਟ 'ਤੇ ਨਾਲ ਹੁੰਦੇ
ਜਦ ਚਾਰ ਕੁ ਜਾਣੇ ਨੀਂ
ਔਖੇ ਹੋਣੇਂ ਅੰਦਰੋਂ
ਇਹ ਕਿਉਂ ਮੌਜਾਂ ਮਾਣੇ ਨੀਂ
ਪੀ ਤੀਜੀ ਵੀ ਅੱਖ ਖੁੱਲ੍ਹਦੀ
ਨਾ ਗੱਲ ਕਰਦਾ ਸੰਗਾਂ ਨੀਂ...।

**ਮਾਤਾ:** ਦੱਸਣਾ ਨ੍ਹੀਂ ਜੇ ਚਾਹੁੰਦਾ ਕੋਈ
ਸੱਚ ਤੂੰ ਮੁੰਡਿਆ ਵੇ
ਮੈਂ ਤਾਂ ਆਖਾਂ ਨਜ਼ਰਾਂ ਕੋਲੋਂ
ਬਚ ਤੂੰ ਮੁੰਡਿਆ ਵੇ
ਜੇ ਗੱਲ ਕੋਈ ਨ੍ਹੀਂ ਵਿਚੋਂ
ਕਹਿ ਹੁਣ ਸਹੁੰ ਤੂੰ ਖਾ ਕੇ ਵੇ...।

**ਮੁੰਡਾ:** ਸੌ-ਸੌ ਦੇ ਨੇ ਚੱਲਦੇ
ਸਾਡੇ ਵਿਚ ਹਜ਼ਾਰਾਂ ਦੇ
ਘੁੰਮਦਾ ਫਿਰਦਾ ਵੇਖ ਕੇ
ਕਹਿੰਦੇ ਨਾਲ ਮੈਂ ਯਾਰਾਂ ਦੇ
ਰਾਜ ਜਾਣਦਾ ਚੀਮਨੇ ਜਿਹੜੀ
ਵਗਦੀ ਗੰਗਾ ਨੀਂ...।

---

## ਸਿਆਣਿਆਂ ਦਾ ਕਿਹਾ

(1) ਆਦਮੀ ਦੇ ਅੰਦਰ ਦਾ ਇਨਸਾਨ ਫੈਕਟਰੀਆਂ ਦੇ ਧੂੰਏਂ 'ਚ ਗੁੰਮ ਗਿਆ ਹੈ ਜਾਂ ਫਿਰ ਦਫਤਰੀ ਫਾਈਲਾਂ ਹੇਠ ਸਾਹ ਘੁੱਟ ਕੇ ਮਰ ਗਿਆ ਹੈ।

(2) ਇਨਸਾਨ ਲਈ ਬਹੁਤ ਜਰੂਰੀ ਹੁੰਦਾ ਹੈ ਆਪਣੇ ਸਮਾਜ ਲਈ ਜੀਣਾ, ਆਪਣੇ ਸਮਾਜ ਲਈ ਮਰਨਾ।

(3) ਪੈਸਿਆਂ ਦੇ ਢੇਰ ਹੇਠ ਦਮ ਘੁੱਟ ਰਹੇ ਰਿਸ਼ਤਿਆਂ ਵਿਚ ਇਨਸਾਨੀਅਤ ਦੀ ਹੋਂਦ ਖੁਰ ਰਹੀ ਹੈ।

(4) ਜਿਨ੍ਹਾਂ ਨੂੰ ਮਾਂਵਾਂ ਨੇ ਜਨਮ ਦਿੱਤਾ ਹੈ ਅਤੇ ਸਮਾਜ ਨੇ ਘੜਿਆ ਸੰਵਾਰਿਆ ਹੈ, ਜਦੋਂ ਜਵਾਨ ਹੁੰਦੇ ਹਨ, ਕੁਹਾੜੀ ਚੁੱਕ ਲੈਂਦੇ ਹਨ, ਉਸੇ ਸਮਾਜ ਦੀਆਂ ਜੜ੍ਹਾਂ ਵੱਢਣਾ ਸ਼ੁਰੂ ਕਰ ਦਿੰਦੇ ਹਨ।

(5) ਸਿੱਖ ਕੌਮ ਦੀ ਆਜ਼ਾਦੀਪਸੰਦ ਸੋਚ ਨੂੰ ਲਾਲਚ ਦੇ ਉਹ ਸੰਗਲ ਤੋੜਨੇ ਪੈਣਗੇ ਜਿਹੜੇ ਖਾਲਿਸਤਾਨ ਦੇ ਸੰਘਰਸ਼ ਵਿਚ ਖੜੋਤ ਲਈ ਜ਼ੁੰਮੇਵਾਰ ਹਨ।

(6) ਜਿਹੜਾ ਹਨੇਰਾ, ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਸੰਘਰਸ਼, ਦੇ ਆਸ ਪਾਸ ਪਸਰਿਆ ਹੋਇਆ ਹੈ ਇਸ ਦੀਆਂ ਜੜਾਂ ਦਿੱਲੀ ਦੇ ਹੁਕਮਰਾਨਾਂ ਅਤੇ ਹਿੰਦੂ ਮਾਫੀਆ ਦੇ ਪੈਰਾਂ ਥੱਲਿਉਂ ਨਿਕਲਦੀਆਂ ਹਨ।

(7) ਸਿੱਖਾਂ ਕੋਲ ਇਸ ਵਕਤ ਨੇਤਾ ਹਨ, ਅਗਵਾਈ ਨਹੀਂ। ਪਾਰਟੀਆਂ ਹਨ, ਜਥੇਬੰਦੀ ਨਹੀਂ। ਯੋਜਨਾਵਾਂ ਹਨ, ਤਰੱਕੀ ਨਹੀਂ। ਵਾਅਦੇ ਹਨ, ਨਿਭਾਉਣ ਦਾ ਸਬੱਬ ਨਹੀਂ। ਬਜਟ ਹੈ, ਪੈਸੇ ਨਹੀਂ। ਸਵਾਲ ਤਾਂ ਬਹੁਤ ਹਨ, ਜਵਾਬ ਕੋਈ ਨਹੀਂ।

(8) ਵੋਟਰ ਦੇ ਸਿਰ ਜਿੰਮੇਵਾਰੀ ਹੈ ਕਿ ਉਹ ਉਸ ਨੂੰ ਚੁਣੇ ਜੋ ਪੰਜਾਬ ਦੇ ਸਿੱਖਾਂ ਲਈ ਛਾਂ ਬਣ ਸਕੇ। ਵਤਨੋਂ ਬੇਵਤਨੇ ਹੋਇਆਂ ਲਈ ਸਹਾਰਾ ਬਣ ਸਕੇ। ਪੰਜਾਬ ਦਾ ਗੁੰਮ ਹੋਇਆ ਗੌਰਵ ਪਰਤਾ ਸਕੇ। ਸਿੱਖੀ ਦੀ ਖਤਮ ਹੁੰਦੀ ਜਾਂਦੀ ਅਜ਼ਮਤ ਨੂੰ ਸੰਭਾਲ ਸਕੇ।

(9) ਵੋਟਰ ਦਾ ਇਮਤਿਹਾਨ ਹੈ, ਉਸ ਨੇ ਸਿੱਖਾਂ ਦੇ ਖ਼ੂਨ 'ਚ ਲਿਬੜੇ ਹੱਥਾਂ ਵਾਲੇ ਹਾਕਮਾਂ ਦੀ ਸ਼ੈਤਾਨੀਅਤ ਨੂੰ ਰੱਦ ਕਰਨਾ ਹੈ।

(10) ਸਾਡੇ ਪਿਆਰੇ ਵੋਟਰ, ਤੂੰ ਦਸਣਾ ਹੈ ਹੁਕਮਰਾਨ ਪਾਰਟੀਆਂ ਨੂੰ ਕਿ ਕਿਉਂ ਪੰਜਾਬ ਦੇ ਗੱਭਰੂ ਪੁੱਤਰਾਂ ਨੂੰ ਘਰ ਬਾਰ ਛੱਡਣੇ ਪਏ? ਥਾਂ ਥਾਂ ਕਿਉਂ ਹਥਿਆਰ ਉਠੇ? ਕਿਉਂ ਸਿਵਿਆਂ ਦੀ ਭੂਮੀ ਬਣ ਗਿਆ ਪੰਜਾਬ?

(11) ਵਿਦਵਾਨ ਲੋਕ ਕੌਮ ਦੀ ਸ਼ਕਤੀ ਹਨ।

(12) ਜ਼ਰੂਰਤ ਲੋੜ ਦੀ ਮਾਂ ਹੁੰਦੀ ਹੈ।

(13) ਵੜੀ ਬਣਾਵੇ ਕੜੀ ਤੇ ਘਿਉ ਬਣਾਵੇ ਸਾਗ। ਕੌਮ ਦੀ ਅਜ਼ਾਦੀ ਲਈ ਉਠ ਸੁਤਿਆ ਜਾਗ।

(14) ਪੰਜਾਬ ਦੇ ਪਿੰਡਾਂ ਚ ਸਪੈਸ਼ਲਿਸਟ ਡਾਕਟਰਾਂ ਦੀ ਕਮੀ ਕਾਰਨ ਨੀਮ ਹਕੀਮਾਂ ਦੀਆਂ ਹਟੀਆਂ ਬਹੁਤ ਵਧੀਆ ਚੱਲ ਰਹੀਆਂ ਹਨ।

(15) ਦੁੱਧ ਤੇ ਮਾਸ ਦੋਵੇਂ ਖ਼ੂਨ ਨਾਲ ਬਣਦੇ ਹਨ। ਇਸ ਲਈ ਦੁੱਧ ਪੀਣ ਵਾਲਾ ਵੀ ਮਾਸਾਹਾਰੀ ਹੋਇਆ।

(16) ਦੁੱਧ ਤੇ ਖ਼ੂਨ ਵਿਚ ਕੋਈ ਫਰਕ ਨਹੀਂ ਹੁੰਦਾ, ਸਿਰਫ ਰੰਗ ਦਾ ਹੀ ਫਰਕ ਹੁੰਦਾ ਹੈ। ਖ਼ੂਨ ਤੋਂ ਹੀ ਦੁੱਧ ਬਣਦਾ ਹੈ, ਖ਼ੂਨ ਤੋਂ ਹੀ ਮਾਸ ਬਣਦਾ ਹੈ।

(17) ਸ਼ੇਰ ਭਾਵੇਂ ਭੁੱਖਾ ਮਰ ਜਾਵੇ ਘਾਹ ਨਹੀਂ ਖਾਂਦਾ ਅਤੇ ਬੱਕਰੀ ਭਾਵੇਂ ਭੁੱਖੀ ਮਰ ਜਾਵੇ ਮਾਸ ਨਹੀਂ ਖਾਂਦੀ ਪਰ ਬੰਦਾ ਹਰ ਥਾਂ ਮੂੰਹ ਮਾਰਦਾ ਫਿਰਦਾ ਹੈ।

(18) ਭਾਰਤੀ ਅਦਾਲਤਾਂ ਵਿਚ ਗੀਤਾ ਤੇ ਹੱਥ ਰੱਖ ਕੇ ਹੀ ਸੱਚ ਬੋਲਣ ਦੀ ਸਹੁੰ ਚੁਕਾਈ ਜਾਂਦੀ ਹੈ। ਜਿਨ੍ਹਾਂ ਦੀ ਗੀਤਾ ਹੈ ਉਨ੍ਹਾਂ ਦੀਆਂ ਹੀ ਅਦਾਲਤਾਂ ਹਨ। ਕਹਿਣ ਨੂੰ ਹੀ ਭਾਰਤ ਨਿਰਪੱਖ ਦੇਸ਼ ਹੈ ਪਰ ਰਾਜਕਾਜ ਸਾਰਾ ਹਿੰਦੂ ਮਾਫੀਆ ਦੇ ਅਸੂਲਾਂ ਨਾਲ ਹੀ ਚਲਦਾ ਹੈ।

(19) ਜ਼ਿੰਦਗੀ ਵਿਚ ਬਹੁਕੀਮਤੀ ਫੈਸਲੇ ਲੈਣ ਦਾ ਮੌਕਾ ਹਰ ਇਕ ਨੂੰ ਜ਼ਿਦਗੀ ਵਿਚ ਇੱਕ ਵਾਰ ਹੀ ਮਿਲਦਾ ਹੈ।

(20) ਸਿੱਖ ਧਰਮ ਹੀ ਇੱਕ ਐਸਾ ਧਰਮ ਹੈ ਜੋ ਅਣਖ ਨਾਲ ਜੀਣਾ ਵੀ ਦਸਦਾ ਹੈ ਅਤੇ ਸ਼ਰਨ ਪਿਆਂ ਨੂੰ ਮਾਫ ਕਰਨਾ ਵੀ ਸਿਖਾਉਂਦਾ ਹੈ।

(21) ਲੰਡਿਆ ਤੈਨੂੰ ਚੋਰ ਲੈ ਜਾਣ-ਲੰਡੇ ਨੇ ਕਿਹਾ-ਯਾਰਾਂ ਨੇ ਤਾਂ ਪੱਠੇ ਈ ਖਾਣੇ ਆ ਜਿਹੜਾ ਮਰਜੀ ਲੈ ਜਾਵੇ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਸਿੱਖ ਧਰਮ ਵਿਚ ਨਾਰੀ ਦਾ ਰੋਲ ਤੇ ਰੁਤਬਾ

ਪੰਥ ਖਾਲਸਾ

**ਡਾ. ਮਹਿੰਦਰ ਕੌਰ ਗਿੱਲ**

ਸਿੱਖ ਧਰਮ ਵਿਚ ਨਾਰੀ ਦੇ ਰੋਲ ਦੀ ਗੱਲ ਛੋਹਣ ਤੋਂ ਪਹਿਲਾਂ ਉਸ ਦੇ ਰੁਤਬੇ ਦੀ ਗੱਲ ਛੇੜਨੀ ਜ਼ਿਆਦਾ ਮੁਨਾਸਿਬ ਲੱਗ ਰਹੀ ਹੈ। ਨਾਰੀ ਦੀ ਹਸਤੀ ਦਾ ਸਬੰਧ ਗੁਰਮਤਿ ਦੇ ਧਾਰਮਿਕ ਤੇ ਸਮਾਜਿਕ ਪ੍ਰਸੰਗਾਂ ਨਾਲ ਅਤਿ ਸੰਘਣਾ ਹੈ। ਧਾਰਮਿਕਤਾ ਤੇ ਸਮਾਜਿਕਤਾ ਇਕੋ ਸਿੱਕੇ ਦੇ ਦੋ ਪਾਸੇ ਹਨ। ਧਰਮ-ਸੰਸਾਰ ਨੂੰ ਸਮਾਜ ਲੋੜੀਂਦਾ ਹੈ ਅਤੇ ਸਮਾਜ ਨੂੰ ਧਰਮ-ਸੰਸਾਰ ਦਾ ਓਟ-ਆਸਰਾ ਚਾਹੀਦਾ ਹੈ। ਮਜ਼੍ਹਬ ਵਿਸ਼ੇਸ਼ ਦੀ ਸਾਰਥਿਕਤਾ ਨੂੰ ਸਮਾਜਿਕ ਪ੍ਰਸੰਗ ਵਿਚ ਵੀ ਸਮਝਿਆ-ਬੁੱਝਿਆ ਜਾ ਸਕਦਾ ਹੈ।

ਗੁਰਬਾਣੀ-ਸੰਸਾਰ ਵਿਚ ਪ੍ਰੀਤ ਕੇਵਲ ਅਰੂਪ ਦਿੱਭ ਹੋਂਦ ਨਾਲ ਕੀਤੀ ਗਈ ਹੈ। ਬਾਣੀਕਾਰਾਂ ਨੇ ਅਕਾਲ ਪੁਰਖ਼ ਦੀ ਬੰਦਗੀ ਕਰਦੇ ਸਮੇਂ, ਮਿਹਰ ਤੇ ਰਹਿਮ ਮੰਗਦੇ ਸਮੇਂ, ਬੇਨਤੀ-ਜੋਦੜੀ ਕਰਦੇ ਸਮੇਂ, ਵਸਲ-ਵਿਛੋੜੇ ਦਾ ਬਿਆਨ ਕਰਦੇ ਸਮੇਂ ਜਿਸ ਸੰਚਾਰ ਮਾਡਲ ਨੂੰ ਅਪਣਾਇਆ ਹੈ, ਉਹ ਹੈ ਧਨ-ਪਿਰ। ਉਦੋਂ ਇਸਤਰੀ ਦੀ ਕੋਈ ਹੈਸੀਅਤ ਮੰਨੀ ਹੀ ਨਹੀਂ ਸੀ ਜਾਂਦੀ। ਉਹ ਤਾਂ ਵਸਤੂ ਮਾਤਰ ਸੀ ਜਿਸ ਦੀ ਵਰਤੋਂ ਲੋੜ ਪੈਣ 'ਤੇ ਕੀਤੀ ਜਾ ਸਕਦੀ ਸੀ ਤੇ ਬਸ। ਇਸਤਰੀ ਨਾਲ ਦੁਰਵਿਹਾਰ, ਅਪਮਾਨ, ਨਾ-ਬਰਾਬਰੀ ਤੇ ਹੀਣਤਾ ਦੀ ਭਾਵਨਾ ਜੁੜੀ ਹੋਈ ਸੀ। ਅਜਿਹੇ ਸਮੇਂ ਵਿਚ ਗੁਰੂ ਸਾਹਿਬਾਨ ਦੇ ਅਦੁੱਤੀ ਚਿੰਤਨ ਨੇ ਧਰਮ ਤੇ ਸਮਾਜ ਨੂੰ ਨਵਾਂ ਹਲੂਣਾ ਦਿੱਤਾ।

ਗੁਰਬਾਣੀ ਵਿਚ ਗੁਰੂ ਸਾਹਿਬਾਨ ਖ਼ੁਦ ਇਸਤਰੀ ਰੂਪ ਰਾਹੀਂ ਆਪਣਾ ਅਨੁਭਵ-ਪ੍ਰਕਾਸ਼ ਕਰਦੇ ਹਨ। ਇੰਨਾ ਤਾਂ ਸਪਸ਼ਟ ਹੀ ਹੈ ਕਿ ਕੋਈ ਵੀ ਰਚੈਤਾ ਜਾਂ ਬਾਣੀ-ਸਿਰਜਕ ਆਪਣੀ ਤੁਲਨਾ ਉਸੇ ਵਸਤੂ ਨਾਲ ਕਰਦਾ ਹੈ ਜਿਸ ਨੂੰ ਉਹ ਚੰਗਾ ਜਾਣਦਾ ਹੈ, ਮਾਨਤਾ ਦਿੰਦਾ ਹੈ। ਗੁਰਬਾਣੀ ਸਿਰਜਣ ਸੰਸਾਰ ਵਿਚ ਦੁਨਿਆਵੀ ਵਿਹਾਰ-ਸਬੰਧਾਂ ਦਾ ਪ੍ਰਤੀਕਾਤਮਕ ਪ੍ਰਗਟਾਅ ਹੀ ਮੁੱਖ ਸੰਚਾਰ-ਮਾਡਲ ਬਣ ਕੇ ਪੇਸ਼ ਹੋਇਆ ਹੈ। ਵਿਹਾਰਕ ਬਹੁਰੰਗਤਾ ਦੀ ਅਧਿਆਤਮਕ ਪ੍ਰਤੀਕ-ਵਰਤੋਂ ਗੁਰਬਾਣੀ ਰਚਨਾ-ਸੰਸਾਰ ਦਾ ਖ਼ਾਸਾ ਹੈ। ਗੁਰਬਾਣੀ "ਏਕਾ ਪੁਰਖ਼ ਸਬਾਈ ਨਾਰ" ਦੇ ਸੰਕਲਪ ਨੂੰ ਸਮਰਪਿਤ ਹੈ। ਇਸੇ ਕਰਕੇ ਭਗਤੀ-ਭਾਵਨਾ ਨੂੰ ਮਧੁਰ ਭਗਤੀ ਰਾਹੀਂ ਬੋਲ ਮਿਲੇ ਹਨ। ਇਸ ਵਿਚ ਕਾਂਤਾ-ਕੰਤ ਸਬੰਧਨੀ ਭਗਤੀ ਹੈ ਜਿਸ ਦੇ ਅਧੀਨ ਪਿਰ-ਪਿਰੀਆ, ਪਤੀ-ਪਤਨੀ, ਜੀਵਾਤਮਾ-ਪਰਮਾਤਮਾ ਆਦਿ ਧਿਰਾਂ ਰੂਪਮਾਨ ਹੋਈਆਂ ਹਨ। ਬਾਣੀ-ਸਿਰਜਣ-ਪ੍ਰਵਾਹ ਵਿਚ ਇਸਤਰੀ ਮੁੱਖ ਪ੍ਰਗਟਾਅ ਨੂੰ ਖ਼ਾਸੀ ਮਾਨਤਾ ਪ੍ਰਾਪਤ ਹੈ:

ਲਾਲਨ ਰਾਵਿਆ ਕਵਨ ਗਤੀ ਰੀ।
ਸਖੀ ਬਤਾਵਹੁ ਮੁਝਹਿ ਮਤੀ ਰੀ।
(ਪੰਨਾ 739)
ਸੁਣਿ ਯਾਰ ਹਮਾਰੇ ਸਜਣ
ਇਕ ਕਰਉ ਬੇਨੰਤੀਆ। (ਪੰਨਾ 703)
ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰ।
ਇਤੀ ਮੰਝਿ ਨਾ ਸਮਾਵਈ
ਜੇ ਗਲਿ ਪਹਿਰਾ ਹਾਰੁ।। (ਪੰਨਾ 1095)

ਇਥੇ ਇਸਤਰੀ-ਪੁਰਖ ਪ੍ਰਤੀਕ ਤੋਂ ਟੋਹ ਪ੍ਰਾਪਤ ਹੁੰਦੀ ਹੈ ਕਿ ਗੁਰੂ ਸਾਹਿਬਾਨ ਦਾ ਇਸਤਰੀ ਵੱਲ ਰਵੱਈਆ ਆਦਰ ਦੀ ਭਾਵਨਾ ਵਾਲਾ ਸੀ। ਨਹੀਂ ਤਾਂ ਆਪਣੇ ਆਪ ਦੀ ਤੁਲਨਾ ਜਾਂ ਬਰਾਬਰੀ ਉਹ ਇਸਤਰੀ ਰੂਪ ਨਾਲ ਨਹੀਂ ਸਨ ਕਰ ਸਕਦੇ। ਨਾਲੇ, ਸਿੱਖ ਧਰਮ ਵਿਚ ਤਾਂ ਆਤਮਿਕ ਉਚਾਈਆਂ ਦੇ ਛੋਹਣ ਨੂੰ ਥਿਰ-ਸੁਹਾਗ ਦਾ ਨਾਮ ਦਿੱਤਾ ਗਿਆ ਹੈ।

ਇਸ ਪ੍ਰਸੰਗ ਵਿਚ ਇਕ ਹੋਰ ਗੱਲ ਵੀ ਜਾਣਨਯੋਗ ਹੈ। ਜਦੋਂ ਦਸਮ ਪਾਤਸ਼ਾਹ ਨੇ ਅੰਮ੍ਰਿਤਪਾਨ ਦੀ ਰਸਮ ਬਣਾਈ ਤਾਂ ਸਿੱਖ ਪੁਰਖਾਂ ਲਈ 'ਸਿੰਘ' ਤੇ ਸਿੱਖ ਇਸਤਰੀਆਂ ਲਈ 'ਕੌਰ' ਸ਼ਬਦਾਂ ਦਾ ਵਿਧਾਨ ਕਰ ਦਿੱਤਾ। 'ਸਿੰਘ' ਨਾਮ-ਵਿਸ਼ੇਸ਼ ਦੇ ਅੰਤ ਵਿਚ ਲਗਾਇਆ ਜਾਂਦਾ ਤੇ ਇਸੇ ਤਰ੍ਹਾਂ 'ਕੌਰ' ਵੀ। ਇਸ ਦਾ ਅਰਥ ਇਹ ਕਦਾਚਿਤ ਨਹੀਂ ਕਿ 'ਸਿੰਘ' ਜਾਂ 'ਕੌਰ' ਸ਼ਬਦ ਦੀ ਵਰਤੋਂ ਪਹਿਲੇ ਨਹੀਂ ਸੀ ਹੁੰਦੀ ਸਗੋਂ 'ਸਿੰਘ' ਸ਼ਬਦ ਦੀ ਵਰਤੋਂ ਤਾਂ ਪੰਜਾਬ ਤੋਂ ਇਲਾਵਾ ਭਾਰਤ ਦੇ ਹੋਰ ਖਿੱਤਿਆਂ ਵਿਚ ਵੀ ਕੀਤੀ ਜਾਂਦੀ ਸੀ। ਧਿਆਨਯੋਗ ਨੁਕਤਾ ਤਾਂ ਇਹ ਹੈ ਕਿ 'ਸਿੰਘ' ਸ਼ਬਦ ਦੀ ਵਰਤੋਂ ਹਮੇਸ਼ਾ ਪੁਰਸ਼ਾਂ ਜਾਂ ਪੁਲਿੰਗ ਨਾਲ ਹੀ ਹੁੰਦੀ ਰਹੀ ਹੈ। ਇਸੇ ਤਰ੍ਹਾਂ 'ਕੌਰ' ਸ਼ਬਦ ਦੀ ਵਰਤੋਂ ਵੀ ਇਸਤਰੀਆਂ ਦੇ ਨਾਮ ਨਾਲ ਦਸਮ ਗੁਰੂ ਤੋਂ ਪਹਿਲਾਂ ਵੀ ਹੁੰਦੀ ਰਹੀ ਹੈ। ਗੁਰੂ-ਇਤਿਹਾਸ ਗਵਾਹ ਹੈ ਕਿ ਗੁਰੂ ਅੰਗਦ ਦੇਵ ਦੀ ਮਾਤਾ ਦਾ ਨਾਂ ਦਇਆ ਕੌਰ ਤੇ ਗੁਰੂ ਰਾਮਦਾਸ ਜੀ ਦੀ ਮਾਤਾ ਦਾ ਨਾਂ ਦਯਾ ਕੌਰ ਸੀ। ਗੁਰੂ ਹਰਿਰਾਇ ਜੀ ਦੀ ਸਪੁੱਤਰੀ ਦਾ ਨਾਂ ਰੂਪ ਕੌਰ ਸੀ। ਜ਼ਾਹਿਰ ਹੈ, ਗੁਰੂਘਰ ਵਿਚ ਨਾਮ ਦੇ ਅਖ਼ੀਰ ਵਿਚ 'ਕੌਰ' ਸ਼ਬਦ ਦੀ ਵਰਤੋਂ ਦਸਮ ਪਾਤਸ਼ਾਹ ਤੋਂ ਪਹਿਲਾਂ ਵੀ ਹੁੰਦੀ ਰਹੀ ਹੈ। ਸਵਾਲ ਇਹ ਨਹੀਂ ਕਿ ਦਸਮ ਗੁਰੂ ਤੋਂ ਪਹਿਲਾਂ 'ਸਿੰਘ ਅਤੇ ਕੌਰ' ਸ਼ਬਦਾਂ ਦੀ ਵਰਤੋਂ ਪੁਲਿੰਗ ਤੇ ਇਸਤਰੀ ਲਿੰਗ ਲਈ ਕੀਤੀ ਜਾਂਦੀ ਸੀ। ਸਵਾਲ ਹੈ, ਜਦੋਂ ਦਸਮ ਗੁਰੂ ਕੌਮ ਉਸਾਰੀ ਕਰਨ ਲੱਗੇ ਤਾਂ ਜਿਸ ਤਰ੍ਹਾਂ ਪੁਰਖਾਂ ਲਈ ਸਿੰਘ ਸ਼ਬਦ ਨਾਮ-ਅੰਤ ਦਾ ਵਿਧਾਨ ਕੀਤਾ, ਉਸੇ ਤਰ੍ਹਾਂ ਇਸਤਰੀਆਂ ਲਈ 'ਕੌਰ' ਸ਼ਬਦ ਨੂੰ ਨਾਮ-ਅੰਤ ਦਾ ਵਿਧਾਨ ਕੀਤਾ।

'ਸਿੰਘ ਅਤੇ ਕੌਰ' ਸ਼ਬਦ ਦੀ ਅਰਥ-ਮੁੱਖ ਵਿਆਖਿਆ ਵੀ ਕੀਤੀ ਜਾ ਸਕਦੀ ਹੈ। ਮਹਾਨ ਕੋਸ਼ (353) ਅਨੁਸਾਰ ਸਿੰਘ ਜਿਥੇ ਸ਼ਿਰੋਮਣੀ, ਸ੍ਰੇਸ਼ਟ, ਉੱਤਮ ਤੇ ਸੂਰਬੀਰ ਦੇ ਅਰਥਾਂ ਦਾ ਧਾਰਨੀ ਹੈ, ਉਥੇ ਕੌਰ ਸ਼ਬਦ (ਮਹਾਨ ਕੋਸ਼, 193) ਕੰਵਰ (ਬਾਦਸ਼ਾਹ ਦੇ ਜੇਠੇ ਪੁੱਤਰ) ਅੰਗ ਦਾ ਜੋੜ, ਬੁਰਕੀ (ਗ੍ਰਾਹੀ) ਆਦਿ ਦੇ ਅਰਥਾਂ ਵਿਚ ਵੀ ਗ੍ਰਹਿਣ ਕੀਤਾ ਜਾਂਦਾ ਹੈ। ਮਾਲੂਮ ਹੁੰਦਾ ਹੈ, ਜਿਥੇ ਦਸਮ ਗੁਰੂ ਨੇ ਪੁਰਖ ਪ੍ਰਧਾਨ ਸਮਾਜ ਵਿਚ ਮਰਦ ਦੀ ਬਹਾਦਰੀ ਨੂੰ ਵਡਿਆਇਆ, ਉਥੇ ਉਸ ਦੀ ਸ੍ਰੇਸ਼ਟਤਾ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ। ਇਸ ਤਰ੍ਹਾਂ ਖ਼ਾਲਸਾ ਪੰਥ ਵਿਚ 'ਸਿੰਘ' ਸੂਰਬੀਰਤਾ ਅਤੇ ਸ੍ਰੇਸ਼ਟਤਾ ਦਾ ਸੰਗਮ ਹੈ। ਉਹ ਸਿੰਘ ਕਦਾਚਿਤ ਉੱਤਮ ਨਹੀਂ ਜੋ ਸ੍ਰੇਸ਼ਟ ਗੁਣਾਂ ਦਾ ਧਾਰਨੀ ਨਹੀਂ। ਸ੍ਰੇਸ਼ਟ ਗੁਣਾਂ ਕਰਕੇ ਹੀ ਸਿੰਘ ਸ਼੍ਰੋਮਣੀ ਹੈ ਤੇ ਕੌਮੀ ਉਸਾਰੀ ਅਤੇ ਕੌਮੀ ਚਰਿੱਤਰ ਨਿਰਮਾਣ ਕਰਦੇ ਸਮੇਂ ਦਸਮ ਗੁਰੂ ਨੇ ਆਪਣੇ ਪੈਰੋਕਾਰਾਂ ਵਿਚ ਸਰਬ ਸ੍ਰੇਸ਼ਟ ਗੁਣ-ਗ੍ਰਹਿਣ ਕਰਨ ਉਪਰ ਸਭ ਤੋਂ ਜ਼ਿਆਦਾ ਬਲ ਦਿੱਤਾ। ਖ਼ਾਸ ਕਰਕੇ ਉਹ ਗੁਣ ਜਿਨ੍ਹਾਂ ਦਾ ਸਬੰਧ ਵਿਅਕਤੀ, ਸਮਾਜ, ਆਤਮਿਕ-ਆਚਰਣਤਾ ਤੇ ਰਾਜਨੀਤੀ ਨਾਲ ਸੀ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਸਮਾਜਿਕ ਹੈਸੀਅਤ ਉਤੇ ਬਹੁਤ ਥਾਈਂ ਮਹੱਤਵਪੂਰਨ ਟਿੱਪਣੀ ਕੀਤੀ ਹੈ। ਤਤਕਾਲੀ ਸਮਾਜ ਵਿਚ ਇਸਤਰੀ ਦੇ ਨਾਮ ਨਾਲ ਕਈ ਕਰਮ-ਪਖੰਡ ਜੁੜੇ ਹੋਏ ਹਨ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਸੂਤਕ ਤੇ ਸੁੱਚਮ ਆਦਿ ਨਾਲ ਜੁੜੇ ਸਲੋਕਾਂ ਵਿਚ ਇਸ ਦੇ ਸਪਸ਼ਟ ਸੰਕੇਤ ਦਿੱਤੇ ਹਨ। ਹੋਰ ਤਾਂ ਹੋਰ, ਇਸਤਰੀ ਦੀ ਇੰਨੀ ਭੰਡੀ ਕੀਤੀ ਗਈ ਕਿ ਉਸ ਦਾ ਨਾਮ ਹੀ 'ਭੰਡਿ' ਪੈ ਗਿਆ। 'ਭੰਡਿ ਜੰਮੀਐ ਭੰਡਿ ਨਿੰਮੀਏ' ਵਾਲੇ ਸਲੋਕ ਵਿਚ ਪਹਿਲੀ ਵਾਰ ਇਸਤਰੀ ਨੂੰ ਸਮਾਜ ਦੀ 'ਬੁਨਿਆਦੀ ਇਕਾਈ' ਦੇ ਤੌਰ 'ਤੇ ਕਬੂਲ ਕਰ ਕੇ ਆਂਕਿਆ ਗਿਆ। ਮੱਧਕਾਲੀ ਕਾਵਿ-ਸਿਰਜਣਾ ਵਿਚ ਇਸਤਰੀ ਦੀ ਹੈਸੀਅਤ ਬਾਰੇ ਇੰਨੇ ਸਪਸ਼ਟ ਬੋਲ ਪਹਿਲੀ ਵੇਰਾਂ ਬਾਬੇ ਨਾਨਕ ਨੇ ਕਹੇ। ਗੁਰੂ ਇਤਿਹਾਸ ਗਵਾਹ ਹੈ, ਸਭ ਤੋਂ ਪਹਿਲਾਂ ਬੇਬੇ ਨਾਨਕੀ ਨੇ ਗੁਰੂ ਨਾਨਕ ਦੇਵ ਦੇ ਧਰਮ ਨੂੰ ਧਾਰਨ ਕੀਤਾ। ਜ਼ਾਹਿਰ ਹੈ, ਗੁਰਮਤਿ ਨੂੰ ਧਾਰਨ ਕਰਨ ਵਾਲੀ ਸਰਬ ਪ੍ਰਥਮ ਇਸਤਰੀ ਸੀ। ਸਿੱਖ ਧਰਮ ਵਿਚ ਇਸਤਰੀ ਜਾਤੀ ਨੂੰ ਕਿਤਨਾ ਵੱਡਾ ਮਾਣ ਪ੍ਰਾਪਤ ਹੈ! ਗੁਰੂ ਅਮਰਦਾਸ ਜੀ ਨੇ ਜਦੋਂ ਦੇਸ-ਪਰਦੇਸ ਵਿਚ ਧਰਮ ਪ੍ਰਚਾਰ ਕਰਨ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਤਾਂ ਦੋ ਮੰਜੀਆਂ 'ਸਚਨ ਸਚ' ਅਤੇ 'ਮਥੋ ਮੁਰਾਰੀ' ਇਸਤਰੀਆਂ ਨੂੰ ਦਿੱਤੀਆਂ ਤੇ ਨਾਲ ਹੀ 72 ਪੰਘੂੜੇ ਵੀ ਸਥਾਪਤ ਕੀਤੇ। ਪੰਘੂੜੇ ਦੀ ਸਾਰਥਿਕਤਾ ਇਹ ਹੈ ਕਿ ਮਾਂਵਾਂ-ਬੀਵੀਆਂ ਆਪਣੇ ਹੱਥਾਂ ਨਾਲ ਆਪਣੇ ਬਾਲਾਂ ਦੇ ਪੰਘੂੜਿਆਂ ਨੂੰ ਝੂਟੇ ਦਿੰਦੀਆਂ ਦਿੰਦੀਆਂ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਚਿਤਾਰਦੀਆਂ ਰਹਿੰਦੀਆ ਸਨ ਤੇ ਨਾਲ ਹੀ ਆਂਢ-ਗੁਆਂਢ ਵਿਚ ਗੁਰੂਘਰ ਦਾ ਪ੍ਰਚਾਰ ਕਰਦੀਆਂ ਰਹਿੰਦੀਆਂ ਸਨ। ਫਲਸਰੂਪ, ਗੁਰੂ-ਉਪਦੇਸ਼ ਮਾਂਵਾਂ ਦੇ ਦੁੱਧ ਦੇ ਨਾਲ ਬੱਚਿਆਂ ਵਿਚ ਸੰਸਕਾਰਿਤ ਹੁੰਦੇ ਗਏ। ਜਾਣਨਯੋਗ ਤੱਥ ਤਾਂ ਇਹ ਹੈ, ਮੱਧਕਾਲ ਵਿਚ ਜਿਥੇ ਇਸਤਰੀ ਜਾਤੀ ਨਾਲ ਇੰਨੀ ਹੀਣ ਭਾਵਨਾ ਜੁੜੀ ਹੋਈ ਸੀ, ਉਥੇ ਗੁਰੂ ਅਮਰਦਾਸ ਨੇ ਇਸਤਰੀ ਜਾਤੀ ਨੂੰ ਇੰਨਾ ਉਚਾ ਚੁੱਕਿਆ ਕਿ ਇਸਤਰੀ ਨੂੰ ਧਰਮ ਪ੍ਰਚਾਰ ਕਰਨ ਦੇ ਯੋਗ ਸਮਝ ਕੇ ਮੰਜੀਆਂ ਤੇ ਪੰਘੂੜਿਆਂ ਦੀ ਸਥਾਪਨਾ ਕਰ ਦਿੱਤੀ।

ਸੰਕੇਤ ਕੀਤਾ ਜਾ ਚੁੱਕਾ ਹੈ ਕਿ ਮੱਧਕਾਲ ਵਿਚ ਇਕੋ-ਇਕ ਅਜਿਹੇ ਬਾਣੀਕਾਰ ਹੋਏ ਹਨ ਜਿਨ੍ਹਾਂ ਨੇ ਨਾਰੀ ਨੂੰ ਸਮਾਜ ਦੀ ਕੇਂਦਰੀ ਇਕਾਈ ਮੰਨ ਕੇ ਉਸ ਦੀ ਸਹੀ ਤਸਵੀਰ ਨੂੰ ਸਮਾਜ ਦੇ ਰੂਬਰੂ ਕੀਤਾ ਹੈ। ਤਤਕਾਲੀ ਸਮਾਜ ਵਿਚ ਨਾਰੀ ਭੰਡੀ ਦਾ ਵਿਸ਼ਾ ਸੀ। ਗੁਰੂ ਨਾਨਕ ਦੇਵ ਨੇ ਪਹਿਲੀ ਵੇਰਾਂ ਨਾਰੀ ਦੀ ਵਿਗੜੀ ਹੋਈ ਤਸਵੀਰ ਨੂੰ ਸਹੀ ਰੂਪ ਵਿਚ ਰੂਪਮਾਨ ਕੀਤਾ। ਨਾਰੀ ਨਿੰਦਿਆ ਦੇ ਅਨੇਕ ਮੁੱਖ ਕਾਰਨ ਸਨ। ਪਹਿਲਾਂ ਉਹ ਸਰੀਰ ਕਰਕੇ ਮਰਦ ਦੇ ਮੁਕਾਬਲੇ ਦੁਰਬਲ ਸੀ। ਇਸ ਦਾ ਇਕ ਕਾਰਨ ਹੋਰ ਵੀ ਹੈ, ਉਸ ਦੀ ਆਰਥਿਕ ਨਿਰਭਰਤਾ। ਇਸਤਰੀ ਦਾ ਦੇਹੀ-ਧਰਮ ਵੀ ਉਸ ਦੇ ਪਛੜੇਵੇਂ ਦਾ ਕਾਰਨ ਬਣਿਆ ਹੋਇਆ ਸੀ। ਉਸ ਨੂੰ ਮਾਸਿਕ ਧਰਮ ਦੇ ਦਿਨਾਂ ਵਿਚ ਅਪਵਿੱਤਰ ਗਿਣਿਆ ਜਾਂਦਾ ਸੀ। ਦੁਨੀਆਂ ਦਾ ਸਭ ਤੋਂ ਹੁਸੀਨ ਕੰਮ ਪਿਆਰੇ ਜਿਹੇ ਸੋਹਣੇ ਉਜਲੇ ਬਾਲ ਨੂੰ ਜਨਮ ਦੇਣਾ ਹੈ। ਕੁਦਰਤ ਦੀ ਕਰਤਾਰੀ ਸ਼ਕਤੀ ਦਾ ਕ੍ਰਿਸ਼ਮਾ ਮਾਤਾ ਰਾਹੀਂ ਹੀ ਰੂਪ ਗ੍ਰਹਿਣ ਕਰਦਾ ਹੈ। ਸਮਾਜ ਨੇ ਜਸ਼ਨ ਦੇ ਦਿਨਾਂ ਨੂੰ ਸੂਤਕ ਦਾ ਨਾਮ ਦੇ ਰੱਖਿਆ ਸੀ। ਗੁਰੂ ਨਾਨਕ ਦੇਵ ਦੀ ਸਿਹਤਮੰਦ ਦ੍ਰਿਸ਼ਟੀ ਕਾਰਨ ਸਿੱਖ ਸਮਾਜ ਵਿਚ ਨਾਰੀ ਅਦਬ ਦਾ ਪਾਤਰ ਬਣ ਗਈ। ਇਸ ਦਾ ਪਹਿਲਾ ਪ੍ਰਮਾਣ ਉਨ੍ਹਾਂ ਨੇ ਆਪਣੀ ਘਰੋਗੀ ਸਬੰਧਾਂ ਵਿਚੋਂ ਦਿੱਤਾ। ਨਾਰੀ ਕਿਸੇ ਨਾਲੋਂ ਘੱਟ ਨਹੀਂ। ਉਹ ਪਤੀ ਦੇ ਸੰਗ-ਸਾਥ ਵਿਚ ਹੀ ਰਹਿ ਸਕਦੀ ਹੈ ਤੇ ਲੋੜ ਪੈਣ 'ਤੇ ਇਕੱਲਿਆਂ ਵੀ ਪਰਿਵਾਰ ਦੀ ਸਾਂਭ-ਸੰਭਾਲ ਕਰ ਸਕਦੀ ਹੈ। ਗੁਰੂ ਸਾਹਿਬ ਅਨੇਕ ਵਾਰ ਪ੍ਰਚਾਰ ਦੌਰਿਆਂ 'ਤੇ ਗਏ। ਮਾਤਾ ਸੁਲੱਖਣੀ ਨੇ ਬੜੇ ਜ਼ੇਰੇ ਤੇ ਹੁਸ਼ਿਆਰੀ ਨਾਲ ਆਪਣੇ ਬਾਲਾਂ ਦੀ ਪਰਵਰਿਸ਼ ਕੀਤੀ। ਗੁਰੂ ਨਾਨਕ ਦੇਵ ਮਾਤਾ ਸੁਲੱਖਣੀ ਵਿਚ ਉਹ ਰੂਹ ਫੂਕ ਦਿੱਤੀ ਤੇ ਉਸ ਦਾ ਮਨੋਬਲ ਇਤਨਾ ਉਚਾ ਹੋ ਗਿਆ ਕਿ ਉਹ ਗੁਰੂ ਦੇ ਮਿਸ਼ਨ ਵਿਚ ਬਹੁਤ ਕਾਰਗਰ ਸਾਬਤ ਹੋਈ। ਉਸ ਨੇ ਆਪਣੇ ਪਤੀ ਨੂੰ ਇਤਨਾ ਵਿਸ਼ਵਾਸ ਦਿੱਤਾ ਕਿ ਉਹ ਘਰ ਦੀ, ਬੱਚਿਆਂ ਦੀ ਚਿੰਤਾ ਤੋਂ ਮੁਕਤ ਹੋ ਕੇ ਜਲਦੇ-ਬਲਦੇ ਸੰਸਾਰ ਦਾ ਉਧਾਰ ਕਰਨ ਲਈ ਲੰਮੇ ਅਰਸੇ ਲਈ ਘਰੋਂ ਬਾਹਰ ਰਹਿ ਸਕੇ। ਆਤਮ-ਵਿਸ਼ਵਾਸ ਕਾਰਨ ਹੀ ਮਾਤਾ ਸੁਲੱਖਣੀ ਨੇ ਨਾ ਕਦੇ ਸ਼ਿਕਾਇਤ ਕੀਤੀ ਤੇ ਨਾ ਹੀ ਕੋਈ ਰੰਜਿਸ਼ ਰੱਖੀ।



ਗੁਰੂਘਰ ਵਿਚ ਸਿਮਰਨ ਤੇ ਸੇਵਾ ਮੂਲ ਮਹੱਤਵ ਦੇ ਅਧਿਕਾਰੀ ਤੱਤ ਹਨ। ਗੁਰੂ ਨਾਨਕ ਦੇਵ ਨੇ ਜਦੋਂ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਸੌਂਪ ਦਿੱਤੀ ਤੇ ਉਨ੍ਹਾਂ ਨੂੰ ਕਰਤਾਰਪੁਰ ਤੋਂ ਖਡੂਰ ਸਾਹਿਬ ਜਾਣ ਵਾਸਤੇ ਆਦੇਸ਼ ਦਿੱਤਾ ਤਾਂ ਖਡੂਰ ਸਾਹਿਬ ਇਕ ਦਿਨ ਮਾਤਾ ਖੀਵੀ ਨੇ ਸਹਿਜ ਸੁਭਾਅ ਹੀ ਗੁਰੂ ਨਾਨਕ ਦੇਵ ਨੂੰ ਯਾਦ ਕਰ ਕੇ ਆਪਣੇ ਪਤੀ ਗੁਰੂ ਅੰਗਦ ਦੇਵ ਨੂੰ ਪੁੱਛਿਆ, "ਕੀ ਬਾਬੇ ਨਾਨਕ ਨੇ ਮੇਰੇ ਲਈ ਵੀ ਕੁਝ ਹੁਕਮ ਕੀਤਾ ਸੀ?" ਗੁਰੂ ਅੰਗਦ ਦੇਵ ਨੇ ਕਿਹਾ, "ਹਾਂ, ਜਦੋਂ ਮੇਰੇ ਦਾਤੇ ਨੇ ਮੈਨੂੰ ਸ਼ਬਦ ਦੀ ਦੌਲਤ ਵੰਡਣ ਦੀ ਆਗਿਆ ਕੀਤੀ ਸੀ ਤਾਂ ਤੇਰੇ ਹਿੱਸੇ ਅੰਨ ਤੇ ਦੇਗ ਦਾ ਕੜਛਾ ਆਇਆ ਸੀ, ਨਿਸ਼ੰਗ ਹੋ ਕੇ ਵਰਤਾਅ।" (ਮਹਿਮਾ ਪਰਕਾਸ਼, ਸਰੂਪ ਦਾਸ ਭੱਲਾ) ਇਸ ਦੀ ਪੁਸ਼ਟੀ ਰਾਮਕਾਲੀ ਦੀ ਵਾਰ ਤੋਂ ਹੋ ਜਾਂਦੀ ਹੈ:

(ੳ) ਲੰਗਰੁ ਚਲੈ ਗੁਰ ਸਬਦਿ
ਹਰਿ ਤੋਟਿ ਨ ਆਵੀ ਖਟੀਐ॥
(ਅ) ਲੰਗਰੁ ਦਉਲਤਿ ਵੰਡੀਐ
ਰਸੁ ਅੰਮ੍ਰਿਤ ਖੀਰਿ ਘਿਆਲੀ॥

ਇਥੋਂ ਹੀ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਦੀ ਸਮਾਜਿਕ ਦ੍ਰਿਸ਼ਟੀ ਨਾਰੀ ਦੇ ਪ੍ਰਸੰਗ ਵਿਚ ਅਤਿਅੰਤ ਸੰਤੁਲਿਤ ਸੀ। ਪੁਰਖ ਜੇ ਗੁਰੂ ਸ਼ਬਦ ਦਾ ਪ੍ਰਚਾਰ ਕਰ ਰਿਹਾ ਸੀ ਤਾਂ ਇਸਤਰੀ ਖਾਣ-ਪੀਣ ਦਾ ਪ੍ਰਬੰਧ। ਗੁਰੂਘਰ ਵਿਚ ਅੱਗੇ ਚਲ ਕੇ ਲੰਗਰ ਅਜਿਹੀ ਗੌਰਵਸ਼ਾਲੀ



ਪਰੰਪਰਾ ਬਣ ਕੇ ਸਾਹਮਣੇ ਆਇਆ ਕਿ ਅੱਜ ਵੀ ਕੌਮਾਂਤਰੀ ਪੱਧਰ 'ਤੇ ਇਸ ਦਾ ਹੋਰ ਕੋਈ ਸਾਨੀ ਨਹੀਂ। ਗੁਰੂ ਅੰਗਦ ਦੇਵ ਲੰਗਰ ਦਾ ਪ੍ਰਬੰਧ ਮਾਤਾ ਖੀਵੀ ਨੂੰ ਸੌਂਪ ਕੇ ਨਿਸ਼ਚਿੰਤ ਹੋ ਗਏ। ਇਹ ਲੰਗਰ ਕਿਸੇ ਇਕ-ਅੱਧ ਵਾਸਤੇ ਨਹੀਂ ਸੀ ਸਗੋਂ ਸੈਂਕੜੇ ਗ਼ਰੀਬ ਗੁਰਬੇ ਗੁਰੂਘਰ ਵਿਚ ਪਲਦੇ ਰਹੇ ਹਨ। ਕਮਾਲ ਇਹ ਕਿ ਇਥੇ ਕੋਈ ਪੱਖਪਾਤ ਨਹੀਂ ਸੀ। ਹਰ ਧਰਮ ਦਾ, ਹਰ ਮਜ਼੍ਹਬ ਦਾ, ਹਰ ਵਰਗ ਦਾ, ਹਰ ਜ਼ਾਤ ਦਾ, ਹਰ ਸ਼੍ਰੇਣੀ ਦਾ ਮਨੁੱਖ ਇਸ ਥਾਂ ਪ੍ਰਸ਼ਾਦ ਛਕ ਸਕਦਾ ਸੀ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਲੰਗਰ ਦੀ ਪ੍ਰਬੰਧਕ ਇਸਤਰੀ ਮਾਂ ਮਨੁੱਖ ਮਾਤਰ ਦੀ ਜਣਨੀ ਹੈ। ਜਗਤ ਜਣਨੀ ਨੂੰ ਦਵੈਖ ਪੋਹ ਹੀ ਨਹੀਂ ਸਕਦੀ। ਉਹ ਵਿਤਕਰਾ ਕਰ ਹੀ ਨਹੀਂ ਸਕਦੀ। ਮਾਤਾ ਖੀਵੀ ਦੀ ਮਹਿਮਾ ਸੱਤਾ ਬਲਵੰਡ ਨੇ ਕਈ ਥਾਈਂ ਕੀਤੀ ਹੈ:

ਬਲਵੰਡ ਖੀਵੀ ਨੇਕ ਜਨ
ਜਿਸ ਬਹੁਤੀ ਛਾਉ ਪ੍ਰਤ੍ਰਾਲੀ॥
ਲੰਗਰ ਦਉਲਤਿ ਵੰਡੀਐ
ਰਸੁ ਅੰਮ੍ਰਿਤ ਖੀਰਿ ਘਿਆਲੀ॥
ਗੁਰ ਸਿਖਾਂ ਦੇ ਮੁਖ ਉਜਲੇ
ਮਨਮੁਖ ਥੀਏ ਪਰਾਲੀ॥
ਪਏ ਕਬੂਲੁ ਖਸੰਮ ਨਾਲਿ
ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਈ
ਜਿਨਿ ਗੋਇ ਉਠਾਲੀ॥ (ਪੰਨਾ 967)

ਗੁਰੂ ਅਮਰਦਾਸ ਵੇਲੇ ਮਾਤਾ ਮਨਸਾ ਦੇਵੀ ਨੇ ਨਾਰੀ-ਉਥਾਨ ਦਾ ਬੀੜਾ ਚੁੱਕ ਲਿਆ। ਉਨ੍ਹਾਂ ਆਪਣੇ ਪਤੀ ਦੀ ਸਹਾਇਤਾ ਨਾਲ ਵਿਧਵਾ ਦੇ ਪੁਨਰ-ਵਿਆਹ ਦੀ ਤਜਵੀਜ਼ ਸਮਾਜ ਨੂੰ ਦਿੱਤੀ। ਸਤੀ ਪ੍ਰਥਾ ਦਾ ਵਿਰੋਧ ਗੁਰੂ ਅਮਰਦਾਸ ਨੇ ਕੀਤਾ। ਉਸ ਜ਼ਮਾਨੇ ਵਿਚ ਜਦੋਂ ਨਾਰੀ ਬਹੁਤ ਬੁਰੀ ਤਰ੍ਹਾਂ ਲਤਾੜੀ ਹੋਈ ਸੀ, ਗੁਰੂ ਜੀ ਨੇ ਉਸ ਨੂੰ ਗੁਰੂ ਦਰਬਾਰ ਵਿਚ ਘੁੰਡ ਕੱਢ ਕੇ ਨਹੀਂ ਸਗੋਂ ਨੰਗੇ ਮੂੰਹ ਆਉਣ ਦਾ ਆਦੇਸ਼ ਦਿੱਤਾ ਤੇ ਇਹ ਹੁਕਮ ਕਰੜਾਈ ਨਾਲ ਨਿਭਾਇਆ ਗਿਆ। ਹੋਰ ਤਾਂ ਹੋਰ, ਜਦੋਂ ਵੀ ਕੋਈ ਇਸਤਰੀ ਗੁਰੂ ਦਰਬਾਰ ਵਿਚ ਘੁੰਡ ਕੱਢ ਕੇ ਆਉਂਦੀ, ਉਸ ਨੂੰ ਤਾੜਨਾ ਕੀਤੀ ਜਾਂਦੀ। ਇਸ ਦਾ ਅਰਥ ਇਹ ਹੋਇਆ ਕਿ ਔਰਤਾਂ ਪਹਿਲੋਂ ਪਹਿਲ ਗੁਰੂ ਦਰਬਾਰ ਵਿਚ ਬਿਨਾਂ ਘੁੰਡ ਕੱਢੇ ਆਉਣ ਲੱਗ ਪਈਆਂ ਤੇ ਫਿਰ ਸਮਾਜ ਵਿਚ ਵੀ ਉਹ ਇਸ ਇੱਲਤ ਤੋਂ ਮੁਕਤ ਹੋ ਗਈਆਂ। ਉਪਰ ਅੰਕਿਤ ਤਿੰਨ ਤੱਥ-ਵਿਧਵਾ ਦਾ ਪੁਨਰ ਵਿਆਹ, ਸਤੀ ਪ੍ਰਥਾ ਦੀ ਸਮਾਪਤੀ ਤੇ ਪਰਦਾ ਨਸ਼ੀਨੀ ਦਾ ਅੰਤ ਇਸ ਗੱਲ ਦੇ ਪ੍ਰਮਾਣ ਹਨ ਕਿ ਗੁਰੂਘਰ ਵਿਚ ਨਾਰੀ ਦਾ ਰੁਤਬਾ ਕਿਸੇ ਮਰਦ ਨਾਲੋਂ ਘੱਟ ਨਹੀਂ ਮੰਨਿਆ ਗਿਆ। ਜੇ ਪੁਰਖ ਰੰਡਾ ਹੋਣ 'ਤੇ ਦੂਜੀ ਸ਼ਾਦੀ ਕਰ ਸਕਦਾ ਸੀ ਤਾਂ ਇਸਤਰੀ ਨੂੰ ਵੀ ਇਜਾਜ਼ਤ ਸੀ। ਇਸਤਰੀ ਦੀ ਮੌਤ ਮਗਰੋਂ ਜੇ ਮਰਦ ਨੂੰ ਜੀਊਂਦੇ ਰਹਿਣ ਦਾ ਹੱਕ ਪ੍ਰਾਪਤ ਸੀ ਤਾਂ ਗੁਰੂ ਜੀ ਨੇ ਨਾਰੀ ਨੂੰ ਵੀ ਇਹ ਦਿਵਾ ਦਿੱਤਾ। ਜੇ ਮਰਦ ਆਜ਼ਾਦ ਨੰਗੇ ਮੂੰਹ ਫਿਰ ਸਕਦੇ ਸਨ ਤਾਂ ਬੀਬੀਆਂ ਨੂੰ ਗੁਰੂ ਮਹਾਰਾਜ ਨੇ ਇਹ ਇਜਾਜ਼ਤ ਦੇ ਦਿੱਤੀ। ਧਿਆਨ ਨਾਲ ਵਾਚਿਆਂ ਪਤਾ ਲੱਗਦਾ ਹੈ, ਸਿੱਖ ਧਰਮ ਵਿਚ ਇਸਤਰੀ ਦੇ ਨਾਲ ਨਾ ਤਾਂ ਤ੍ਰਿਸਕਾਰ ਭਾਵਨਾ ਜੋੜੀ ਗਈ ਤੇ ਨਾ ਹੀ ਘਟੀਆਪਣ।

ਗੁਰੂ ਇਤਿਹਾਸ ਗਵਾਹ ਹੈ, ਜਦੋਂ ਗੁਰੂ ਅਮਰਦਾਸ ਬੀਬੀ ਭਾਨੀ ਦੀ ਸੇਵਾ ਉਤੇ ਰੀਝ ਪਏ ਤਾਂ ਬੀਬੀ ਭਾਨੀ ਨੂੰ ਗੁਰਿਆਈ ਗੱਦੀ ਦੇਣ ਦਾ ਇਸ਼ਾਰਾ ਵੀ ਦਿੱਤਾ ਪਰ ਇਹ ਤਾਂ ਬੀਬੀ ਭਾਨੀ ਸੀ ਜੋ ਸਭਿਆਚਾਰਕ ਭਾਵਨਾ ਨਾਲ ਭਰੀ-ਪੂਰੀ ਸੀ। ਉਸ ਨੇ ਇਹ ਮਾਣ ਆਪਣੇ ਪਤੀ ਨੂੰ ਦਿਵਾਇਆ। ਕੋਈ ਵੱਡੀ ਗੱਲ ਨਹੀਂ ਜੇ ਬੀਬੀ ਉਸ ਵੇਲੇ ਗੁਰਿਆਈ ਦਾ ਵਰਦਾਨ ਸੋਢੀ ਬੰਸ ਲਈ ਨਾ ਮੰਗਦੀ ਤਾਂ ਗੁਰੂਘਰ ਵਿਚ ਇਕ ਨਾਰੀ-ਗੁਰੂ ਵੀ ਹੁੰਦੀ। ਬੀਬੀ ਭਾਨੀ ਦੇ ਪੁੱਤਰ ਪੰਜਵੇਂ ਗੁਰੂ ਨੇ ਬਹੁਤ ਵੱਡੀ ਮਾਤਰਾ ਵਿਚ ਇਮਾਰਤਸਾਜ਼ੀ ਕਰਵਾਈ। ਉਨ੍ਹਾਂ ਨੇ ਜਿਥੇ ਰਾਮਸਰ ਆਪਣੇ ਪਿਤਾ ਦੇ ਨਾਮ 'ਤੇ ਰੱਖਿਆ, ਉਥੇ ਬੀਬੀ ਭਾਨੀ ਵਾਲਾ ਖੂਹ ਵੀ ਬਣਾਇਆ ਜੋ ਅੱਜ ਵੀ ਤਰਨਤਾਰਨ ਵਿਚ ਮੌਜੂਦ ਹੈ। ਗੁਰੂ ਸਾਹਿਬਾਨ ਦੀ ਜ਼ਿੰਦਗੀ ਵਿਚ ਬਹੁਤ ਉਤਾਰ-ਚੜ੍ਹਾਅ ਆਉਂਦੇ ਰਹੇ। ਪਿਤਾ ਦੀ ਅਣਹੋਂਦ ਵਿਚ ਉਨ੍ਹਾਂ ਦੀਆਂ ਮਾਤਾਵਾਂ ਉਨ੍ਹਾਂ ਦੀਆਂ ਕੁਸ਼ਲ ਸਲਾਹਕਾਰ ਬਣ ਕੇ ਰਹੀਆਂ। ਗੁਰੂ ਅਰਜਨ ਦੇਵ ਨੇ ਬਾਣੀ-ਰਚਨਾ ਕਰਦਿਆਂ 'ਮਾਈ' ਸੰਬੋਧਨ ਦੀ ਵਰਤੋਂ ਕਈ ਵੇਰਾਂ ਕੀਤੀ ਹੈ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਨੇ ਵੀ 'ਮਾਈ' ਸ਼ਬਦ ਦੇ ਸੰਬੋਧਨ ਨੂੰ ਕਈ ਵਾਰ ਵਰਤਿਆ ਹੈ। ਇਤਿਹਾਸ ਗਵਾਹ ਹੈ, ਮਾਤਾ ਭਾਨੀ ਦਾ ਗੁਰੂ ਅਰਜਨ ਦੇਵ ਦੇ ਜੀਵਨ ਵਿਚ ਤੇ ਮਾਤਾ ਨਾਨਕੀ ਦਾ ਗੁਰੂ ਤੇਗ ਬਹਾਦਰ ਦੇ ਜੀਵਨ ਵਿਚ ਬੜਾ ਉਸਾਰੂ ਤੇ ਭਰਪੂਰ ਯੋਗਦਾਨ ਹੈ। ਪੰਚਮ ਗੁਰੂ ਨੇ ਤਾਂ ਆਪਣੀ ਮਾਤਾ ਦੇ ਆਸ਼ੀਰਵਾਦ ਨੂੰ ਬਾਣੀ-ਸਿਰਜਣਾ ਵਿਚ ਕਬੂਲ ਵੀ ਕੀਤਾ ਹੈ:

ਪੂਤਾ ਮਾਤਾ ਕੀ ਅਸੀਸ
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ
ਸਦਾ ਭਜਉ ਜਗਦੀਸ।। (ਪੰਨਾ 496)

ਇਹੋ ਉਹ ਸਭਿਆਚਾਰਕ ਸੰਦੇਸ਼ ਹੈ ਜੋ ਬਾਣੀ ਰਾਹੀਂ ਸਿੱਖ ਸੰਗਤ ਤਕ ਪਹੁੰਚਦਾ ਰਿਹਾ ਤੇ ਲੋਕਾਂ ਦੇ ਮਨ ਵਿਚ ਵਸੀ ਇਸਤਰੀ ਲਈ ਹੀਣ-ਭਾਵਨਾ ਹੌਲੀ ਹੌਲੀ ਤਬਦੀਲ ਹੁੰਦੀ ਆਦਰ-ਭਾਵਨਾ ਵਿਚ ਬਦਲ ਗਈ।

ਗੁਰੂ ਸਾਹਿਬਾਨ ਮਜ਼੍ਹਬ ਵਿਸ਼ੇਸ਼ ਦੇ ਨਾਲ ਨਾਲ ਸਿੱਖ ਸਮਾਜ ਦੀ ਉਸਾਰੀ ਵੀ ਬੜੇ ਸੁਚੇਤ ਢੰਗ ਨਾਲ ਕਰ ਰਹੇ ਸਨ। ਜਿਥੇ ਧਾਰਮਿਕ ਰਹੁ-ਰੀਤ ਨਿਸਚਿਤ ਨੁਹਾਰ ਲੈ ਰਹੀ ਸੀ, ਉਥੇ ਜਨ-ਜੀਵਨ ਨਾਲ ਜੁੜੇ ਬਹੁਤੇ ਵੇਰਵੇ ਵੀ ਆਪਣੀ ਨਿਵੇਕਲੀ ਪਛਾਣ ਬਣਾ ਰਹੇ ਸਨ। ਇਸ ਤੋਂ ਪਹਿਲਾਂ ਸ਼ਾਦੀ ਦੇਵੀ ਨਾਲ ਹੁੰਦੀ ਸੀ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਬਾਅਦ ਪੰਚਮ ਪਾਤਸ਼ਾਹ ਨੇ ਆਪ ਵਿਆਹ ਦੀ ਰਸਮ ਨਿਸ਼ਚਿਤ ਕੀਤੀ ਤੇ

(ਬਾਕੀ ਸਫਾ 27 'ਤੇ)

## ਸਫ਼ਰ ਜ਼ਿੰਦਗੀ ਦਾ

# ਪੰਜਾਬ ਦਾ ਅਲਬੇਲਾ ਲੋਕ-ਸ਼ਾਇਰ ਉਸਤਾਦ ਦਾਮਨ

–ਪਿਆਰਾ ਸਿੰਘ ਸਹਿਰਾਈ

ਦਾਮਨ ਲੋਕਾਂ ਦਾ ਮਹਿਬੂਬ ਸ਼ਾਇਰ ਸੀ। ਹਕੂਮਤ ਇਸੇ ਲਈ ਉਹਦੀ ਖੁਸ਼ਨੂਦੀ ਹਾਸਲ ਕਰਨ ਦੀ ਚਾਹਵਾਨ ਸੀ। ਵਜ਼ੀਰ ਤੇ ਵਜ਼ੀਰ ਏ ਆਜ਼ਮ ਚੱਲ ਕੇ ਉਸਦੇ ਬੂਹੇ ਹਾਜ਼ਰ ਹੁੰਦੇ। ਉਸ ਦੇ ਲਈ ਕੁਝ ਕਰਨਾ ਚਾਹੁੰਦੇ, ਉਸਨੂੰ ਆਰਾਮ ਪਹੁੰਚਾਉਣ ਦੇ ਵਸੀਲੇ ਮੁਹੱਈਆ ਕਰਨਾ ਚਾਹੁੰਦੇ। ਦਾਮਨ ਫਾਕੇ ਕੱਟ ਰਿਹਾ ਸੀ। ਜਾਮਾ ਮਸਜਿਦ ਦੀਆਂ ਪੌੜੀਆਂ ਤੋਂ ਡੇਰਾ ਚੁੱਕ ਕੇ ਜਦੋਂ ਉਸਨੇ ਇਕ ਹੁਜਰੇ ਵਿਚ ਆ ਪ੍ਰਵੇਸ਼ ਕੀਤਾ ਤਾਂ ਉਸ ਦੇ ਕੋਲ ਥੱਲੇ ਵਿਛਾਉਣ ਲਈ ਇਕ ਬੋਰੀ ਤੇ ਇਕ ਲੋਟਾ ਸੀ। ਉਹ ਚਾਹੁੰਦਾ ਤਾਂ ਕਿਹੜੀ ਚੀਜ਼ ਸੀ ਜੋ ਉਹ ਪ੍ਰਾਪਤ ਨਹੀਂ ਸੀ ਕਰ ਸਕਦਾ। ਚੌਧਰੀ ਜ਼ਹੂਰ ਅਲੀ ਤਾਂ ਸੱਚੇ ਦਿਲੋਂ ਉਸਦੇ ਉਤੇ ਮਿਹਰਬਾਨ ਸਨ, ਉਸਦੇ ਕਦਰਦਾਨ ਸਨ, ਪਰ ਸਨ ਤਾਂ ਆਖਰ ਰਾਜ ਦੇ ਵਜ਼ੀਰ। ਉਸ ਤੋਂ ਵੀ ਉਸਤਾਦ ਜੀ ਨੇ ਕੋਈ ਲਾਭ ਉਠਾਉਣਾ ਮੁਨਾਸਬ ਨਾ ਸਮਝਿਆ। ਜਦ ਉਨ੍ਹਾਂ ਨੇ ਉਸਤਾਦ ਜੀ ਸਾਹਮਣੇ ਇਹ ਤਜਵੀਜ਼ ਰੱਖੀ ਕਿ ਹਕੂਮਤ ਦਾ ਖਿਆਲ ਏ ਕਿ ਤੁਸੀਂ ਹਿੰਦੋਸਤਾਨ ਜਾ ਕੇ ਪਾਕਿਸਤਾਨੀ ਸਫਾਰਤਖਾਨੇ ਵਲੋਂ ਕੰਮ ਕਰੋ ਤਾਂ ਜੋ ਦੋਵਾਂ ਮੁਲਕਾਂ ਵਿਚ ਸਾਂਝ ਲਈ ਕੋਈ ਬੁਨਿਆਦ ਕਾਇਮ ਹੋ ਸਕੇ ਤਾਂ ਇਸ ਅਲਬੇਲੇ ਸ਼ਾਇਰ ਨੇ ਜਵਾਬ ਵਿਚ ਆਖਿਆ ਸੀ ਕਿ 'ਸਾਂਝ ਦੀ ਬੁਨਿਆਦ ਤਾਂ ਅਵਾਮ ਹੁੰਦੀ ਏ ਪਰ ਤੁਹਾਡੀ ਪਾਕਿਸਤਾਨੀ ਹਕੂਮਤ ਵਿਚ ਤਾਂ ਅਵਾਮ ਕੋਈ ਨਹੀਂ, ਖਾਸ ਈ ਖਾਸ ਏ।''

ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਵਜ਼ੀਰ ਸੁਹਰਾਵਰਦੀ ਤੇ ਵਜ਼ੀਰ ਆਜ਼ਮ ਨੂਨ ਆਪਣੀ-ਆਪਣੀ ਵਾਰੀ, ਚੱਲ ਕੇ ਦਾਮਨ ਸਾਹਿਬ ਨੂੰ ਨਿਵਾਜਣ ਲਈ ਹੁਜਰੇ ਵਿਚ ਗਏ ਸਨ, ਪਰ ਦਾਮਨ ਸਾਹਿਬ ਨੇ ਉਨ੍ਹਾਂ ਨੂੰ ਟਿਚਕਰ ਨਾਲ ਹੀ ਠਿਠ ਕਰ ਦਿੱਤਾ ਸੀ। ਸੁਹਰਾਵਰਦੀ ਨੂੰ ਆਖਿਆ ਸੀ ਕਿ ਦਸ-ਬਾਰਾਂ ਪੇਟੀਆਂ ਸ਼ਰਾਬ ਦੀਆਂ ਭੇਜ ਦਿਓ ਅਤੇ ਨੂਨ ਸਾਹਿਬ ਨੂੰ ਕਿਹਾ ਸੀ, ''ਲੋਕੀਂ ਆਖਦੇ ਨੇ ਕਿ ਵਜ਼ੀਫਾ ਲੈਣ ਵਾਲਾ ਮਰ ਜਾਂਦਾ ਏ ਜਾਂ ਵਜ਼ੀਫਾ ਦੇਣ ਵਾਲਾ। ਪਰ ਮੈਂ ਅਜੇ ਮਰਨਾ ਨਹੀਂ ਚਾਹੁੰਦਾ।''

ਦਾਮਨ ਸਾਹਿਬ ਸਥਾਪਤੀ ਦੇ ਵੈਰੀ ਸਨ। ਉਹ ਤਾਂ ਦੇਸ਼ ਦੀ ਸਮਾਜੀ-ਆਰਥਿਕ ਢਾਂਚੇ ਨੂੰ ਬੱਚੇ ਖਾਣੀ ਮਾਂ ਨਾਲ ਤਸ਼ਬੀਹ ਦਿਆ ਕਰਦੇ ਸਨ। ਉਹ ਇਸ ਦੇ ਵਿਰੁਧ ਲੜਦੇ ਰਹੇ ਤੇ ਇਸਦੇ ਕਾਰਨ ਦੁੱਖ ਤੇ ਕਸ਼ਟ ਭੋਗੇ। ਅਵਾਮੀ ਹਕੂਮਤ ਦੇ ਦੌਰਾਨ ਤਾਂ ਉਨ੍ਹਾਂ ਉਤੇ ਦੋ ਪਿਸਤੌਲ ਰੱਖਣ ਤੇ ਇਕ ਦਸਤੀ ਬੰਬ ਰੱਖਣ ਦਾ ਝੂਠਾ ਮੁਕੱਦਮਾ ਵੀ ਬਣਾਇਆ ਗਿਆ। ਉਸਤਾਦ ਦਾ ਕਹਿਣਾ ਸੀ ਕਿ ਜੇ ਉਨ੍ਹਾਂ ਦੇ ਹੁਜਰੇ ਦਾ ਬੂਹਾ ਨਾ ਹੁੰਦਾ ਤਾਂ ਅੰਦਰੋਂ ਟੈਂਕ ਨਿਕਲਣੇ ਸਨ, ਜੇ ਛੱਤ ਨਾ ਹੁੰਦੀ ਤਾਂ ਹੈਲੀਕਾਪਟਰ ਨਿਕਲਣੇ ਸਨ। ਉਨ੍ਹਾਂ ਨੇ ਦਰਅਸਲ ਆਪਣੀ ਨਜ਼ਮ ''ਇਹ ਕੀ ਕਰੀ ਜਾਨਾ ਏਂ।'' ਵਿਚ ਸਰਕਾਰ 'ਤੇ ਭਰਪੂਰ ਵਾਰ ਕੀਤਾ ਸੀ। ਪਹਿਲਾਂ ਮਰੀ ਵਿਖੇ ਜਲਸੇ ਵਿਚ ਪੜ੍ਹੀ ਤੇ ਫੇਰ ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿਚ। ਨਜ਼ਮ ਬਹੁਤ ਹੀ ਲੋਕਪ੍ਰਿਯ ਹੋਈ ਤੇ ਹਕੂਮਤ ਨੇ ਉਸਤਾਦ ਦਾਮਨ 'ਤੇ ਬਗਾਵਤ ਦਾ ਮੁਕੱਦਮਾ ਬਣਾਉਣ ਲਈ ਨਜਾਇਜ਼ ਅਸਲਾ ਰੱਖਣ ਦੇ ਜੁਰਮ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ।

ਅਵਾਮੀ ਹਕੂਮਤ ਪਿੱਛੋਂ ਅਯੂਬ ਖਾਂ ਦੀ ਫੌਜੀ ਹਕੂਮਤ ਕਾਇਮ ਹੋਈ ਤਾਂ ਉਹਨੂੰ ਲਲਕਾਰਨ ਦਾ ਹੌਸਲਾ ਵੀ ਦਾਮਨ ਨੇ ਕੀਤਾ-

ਏਸ ਮੁਲਕ ਦੀਆਂ ਮੌਜਾਂ ਈ ਮੌਜਾਂ
ਜਿੱਧਰ ਵੇਖੋ ਫੌਜਾਂ ਈ ਫੌਜਾਂ
ਏਸ ਮੁਲਕ ਦੇ ਦੋ ਖੁਦਾ
ਮਾਰਸ਼ਲ ਲਾਅ ਤੇ ਲਾ ਅੱਲਾਹ।

ਆਪਣੇ ਮਾਪਿਆਂ ਅਤੇ ਬਚਪਨ ਬਾਰੇ ਉਸਤਾਦ ਦਾਮਨ ਦੱਸਦੇ ਹਨ;

''ਅਸੀਂ ਦਰਜ਼ੀ ਹੁੰਦੇ ਆਂ ਤੇ ਮੇਰੀ ਮਾਂ ਧੋਬਣ ਸੀ। ਮੇਰਾ ਪਿਓ ਸਿੱਧਾ-ਸਾਦਾ ਤੇ ਸਾਊ ਢੱਗੇ ਵਾਂਗਰ ਹੁੰਦਾ ਸੀ। ਬਿਲਕੁਲ ਹੀ ਸਿਰ ਨਾ ਚੁੱਕਣ ਵਾਲਾ। ਮੇਰਾ ਦਾਦਾ ਚਲਾਕ ਤੇ ਜ਼ਾਲਮ ਸੀ। ਜਿਵੇਂ ਹਰ ਬਰਾਦਰੀ ਵਿਚ ਇਕ ਚੌਧਰੀ ਹੁੰਦਾ ਹੈ, ਮੇਰਾ ਦਾਦਾ ਵੀ ਆਪਣੀ ਬਰਾਦਰੀ ਵਿਚ ਚੌਧਰੀ ਕਿਸਮ ਦਾ ਬੰਦਾ ਸੀ। ਪੈਸੇ ਵਾਲਾ ਸੀ। ਖੋਹ-ਮਾਰ ਵੀ ਕਰ ਲਿਆ ਕਰਦਾ ਸੀ, ਸੱਜੇ-ਖੱਬੇ ਦਾਓ ਵੀ ਲਾ ਲਿਆ ਕਰਦਾ ਸੀ। ਦਾਦਾ ਜ਼ਾਲਮ ਤੇ ਮੂੰਹ ਜ਼ੋਰ ਅਤੇ ਪਿਓ ਸਿੱਧਾ-ਸਾਦਾ ਤੇ ਸਾਊ, ਇਸੇ ਕਰਕੇ ਮੇਰੇ ਪਿਓ ਨੂੰ ਬਰਾਦਰੀ ਵਿਚੋਂ ਕੋਈ ਰਿਸ਼ਤਾ ਦੇਣ ਨੂੰ ਤਿਆਰ ਨਾ ਹੋਇਆ। ਮੇਰੀ ਮਾਂ ਗਰੀਬ ਤੇ ਸ਼ਰੀਫ ਧੋਬੀ ਦੀ ਧੀ ਸੀ। ਬਹੁਤ ਹੀ ਗਰੀਬ ਸੀ ਮੇਰਾ ਨਾਨਕਾ ਝੁੱਗਾ। ਮੇਰੇ ਦਾਦੇ ਨੇ ਉਸ ਗਰੀਬ ਧੋਬੀ ਨੂੰ ਕੁਝ ਪੈਸਿਆਂ ਦਾ ਲਾਲਚ ਦੇ ਕੇ ਮੇਰੀ ਮਾਂ ਨੂੰ ਮੇਰੇ ਪਿਓ ਨਾਲ ਵਿਆਹ ਦਿੱਤਾ, ਭਾਵੇਂ ਪੈਸੇ ਦਾ ਸੌਦਾ ਸੀ ਪਰ ਮੇਰੀ ਮਾਂ ਨੇ ਨੇਕ ਧੀਆਂ ਵਾਂਗਰ ਕਬੂਲ ਕਰ ਲਿਆ ਤੇ ਮੇਰੇ ਪਿਓ ਨੂੰ ਆਪਣਾ ਮਜਾਜ਼ੀ ਖੁਦਾ ਮਿੱਥ ਕੇ ਸੇਵਾ ਕਰਦੀ ਰਹੀ। ਪਿਓ ਰੇਲਵੇ ਵਿਚ ਦਰਜੀ ਦਾ ਕੰਮ ਕਰਦਾ ਸੀ, ਖੌਰੇ ਠੇਕੇ 'ਤੇ ਕੰਮ ਲਿਆ ਹੋਇਆ ਸੀ।

ਮੇਰੀ ਮਾਂ ਗੋਰੀ-ਚਿੱਟੀ, ਖੂਬਸੂਰਤ ਤੇ ਸਿਹਤਮੰਦ ਸੀ। ਮੇਰਾ ਦਾਦਾ ਜਿਹੜਾ ਪੈਸੇ ਦੇ ਜ਼ੋਰ ਨਾਲ ਮੇਰੀ ਮਾਂ ਨੂੰ ਵਿਆਹ ਕੇ ਲਿਆਇਆ ਸੀ, ਸ਼ੁਰੂ ਤੋਂ ਹੀ ਮੇਰੀ ਮਾਂ ਨੂੰ ਮੈਲੀ ਨਜ਼ਰ ਨਾਲ ਵੇਖਣ ਲੱਗ ਪਿਆ। ਮੇਰੀ ਦਾਦੀ ਪਤਾ ਨਹੀਂ ਕਦੋਂ ਦੀ ਮਰ ਗਈ ਹੋਈ ਸੀ। ਮੇਰਾ ਪਿਓ ਤਾਂ ਭਲਾਮਾਣਸ ਤੇ ਆਪਣੇ ਪਿਓ ਕੋਲੋਂ ਡਰਨ ਵਾਲਾ ਬੰਦਾ ਸੀ, ਪਰ ਮੇਰੀ ਮਾਂ ਅਣਖੀ ਤੇ ਬਹਾਦਰ ਔਰਤ ਸੀ। ਉਸ ਮੇਰੇ ਦਾਦੇ ਦੀ ਕੋਈ ਗੱਲ ਨਹੀਂ ਮੰਨੀ, ਇਸ ਕਾਰਨ ਖਿੱਝ ਖਾ ਕੇ ਦਾਦਾ ਮੇਰੇ ਪਿਓ ਨੂੰ ਬਹਾਨੇ-ਬਹਾਨੇ ਨਾਲ ਜਾਂ ਵੇਲੇ-ਕੁਵੇਲੇ ਮਾਰਦਾ ਤੇ ਬੇਇੱਜ਼ਤ ਕਰਦਾ ਰਹਿੰਦਾ ਸੀ। ਬਾਅਦ ਵਿਚ ਮੇਰੇ ਨਾਲ ਵੀ ਦਾਦੇ ਦਾ ਨਫਰਤ ਵਾਲਾ ਸਲੂਕ ਹੀ ਸੀ। ਉਹ ਮੈਨੂੰ ਵੀ ਬੇਰਹਿਮੀ ਤੇ ਨਫਰਤ ਨਾਲ ਕੁੱਟਦਾ ਹੁੰਦਾ ਸੀ। ਇਕ ਵਾਰੀ ਮੇਰੀ ਭੂਆ ਆਈ ਹੋਈ ਸੀ। ਉਸ ਦੇ ਨਾਲ ਉਸਦਾ ਪੁੱਤਰ ਵੀ ਸੀ। ਉਦੋਂ ਉਹ ਸੱਤਵੀਂ ਵਿਚ ਪੜ੍ਹਦਾ ਸੀ ਤੇ ਮੈਂ ਉਸ ਤੋਂ ਲੈ ਕੇ ਉਸਦੀ ਕਿਤਾਬ ਵੇਖ ਰਿਹਾ ਸਾਂ। ਇੰਨੇ ਚਿਰ ਨੂੰ ਦਾਦਾ ਆ ਗਿਆ, ਉਸਨੇ ਮੇਰੇ ਹੱਥੋਂ ਕਿਤਾਬ ਖੋਹ ਲਈ ਤੇ ਇਕ ਚੰਡ ਮਾਰ ਕੇ ਕਿਹਾ, 'ਤੇਰੇ ਵਰਗੇ ਇਕ ਗਸ਼ਤੀ ਦੇ ਪੁੱਤਰ ਨੂੰ ਇਲਮ ਦੀ ਕੀ ਲੋੜ ਏ।'

ਦਾਦਾ ਮੇਰੇ ਪਿਓ ਕੋਲੋਂ ਦਾਬੇ ਨਾਲ ਸਾਰੀ ਦੀ ਸਾਰੀ ਮਜ਼ਦੂਰੀ ਦੀ ਰਕਮ ਖੋਹ ਲਿਆ ਕਰਦਾ ਸੀ ਤੇ ਸਾਨੂੰ ਕਈ ਵਾਰ ਫਾਕੇ ਕੱਟਣੇ ਪੈਂਦੇ । ਦਾਦਾ ਦਿਨੋ-ਦਿਨ ਵਧੇਰੇ ਕਮੀਨਾ ਤੇ ਕੌੜਾ ਹੁੰਦਾ ਜਾ ਰਿਹਾ ਸੀ। ਉਸ ਦੀ ਕਮੀਨਗੀ ਤੋਂ ਤੰਗ ਆ ਕੇ ਸਾਡੀ ਮਾਂ, ਸਾਨੂੰ ਆਪਣੀ ਭੈਣ ਕੋਲ ਬਾਗਬਾਨਪੁਰੇ ਲੈ ਆਈ। ਪਿਓ ਨੂੰ ਰੇਲਵੇ ਦੇ ਮਹਿਕਮੇ ਵਿਚੋਂ ਜਵਾਬ ਮਿਲ ਗਿਆ ਸੀ। ਮੇਰੀ ਮਾਂ ਬਾਗਬਾਨਪੁਰੇ ਵਿਚ ਇਕ ਚੌਧਰੀ ਦੇ ਘਰ ਨੌਕਰਾਣੀ ਰਹਿ ਪਈ। ਉਹ ਭਾਂਡੇ ਮਾਂਜਦੀ, ਕੱਪੜੇ ਧੋਂਦੀ ਤੇ ਹਾਂਡੀ-ਰੋਟੀ ਵੀ ਕਰਦੀ ਸੀ। ਮੈਂ ਵੀ ਮਾਂ ਦੇ ਨਾਲ ਹੱਥ ਵਟਾਉਂਦਾ ਸਾਂ। ਚੌਧਰੀ ਚੰਗਾ ਖਾਂਦੇ ਸਨ, ਚੰਗਾ ਪੱਕਦਾ ਸੀ। ਚੰਗੀ ਹਾਂਡੀ ਪਕਾਉਣੀ ਮੇਰੀ ਮਾਂ ਨੇ ਉਥੇ ਚੌਧਰੀਆਂ ਦੇ ਘਰ ਵਿਚ ਹੀ ਸਿੱਖੀ ਸੀ ਤੇ ਮੈਂ ਆਪਣੀ ਮਾਂ ਕੋਲੋਂ ਸਿੱਖ ਲਈ ਸੀ।

ਬੜੇ ਹੀ ਬੁਰੇ ਦਿਨ ਸਨ ਉਹ। ਘਰ ਵਿਚ ਫਾਕੇ ਤੇ ਪਿਓ ਸ਼ਰਾਬ ਪੀਣ ਲੱਗ ਪਿਆ ਸੀ। ਉਹ ਤਾਂ ਮੈਨੂੰ ਵੀ ਘੁੱਟ ਲਵਾਂਦਾ ਤੇ ਆਖਦਾ ਫੜ ਪੀ ਘੁੱਟ ਤੇ ਸ਼ੇਰ ਹੋ ਜਾ। ਚੌਧਰੀਆਂ ਦੇ ਘਰੋਂ ਮਾਂ ਜੂਠ ਇਕੱਠੀ ਕਰਕੇ ਲੈ ਆਉਂਦੀ ਸੀ। ਕਦੇ-ਕਦੇ ਰੋਟੀ ਵੀ ਚੋਰੀ ਕਰ ਲਿਆ ਕਰਦੀ ਸੀ। ਕੁਝ-ਕੁਝ ਮਾਸੀ ਵੀ ਮਦਦ ਕਰ ਦਿੰਦੀ ਸੀ। ਮੇਰੀ ਮਾਂ ਦੇ ਜ਼ੋਰ 'ਤੇ ਪਿਓ ਇਕ ਦੁਕਾਨ 'ਤੇ ਬਹਿ ਕੇ ਦਰਜੀ ਦਾ ਕੰਮ ਕਰਨ ਲੱਗ ਪਿਆ ਸੀ। ਜਦ ਕੰਮ ਜ਼ਿਆਦਾ ਹੁੰਦਾ, ਮੈਨੂੰ ਵੀ ਆਪਣੇ ਨਾਲ ਕੰਮ ਉਤੇ ਲਾ ਲੈਂਦਾ। ਛੁੱਟੀ ਕਾਰਨ ਮੈਥੋਂ ਸਕੂਲ ਛੁੱਟ ਜਾਇਆ ਕਰਦਾ। ਜਦ ਕੰਮ ਦਾ ਜ਼ੋਰ ਮੁਕ ਜਾਂਦਾ ਜਾਂ ਕੰਮ ਘੱਟ ਹੁੰਦਾ ਤਾਂ ਮੈਨੂੰ ਅਗਲੇ ਸਕੂਲ ਦਾਖਲ ਕਰਵਾ ਦਿੱਤਾ ਜਾਂਦਾ। ਉਦੋਂ ਸਕੂਲਾਂ ਵਿਚ ਤਸ਼ੱਦਦ ਬਹੁਤ ਹੁੰਦਾ ਸੀ। ਸਾਡੀ ਸਾਰੀ ਹਯਾਤੀ ਵਿਚ ਤਸ਼ੱਦਦ ਈ ਤਸ਼ੱਦਦ ਏ। ਬਾਲਪੁਣੇ ਤੋਂ ਲੈ ਕੇ ਮਰਨ ਤੀਕਰ ਕੁੱਟ ਈ ਪੈਂਦੀ ਰਹਿੰਦੀ ਏ। ਜ਼ਿਹਨੀ ਤਸ਼ੱਦਦ ਵੱਖ ਹੁੰਦਾ ਏ। ਫੇਰ ਵੱਡੇ ਹੋ ਕੇ ਅਸੀਂ ਇਹੋ ਤਸ਼ੱਦਦ ਅੱਗੇ ਵੰਡਦੇ ਹਾਂ।

ਮਾਸਟਰ ਵਹਾਬ ਦੀ ਦੁਕਾਨ 'ਤੇ ਮੈਂ ਟੇਲਰਿੰਗ ਦਾ ਕੰਮ ਸਿੱਖਦਾ ਸਾਂ, ਉਥੇ ਸਿਆਸੀ ਲੋਕ ਆ ਕੇ ਬੈਠਿਆ ਕਰਦੇ ਸਨ। ਮਾਸਟਰ ਵਹਾਬ ਖੁਦ ਵੀ ਦਹਿਰੀਏ (ਨਾਸਤਕ) ਤੇ ਸੈਕੂਲਰ ਖਿਆਲਾਂ ਦੇ ਸਨ। ਸਿਆਸੀ ਤੇ ਮਜ਼ਹਬੀ ਬਹਿਸਾਂ ਵਿਚ ਹਿੱਸਾ ਲੈਂਦੇ ਸਨ। ਉਥੇ ਹੁੰਦੀ ਬਹਿਸ ਸੁਣ-ਸੁਣ ਕੇ ਮੈਂ ਵੀ ਜੋੜ ਜੋੜਨ ਲੱਗ ਪਿਆ ਸਾਂ। ਮੇਰੇ ਜੋੜ ਮੀਆਂ ਮੀਰ ਇਫਤਾਰਖਾਰਦੀਨ ਨੇ ਸੁਣ ਲਏ। ਉਹ ਉਸ ਵੇਲੇ ਕਾਂਗਰਸ ਦੇ ਸਦਰ ਸਨ। ਮਾਸਟਰ ਵਹਾਬ ਕੋਲੋਂ ਆਪਣੇ ਕੱਪੜੇ ਸਵਾਇਆ ਕਰਦੇ ਸਨ। ਪੂਰੇ ਹਿੰਦੋਸਤਾਨ ਵਿਚ ਆਜ਼ਾਦੀ ਦੀਆਂ ਤਹਿਰੀਕਾਂ ਚੱਲ ਰਹੀਆਂ ਸਨ। ਅੰਗਰੇਜ਼ ਦੇ ਖਿਲਾਫ ਨਫਰਤ ਵਧਦੀ ਜਾ ਰਹੀ ਸੀ। ਮੀਆਂ ਇਫਤਾਰਖਾਰਦੀਨ ਮੈਨੂੰ ਕਾਂਗਰਸ ਦੇ ਜਲਸੇ ਵਿਚ ਲੈ ਗਿਆ। ਮੈਂ ਮੰਚ 'ਤੇ ਖਲੋ ਕੇ ਨਜ਼ਮ ਪੜ੍ਹੀ। ਲੋਕਾਂ ਬਹੁਤ ਪਸੰਦ ਕੀਤੀ। ਪੰਡਤ ਜਵਾਹਰ ਲਾਲ ਨਹਿਰੂ ਉਥੇ ਮੌਜੂਦ ਸਨ, ਉਹ ਮੇਰੇ 'ਤੇ ਬਹੁਤ ਮਿਹਰਬਾਨ ਹੋਏ। ਮੀਆਂ ਇਫਤਾਰਖਾਰਦੀਨ ਜਦ ਮੈਨੂੰ ਦਸਾਂ ਦਾ ਨੋਟ ਇਨਾਮ ਵਜੋਂ ਦਿੱਤਾ ਤਾਂ ਇਹ ਮੇਰੇ ਲਈ ਬਹੁਤ ਵੱਡੀ ਰਕਮ ਸੀ। ਮੈਂ ਅਜੇ ਦਸਾਂ ਦਾ ਨੋਟ ਹੱਥਾਂ ਵਿਚ ਲੈ ਕੇ ਵੇਖ ਹੀ ਰਿਹਾ ਸਾਂ ਕਿ ਪੰਡਤ ਜੀ ਨੇ ਕਿਹਾ ਕਿ ਇਸ ਮੁੰਡੇ ਨੂੰ ਇਕ ਸੌ ਦਾ ਨੋਟ ਮੇਰੇ ਵਲੋਂ ਦੇ ਦੇਵੋ। ਇਸ ਮੁੰਡੇ ਨੂੰ ਆਪਣੇ ਨਾਲ ਰੱਖੋ।

ਮੇਰੇ ਲਈ ਤਾਂ ਦਸ ਰੁਪਏ ਹੀ ਬਹੁਤ ਜ਼ਿਆਦਾ ਸਨ ਮੇਰੀ ਹੈਸੀਅਤ ਨਾਲੋਂ, 'ਤੇ ਸੌ ਦਾ ਨੋਟ ਮਿਲਣ ਨਾਲ ਮੇਰੀ ਕਾਇਆ ਹੀ ਪਲਟ ਗਈ। ਮੈਂ ਫਿਰ ਦੁਕਾਨ 'ਤੇ ਈ ਨਹੀਂ ਗਿਆ। ਕਾਂਗਰਸ ਦੇ ਜਲਸਿਆਂ ਵਿਚ ਨਜ਼ਮਾਂ ਪੜ੍ਹਨ ਲੱਗ ਗਿਆ, ਆਜ਼ਾਦੀ ਦੇ ਗੀਤ ਗਾਉਣ ਲੱਗ ਗਿਆ। ਆਪਣੇ ਲਈ ਨਹੀਂ, ਆਪਣੇ ਵਰਗੇ ਸਾਰੇ ਲੋਕਾਂ ਲਈ। ਜਲਸਾ ਪੜ੍ਹਨ ਕਾਰਨ ਪੈਸੇ ਵੀ ਮਿਲਦੇ ਸਨ ਤੇ ਦਾਦ ਵੀ ਢੇਰ ਲੱਭਦੀ ਸੀ। ਸ਼ਾਇਰੀ ਦੀ ਨੋਕ-ਪਲਕ ਸੰਵਾਰਨ ਲਈ ਮੈਂ ਉਸਤਾਦ ਹਮਦਮ ਹੋਰਾਂ ਦੇ ਪੈਰ ਜਾ ਫੜੇ।''

ਉਸਤਾਦ ਦਾਮਨ ਦੀ ਲੋਕ-ਪ੍ਰਿਯਤਾ ਨੇ ਸਿਖਰ ਛੋਹ ਲਈ। ਲੋਕ ਉਨ੍ਹਾਂ ਨੂੰ 'ਸਟੇਜਾਂ ਦਾ ਸਿਕੰਦਰ' ਆਖਦੇ ਸਨ। ਪੰਡਤ ਨਹਿਰੂ ਜੀ ਦਾ ਤਾਂ ਉਹ ਚਹੇਤਾ ਸ਼ਾਇਰ ਸੀ। ਇਥੇ ਇਹ ਵੀ ਦੱਸ ਦੇਈਏ ਕਿ 1947 ਤੋਂ ਮਗਰੋਂ ਦਾਮਨ ਇਕ ਵਾਰ ਭਾਰਤ ਫੇਰੀ 'ਤੇ ਆਏ ਤਾਂ ਪੰਡਤ ਜੀ ਨੇ ਉਨ੍ਹਾਂ ਨੂੰ ਪ੍ਰੇਰਿਆ ਕਿ ਦਾਮਨ ਸਾਹਿਬ ਪਾਕਿਸਤਾਨ ਦੀ ਫਿਜ਼ਾ ਤੁਹਾਡੇ ਰਾਸ ਨਹੀਂ ਆਉਣੀ। ਉਥੋਂ ਦਾ ਮਾਹੌਲ ਕੱਟੜਪੰਥੀ ਕਿਸਮ ਦਾ ਹੈ, ਤੁਸੀਂ ਸੈਕੂਲਰ ਬੰਦੇ ਹੋ, ਹਿੰਦੋਸਤਾਨ ਹੀ ਤੁਹਾਨੂੰ ਰਾਸ ਆ ਸਕਦਾ ਹੈ ਪਰ ਦਾਮਨ ਹੁਰਾਂ ਇਹ ਗੱਲ ਨਾ ਮੰਨੀ। ਉਹ ਆਪਣੀ ਜੰਮਣ ਭੋਇੰ, ਲਾਹੌਰ ਨੂੰ ਇੰਨਾ ਪਿਆਰਦੇ ਸਨ ਕਿ ਉਹਦੇ ਨਾਲੋਂ ਨਿੱਖੜ ਹੀ ਨਹੀਂ ਸਨ ਸਕਦੇ, ਭਾਵੇਂ ਉਹ ਜਾਣਦੇ ਸਨ ਕਿ ਪਾਕਿਸਤਾਨ ਵਿਚ ਉਨ੍ਹਾਂ ਦਾ ਕੋਈ ਮੁੱਲ ਨਹੀਂ ਤੇ ਉਨ੍ਹਾਂ ਨੂੰ ਕਦਮ-ਕਦਮ ਤੇ ਤਕਲੀਫਾਂ ਤੇ ਕਸ਼ਟਾਂ ਦਾ ਮੂੰਹ ਵੇਖਣਾ ਪਵੇਗਾ। ਕਾਂਗਰਸੀ ਸ਼ਾਇਰ ਦੀ ਕਦਰ ਭਲਾ ਉਥੋਂ ਦਾ ਕੱਟੜ ਮਜ਼ਹਬੀ ਸਮਾਜ ਕਿਵੇਂ ਕਰ ਸਕਦਾ ਸੀ?

ਸੋ ਉਸਤਾਦ ਦਾਮਨ ਨਾਲ ਇਕ ਹੋਰ ਮਕਬੂਲ ਸ਼ਾਇਰ ਤੇ ਦਾਮਨ ਦੇ ਗੁਰਭਾਈ ਫੀਰੋਜ਼ ਆਦਿ ਸ਼ਾਇਰਾਂ ਨੇ ਪੁਰਾਣੀਆਂ ਕੌੜਾਂ ਕੱਢੀਆਂ। ਮਾਲੀ ਹਾਲਤ ਬਹੁਤ ਹੀ ਵਿਗੜ ਗਈ। ਰੋਜ਼ੀ-ਰੋਟੀ ਦਾ ਆਸਰਾ ਖੁੱਸ ਗਿਆ। ਜਿਨ੍ਹਾਂ ਸੁਤੰਤਰਤਾ ਪ੍ਰੇਮੀ ਸ਼ਾਇਰਾਂ ਦੇ ਬੋਝੇ ਰੁਪਈਆਂ ਨਾਲ ਭਰੇ ਰਹਿੰਦੇ ਸਨ, ਉਨ੍ਹਾਂ ਨੂੰ ਹੁਣ ਫਾਕੇ ਕੱਟਣ 'ਤੇ ਮਜਬੂਰ ਹੋਣਾ ਪਿਆ। ਪਾਠਕਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਉਸਤਾਦ ਦਾਮਨ ਤੇ 'ਸ਼ਰਫ' ਵਰਗੇ ਸ਼ਾਇਰ ਸਿੱਖਾਂ ਦੀਆਂ ਧਾਰਮਿਕ ਸਭਾਵਾਂ ਵਿਚ ਆਮ ਬੁਲਾਏ ਜਾਂਦੇ ਸਨ ਅਤੇ ਬਹੁਤ ਸਲਾਹੇ ਜਾਂਦੇ ਸਨ। ਦਾਮਨ ਸਾਹਿਬ ਦਾ ਕਹਿਣਾ ਹੈ ਕਿ ਸਿੱਖਾਂ ਦੇ ਮਜ਼ਹਬੀ ਮੁਸ਼ਾਇਰਿਆਂ 'ਤੇ ਸਿੱਖ ਮਰਦ, ਔਰਤਾਂ ਬਹੁਤ ਪੈਸੇ ਦਿੰਦੇ ਸਨ। ਸ਼ਾਇਰ ਨੂੰ ਬਹੁਤ ਕੁਝ ਲੱਭ ਜਾਂਦਾ ਸੀ। ਸਿੱਖ ਔਰਤਾਂ ਛੱਤਾਂ ਉਤੋਂ ਥੈਲੀਆਂ ਲਟਕਾ ਦਿਆ ਕਰਦੀਆਂ ਸਨ। ਇਨ੍ਹਾਂ ਥੈਲੀਆਂ ਵਿਚ ਪੈਸੇ ਹੁੰਦੇ ਸਨ। ਕੋਈ-ਕੋਈ ਔਰਤ ਅਕੀਦਤ ਨਾਲ ਟੂਮ ਛੱਲਾ ਵੀ ਥੈਲੀ ਵਿਚ ਘੱਲ ਦਿੰਦੀ ਸੀ। ਉਹ ਲੋਕ ਦਾਨ ਬਹੁਤ ਕਰਦੇ ਸਨ।

ਤੇ ਹੁਣ ਹਾਲਤ ਉਲਟੀ ਹੋ ਗਈ ਸੀ। ਇਨ੍ਹਾਂ ਦੇ ਰਿਜ਼ਕ ਦੇ ਦਰਵਾਜ਼ੇ ਬੰਦ ਹੋ ਗਏ। ਦਾਮਨ ਸਾਹਿਬ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ। ਉਨ੍ਹਾਂ ਨੂੰ ਗੱਦਾਰ ਗਰਦਾਨਿਆ ਗਿਆ ਅਤੇ ਉਨ੍ਹਾਂ ਦੀ ਦੁਕਾਨ ਨੂੰ ਅੱਗ ਲਾ ਦਿੱਤੀ ਗਈ। ਦੁਕਾਨ ਵਿਚ ਕਿਤਾਬਾਂ ਦੇ ਨਾਲ ਹੀ ਉਸਤਾਦ ਜੀ ਦਾ ਕਲਾਮ ਤੇ ਇਸ ਦੇ ਨਾਲ ਹੀ ਹੀਰ-ਰਾਂਝੇ ਦਾ ਉਹ ਮਸੌਦਾ ਵੀ ਸੜ ਗਿਆ, ਜੋ ਉਹ ਕੁਝ ਸੱਜਣਾਂ ਦੇ ਕਹਿਣ 'ਤੇ ਲਿਖ ਰਹੇ ਸਨ। ਦਾਮਨ ਸਾਹਿਬ ਦੇ ਬਹੁਤ ਸਾਰੇ ਕਲਾਮ ਦੇ ਨਾਲ ਉਹ ਕਲਾਮ ਵੀ ਸੜ ਕੇ ਸੁਆਹ ਹੋ ਗਿਆ, ਜੋ ਉਹ ਸਿੱਖਾਂ ਦੇ ਧਾਰਮਿਕ ਸਮਾਗਮਾਂ 'ਤੇ ਪੜ੍ਹਿਆ ਕਰਦੇ ਸਨ।



ਦਾਮਨ ਸਾਹਬ ਨੇ ਆਪਣੀ ਜਾਨ ਖਤਰੇ ਵਿਚ ਪਈ ਵੇਖੀ ਤੇ ਉਹ ਕਰਾਚੀ ਚਲੇ ਗਏ। ਪੰਜਾਬ ਦੇ ਇਸ ਉਘੇ ਸ਼ਾਇਰ ਨੇ ਕਰਾਚੀ ਦੇ ਫੁੱਟਪਾਥਾਂ 'ਤੇ ਕੁਝ ਦਿਨ ਬੂਟ ਪਾਲਿਸ਼ ਵੀ ਕੀਤੇ। ਇੱਥੋਂ ਹੀ ਉਨ੍ਹਾਂ ਨੂੰ ਫਿਲਮਸਾਜ਼ ਨਕਸ਼ਬ ਆਪਣੇ ਨਾਲ ਲੈ ਗਿਆ, ਜਿਹੜਾ ਉਦੋਂ ਫਿਲਮ 'ਮੈਖਾਨਾ' ਬਣਾਉਣ ਦੇ ਸਿਲਸਿਲੇ ਵਿਚ ਤਿਆਰੀਆਂ ਕਰ ਰਿਹਾ ਸੀ ਤੇ ਇਸ ਕੰਮ ਵਿਚ ਉਸ ਨੇ ਦਾਮਨ ਸਾਹਿਬ ਨੂੰ ਆਪਣੀ ਸੱਜੀ ਬਾਂਹ ਬਣਾ ਲਿਆ।

ਦਾਮਨ ਸਾਹਿਬ ਨੇ ਉਸਦੀ ਮੁਲਾਜ਼ਮਤ ਕਰ ਲਈ ਤੇ ਰੁਜ਼ਗਾਰ ਦਾ ਮਸਲਾ ਹੱਲ ਹੋ ਗਿਆ, ਪਰ ਉਹ ਨਕਸ਼ਬ ਦੀ ਬਦਤਮੀਜ਼ੀ ਤੇ ਬਦ-ਜ਼ੁਬਾਨੀ ਨੂੰ ਬਰਦਾਸ਼ਤ ਨਾ ਕਰ ਸਕੇ। ਇਕ ਦਿਨ ਨਕਸ਼ਬ ਦੇ ਦਫਤਰ ਵਿਚ, ਜਿੱਥੇ ਕਈ ਪੰਜਾਬੀ ਵੀ ਬੈਠੇ ਹੋਏ ਸਨ, ਪੰਜਾਬ ਤੇ ਪੰਜਾਬੀ ਦੀ ਗੱਲ ਟੁਰ ਪਈ। ਨਕਸ਼ਬ ਕਹਿਣ ਲੱਗਾ, ''ਯਹਾਂ ਕਿਸੀ ਪੰਜਾਬੀ ਕੇ ਬਾਪ ਕਾ ਹੀ ਪਤਾ ਨਹੀਂ ਚਲਤਾ, ਬਲਕਿ ਮੁਝੇ ਤੋ ਕਿਸੀ ਕਾ ਬਾਪ ਨਜ਼ਰ ਹੀ ਨਹੀਂ ਆਤਾ।'' ਦਾਮਨ ਸਾਹਿਬ ਇਹ ਬਦਜ਼ੁਬਾਨੀ ਜਰ ਨਾ ਸਕੇ। ਕੁਰਸੀ ਤੋਂ ਉਠੇ, ਫਾਈਲ ਨਕਸ਼ਬ ਦੇ ਮੂੰਹ 'ਤੇ ਮਾਰੀ ਅਤੇ ਇਹ ਆਖਦਿਆਂ ਬਾਹਰ ਨਿਕਲ ਗਏ, ''ਕਿਸੇ ਭਈਏ ਦਾ ਪਿਓ ਹੋਵੇ ਨਾ ਹੋਵੇ, ਪਰ ਮੇਰਾ ਪਿਓ ਹੈ। ਲਾਹੌਰ ਦੀ ਮਿਊਂਸੀਪਲ ਕਮੇਟੀ ਦੇ ਦਫਤਰ ਵਿਚ ਮੇਰੇ ਤੇ ਮੇਰੇ ਪਿਓ ਦਾ ਨਾਂ ਦਰਜ ਏ।''

ਕਰਾਚੀ ਤੋਂ ਲਾਹੌਰ ਪਰਤ ਆਏ। ਮੁੜ ਫਾਕਾ ਮਸਤੀ ਦਾ ਦੌਰ ਸ਼ੁਰੂ ਹੋ ਗਿਆ। ਦਾਮਨ ਨੇ ਬਾਦਸ਼ਾਹੀ ਮਸਜਦ ਦੀਆਂ ਪੌੜੀਆਂ ਵਿਚ ਆਣ ਡੇਰਾ ਲਾਇਆ। ਪੈਸਾ ਧੇਲਾ ਪੱਲੇ ਕੋਈ ਨਹੀਂ ਸੀ। ਕੁਝ ਜਾਣ-ਪਹਿਚਾਣ ਵਾਲੇ ਲੋਕ ਆ ਜਾਂਦੇ, ਗੱਲਾਂ ਚਲਦੀਆਂ, ਇਲਮੋ ਅਦਬ ਦੀਆਂ ਗੱਲਾਂ ਵੀ ਹੁੰਦੀਆਂ। ਸਵੇਰੇ ਉਠਦੇ, ਮੂੰਹ ਹੱਥ ਧੋ ਕੇ ਨੇੜੇ ਦੇ ਇਕ ਹੋਟਲ ਤੋਂ ਨਾਸ਼ਤਾ ਕਰਦੇ ਤੇ ਪੈਸੇ ਦਿੱਤੇ ਬਿਨਾਂ ਉੱਠ ਆਉਂਦੇ। ਹੋਟਲ ਦੇ ਨੌਕਰ ਪੈਸੇ ਲਈ ਨਾ ਕਹਿੰਦੇ ਕਿਉਂ ਜੋ ਉਨ੍ਹਾਂ ਦੇ ਖਿਆਲ ਵਿਚ ਉਸਤਾਦ ਕੋਈ ਪਹਿਲਵਾਨ ਸੀ ਤੇ ਉਨ੍ਹਾਂ ਦਿਨਾਂ ਵਿਚ ਪਹਿਲਵਾਨਾਂ ਦਾ ਬਹੁਤ ਰੋਹਬ ਹੁੰਦਾ ਸੀ। ਨੌਕਰਾਂ ਆਪਣੇ ਮਾਲਕ, ਮੁਹੰਮਦ ਰਫੀ ਨੂੰ ਦੱਸਿਆ ਤੇ ਉਹ ਇਕ ਦਿਨ ਉਸਤਾਦ ਜੀ ਦੇ ਮਗਰ-ਮਗਰ ਸ਼ਾਹੀ ਮਸਜਦ ਦੀਆਂ ਪੌੜੀਆਂ ਤੱਕ ਪਹੁੰਚ ਗਿਆ ਤੇ ਪੈਸੇ ਅਦਾ ਨਾ ਕਰਨ ਦੇ ਕਾਰਨ ਬਾਰੇ ਪੁੱਛਿਆ ਤਾਂ ਉਸਤਾਦ ਜੀ ਨੇ ਸਾਫ-ਸਾਫ ਆਖ ਦਿੱਤਾ ਕਿ ਮੇਰੇ ਪਾਸ ਕੋਈ ਪੈਸੇ ਹਨ ਹੀ ਨਹੀਂ, ਜਦੋਂ ਹੱਥ ਆਏ ਤਾਂ ਸਾਰੇ ਇਕੱਠੇ ਹੀ ਦੇ ਦਿਆਂਗਾ।

ਗੱਲਾਂ ਦੇ ਦੌਰਾਨ ਮੁਹੰਮਦ ਰਫੀ ਨੂੰ ਜਦ ਮਾਲੂਮ ਹੋਇਆ ਕਿ ਇਹ ਬੰਦਾ ਤਾਂ ਉਸਤਾਦ ਦਾਮਨ ਏ ਤਾਂ ਉਹਨੇ ਬੜੇ ਇਹਤਰਾਮ ਨਾਲ ਕਿਹਾ, ''ਉਸਤਾਦ ਜੀ, ਨਾਸ਼ਤਾ ਹੀ ਨਹੀਂ, ਤੁਸੀਂ ਜਦੋਂ ਵੀ ਚਾਹੋ ਹੋਟਲ ਤੋਂ ਖਾ-ਪੀ ਸਕਦੇ ਹੋ। ਤੁਹਾਡੇ ਲਈ ਤੁਹਾਡੇ ਹੋਰ ਮਿਲਣ ਵਾਲੇ ਵੀ ਖਾ ਪੀ ਸਕਦੇ ਨੇ। ਪੈਸਿਆਂ ਦੀ ਕੋਈ ਗੱਲ ਨਹੀਂ, ਜਦ ਕਦੀ ਹੋਣਗੇ ਤਾਂ ਆਪੇ ਆ ਜਾਣਗੇ।'' ਹੁਣ ਰਫੀ ਸਾਹਿਬ ਨੇ ਉਸਤਾਦ ਦਾਮਨ ਲਈ ਕੋਈ ਟਿਕਾਣਾ ਲੱਭਣ ਲਈ ਦੌੜ ਭੱਜ ਕੀਤੀ ਤੇ ਅੰਜੁਮਨ ਹਿਮਾਇਤ ਏ ਇਸਲਾਮ ਕੋਲੋਂ ਦਾਮਨ ਸਾਹਿਬ ਨੂੰ ਹੁਜਰਾ ਦਿਵਾ ਦਿੱਤਾ। ਇਸ ਦਾ ਕਿਰਾਇਆ-ਭਾੜਾ ਤੇ ਪਗੜੀ ਆਦਿ ਵੀ ਉਨ੍ਹਾਂ ਨੇ ਆਪਣੇ ਕੋਲੋਂ ਅਦਾ ਕੀਤੀ ਸੀ। ਰਫੀ ਸਾਹਿਬ ਉਸਤਾਦ ਦਾ ਸਿਦਕੀ ਸ਼ਰਧਾਲੂ ਸੀ। ਉਹਨੇ ਹਰ ਭੀੜ ਵਿਚ ਉਨ੍ਹਾਂ ਦਾ ਸਾਥ ਦਿੱਤਾ।

ਉਸਤਾਦ ਦਾਮਨ ਦੇ ਵਿਆਹ ਦੀ ਕਹਾਣੀ ਬਹੁਤ ਹੀ ਦਰਦਨਾਕ ਹੈ। ਇਹ ਮੈਂ ਉਨ੍ਹਾਂ ਦੇ ਮੂੰਹੋਂ ਸੁਣਾਉਣੀ ਚਾਹਾਂਗਾ;

''ਮੈਂ ਇਕ ਸਿੱਖ ਕੁੜੀ ਨਾਲ ਵਿਆਹ ਕੀਤਾ। ਉਹ ਚੜ੍ਹਦੇ ਪੰਜਾਬ ਵਾਲੇ ਪਾਸੇ ਇਕ ਨਿੱਕੇ ਜਿਹੇ ਸਟੇਸ਼ਨ ਉਤੇ ਮਿਲੀ ਸੀ। ਲਾਵਾਰਿਸ ਸੀ। (ਉਦੋਂ ਪੰਜਾਬ ਇਕੱਠਾ ਸੀ) ਮੈਂ ਵੀ ਲਾਵਾਰਿਸ ਜਿਹਾ ਸਾਂ। ਅੱਗਾ-ਪਿੱਛਾ ਉਸਦਾ ਕੋਈ ਨਹੀਂ ਸੀ। ਉਸ ਦੀਆਂ ਅੱਖਾਂ ਵਿਚ ਇਕ ਨੂਰ ਦੀ ਝਲਕ ਪਈ। ਮੁਸ਼ਾਇਰੇ ਵਿਚ ਮੇਰੇ ਸ਼ੇਅਰ ਉਸ ਧਿਆਨ ਨਾਲ ਸੁਣੇ ਤੇ ਪਸੰਦ ਕੀਤੇ ਸਨ, ਇਸੇ ਲਈ ਉਸ ਨੇ ਮੇਰੇ ਕੋਲ ਆ ਕੇ ਜਦੋਂ ਮੈਂ ਗੱਡੀ ਦੀ ਉਡੀਕ ਵਿਚ ਸਾਂ, ਮੇਰੇ ਸ਼ੇਅਰਾਂ ਦੀ ਤਸ਼ਰੀਹ ਕੀਤੀ। ਮੈਨੂੰ ਉਸ ਦੀ ਇਨਸਾਨ ਦੋਸਤੀ ਤੇ ਖਲੂਸ ਭਾ ਗਏ ਸਨ। ਅਸਾਂ ਅੰਮ੍ਰਿਤਸਰ ਆ ਕੇ ਸ਼ਾਦੀ ਕਰ ਲਈ। ਕੁਝ ਦਿਨਾਂ ਮਗਰੋਂ ਅਜੇ ਮੈਂ ਅੰਮ੍ਰਿਤਸਰ ਹੀ ਸਾਂ, ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਮੇਰੀ ਬੀਵੀ ਨੂੰ ਇਸ ਗ੍ਰਿਫਤਾਰੀ ਦਾ ਪਤਾ ਨਹੀਂ ਸੀ ਲੱਗਾ। ਉਹ ਮੇਰੀ ਭਾਲ ਵਿਚ ਲਾਹੌਰ ਆ ਗਈ। ਮਹੀਨੇ ਮਗਰੋਂ ਕੈਦ ਦੀ ਰਿਹਾਈ ਮਿਲੀ ਤਾਂ ਮੈਂ ਉਹਨੂੰ ਅੰਮ੍ਰਿਤਸਰ ਭਾਲਦਾ ਰਿਹਾ। ਉਹ ਮੈਨੂੰ ਲਾਹੌਰ ਲੱਭਦੀ ਰਹੀ। ਆਖਰ ਡੇਢ ਸਾਲ ਮਗਰੋਂ ਮੈਨੂੰ ਰੇਲਵੇ ਸਟੇਸ਼ਨ ਤੇ ਮਿਲੀ। ਉਸਦੇ ਕੁੱਛੜ ਮੁੰਡਾ ਸੀ ਚਾਰ ਪੰਜ ਮਹੀਨੇ ਦਾ। ਉਹ ਦਿਨ-ਰਾਤ ਉਥੇ ਸਟੇਸ਼ਨ ਤੇ ਹੀ ਰਹਿੰਦੀ ਸੀ। ਉਹ ਸਮਝਦੀ ਸੀ ਕਿ ਲਾਹੌਰ ਆਉਣ ਲਈ ਮੈਂ ਇਥੇ ਸਟੇਸ਼ਨ ਤੇ ਹੀ ਗੱਡੀ 'ਤੋਂ ਲਹਿਣਾ ਸੀ। ਇੰਝ ਉਹ ਡੇਢ ਸਾਲ ਤੀਕਰ ਹਰ ਆਉਣ-ਜਾਣ ਵਾਲੀ ਗੱਡੀ ਦੇ ਮੁਸਾਫਰਾਂ ਨੂੰ ਵੇਖਦੀ ਰਹੀ ਸੀ। ਮੁੰਡਾ ਫਿੰਮਣੀਆਂ- ਫੋੜਿਆਂ ਨਾਲ ਭਰਿਆ ਪਿਆ ਸੀ। ਮਾਤਾ (ਚੇਚਕ) ਨਿਕਲੀ ਹੋਈ ਸੀ। ਫਿੰਮਣੀਆਂ ਵਿਚੋਂ ਪਾਕ ਵਗ ਰਹੀ ਸੀ। ਮੁੰਡੇ ਦੀ ਮਾਂ ਸੁੱਕ ਕੇ ਸੰਗਲੀ ਹੋ ਗਈ ਸੀ ਤੇ ਮਰਨ ਦੇ ਨੇੜੇ ਸੀ। ਮੈਂ ਦੋਵਾਂ ਮਾਂ-ਪੁੱਤਰਾਂ ਨੂੰ ਹਸਪਤਾਲ ਲੈ ਗਿਆ। ਪਰ ਕਹਾਣੀ ਤਾਂ ਮੁੱਕਣ ਦੇ ਨੇੜੇ ਸੀ। ਦੋਵੇਂ ਮਾਂ ਪੁੱਤਰ ਅੱਗੜ-ਪਿੱਛੜ ਇਹ ਜੱਗ ਛੱਡ ਗਏ।''

ਸ਼ਾਇਦ ਇਸ ਕੁੜੀ ਦੇ ਵੈਰਾਗ ਦਾ ਕਾਰਨ ਸੀ ਜਾਂ ਸਿੱਖਾਂ ਦੇ ਧਾਰਮਿਕ ਸਮਾਗਮਾਂ 'ਤੇ ਆਪਣੀ ਕਵਿਤਾ ਪੜ੍ਹਨ ਸਦਕਾ, ਸਹਿਜੇ ਸਹਿਜੇ ਉਨ੍ਹਾਂ ਦਾ ਗੁਰਬਾਣੀ ਲਈ ਪਿਆਰ ਜਾਗ ਪਿਆ ਸੀ। ਉਸਤਾਦ ਦਾਮਨ ਜਦੋਂ ਉਦਾਸ ਹੁੰਦੇ ਤਾਂ ਕਈ ਵਾਰ ਅੰਮ੍ਰਿਤਸਰ ਦਾ ਰੇਡੀਓ ਸਟੇਸ਼ਨ ਚਲਾ ਲੈਂਦੇ ਤੇ ਗੁਰਬਾਣੀ ਸੁਣਿਆ ਕਰਦੇ। ਦੇਸ਼ ਦੀ ਵੰਡ ਪਿੱਛੋਂ ਹਮਦਮ ਤੇ ਦਾਮਨ ਲਾਹੌਰ ਹੀ ਟਿਕੇ ਰਹੇ ਸਨ। ਦੋਵਾਂ ਦੀ ਹਾਲਤ ਖਸਤਾ ਸੀ, ਪਰ ਹਮਦਮ ਤਾਂ ਆਪਣਾ ਮਾਨਸਿਕ ਸੰਤੁਲਨ ਵੀ ਗਵਾ ਬੈਠੇ ਸਨ। ਦਾਮਨ ਆਪਣੇ ਉਸਤਾਦ ਦੀ ਹਾਲਤ ਵੇਖ ਕੇ ਡਾਹਢੇ ਦੁਖੀ ਹੁੰਦੇ ਸਨ। ਉਹ ਹਮਦਮ ਜਿਸ ਤੋਂ ਲੋਕ ਜ਼ਿੰਦਗੀ ਦਾ ਸਲੀਕਾ ਤੇ ਜੀਵਨ-ਜਾਚ ਸਿੱਖਿਆ ਕਰਦੇ ਸਨ, ਜਿਸ ਦੇ ਡੇਰੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਭੀੜ ਲੱਗੀ ਰਹਿੰਦੀ ਸੀ, ਘਰੋਂ ਬਾਹਰ ਪੈਰ ਧਰਦਾ ਤਾਂ ਕਦਮ ਕਦਮ 'ਤੇ ਸਲਾਮ-ਆਲੇਕਮ, ਸਤਿ ਸ੍ਰੀ ਅਕਾਲ ਤੇ ਰਾਮ-ਰਾਮ ਦੀਆਂ ਆਵਾਜ਼ਾਂ ਕੰਨੀ ਪੈਂਦੀਆਂ ਸਨ। ਹੁਣ ਉਸ ਦੇ ਲਈ ਮੌਤ ਵਰਗੀ ਚੁੱਪ ਵਰਤ ਰਹੀ ਸੀ, ਪੂਰੀ ਸਜ-ਧਜ ਨਾਲ ਰਹਿਣ ਵਾਲੇ ਹਮਦਮ ਦਾ ਮੰਦਾ ਹਾਲ ਸੀ, ਰੋਟੀ ਲਈ ਵੀ ਮੁਹਤਾਜ ਸੀ, ਦਰ-ਬਦਰ ਦੀਆਂ ਠੋਕਰਾਂ ਉਸ ਦਾ ਨਸੀਬ ਸਨ।

ਉਸਤਾਦ ਦਾਮਨ ਨੇ ਆਪਣੇ ਉਸਤਾਦ ਨੂੰ ਥਾਂ-ਥਾਂ ਲੱਭਿਆ ਤੇ ਜਦੋਂ ਮਿਲ ਗਏ ਤਾਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਤੇ ਸੇਵਾ ਕੀਤੀ। 1954 ਵਿਚ ਜਦੋਂ ਬਹੁਤ ਬੀਮਾਰ ਹੋ ਗਏ, ਬੋਲ ਵੀ ਨਹੀਂ ਸਨ ਸਕਦੇ ਤਾਂ ਦਾਮਨ ਸਾਹਿਬ ਉਨ੍ਹਾਂ ਨੂੰ ਮਿਊ ਹਸਪਤਾਲ ਲੈ ਗਏ। ਉਸਤਾਦ ਦੇ ਇਸ਼ਾਰੇ 'ਤੇ ਦਾਮਨ ਉਨ੍ਹਾਂ ਨੂੰ ਘਰ ਲਿਆ ਰਹੇ ਸਨ ਕਿ ਰਾਹ ਵਿਚ ਹੀ ਸਾਂਝੇ ਪੰਜਾਬ ਦੇ ਇਸ ਉਘੇ ਸਾਇਰ ਨੇ ਆਪਣੇ ਸ਼ਾਗਿਰਦ ਦੀ ਪਿਆਰ ਤੇ ਸਤਿਕਾਰ ਨਾਲ ਭਰੀ ਗੋਦ ਵਿਚ ਆਖਰੀ ਸਾਹ ਲਏ ਤੇ ਚੱਲਦੇ ਬਣੇ।

ਉਸਤਾਦ ਦੀ ਮੌਤ ਨੇ ਦਾਮਨ ਨੂੰ ਇਕ ਤਰ੍ਹਾਂ ਨਾਲ ਤੋੜ ਹੀ ਸੁੱਟਿਆ। ਮਾਂ ਪੂਰੀ ਹੋਈ ਤਾਂ ਦਾਮਨ ਕੋਲ ਨਹੀਂ ਸੀ, ਇਸ ਦਾ ਵੀ ਉਸਨੂੰ ਦੁੱਖ ਸੀ। ਅਲਾਉਲਦੀਨ ਨੂੰ ਪੁੱਤਰ ਵਾਂਗ ਪਾਲਿਆ ਤੇ ਪ੍ਰਵਾਨ ਚੜ੍ਹਾਇਆ ਸੀ, ਉਹ ਵੀ ਰੱਬ ਨੂੰ ਪਿਆਰਾ ਹੋ ਗਿਆ। ਉਸ ਦੀ ਮੌਤ ਨੇ ਦਾਮਨ ਦਾ ਲੱਕ ਹੀ ਤੋੜ ਦਿੱਤਾ। ਉਨ੍ਹਾਂ ਦੀ ਸਿਹਤ ਦਿਨੋ-ਦਿਨ ਡਿੱਗਦੀ ਗਈ। ਅੰਤ ਮਿਊ ਹਸਪਤਾਲ ਵਿਚ ਸੱਜਣਾ-ਮਿੱਤਰਾਂ ਭਰਤੀ ਕਰਵਾ ਦਿੱਤਾ। ਬਿਮਾਰੀ ਕਾਬੂ ਵਿਚ ਨਹੀਂ ਸੀ ਆ ਰਹੀ। ਡਾਕਟਰ ਆਪਣੀ ਵਾਹ ਲਾ ਰਹੇ ਸਨ, ਪਰ ਸਿਹਤ ਨਿਘਰਦੀ ਹੀ ਚਲੀ ਗਈ। ਇਕ ਦਿਨ ਅਚਾਨਕ ਖਬਰ ਆਈ ਕਿ ਫੈਜ਼ ਅਹਿਮਦ ਫੈਜ਼ ਚਲਾਣਾ ਕਰ ਗਏ ਹਨ। ਸੁਣਦਿਆਂ ਹੀ ਦਾਮਨ ਤੜਫ ਉਠਿਆ। ਡਾਕਟਰ ਰੋਕਦੇ ਰਹੇ, ਪਰ ਦਾਮਨ ਨੇ ਕਿਸੇ ਦੀ ਨਾ ਸੁਣੀ। ਉਹ ਮੇਰਾ ਯਾਰ ਸੀ, ਮੈਂ ਜ਼ਰੂਰ ਜਾਣਾ ਏ। ਆਖਦਿਆਂ ਧੱਕੋ-ਧੱਕੀ ਫੈਜ਼ ਸਾਹਿਬ ਦੇ ਜਨਾਜੇ ਵਿਚ ਸ਼ਾਮਲ ਹੋਣ ਲਈ ਚਲੇ ਗਏ। ਉਥੇ ਰੂਸੀ ਸਫੀਰ ਵੀ ਮੌਜੂਦ ਸੀ। ਰੂਸੀ ਸਫੀਰ ਨੇ ਫੈਜ਼ ਸਾਹਿਬ ਦਾ ਅਫਸੋਸ ਕਰਦਿਆਂ ਦਾਮਨ ਸਾਹਿਬ ਨੂੰ ਕਿਹਾ ਕਿ ਧਰਤੀ ਦੇ ਅਜ਼ੀਮ ਲੋਕੋ, ਤੁਹਾਡੇ ਇਕ ਸਾਥੀ ਦੇ ਵਿਛੜਨ ਦਾ ਰੂਸ ਨੂੰ ਬਹੁਤ ਅਫਸੋਸ ਹੈ। ਦਾਮਨ ਸਾਹਿਬ ਰੋਂਦੇ-ਰੋਂਦੇ ਮੁੜੇ। ਥੋੜ੍ਹੇ ਹੀ ਦਿਨਾਂ ਪਿੱਛੋਂ 3 ਦਸੰਬਰ 1954 ਨੂੰ ਪੰਜਾਬੀ ਦਾ ਅਲਬੇਲਾ ਸ਼ਾਇਰ ਅਤੇ ਇਕ ਵਧੀਆ ਇਨਸਾਨ ਇਸ ਦੁਨੀਆਂ ਨੂੰ ਸਦਾ-ਸਦਾ ਲਈ ਛੱਡ ਗਿਆ।

ਵਿਚਾਰ-ਚਰਚਾ

# ਭਾਰਤ ਵਿਚ ਕੌਮੀ ਸਵਾਲ ਤੇ ਸਿੱਖ ਮਸਲੇ

*ਸਿੱਖ ਕੌਮ ਅਤੇ ਪੰਜਾਬੀ ਕੌਮ ਦੇ ਮਸਲੇ ਬਾਰੇ ਅਕਾਦਮਿਕ ਬਹਿਸ ਬਹੁਤ ਪੁਰਾਣੀ ਹੈ। ਇਸ ਮਸਲੇ ਉਤੇ ਹਾਲ ਹੀ ਵਿਚ ਕੁਝ ਵਿਚਾਰਵਾਨਾਂ ਵਲੋਂ 'ਪੰਜਾਬ ਟਾਈਮਜ਼' ਵਿਚ ਆਪਣੇ ਵਿਚਾਰ ਪ੍ਰਗਟਾਏ ਗਏ ਹਨ। ਮਾਰਕਸੀ ਨਜ਼ਰੀਏ ਤੋਂ ਲਿਖਿਆ ਕਰਮ ਬਰਸਟ ਦਾ ਇਹ ਲੇਖ ਇਥੇ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ 'ਪੰਜਾਬ ਟਾਈਮਜ਼' ਦਾ ਸਹਿਮਤ ਜਾਂ ਅਸਿਹਮਤ ਹੋਣਾ ਜ਼ਰੂਰੀ ਨਹੀਂ ਹੈ। ਸਾਡਾ ਮਕਸਦ ਸਾਰਥਕ ਵਿਚਾਰ ਚਰਚਾ ਲਈ ਇਕ ਮੰਚ ਮੁਹੱਈਆ ਕਰਨਾ ਹੈ। ਇਸ ਦੀ ਪ੍ਰਤੀਕਿਰਿਆ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਏਗੀ।-ਸੰਪਾਦਕ*

**ਕਰਮ ਬਰਸਟ**

ਪਿਛਲੇ ਦਿਨਾਂ ਵਿਚ ਪੰਜਾਬ ਟਾਈਮਜ਼ ਵਿਚ ਸਾਬਕਾ ਕਾਮਰੇਡ ਅਤੇ ਹੁਣ ਉਘੇ ਸਮਝੇ ਜਾਂਦੇ ਸਿੱਖ ਬੁੱਧੀਜੀਵੀ 'ਜਥੇਦਾਰ ਗੁਰਬਿੰਦਰ ਸਿਹੁੰ ਵੰਡੀ(ਆਂ) ਕਲਾਂ' ਦੀਆਂ ਤਾਬੜਤੋੜ ਤਿੰਨ ਕਿਤਾਬਾਂ ਬਾਰੇ ਕੁਝ ਲੇਖਕਾਂ ਦੇ ਵਿਚਾਰ ਪੜ੍ਹਨ ਦਾ ਮੌਕਾ ਮਿਲਿਆ। 'ਜਥੇਦਾਰ ਗੁਰਬਿੰਦਰ ਸਿਹੁੰ ਵੰਡੀ(ਆਂ) ਕਲਾਂ' ਨੂੰ ਇਹ ਲੇਖਕ 1980ਵਿਆਂ ਤੋਂ ਜਾਣਨ ਦਾ ਨਿਮਾਣਾ ਜਿਹਾ ਦਾਅਵਾ ਕਰ ਸਕਦਾ ਹੈ। ਇਹ ਉਹ ਦੌਰ ਸੀ, ਜਦੋਂ ਉਹ ਮਾਓਵਾਦੀ ਇਨਕਲਾਬ ਦਾ ਸਿਰਕੱਢਵਾਂ ਪੈਰੋਕਾਰ ਹੁੰਦਾ ਸੀ ਅਤੇ ਪਤਾ ਨਹੀਂ ਜਮਹੂਰੀ ਇਨਕਲਾਬ ਵਿਚ ਭਰੋਸਾ ਰੱਖਣ ਵਾਲੇ ਕਿੰਨੇ ਕੁ ਲੋਕਾਂ ਦਾ ਆਟਾ ਮੁਕਾਉਣ ਦੇ ਨਾਲ ਹੀ ਹੋਰ ਬਹੁਤ ਕੁਝ ਅਕੱਥ ਕਾਰਨਾਮਿਆਂ ਦਾ ਭਾਗੀ ਸਮਝਿਆ ਜਾਂਦਾ ਰਿਹਾ ਹੈ। ਖੈਰ, ਇਹ ਬੀਤੇ ਦੀਆਂ ਬਾਤਾਂ ਹਨ। ਇਹ ਲੇਖਕ ਨਿੱਜੀ ਦੂਸ਼ਣਬਾਜ਼ੀਆਂ ਤੋਂ ਬਚਣਾ ਚਾਹੁੰਦਾ ਹੈ। ਲੇਕਿਨ ਇਕੋ ਗੱਲ ਕਹਿ ਕੇ ਗੱਲ ਮੁਕਾ ਦੇਣਾ ਚਾਹੁੰਦਾ ਹੈ ਕਿ 'ਜਥੇਦਾਰ ਗੁਰਬਿੰਦਰ ਸਿਹੁੰ ਵੰਡੀ(ਆਂ) ਕਲਾਂ' ਦੇ ਜੀਵਨ ਪੰਧ ਦੇ ਵਿਚਾਰ ਪੈਂਡੂਲਮ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਣ ਲਈ ਕਦੇ ਕਿਸੇ ਸਫ਼ਾਈ ਦੇ ਮੁਥਾਜ ਨਹੀਂ ਰਹੇ ਹਨ, ਨਾ ਉਨ੍ਹਾਂ ਨੇ ਲੋੜ ਸਮਝੀ ਹੈ।

ਉਹ ਮਾਓਵਾਦੀ ਜਮਹੂਰੀਅਤ ਇਨਕਲਾਬ ਤੋਂ 'ਪੰਜਾਬੀ ਕੌਮ ਦੀ ਮੁਕਤੀ' ਤੱਕ ਜਾਂਦੇ ਹੋਏ, 'ਪ੍ਰੋਲੇਤਾਰੀ ਜਮਹੂਰੀਅਤ' ਤੱਕ ਦਾ ਸਫ਼ਰ ਤੈਅ ਕਰਦੇ ਹੋਏ 'ਖਾਲਿਸਤਾਨੀਆਂ' ਨੂੰ ਪੜਚੋਲਵੀਂ ਹਮਾਇਤ ਦਿੰਦੇ ਹੋਏ ਅੰਤ ਨੂੰ ਆਪਣੇ ਚੇਲਿਆਂ ਨੂੰ ਵੀ ਬੇਦਾਵਾ ਦੇਣ ਮਗਰੋਂ 'ਗੁਰਬਿੰਦਰ ਸਿਹੁੰ ਵੰਡੀ(ਆਂ) ਕਲਾਂ' 'ਜਥੇਦਾਰ' ਦੀ ਪਦਵੀ ਤੱਕ ਪਹੁੰਚੇ ਹਨ। ਉਹ ਆਪਣੀਆਂ ਲਿਖਤਾਂ ਵਿਚ ਭਾਵੇਂ ਕਿੰਨੇ ਹੀ ਵਲ ਫੇਰ ਮਾਰਨ, ਉਨ੍ਹਾਂ ਦਾ ਤੋੜਾ ਹਮੇਸ਼ਾ ਹੀ ਇਸ ਗੱਲ 'ਤੇ ਝੜਦਾ ਹੈ ਕਿ 'ਸਿੱਖ ਇਕ ਕੌਮ ਹਨ', 'ਅਕਾਲੀਆਂ ਨੇ ਹਮੇਸ਼ਾ ਹੀ ਸਿੱਖਾਂ ਨਾਲ ਦਗਾ ਕੀਤਾ ਹੈ', 'ਸਿੱਖ ਆਪਣੀ ਨਿਆਰੀ ਹਸਤੀ ਲਈ ਸੰਘਰਸ਼ ਕਰਦੇ ਆ ਰਹੇ ਹਨ', 'ਉਨ੍ਹਾਂ ਨੂੰ ਗੁਰੂ ਸਾਹਿਬ ਨੇ 'ਪਾਤਸ਼ਾਹੀ' ਵਿਰਸੇ ਵਿਚ ਬਖਸ਼ੀ ਹੈ, 'ਪਾਤਸ਼ਾਹੀ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੈ' ਅਤੇ 'ਪੰਜਾਬ ਦੇ ਕਮਿਊਨਿਸਟ ਅਤੇ ਹਿੰਦੂ ਬ੍ਰਾਹਮਣਵਾਦੀ ਸਟੇਟ ਨਾਲ ਇਕਮਿਕ ਹੋ ਕੇ ਸਿੱਖ ਦੀ ਨਿਆਰੀ ਹਸਤੀ ਨੂੰ ਖ਼ਤਮ ਕਰਨ 'ਤੇ ਲੱਗੇ ਹੋਏ ਹਨ', ਵਗੈਰਾ ਵਗੈਰਾ। ਇਹ ਉਨ੍ਹਾਂ ਦੀਆਂ ਸਿਰਕੱਢਵਾਂ ਗੁਰਬੰਦੀਆਂ ਹਨ। 'ਜਥੇਦਾਰ ਗੁਰਬਿੰਦਰ ਸਿਹੁੰ ਵੰਡੀ(ਆਂ) ਕਲਾਂ' ਦਾ ਜ਼ਿਕਰ ਐਵੇਂ 'ਆ ਗਿਆ, ਅੱਜ ਦੀ ਘੜੀ, ਮੇਰਾ ਉਨ੍ਹਾਂ ਦੀ ਸ਼ਖਸੀਅਤ, ਲਿਖਤਾਂ ਅਤੇ ਨਵੇਂ ਮੁੰਨੇ ਚੇਲਿਆਂ ਨਾਲ ਕੋਈ ਲਾਗਾ-ਦੇਗਾ ਨਹੀਂ ਹੈ।

ਆਓ, ਹੁਣ ਭਾਰਤ ਵਿਚ ਕੌਮੀਅਤਾਂ ਦੀ ਹਾਲਤ ਦੇ ਪ੍ਰਸੰਗ ਵਿਚ ਸਿੱਖਾਂ ਦੀ ਗੱਲ ਕਰੀਏ। ਬਰਤਾਨਵੀ ਬਸਤੀਵਾਦੀਆਂ ਨੂੰ ਭਾਰਤ 'ਚੋਂ ਕੱਢਣ ਲਈ ਭਾਰਤ ਵਿਚ ਵਸਦੀਆਂ ਅਨੇਕਾਂ ਕੌਮੀਅਤਾਂ ਦੀ ਜਨਤਾ ਨੇ ਸਾਂਝੇ ਸੰਘਰਸ਼ ਲੜੇ। ਸਿੱਟੇ ਵਜੋਂ ਵੱਖ ਵੱਖ ਕੌਮੀਅਤਾਂ ਵਿਚਕਾਰ ਆਪਸੀ ਸਾਂਝ ਪੈਦਾ ਹੋਈ ਅਤੇ ਇਕ ਲੰਬੇ ਦੌਰ ਦੇ ਸਾਂਝੇ ਘੋਲਾਂ ਵਿਚੋਂ ਉਨ੍ਹਾਂ ਅੰਦਰ ਇਕ ਦੇਸ਼ (ਭਾਰਤ) ਅੰਦਰ ਰਲ ਕੇ ਰਹਿਣ ਦੀ ਭਾਵਨਾ ਵੀ ਜਾਗੀ। ਭਾਰਤ ਕਦੇ ਵੀ ਇਕ ਕੌਮੀ ਰਿਆਸਤ ਨਹੀਂ ਬਣ ਸਕਿਆ ਅਤੇ ਕੌਮ ਦੇ ਅਸੂਲਾਂ, ਸਿਧਾਂਤਾਂ ਅਨੁਸਾਰ ਅੱਜ ਵੀ ਨਹੀਂ ਹੈ, ਪ੍ਰੰਤੂ ਸਾਮਰਾਜ ਵਿਰੋਧੀ ਕੌਮੀ ਮੁਕਤੀ ਲਹਿਰ ਵਿਚ ਭਾਰਤੀ ਕੌਮ ਦਾ ਇਕ ਧੁੰਦਲਾ ਜਿਹਾ ਰੂਪ ਬਣਨ ਲੱਗ ਪਿਆ ਸੀ। ਲੇਕਿਨ ਬਸਤੀਵਾਦੀਆਂ ਦੀਆਂ ਪਾੜੂ ਨੀਤੀਆਂ ਅਤੇ ਕਾਂਗਰਸੀ ਤੇ ਮੁਸਲਿਮ ਲੀਗੀ ਆਗੂਆਂ ਦੀਆਂ ਤੰਗ ਤੇ ਨਿੱਜੀ ਸੋਚਾਂ/ਇੱਛਾਵਾਂ ਨੇ 'ਭਾਰਤੀਅਤਾ' ਦੇ ਉਭਰਦੇ ਬਿੰਬ ਨੂੰ ਲੀਰੋ-ਲੀਰ ਕਰ ਦਿੱਤਾ। ਧਰਮ ਦੇ ਅਧਾਰ 'ਤੇ 'ਦੋ ਕੌਮਾਂ' ਦੀ ਗ਼ੈਰ-ਵਿਗਿਆਨਕ ਧਾਰਨਾ ਨੂੰ ਮਾਨਤਾ ਦੇ ਕੇ ਭਾਰਤੀ ਜਨਤਾ ਵਿਚ ਵੰਡੀਆਂ ਪਾ ਦਿੱਤੀਆਂ ਗਈਆਂ। ਉਸ ਵੇਲੇ ਦੀ ਕਮਿਊਨਿਸਟ ਲਹਿਰ ਨੇ ਵੀ ਇਸ ਧਾਰਨਾ ਨੂੰ ਪ੍ਰਵਾਨ ਕਰ ਕੇ ਆਪਣੀ ਨਾਕਾਬਲੀਅਤ ਦਾ ਸਬੂਤ ਪੇਸ਼ ਕੀਤਾ।

ਭਾਰਤ-ਪਾਕਿ ਵੰਡ ਅਗਾਂਹਵਧੂ ਤੇ ਜਮਹੂਰੀ ਸ਼ਕਤੀਆਂ ਦੀ ਇਕ ਅਸਹਿਣਯੋਗ ਹਾਰ ਸੀ। ਧਰਮ ਦੇ ਆਧਾਰ 'ਤੇ ਕੌਮਾਂ ਦੀ ਵੰਡ ਦੇ ਪੈਂਤੜੇ ਤੋਂ ਸਿੱਖਾਂ ਨੂੰ ਵੀ ਵੱਖਰੇ ਰਾਜ ਦੀ ਪੇਸ਼ਕਸ਼ ਹੋਈ ਦੱਸੀ ਜਾਂਦੀ ਹੈ। ਲੇਕਿਨ ਇਹ ਦਰੁਸਤ ਗੱਲ ਨਹੀਂ ਸੀ ਕਿਉਂਕਿ ਦੂਰ ਦੂਰ ਸਥਿਤ ਦੋ ਤਹਿਸੀਲਾਂ ਨੂੰ ਛੱਡ ਕੇ, ਕਿਸੇ ਇਲਾਕੇ ਵਿਚ ਵੀ ਸਿੱਖ ਭਾਰੂ ਗਿਣਤੀ ਵਿਚ ਨਹੀਂ ਸਨ। ਸਮੇਂ ਦੀ ਸਿੱਖ ਲੀਡਰਸ਼ਿਪ ਵੀ ਇਸ ਦੇ ਹੱਕ ਵਿਚ ਨਹੀਂ ਸੀ। ਲੇਕਿਨ ਇਹ ਸੱਚ ਹੈ ਕਿ ਉਦੋਂ ਦੇ ਸਿੱਖ ਆਗੂਆਂ ਨੇ ਭਾਰਤ ਦੀ ਵੰਡ ਨੂੰ ਰੋਕਣ ਅਤੇ ਦਬਾਓ ਪਾਉਣ ਦੇ ਪੈਂਤੜੇ ਤੋਂ ਕਦੇ ਵੱਖਰੇ ਸਿੱਖ ਰਾਜ ਦੀ ਅਤੇ ਕਦੇ ਪਾਕਿਸਤਾਨ ਨਾਲ ਜਾਣ ਦੀਆਂ ਪੈਂਤੜੇਬਾਜ਼ੀਆਂ ਜ਼ਰੂਰ ਖੇਡੀਆਂ ਸਨ। ਅੰਤ ਵਿਚ ਕਾਂਗਰਸੀ ਆਗੂਆਂ ਵਲੋਂ ਸਿੱਖਾਂ ਨੂੰ ਭਾਰਤ ਵਿਚ ਸਨਮਾਨਯੋਗ ਥਾਂ ਦੇਣ ਦੇ ਵਾਅਦੇ ਨਾਲ ਅਤੇ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਦੂਰਅੰਦੇਸ਼ੀ ਸਦਕਾ, ਸਿੱਖਾਂ ਨੇ ਵੱਖਰੇ ਰਾਜ ਦੀ ਬਜਾਏ ਭਾਰਤ ਵਿਚ ਹੀ ਰਹਿਣ ਨੂੰ ਤਰਜੀਹ ਦਿੱਤੀ। ਸਿੱਖ ਲੀਡਰਸ਼ਿਪ ਦਾ ਇਹ ਇਕ ਚੰਗਾ ਫੈਸਲਾ ਸੀ। ਪ੍ਰੰਤੂ ਧਰਮ ਨੂੰ ਕੌਮ ਦੇ ਆਧਾਰ ਵਜੋਂ ਇਕ ਵਾਰ ਮਾਨਤਾ ਦੇ ਦੇਣ ਨਾਲ, ਇਕ ਅਜਿਹੀ ਪਿਛਾਖੜੀ ਵਿਚਾਰਧਾਰਾ ਦੇ ਬੀਅ ਬੀਜ ਦਿੱਤੇ ਗਏ ਸਨ ਜੋ ਅੱਜ ਤੱਕ ਵੀ ਵਾਰ-ਵਾਰ ਉਗਦੇ, ਵਧਦੇ, ਫੈਲਦੇ ਅਤੇ ਜਵਾਨ ਹੁੰਦੇ ਆ ਰਹੇ ਹਨ। ਇਹ ਇਕ ਵੱਖਰਾ ਸਵਾਲ ਹੈ ਕਿ ਇਸ ਪਿਛਾਂਹਖਿੱਚੂ ਸੰਕਲਪ ਨੂੰ ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਵਲੋਂ ਹਾਰ ਦੇਣ ਨਾਲ ਅਤੇ ਕਈ ਵਾਰ ਭਾਰਤੀ ਹਾਕਮ ਜਮਾਤਾਂ ਵੱਲੋਂ ਡੰਡੇ ਦੇ ਜ਼ੋਰ ਨਾਲ ਦਬਾ ਦਿੱਤਾ ਜਾਂਦਾ ਰਿਹਾ ਹੈ। ਫੇਰ ਵੀ, ਸਿੱਖ ਜਨਤਾ ਵਿਚ ਅਜਿਹੇ ਤੱਤ ਸਮੇਂ ਸਮੇਂ 'ਤੇ ਉਠਦੇ ਰਹਿੰਦੇ ਹਨ, ਜੋ ਇਸ ਗ਼ੈਰ-ਵਿਗਿਆਨਕ ਕੌਮੀ ਸੰਕਲਪ ਨਾਲ ਚਿੰਬੜੇ ਹੋਏ ਹਨ ਅਤੇ ਸਿੱਖਾਂ ਨੂੰ ਇਕ ਕੌਮ ਦੇ ਤੌਰ 'ਤੇ ਸਿੱਧ ਕਰਨ ਲਈ ਲਟਾਪੀਂਘ ਹੋ ਰਹੇ ਹਨ।

ਆਖ਼ਰ ਇਹ 'ਕੌਮ' ਕਿਸ ਸ਼ੈਅ ਦਾ ਨਾਮ ਹੈ। ਇਹ ਸੰਕਲਪ ਕਿਵੇਂ ਉਭਰਿਆ ਅਤੇ ਕੌਮ ਕਿਵੇਂ ਹੋਂਦ ਵਿਚ ਆਉਂਦੀ ਹੈ? ਇਸ ਦਾ ਜਵਾਬ ਸਾਨੂੰ ਸਮਾਜ ਦੇ ਇਤਿਹਾਸ ਵਿਚੋਂ ਲੱਭਣਾ ਪਵੇਗਾ। ਕੌਮ ਇਕ ਬੁਰਜੂਆ ਸੰਕਲਪ ਹੈ, ਜੋ ਜਗੀਰੂ ਸਮਾਜ ਦੇ ਵਿਨਾਸ਼ ਅਤੇ ਸਨਅਤੀ ਸਰਮਾਏਦਾਰੀ ਸਮਾਜ ਦੇ ਵਿਕਾਸ ਵਿਚੋਂ ਪੈਦਾ ਹੋਇਆ ਹੈ। ਦੁਨੀਆਂ ਵਿਚ ਸਭ ਤੋਂ ਪਹਿਲਾਂ ਯੂਰਪ ਵਿਚ ਕੌਮੀ ਲਹਿਰਾਂ ਉਠੀਆਂ ਕਿਉਂਕਿ ਪੰਦਰਵੀਂ-ਸੋਲਵੀਂ ਸਦੀ ਵਿਚ ਯੂਰਪੀ ਸਮਾਜ ਪੂੰਜੀਵਾਦੀ ਜੰਮਣ-ਪੀੜਾਂ ਹੰਢਾ ਰਿਹਾ ਸੀ। ਨਵੀਂ ਉਭਰ ਰਹੀ ਸਨਅਤੀ ਸਰਮਾਏਦਾਰੀ ਨੇ ਸਾਮੰਤਸ਼ਾਹਾਂ ਨਾਲ ਆਢਾ ਲਾਇਆ ਹੋਇਆ ਸੀ। ਸਰਮਾਏਦਾਰੀ ਦੇ ਵਿਕਾਸ ਲਈ ਜਗੀਰਦਾਰੀ ਦਾ ਟੁੱਟਣਾ/ਹਾਰਨਾ ਲਾਜ਼ਮੀ ਸ਼ਰਤ ਹੈ, ਇਸ ਲਈ ਕੌਮੀ ਲਹਿਰ ਦਾ ਮੁੱਖ ਧੁਰਾ ਜਗੀਰਦਾਰੀ ਵਿਰੋਧੀ ਸੀ। ਬੁਰਜੂਆਜ਼ੀ ਦੀ ਅਗਵਾਈ ਹੇਠਾਂ ਚੱਲੀਆਂ ਲਹਿਰਾਂ ਦੀ ਜਿੱਤ ਵਜੋਂ ਯੂਰਪ ਵਿਚ ਅਨੇਕਾਂ ਕੌਮੀ ਰਿਆਸਤਾਂ ਹੋਂਦ ਵਿਚ ਆਈਆਂ। ਇਸ ਦੌਰ ਤਕ ਬੁਰਜੂਆਜ਼ੀ ਇਕ ਅਗਾਂਹਵਧੂ ਸਮਾਜਕ ਸ਼ਕਤੀ ਸੀ। ਫੇਰ ਇਕ ਅਜਿਹਾ ਦੌਰ ਆਇਆ ਜਦੋਂ ਪੂੰਜੀਵਾਦ ਆਰਥਿਕ ਖੁੱਲ੍ਹੇ ਮੁਕਾਬਲੇ ਵਿਚੋਂ ਨਿਕਲ ਕੇ ਅਜਾਰੇਦਾਰਾਨਾ ਪੂੰਜੀਵਾਦ ਯਾਨਿ ਸਾਮਰਾਜ ਵਿਚ ਤਬਦੀਲ ਹੋ ਗਿਆ। ਇਹ ਪੂੰਜੀਵਾਦ ਜੋ ਅਗਾਂਹਵਧੂ ਰਿਹਾ ਸੀ, ਹੁਣ ਦੂਜੇ ਦੇਸ਼ਾਂ/ਕੌਮਾਂ ਨੂੰ ਲੁੱਟਣ, ਗੁਲਾਮ ਬਣਾਉਣ ਵੱਲ ਹੋ ਤੁਰਿਆ। ਸਿੱਟੇ ਵਜੋਂ ਅਨੇਕਾਂ ਬਸਤੀਆਂ ਹੋਂਦ ਵਿਚ ਆਈਆਂ। ਇਨ੍ਹਾਂ ਬਸਤੀਆਂ ਵਿਚ ਕਿਹੋ ਜਿਹੇ ਪੂੰਜੀਵਾਦ ਦੀ ਉਸਾਰੀ ਹੋਈ ਅਤੇ ਕੌਮੀ ਮੁਕਤੀ ਲਹਿਰਾਂ ਨੇ ਕਿਹੋ ਜਿਹੀ ਸ਼ਕਲ ਅਖਤਿਆਰ ਕੀਤੀ, ਇਸ ਨੂੰ ਭਾਰਤੀ ਪ੍ਰਸੰਗ ਵਿਚ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ। ਇਸ ਵੱਲ ਥੋੜ੍ਹਾ ਬਾਅਦ ਵਿਚ ਮੁੜਾਂਗੇ। ਪਹਿਲਾਂ ਕੌਮ ਦੀ ਪਰਿਭਾਸ਼ਾ ਦਾ ਨਿਖੇੜਾ ਕਰ ਲਈਏ।

*ਭਾਰਤ-ਪਾਕਿ ਵੰਡ ਅਗਾਂਹਵਧੂ ਤੇ ਜਮਹੂਰੀ ਸ਼ਕਤੀਆਂ ਦੀ ਇਕ ਅਸਹਿਣਯੋਗ ਹਾਰ ਸੀ। ਧਰਮ ਦੇ ਆਧਾਰ 'ਤੇ ਕੌਮਾਂ ਦੀ ਵੰਡ ਦੇ ਪੈਂਤੜੇ ਤੋਂ ਸਿੱਖਾਂ ਨੂੰ ਵੀ ਵੱਖਰੇ ਰਾਜ ਦੀ ਪੇਸ਼ਕਸ਼ ਹੋਈ ਦੱਸੀ ਜਾਂਦੀ ਹੈ। ਲੇਕਿਨ ਇਹ ਦਰੁਸਤ ਗੱਲ ਨਹੀਂ ਸੀ ਕਿਉਂਕਿ ਦੂਰ ਦੂਰ ਸਥਿਤ ਦੋ ਤਹਿਸੀਲਾਂ ਨੂੰ ਛੱਡ ਕੇ, ਕਿਸੇ ਇਲਾਕੇ ਵਿਚ ਵੀ ਸਿੱਖ ਭਾਰੂ ਗਿਣਤੀ ਵਿਚ ਨਹੀਂ ਸਨ। ਸਮੇਂ ਦੀ ਸਿੱਖ ਲੀਡਰਸ਼ਿਪ ਵੀ ਇਸ ਦੇ ਹੱਕ ਵਿਚ ਨਹੀਂ ਸੀ। ਲੇਕਿਨ ਇਹ ਸੱਚ ਹੈ ਕਿ ਉਦੋਂ ਦੇ ਸਿੱਖ ਆਗੂਆਂ ਨੇ ਭਾਰਤ ਦੀ ਵੰਡ ਨੂੰ ਰੋਕਣ ਅਤੇ ਦਬਾਓ ਪਾਉਣ ਦੇ ਪੈਂਤੜੇ ਤੋਂ ਕਦੇ ਵੱਖਰੇ ਸਿੱਖ ਰਾਜ ਦੀ ਅਤੇ ਕਦੇ ਪਾਕਿਸਤਾਨ ਨਾਲ ਜਾਣ ਦੀਆਂ ਪੈਂਤੜੇਬਾਜ਼ੀਆਂ ਜ਼ਰੂਰ ਖੇਡੀਆਂ ਸਨ।*

ਕੌਮ ਦੀ ਪਰਿਭਾਸ਼ਾ ਬਹੁਤ ਸਾਰੇ ਵਿਦਵਾਨਾਂ ਨੇ ਵੱਖੋ ਵੱਖ ਢੰਗ ਨਾਲ ਕੀਤੀ ਹੈ। ਇਸ ਦੀ ਸਭ ਤੋਂ ਸਟੀਕ ਪਰਿਭਾਸ਼ਾ ਜੋਸਫ ਸਟਾਲਿਨ ਵਲੋਂ ਕੀਤੀ ਮੰਨੀ ਜਾਂਦੀ ਹੈ। ਉਸ ਅਨੁਸਾਰ 'ਕੌਮ ਕਿਸੇ ਨਿਸ਼ਚਤ ਇਲਾਕੇ ਵਿਚ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਇਆ, ਇਕ ਜ਼ੁਬਾਨ ਬੋਲਣ ਵਾਲਾ ਨਸਲੀ ਸਮੂਹ ਹੈ, ਜਿਸ ਦਾ ਆਪਣਾ ਆਰਥਿਕ ਪ੍ਰਬੰਧ ਅਤੇ ਉਸ ਉਪਰ ਉਸਰਿਆ ਸਭਿਆਚਾਰ ਹੁੰਦਾ ਹੈ।' ਇਸ ਪਰਿਭਾਸ਼ਾ ਵਿਚੋਂ ਪੰਜ ਤੱਤ ਉਭਰਦੇ ਹਨ-ਲੋਕਾਂ ਦਾ ਨਸਲੀ ਸਮੂਹ, ਸਾਂਝੀ ਜ਼ੁਬਾਨ, ਇਲਾਕਾ, ਸਭਿਆਚਾਰ ਅਤੇ ਅਰਥਚਾਰਾ। ਅਜੀਬ ਗੱਲ ਇਹ ਹੈ ਕਿ ਕੌਮ ਦੀ ਘਾੜਤ ਵਿਚ ਧਰਮ ਦਾ ਕਿਤੇ ਵੀ ਜ਼ਿਕਰ ਨਹੀਂ, ਕਿਉਂਕਿ ਧਰਮ ਦਾ ਇਸ ਵਿਚ ਰੋਲ ਹੀ ਨਹੀਂ ਮੰਨਿਆ ਗਿਆ। ਕਾਰਨ ਸ਼ਾਇਦ ਇਹ ਹੈ ਕਿ ਕਿਸੇ ਕੌਮੀ ਸਮਾਜ ਵਿਚ ਧਰਮ ਕਿਸੇ ਵੇਲੇ ਵੀ ਪੈਦਾ ਹੋ ਸਕਦਾ ਹੈ ਜਾਂ ਕਿਸੇ ਹਾਲਤ ਵਿਚ ਲੁਪਤ ਹੋ ਸਕਦਾ ਹੈ। ਮਿਸਾਲ ਵਜੋਂ ਪੰਦਰਵੀਂ ਸਦੀ ਤਕ ਸਿੱਖ ਧਰਮ (ਲਹਿਰ) ਦੀ ਕੋਈ ਹੋਂਦ ਨਹੀਂ ਸੀ ਪ੍ਰੰਤੂ ਜਿਸ ਪੰਜਾਬੀ ਸਮਾਜ (ਕੌਮ) ਵਿਚ ਇਹ ਪਨਪਿਆ, ਇਹ ਪਹਿਲਾਂ ਤੋਂ ਹੀ ਮੌਜੂਦ ਸੀ। ਇਸੇ ਤਰ੍ਹਾਂ ਭਾਰਤ ਵਿਚ ਈਸਾਈ ਧਰਮ ਦੀ ਆਮਦ ਵੀ ਮੋਟੇ ਤੌਰ 'ਤੇ ਯੂਰਪੀ ਬਸਤੀਵਾਦੀਆਂ ਦੇ ਆਉਣ ਨਾਲ ਹੋਈ, ਜਦੋਂਕਿ ਇਸ ਨੂੰ ਅਪਣਾਉਣ ਵਾਲੇ ਵੱਖ ਵੱਖ ਕੌਮੀਅਤਾਂ ਦੇ ਲੋਕ ਸਦੀਆਂ ਤੋਂ ਭਾਰਤ ਵਿਚ ਵਸਦੇ ਆ ਰਹੇ ਸਨ। ਇਸੇ ਤਰ੍ਹਾਂ ਕਿਸੇ ਵੇਲੇ ਦਾ ਮੋਢੀ ਬੁੱਧ ਧਰਮ ਸਮਾਂ ਪੈ ਕੇ ਭਾਰਤ ਦੇ ਵੱਡੇ ਭਾਗਾਂ ਵਿਚੋਂ ਲਗਭਗ ਅਲੋਪ ਹੋ ਕੇ ਰਹਿ ਗਿਆ ਹੈ।

ਭਾਰਤ ਵਿਚ ਦੋ ਦਰਜਨ ਦੇ ਕਰੀਬ ਕੌਮੀਅਤਾਂ ਹਨ ਜਿਨ੍ਹਾਂ ਦੀ ਭਾਰੀ ਗਿਣਤੀ ਹਿੰਦੂ ਧਰਮ ਨੂੰ ਮੰਨਦੀ ਹੈ ਪ੍ਰੰਤੂ ਇਕ ਹੀ ਧਰਮ ਨੂੰ ਮੰਨਣ ਦੇ ਬਾਵਜੂਦ ਉਨ੍ਹਾਂ ਦੀ ਵਸੋਂ/ਜਨਤਾ 'ਹਿੰਦੂ ਕੌਮ' ਨਹੀਂ ਬਣ ਜਾਂਦੀ। ਸਾਂਝੇ ਧਰਮ ਦੇ ਹੁੰਦਿਆਂ ਵੀ ਉਹ ਬੰਗਾਲੀ, ਮਲਿਆਲੀ, ਤਾਮਿਲ, ਤੇਲਗੂ, ਪੰਜਾਬੀ ਆਦਿ ਕੌਮੀਅਤਾਂ ਦੇ ਅੰਗ ਹਨ। ਇਕ ਕੌਮੀਅਤ ਦੇ ਲੋਕਾਂ ਨੂੰ ਜੋੜਨ ਲਈ ਧਰਮ ਕੋਈ ਭੂਮਿਕਾ ਨਹੀਂ ਨਿਭਾਉਂਦਾ। ਜੇ ਅਜਿਹਾ ਹੁੰਦਾ ਤਾਂ ਈਸਾਈ ਧਰਮ ਨੂੰ ਮੰਨਣ ਵਾਲੇ ਅਨੇਕਾਂ ਹੀ ਅਲੱਗ ਅਲੱਗ ਦੇਸ਼ ਨਾ ਹੁੰਦੇ। ਉਨ੍ਹਾਂ ਵਿਚ ਵਸਣ ਵਾਲੇ ਲੋਕ ਆਪਣੇ ਆਪ ਨੂੰ ਬਰਤਾਨਵੀ, ਫਰਾਂਸੀਸੀ, ਸਪੇਨੀ, ਪੁਰਤਗਾਲੀ, ਰੂਸੀ, ਜਰਮਨ, ਅਮਰੀਕਨ ਆਦਿ ਕਹਿਣ ਦੀ ਬਜਾਏ 'ਈਸਾਈ ਕੌਮ' ਕਹਿੰਦੇ। ਪ੍ਰੰਤੂ ਅਜਿਹਾ ਨਹੀਂ ਹੁੰਦਾ। ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਵੱਖ ਹੋਏ ਪਾਕਿਸਤਾਨ ਵਿਚ ਵੀ 'ਮੁਸਲਮਾਨ ਕੌਮ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ, ਜੇ ਅਜਿਹਾ ਹੁੰਦਾ ਤਾਂ ਬੰਗਾਲੀ ਕੌਮ ਦੇ ਮੁਸਲਮਾਨਾਂ ਨੂੰ ਬੰਗਲਾ ਦੇਸ਼ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। ਮੌਜੂਦਾ ਪਾਕਿਸਤਾਨ ਅੰਦਰ ਹੀ ਇਸ ਵੇਲੇ ਮੁੱਖ ਚਾਰ ਕੌਮਾਂ-ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਣ ਹਨ ਜਿਨ੍ਹਾਂ ਦੀਆਂ ਕੌਮੀ ਮੰਗਾਂ/ਮਸਲਿਆਂ ਦੇ ਆਧਾਰ ਉਪਰ ਆਪੋ ਵਿਚ ਤਿੱਖੀਆਂ ਵਿਰੋਧਤਾਈਆਂ ਹਨ। ਜੇ ਧਰਮ ਉਨ੍ਹਾਂ ਨੂੰ ਆਪਸ ਵਿਚ ਜੋੜਨ ਵਾਲੀ ਕੜੀ ਹੁੰਦੀ ਤਾਂ ਅਜਿਹਾ ਕਦਾਚਿਤ ਨਹੀਂ ਵਾਪਰਨਾ ਸੀ।

ਸਿੱਖਾਂ ਵਿਚ ਵੀ ਇਹੀ ਵਰਤਾਰਾ ਦਿਖਾਈ ਦਿੰਦਾ ਹੈ। ਸਿੱਖ ਗੁਰੂ ਜਿੱਥੇ ਵੀ ਗਏ, ਉਥੇ ਸਿੱਖੀ ਦਾ ਫੈਲਾਓ ਹੋਇਆ, ਭਾਵੇਂ ਕਿ ਪੰਜਾਬ ਦੇ ਮੁਕਾਬਲੇ ਵਿਚ ਇਹ ਬਹੁਤ ਹੀ ਘੱਟ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਪੰਜਾਬੀ, ਮਰਾਠੇ, ਬਿਹਾਰੀ, ਬੰਗਾਲੀ ਅਤੇ ਅਸਾਮੀ ਆਦਿ ਮਿਲਦੇ ਹਨ। ਇਕ ਸਾਂਝੇ ਧਰਮ ਨੂੰ ਮੰਨਣ ਦੇ ਬਾਵਜੂਦ ਉਹ ਵੱਖ ਵੱਖ ਕੌਮੀਅਤਾਂ ਦੇ ਭਾਗ ਹਨ। ਪੰਜਾਬੀ ਕੌਮੀਅਤ ਨੂੰ ਛੱਡ ਕੇ ਬਾਕੀ ਕੌਮੀਅਤਾਂ ਦੇ ਸਿੱਖ ਨਾ ਤਾਂ ਪੰਜਾਬੀ ਬੋਲ ਸਕਦੇ ਹਨ ਅਤੇ ਨਾ ਪੜ੍ਹ ਸਕਦੇ ਹਨ। ਇਥੋਂ ਤੱਕ ਕਿ ਗੁਰਮੁਖੀ ਲਿਪੀ ਵਿਚ ਹੋਣ ਕਰ ਕੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਪੜ੍ਹ ਨਹੀਂ ਸਕਦੇ ਜਦੋਂਕਿ ਉਨ੍ਹਾਂ ਦਾ ਸਿੱਖੀ ਵਿਚ ਅਟੁੱਟ ਵਿਸ਼ਵਾਸ ਹੈ। ਇਹ ਗੱਲ ਮੈਂ ਅਸਾਮੀ ਅਤੇ ਬੰਗਾਲੀ ਮੂਲ ਦੇ ਸਿੱਖਾਂ ਨਾਲ ਹੋਈ ਨਿੱਜੀ ਗੱਲਬਾਤ ਦੇ ਆਧਾਰ ਉਤੇ ਲਿਖ ਰਿਹਾ ਹਾਂ। ਥੋੜ੍ਹੇ ਹੀ ਸਾਲਾਂ ਵਿਚ ਯੋਗੀ ਹਰਭਜਨ ਸਿੰਘ ਵਲੋਂ ਸਿੰਘ ਸਜਾਏ ਅਮਰੀਕੀ ਸਿੱਖਾਂ ਨੂੰ ਭਲਾ 'ਸਿੱਖ ਕੌਮ' ਵਿਚ ਕਿਵੇਂ ਸ਼ਾਮਲ ਕੀਤਾ ਜਾਵੇਗਾ? ਉਹ ਤਾਂ ਹਰ ਹਾਲਤ ਵਿਚ ਅਮਰੀਕੀ ਕੌਮ ਦਾ ਹੀ ਅੰਗ ਰਹਿਣੇ ਹਨ।

## ਸਿੱਖ ਇਕ ਕੌਮ ਦਾ ਸੰਕਲਪ

ਪੰਜਾਬ ਵਿਚ ਵਸਦੇ ਸਿੱਖ ਵੀ ਪੰਜਾਬੀ ਕੌਮੀਅਤ ਦਾ ਉਵੇਂ ਹੀ ਅੰਗ ਹਨ ਜਿਵੇਂ ਹਿੰਦੂ ਪੰਜਾਬੀ ਜਾਂ ਮੁਸਲਮਾਨ ਪੰਜਾਬੀ। ਇਨ੍ਹਾਂ ਸਭਨਾਂ ਦੀ ਜ਼ੁਬਾਨ, ਸਾਹਿਤ, ਸਭਿਆਚਾਰ, ਇਲਾਕਾ, ਨਸਲ, ਇਤਿਹਾਸ ਅਤੇ ਆਰਥਿਕਤਾ ਸਾਂਝੀ ਹੈ। ਇਨ੍ਹਾਂ ਦੇ ਗੀਤ, ਗਿੱਧੇ, ਭੰਗੜੇ, ਮੌਤਾਂ 'ਤੇ ਪੈਣ ਵਾਲੇ ਵੈਣ, ਸਮਾਜਿਕ ਵਰਤੋਂ ਵਿਹਾਰ, ਰਸਮੋ-ਰਿਵਾਜ਼, ਮੇਲੇ ਤਿਓਹਾਰ ਆਦਿ ਸਭ ਸਾਂਝੇ ਹਨ। ਇਹ ਹਿੰਦੂ ਹੋ ਸਕਦੇ ਹਨ, ਸਿੱਖ ਹੋ ਸਕਦੇ ਹਨ, ਮੁਸਲਮਾਨ ਹੋ ਸਕਦੇ ਹਨ। ਪ੍ਰੰਤੂ 'ਹਿੰਦੂ ਕੌਮ', 'ਸਿੱਖ ਕੌਮ', ਤੇ 'ਮੁਸਲਮਾਨ ਕੌਮ' ਨਹੀਂ ਹੋ ਸਕਦੇ। ਇਹ ਪੰਜਾਬੀ ਹਨ ਅਤੇ ਪੰਜਾਬੀ ਕੌਮੀਅਤ ਦਾ ਹੀ ਅੰਗ ਰਹਿਣਗੇ।

ਕੌਮ ਦੀ ਵਿਗਿਆਨਕ ਪਰਿਭਾਸ਼ਾ ਹੋਣ ਦੇ ਬਾਵਜੂਦ ਸਿੱਖ ਫਿਰਕਾਪ੍ਰਸਤ ਆਗੂ ਅਤੇ ਅਖੌਤੀ ਸਿੱਖ ਬੁੱਧੀਜੀਵੀ, ਧਰਮ ਨੂੰ ਅਧਾਰ ਬਣਾ ਕੇ 'ਸਿੱਖ ਕੌਮ' ਦੇ ਪਿਛਾਖੜੀ ਵਿਚਾਰ ਨੂੰ ਪ੍ਰਚਾਰਨ ਅਤੇ ਸਥਾਪਤ ਕਰਨ ਵਿਚ ਰੁੱਝੇ ਹੋਏ ਹਨ। ਇਸ ਆਧਾਰ 'ਤੇ ਕਦੇ 'ਸਿੱਖ ਹੋਮਲੈਂਡ', ਕਦੇ ਸਿੱਖ ਬਹੁਲਤਾ ਵਾਲੇ ਪੰਜਾਬੀ ਸੂਬੇ (ਪੰਜਾਬੀ ਸੂਬੇ ਦੀ ਮੰਗ ਇਕ ਬਿਲਕੁਲ ਜਮਹੂਰੀ ਮੰਗ ਸੀ ਪ੍ਰੰਤੂ ਸਿੱਖ ਲੀਡਰਸ਼ਿਪ ਨੇ ਜਿਸ ਢੰਗ ਤਰੀਕੇ ਨਾਲ ਇਸ ਮੰਗ ਨੂੰ ਉਭਾਰਿਆ ਅਤੇ ਸੰਘਰਸ਼ ਕੀਤਾ, ਉਹ ਅਸਲੋਂ ਹੀ ਸਿੱਖ ਫਿਰਕੂ ਪੈਂਤੜਾ ਸੀ) ਅਤੇ ਕਦੇ ਖਾਲਿਸਤਾਨ ਦੀ ਮੰਗ ਕੀਤੀ ਜਾਂਦੀ ਹੈ, ਉਸ ਦੇ ਪਿੱਛੇ 'ਸਿੱਖ ਕੌਮ' ਦੀ ਧਾਰਨਾ ਹੀ ਕੰਮ ਕਰਦੀ ਹੈ। 1973 ਦਾ ਆਨੰਦਪੁਰ ਦਾ ਮਤਾ ਅਤੇ 1994 ਦਾ ਅੰਮ੍ਰਿਤਸਰ ਐਲਾਨਨਾਮਾ-ਦੋਵੇਂ ਹੀ ਇਕ ਰੂਹ, ਇਕ ਦੇਹ ਹਨ, ਫਰਕ ਸਿਰਫ਼ ਸ਼ਬਦਾਂ ਦੇ ਹੇਰਫੇਰ ਦਾ ਹੈ। ਸਿੱਖ ਕੌਮੀਅਤਾਂ ਦੀ ਹਾਲਤ ਤਾਂ ਭਾਰਤ ਦੇ ਕਿਸੇ ਵੀ ਥਾਣੇ ਦੇ ਅਧਪੜ ਮੁਨਸ਼ੀ ਵਰਗੀ ਹੈ, ਜਿਹੜਾ ਮੁਕੱਦਮਾ ਦਰਜ ਕਰਨ ਵੇਲੇ ਭਾਰਤ ਦੀਆਂ 6000 ਦੇ ਕਰੀਬ ਜਾਤਾਂ ਅਤੇ ਉਪਜਾਤਾਂ ਦੇ ਬੰਦਿਆਂ ਨੂੰ ਕੌਮ ਦਾ ਦਰਜਾ ਦੇ ਦਿੰਦਾ ਹੈ। ਮਿਸਾਲ ਵਜੋਂ ਕੋਈ ਵੀ ਕੇਸ ਦਰਜ ਕਰਨ ਵੇਲੇ ਲਿਖਿਆ ਮਿਲੇਗਾ 'ਫਲਾਣਾ ਸਿੰਘ ਪੁੱਤਰ ਢਿਮਕਾ ਸਿੰਘ ਕੌਮ ਰਾਮਦਾਸੀਆ ਦੀ ਇਸਕੇ ਗੁਨਾਹ ਵਿਚ ਸ਼ਮੂਲੀਅਤ ਪਾਈ ਗਈ।' ਧਰਮ ਦਾ ਤਾਂ ਕਹਿਣਾ ਹੀ ਕੀ, ਇਥੇ ਤਾਂ ਕਾਨੂੰਨ ਦੀਆਂ ਨਜ਼ਰਾਂ ਵਿਚ ਹਰੇਕ ਜਾਤ ਹੀ 'ਕੌਮ' ਹੈ। ਇਸ ਲਈ ਧਰਮ ਦਾ ਕੌਮ ਦੇ ਵਿਚਾਰ ਨਾਲ ਦੂਰ ਦਾ ਵੀ ਨਾਤਾ ਨਹੀਂ ਹੈ, ਇਸ ਲਈ ਧਰਮ ਨੂੰ ਕੌਮ ਦਾ ਆਧਾਰ ਬਣਾਉਣ ਵਾਲੇ ਹਰ ਪਿਛਾਖੜੀ ਕਦਮ ਦਾ ਜ਼ੋਰਦਾਰ ਵਿਰੋਧ ਕਰਨਾ ਪੈਣਾ ਹੈ।

ਹੁਣ ਪਿੱਛੇ ਛੱਡੇ ਨੁਕਤੇ ਕਿ ਭਾਰਤੀ ਸਮਾਜ 'ਚ ਕੌਮੀਅਤਾਂ ਦੀ ਕੀ ਸਥਿਤੀ ਹੈ ਅਤੇ ਕੌਮੀਅਤ ਘੋਲ ਕਿਸ ਦਿਸ਼ਾ ਵੱਲ ਵਿਕਾਸ ਕਰ ਰਹੇ/ਕਰਨੇ ਚਾਹੀਦੇ ਹਨ, ਵੱਲ ਮੁੜਦੇ ਹਾਂ। ਸ਼ੁਰੂ 'ਚ ਅਸੀਂ ਵਿਚਾਰਿਆ ਸੀ ਕਿ ਕੌਮੀ ਮੁਕਤੀ ਲਹਿਰਾਂ ਵਿਚ ਬੁਰਜੂਆਜ਼ੀ ਦੀ ਭੂਮਿਕਾ ਬੜੀ ਅਗਾਂਹਵਧੂ ਸੀ। ਪ੍ਰੰਤੂ ਸਾਮਰਾਜੀ ਅਜਾਰੇਦਾਰੀ ਦੇ ਇਸ ਦੌਰ ਵਿਚ ਇਹ ਆਪਣੀ ਇਨਕਲਾਬੀ ਭੂਮਿਕਾ ਗੁਆ ਚੁੱਕੀ ਹੈ। ਖਾਸ ਕਰਕੇ ਜਿਹੜੇ ਦੇਸ਼ ਸਾਮਰਾਜੀ ਮੁਲਕਾਂ ਦੇ ਗੁਲਾਮ ਰਹੇ ਹਨ, ਉਥੋਂ ਦੀ ਪੂੰਜੀਪਤੀ ਜਮਾਤ ਕੌਮੀ ਸਵਾਲ ਨੂੰ ਵਾਜਬ ਢੰਗ ਨਾਲ ਹੱਲ ਕਰਨ ਦੇ ਅਸਮਰੱਥ ਹੈ। ਭਾਰਤ ਵੀ ਇਕ ਅਜਿਹਾ ਹੀ ਦੇਸ਼ ਹੈ। ਬਰਤਾਨਵੀ ਸਾਮਰਾਜ ਨੇ ਆਪਣੀ ਛਤਰਛਾਇਆ ਹੇਠ ਜੋ ਸਨਅਤੀ ਪੂੰਜੀਵਾਦ ਦੀ ਉਸਾਰੀ ਕੀਤੀ ਸੀ, ਉਹ ਮਹਿਜ਼ ਦਲਾਲ ਪੂੰਜੀਵਾਦ ਸੀ ਅਤੇ ਅਜਿਹਾ ਪੂੰਜੀਵਾਦ ਬਸਤੀਵਾਦੀ ਪੂੰਜੀਵਾਦ ਦੀ ਹੀ ਇਕ ਲਗਰ ਹੈ। ਇਹ ਕੌਮੀ ਆਜ਼ਾਦੀ ਦੀ ਥਾਂ 'ਤੇ ਸਾਮਰਾਜ ਦੀ ਤਾਬੇਦਾਰੀ ਨੂੰ ਪਹਿਲ ਦਿੰਦਾ ਹੈ। ਸਾਮਰਾਜ ਦੀ ਅਧੀਨਗੀ ਅਤੇ ਸਾਮੰਤਸ਼ਾਹੀ ਨਾਲ ਗੰਢ-ਸੰਢ ਲਾਜ਼ਮੀ ਤੌਰ 'ਤੇ ਇਸ ਨੂੰ ਆਪਣੇ ਹੀ ਦੇਸ਼ ਅੰਦਰ ਕੌਮੀਅਤਾਂ ਨੂੰ ਦਬਾਉਣ, ਸਿਰ-ਨਰੜ ਕਰਕੇ ਰੱਖਣ ਅਤੇ ਉਨ੍ਹਾਂ ਦੇ ਆਜ਼ਾਦ ਵਿਕਾਸ ਨੂੰ ਬੰਨ੍ਹ ਮਾਰਨ ਦੇ ਕਦਮ ਚੁੱਕਣ ਲਈ ਮਜਬੂਰ ਕਰ ਦਿੰਦੀ ਹੈ।

ਭਾਰਤ ਵਿਚ ਵਸਦੀਆਂ ਵੱਖ ਵੱਖ ਕੌਮੀਅਤਾਂ ਦੇ ਲੋਕਾਂ ਨੇ ਕੌਮੀ ਮੁਕਤੀ ਦੀ ਲਹਿਰ ਵਿਚ ਆਪਣਾ ਯੋਗਦਾਨ ਪਾਇਆ ਸੀ। ਆਜ਼ਾਦੀ ਦੀ ਇਸ ਲੜਾਈ ਦੌਰਾਨ ਗਾਂਧੀ, ਨਹਿਰੂ ਦੀ ਅਗਵਾਈ ਵਾਲੀ ਕਾਂਗਰਸ ਨੇ ਇਨ੍ਹਾਂ ਕੌਮੀਅਤਾਂ ਨੂੰ ਭਰੋਸਾ ਦਿਵਾਇਆ ਸੀ ਕਿ ਆਜ਼ਾਦ ਭਾਰਤ ਵਿਚ ਸਭ ਨੂੰ ਹੀ ਸਵੈ-ਆਜ਼ਾਦੀ ਤੇ ਬਰਾਬਰ ਵਿਕਾਸ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ, ਪ੍ਰੰਤੂ ਜਿਉਂ ਹੀ ਬਰਤਾਨਵੀ ਸਾਮਰਾਜ ਪਰਦੇ ਤੋਂ ਉਹਲੇ ਹੋਇਆ ਤਾਂ ਕਾਂਗਰਸੀ ਲੀਡਰਸ਼ਿਪ ਆਪਣੇ ਅਸਲੀ ਰੰਗ ਵਿਚ ਆ ਗਈ। ਬੇਸ਼ੱਕ ਕੌਮਾਂਤਰੀ ਤੌਰ 'ਤੇ ਸੰਯੁਕਤ ਰਾਸ਼ਟਰ ਸੰਘ ਵੱਲੋਂ ਪ੍ਰਵਾਨਤ 'ਕੌਮਾਂ ਨੂੰ ਆਤਮ ਨਿਰਣੈ ਸਮੇਤ ਵੱਖ ਹੋਣ ਦੇ ਹੱਕ' ਦੇ ਸਿਧਾਂਤ ਨੂੰ ਉਪਰੇ ਤੌਰ 'ਤੇ ਮੰਨਦਿਆਂ ਭਾਰਤ ਵਿਚ 'ਫੈਡਰਲ ਪ੍ਰਬੰਧ' ਦੀ ਵਿਵਸਥਾ ਕੀਤੀ ਗਈ ਹੈ, ਲੇਕਿਨ ਤੱਤ ਰੂਪ ਵਿਚ ਭਾਰਤ ਵਿਚ ਕੇਂਦਰੀਕ੍ਰਿਤ ਸੱਤਾਵਾਦੀ ਵਿਵਸਥਾ ਨੂੰ ਹੀ ਮਜ਼ਬੂਤ ਕੀਤਾ ਗਿਆ ਹੈ। ਕੌਮਾਂ

*ਪੰਜਾਬ ਵਿਚ ਵਸਦੇ ਸਿੱਖ ਵੀ ਪੰਜਾਬੀ ਕੌਮੀਅਤ ਦਾ ਉਵੇਂ ਹੀ ਅੰਗ ਹਨ ਜਿਵੇਂ ਹਿੰਦੂ ਪੰਜਾਬੀ ਜਾਂ ਮੁਸਲਮਾਨ ਪੰਜਾਬੀ। ਇਨ੍ਹਾਂ ਸਭਨਾਂ ਦੀ ਜ਼ੁਬਾਨ, ਸਾਹਿਤ, ਸਭਿਆਚਾਰ, ਇਲਾਕਾ, ਨਸਲ, ਇਤਿਹਾਸ ਅਤੇ ਆਰਥਿਕਤਾ ਸਾਂਝੀ ਹੈ। ਇਨ੍ਹਾਂ ਦੇ ਗੀਤ, ਗਿੱਧੇ, ਭੰਗੜੇ, ਮੌਤਾਂ 'ਤੇ ਪੈਣ ਵਾਲੇ ਵੈਣ, ਸਮਾਜਿਕ ਵਰਤੋਂ ਵਿਹਾਰ, ਰਸਮੋ-ਰਿਵਾਜ਼, ਮੇਲੇ ਤਿਓਹਾਰ ਆਦਿ ਸਭ ਸਾਂਝੇ ਹਨ। ਇਹ ਹਿੰਦੂ ਹੋ ਸਕਦੇ ਹਨ, ਸਿੱਖ ਹੋ ਸਕਦੇ ਹਨ, ਮੁਸਲਮਾਨ ਹੋ ਸਕਦੇ ਹਨ। ਪ੍ਰੰਤੂ 'ਹਿੰਦੂ ਕੌਮ', 'ਸਿੱਖ ਕੌਮ', ਤੇ 'ਮੁਸਲਮਾਨ ਕੌਮ' ਨਹੀਂ ਹੋ ਸਕਦੇ। ਇਹ ਪੰਜਾਬੀ ਹਨ ਅਤੇ ਪੰਜਾਬੀ ਕੌਮੀਅਤ ਦਾ ਹੀ ਅੰਗ ਰਹਿਣਗੇ।*

ਦਾ ਆਤਮ ਨਿਰਣਾ, ਸਮੇਤ ਵੱਖ ਹੋਣ ਦੇ, ਇਕ ਜਮਹੂਰੀ ਅਧਿਕਾਰ ਹੈ, ਜਿਸ ਨੂੰ ਅਸੂਲੀ ਤੌਰ 'ਤੇ ਪ੍ਰਵਾਨ ਕਰਨਾ ਚਾਹੀਦਾ ਹੈ। ਇਸ ਪਿੱਛੇ ਜੋ ਭਾਵਨਾ ਕੰਮ ਕਰਦੀ ਹੈ, ਉਹ ਕੌਮਾਂ ਨੂੰ ਵੱਖ ਹੋਣ ਲਈ ਉਕਸਾਉਣਾ ਨਹੀਂ ਹੈ, ਬਲਕਿ ਵੱਖ ਵੱਖ ਕੌਮਾਂ ਵਿਚਕਾਰ ਹਕੀਕੀ ਏਕਤਾ ਨੂੰ ਮਜ਼ਬੂਤ ਕਰਨਾ ਹੈ। ਇਥੋਂ ਤੱਕ ਕਿ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਵਿਚ ਵੀ ਪਤੀ-ਪਤਨੀ ਨੂੰ ਤਲਾਕ ਦਾ ਹੱਕ ਦਿਤਾ ਜਾਂਦਾ ਹੈ। ਇਸ ਦਾ ਮਤਲਬ ਪਰਿਵਾਰ ਨੂੰ ਖੇਰੂੰ ਖੇਰੂੰ ਕਰਨਾ ਨਹੀਂ ਹੁੰਦਾ ਸਗੋਂ ਜਬਰੀ ਸਿਰ-ਨਰੜ ਨੂੰ ਰੋਕ ਕੇ ਪਤੀ ਪਤਨੀ ਵਿਚਕਾਰ ਰਿਸ਼ਤਿਆਂ ਨੂੰ ਆਪਸੀ ਵਿਸ਼ਵਾਸ ਦੇ ਆਧਾਰ 'ਤੇ ਪੱਕੇ ਕਰਨਾ ਹੈ। ਇਹੀ ਗੱਲ ਕੌਮਾਂ ਵਿਚਕਾਰਲੇ ਇਲਹਾਕ ਜਾਂ 'ਤਲਾਕ' ਉਪਰ ਲਾਗੂ ਹੁੰਦੀ ਹੈ।

ਇਹ ਡਾਢੇ ਅਫਸੋਸ ਦੀ ਗੱਲ ਹੈ ਕਿ ਭਾਰਤੀ ਹਾਕਮ ਜਮਾਤਾਂ ਨੇ ਇਸ ਸੰਕਲਪ ਨੂੰ ਮੰਨਣ ਤੋਂ ਮੂੰਹ ਫੇਰ ਰੱਖਿਆ ਹੈ। ਵੱਖ ਵੱਖ ਕੌਮੀਅਤਾਂ ਦੇ ਲੋਕਾਂ ਵਿਚਕਾਰ ਵੰਡੀਆਂ ਪਾ ਕੇ, ਪਾੜ ਕੇ, ਉਨ੍ਹਾਂ ਨੂੰ ਬਰਾਬਰ ਵਿਕਾਸ ਦੇ ਮੌਕੇ ਪ੍ਰਦਾਨ ਨਾ ਕਰਕੇ ਕੌਮੀਅਤਾਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕੀਤੀ ਹੋਈ ਹੈ। ਪਰਾਏਪਣ ਦੀ ਇਹ ਭਾਵਨਾ ਇਸ ਵੇਲੇ ਨਾਗਿਆਂ, ਕਸ਼ਮੀਰੀਆਂ ਅਤੇ ਆਸਾਮੀਆਂ ਵਿਚ ਪ੍ਰਚੰਡ ਰੂਪ ਧਾਰਨ ਕਰ ਰਹੀ ਹੈ। ਇਹ ਕੌਮੀਅਤਾਂ ਹੁਣ ਸਪਸ਼ਟ ਤੌਰ 'ਤੇ ਵੱਖਰੇ ਹੋਣ ਦੀ ਮੰਗ ਕਰ ਰਹੀਆਂ ਹਨ। ਜੇ ਇਹ ਨੌਬਤ ਆਈ ਹੈ ਤਾਂ ਸਪਸ਼ਟ ਤੌਰ 'ਤੇ ਇਹਦੇ ਲਈ ਭਾਰਤੀ ਹਾਕਮ ਜਮਾਤਾਂ ਖਾਸ ਕਰਕੇ ਇਨ੍ਹਾਂ ਦੀ ਮੋਹਰੀ ਨੁਮਾਇੰਦਾ ਕਾਂਗਰਸ ਪਾਰਟੀ ਗੁਨਾਹਗਾਰ ਹੈ।

ਮੁੱਖ ਤੌਰ 'ਤੇ ਕੌਮੀ ਮੁਕਤੀ ਦਾ ਸੰਕਲਪ ਉਨ੍ਹਾਂ ਦੇਸ਼ਾਂ ਵਿਚ ਤਿੱਖੇ ਰੂਪ ਵਿਚ ਉਭਰਿਆ ਸੀ ਜਿਥੇ ਜਾਬਰ ਅਤੇ ਲਤਾੜੀਆਂ ਕੌਮਾਂ ਵਿਚਕਾਰ ਵੰਡੀਆਂ ਸਪਸ਼ਟ ਦਿਖਾਈ ਦਿੰਦੀਆਂ ਸਨ। ਇਨ੍ਹਾਂ ਦੇਸ਼ਾਂ ਵਿਚ ਇਕ ਭਾਰੂ ਕੌਮ ਹੁੰਦੀ ਸੀ ਜੋ ਬਾਕੀਆਂ ਨੂੰ ਦਬਾਉਂਦੀ ਸੀ ਅਤੇ ਉਨ੍ਹਾਂ ਦੇ ਵਿਕਾਸ ਨੂੰ ਬੰਨ੍ਹ ਮਾਰਦੀ ਸੀ। ਜਾਰਸ਼ਾਹੀ ਰੂਸ ਅਤੇ ਆਇਰਲੈਂਡ ਇਸ ਦੀ ਉਘੜਵੀਂ ਮਿਸਾਲ ਹੈ। ਖਾਸ ਕਰਕੇ ਰੂਸ ਤਾਂ 'ਕੌਮਾਂ ਦੇ ਜੇਲ੍ਹਖਾਨੇ' ਵਜੋਂ ਮਸ਼ਹੂਰ ਸੀ। ਭਾਰਤ ਵਿਚ ਇਹ ਸਥਿਤੀ ਨਹੀਂ ਹੈ। ਇਥੇ ਅਜਿਹੀ ਕੋਈ ਵੀ ਭਾਰੂ ਕੌਮ ਨਹੀਂ ਹੈ ਜੋ ਦੂਜੀਆਂ ਨੂੰ ਕੌਮੀ ਭਾਵਨਾ ਵਿਚੋਂ ਦਬਾ ਰਹੀ ਹੋਵੇ। ਭਾਰਤੀ ਰਾਜ ਪ੍ਰਬੰਧ 'ਤੇ ਕਾਬਜ਼ ਹਾਕਮ ਜਮਾਤਾਂ ਵਿਚ ਲਗਭਗ ਸਾਰੀਆਂ ਹੀ ਕੌਮੀਅਤਾਂ ਦੇ ਲੋਕ ਸ਼ਾਮਲ ਹਨ। ਖਾਸ ਕਰਕੇ ਦਲਾਲ ਵੱਡੀ ਸਰਮਾਏਦਾਰੀ ਦਾ ਤਕੜਾ ਹਿੱਸਾ ਪੰਜਾਬੀਆਂ, ਪਾਰਸੀਆਂ, ਸਿੰਧੀਆਂ, ਗੁਜਰਾਤੀਆਂ ਅਤੇ ਤਾਮਿਲ ਕੌਮੀਅਤਾਂ ਵਿਚੋਂ ਆਉਂਦਾ ਹੈ। 'ਹਿੰਦੂ, ਹਿੰਦੀ, ਹਿੰਦੁਸਤਾਨ' ਦਾ ਨਾਅਰਾ ਲਾਉਣ ਵਾਲੇ ਵੀ ਸਾਰੇ ਹਿੰਦੀ ਬੈਲਟ ਵਿਚੋਂ ਨਹੀਂ ਹਨ। ਭਾਵੇਂ ਕਿ ਵੋਟ ਸਿਆਸਤ ਦੀਆਂ ਗਿਣਤੀਆਂ ਮਿਣਤੀਆਂ ਕਰਕੇ ਹਿੰਦੀ ਬੈਲਟ ਦਾ ਸਿਆਸਤ ਵਿਚ ਚੋਖਾ ਬੋਲਬਾਲਾ ਹੈ, ਪ੍ਰੰਤੂ ਹਿੰਦੀ ਬੈਲਟ ਤਾਂ ਖੁਦ ਅਜੇ ਤੱਕ ਇਕ ਕੌਮੀਅਤ ਦੇ ਤੌਰ 'ਤੇ ਨਹੀਂ ਉਭਰ ਸਕੀ। ਉਲਟਾ ਇਹ ਬੈਲਟ ਸਮਾਜਿਕ, ਆਰਥਕ ਅਤੇ ਸਭਿਆਚਾਰਕ ਪੱਖੋਂ ਬਾਕੀ ਵਿਕਸਤ ਕੌਮੀਅਤਾਂ ਨਾਲੋਂ ਕਾਫੀ ਪਿੱਛੇ ਹੈ।

ਇਸ ਤਰ੍ਹਾਂ ਭਾਰਤ ਵਿਚ ਇਕ ਇਕੱਲੀ ਜਾਬਰ ਕੌਮ ਦੀ ਅਣਹੋਂਦ ਸਦਕਾ ਭਾਰਤ ਵਿਚ ਕੌਮੀ ਸਵਾਲ ਦੀ ਨਿਵੇਕਲੀ ਵਿਸ਼ੇਸ਼ਤਾ ਹੈ ਜੋ ਕੌਮੀ ਜਬਰ ਦੇ ਸੰਸਾਰ ਇਤਿਹਾਸ ਨਾਲੋਂ ਵੱਖਰੀ ਹੈ। ਕਿਹਾ ਜਾਵੇ ਤਾਂ ਭਾਰਤ ਵਿਚ ਵੱਖ ਵੱਖ ਕੌਮੀਅਤਾਂ ਵਿਚੋਂ ਬਣੀਆਂ ਹਾਕਮ ਜਮਾਤਾਂ ਦਾ ਸਮੂਹਕ ਗਠਜੋੜ ਹੀ ਕੌਮੀ ਜਬਰ, ਕੌਮਾਂ ਦੇ ਆਜ਼ਾਦ ਵਿਕਾਸ ਨਾ ਹੋਣ ਲਈ ਜ਼ਿੰਮੇਵਾਰ ਹੈ। ਇਸੇ ਕਰਕੇ ਹੀ ਇਥੇ ਕੌਮੀ ਜਬਰ ਮੁਕਾਬਲਤਨ ਘੱਟ ਹੈ ਅਤੇ ਭਾਰਤ ਵਿਚ ਕੌਮੀਅਤਾਂ ਦੀ ਲਹਿਰ ਦੌਰਾਨ ਇਕ ਦੋ ਮਿਸਾਲਾਂ ਨੂੰ ਛੱਡ ਕੇ ਵੱਖਰੇ, ਆਤਮ ਨਿਰਣੇ ਦਾ ਹੱਕ ਮੰਗਣ ਦੀ ਬਜਾਏ, ਵਧੇਰੇ ਖੇਤਰੀ ਖੁਦਮੁਖਤਾਰੀ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਦੀ ਹੈ। ਇਸ ਦਾ ਇਕ ਕਾਰਨ ਖੁਦ ਦਾਬੂ ਕੌਮੀਅਤਾਂ ਅੰਦਰ ਨੀਮ ਸਰਮਾਏਦਾਰੀ ਅਤੇ ਖੇਤਰੀ ਬੁਰਜੂਆ ਜਮਾਤ ਦਾ ਉਭਾਰ ਅਤੇ ਪੱਕੇ ਪੈਰੀਂ ਹੋਣਾ ਹੈ।

> **ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਵੱਖ ਹੋਏ ਪਾਕਿਸਤਾਨ ਵਿਚ ਵੀ 'ਮੁਸਲਮਾਨ ਕੌਮ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ, ਜੇ ਅਜਿਹਾ ਹੁੰਦਾ ਤਾਂ ਬੰਗਾਲੀ ਕੌਮ ਦੇ ਮੁਸਲਮਾਨਾਂ ਨੂੰ ਬੰਗਲਾ ਦੇਸ਼ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। ਮੌਜੂਦਾ ਪਾਕਿਸਤਾਨ ਅੰਦਰ ਹੀ ਇਸ ਵੇਲੇ ਮੁੱਖ ਚਾਰ ਕੌਮਾਂ-ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਣ ਹਨ ਜਿਨ੍ਹਾਂ ਦੀਆਂ ਕੌਮੀ ਮੰਗਾਂ/ਮਸਲਿਆਂ ਦੇ ਆਧਾਰ ਉਪਰ ਆਪੋ ਵਿਚ ਤਿੱਖੀਆਂ ਵਿਰੋਧਤਾਈਆਂ ਹਨ। ਜੇ ਧਰਮ ਉਨ੍ਹਾਂ ਨੂੰ ਆਪਸ ਵਿਚ ਜੋੜਨ ਵਾਲੀ ਕੜੀ ਹੁੰਦੀ ਤਾਂ ਅਜਿਹਾ ਕਦਾਚਿਤ ਨਹੀਂ ਵਾਪਰਨਾ ਸੀ।**

ਭਾਰਤ ਵਿਚ ਕੌਮੀ ਸਵਾਲ ਦੀ ਇਕ ਹੋਰ ਵਿਸ਼ੇਸ਼ਤਾ ਹੈ-ਧਰਮ ਦੇ ਸਵਾਲ ਦਾ ਕੌਮੀ ਸਵਾਲ ਵਿਚ ਰਲਗੱਡ ਹੋ ਜਾਣਾ। ਇਹ ਵਰਤਾਰਾ ਓਦੋਂ ਹੋਰ ਵੀ ਜ਼ੋਰਦਾਰ ਢੰਗ ਨਾਲ ਉਭਰਦਾ ਹੈ ਜਦੋਂ ਦਾਬੂ ਕੌਮੀਅਤ ਨਾਲ ਹੀ ਨਾਲ ਮਿਲ ਘੱਟ ਗਿਣਤੀ ਧਰਮ ਨਾਲ ਵੀ ਸਬੰਧ ਰੱਖਦੀ ਹੋਵੇ ਜਾਂ ਅਜਿਹੀ ਕੌਮੀਅਤ ਦਾ ਇਕ ਹਿੱਸਾ ਧਾਰਮਿਕ ਘੱਟ ਗਿਣਤੀ ਹੋਵੇ ਜਿਵੇਂ ਕਿ ਪੰਜਾਬੀ, ਕਸ਼ਮੀਰੀ, ਨਾਗੇ ਮਿਜ਼ੋ ਅਤੇ ਝਾਰਖੰਡੀ ਕਬਾਇਲੀ। ਅਜਿਹੀ ਹਾਲਤ ਵਿਚ ਕੌਮੀ ਲਹਿਰ ਦਾ ਕੁਰਾਹੇ ਪੈ ਜਾਣਾ ਸੁਭਾਵਿਕ ਹੁੰਦਾ ਹੈ।

ਧਰਮ ਨੂੰ ਕੌਮੀ ਸਵਾਲ ਨਾਲ ਰਲਗੱਡ ਕਰ ਦੇਣ ਨਾਲ ਲਹਿਰ ਗ਼ੈਰ-ਜਮਹੂਰੀ ਸ਼ਕਲਾਂ ਧਾਰਨ ਕਰ ਲੈਂਦੀ ਹੈ। ਇਹ ਮੂਲਵਾਦ, ਜਨੂੰਨੀਪਣ ਅਤੇ ਫਿਰਕਾਪ੍ਰਸਤੀ ਨੂੰ ਪਾਲਣ ਦਾ ਸੋਮਾ ਹੋ ਨਿਬੜਦੀ ਹੈ। ਇਸ ਦੇ ਨਾਲ ਇਕ ਹੀ ਕੌਮੀਅਤ ਦੇ ਲੋਕਾਂ ਵਿਚ ਫੁੱਟ ਤਾਂ ਪੈਂਦੀ ਹੀ ਹੈ ਬਲਕਿ ਇਹ ਫੁੱਟ ਆਰਥਕ ਤੌਰ 'ਤੇ ਲੁੱਟੇ-ਲਤਾੜੇ ਲੋਕਾਂ ਵਿਚ ਵੀ ਪਸਰ ਜਾਂਦੀ ਹੈ। ਸਿੱਟੇ ਵਜੋਂ ਕੌਮੀਅਤਾਂ ਦੇ ਸੰਘਰਸ਼ ਦੇ ਨਾਲ ਜਮਾਤੀ ਘੋਲ ਨੂੰ ਵੀ ਸੱਟ ਪੈਂਦੀ ਹੈ। ਹਾਕਮ ਜਮਾਤਾਂ ਲਈ ਆਪਣੀਆਂ ਲੋਕ ਵਿਰੋਧੀ ਨੀਤੀਆਂ ਨੂੰ ਧੜੱਲੇ ਨਾਲ ਲਾਗੂ ਕਰਨ ਦਾ ਸੁਨਹਿਰੀ ਮੌਕਾ ਮਿਲ ਜਾਂਦਾ ਹੈ। ਪੰਜਾਬ ਇਸ ਦੀ ਇਕ ਬਦਕਿਸਮਤ ਮਿਸਾਲ ਰਹੀ ਹੈ, ਜੀਹਦੇ ਲਈ 'ਸਿੱਖ ਕੌਮ' ਦੇ ਸਿਧਾਂਤ ਦੇ ਢੰਡੋਰਚੀ ਵੀ ਜ਼ਿੰਮੇਵਾਰ ਹਨ।

ਇਥੇ ਇਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਯੂਰਪ ਵਾਂਗ ਭਾਰਤ ਵਿਚ ਕੌਮੀਅਤਾਂ ਦਾ ਵਿਕਾਸ ਸਾਮੰਤਸ਼ਾਹੀ ਵਿਰੋਧੀ, ਪੂੰਜੀਵਾਦੀ ਕ੍ਰਾਂਤੀ ਵਿਚੋਂ ਨਹੀਂ ਹੋਇਆ। ਬਰਤਾਨਵੀ ਸਾਮਰਾਜ ਨੇ ਦਲਾਲ ਪੂੰਜੀਵਾਦੀ ਜਮਾਤ ਨੂੰ ਪਾਲ ਪੋਸ ਕੇ ਇਕ ਤਰ੍ਹਾਂ ਆਜ਼ਾਦ ਪੂੰਜੀਵਾਦੀ ਵਿਕਾਸ ਨੂੰ ਰੋਕ ਕੇ ਰੱਖਿਆ ਜਿਸ ਦੇ ਨਾਲ ਹੀ ਕੌਮੀਅਤਾਂ ਦੇ ਵਿਕਾਸ ਵਿਚ ਵੀ ਰੁਕਾਵਟ ਪਈ ਅਤੇ ਸ਼ਕਲ ਵਿਗਾੜ ਵੀ ਸਾਹਮਣੇ ਆਏ। ਇਸ ਚੀਜ਼ ਦਾ ਅਸਰ ਕੌਮੀਅਤਾਂ ਦੀ ਅਜੋਕੀ ਲਹਿਰ ਵਿਚ ਵੀ ਸਾਫ ਦਿਖਾਈ ਦਿੰਦਾ ਹੈ। ਇਕ ਹੋਰ ਅਹਿਮ ਗੱਲ ਹੈ ਕਿ ਜੋ ਮੌਜੂਦਾ ਭਾਰਤੀ ਰਾਜਕੀ ਢਾਂਚਾ ਹੈ, ਇਹ ਸਾਨੂੰ ਬਸਤੀਵਾਦੀ ਵਿਰਾਸਤ ਵਿਚੋਂ ਜਿਉਂ ਦਾ ਤਿਉਂ ਮਿਲਿਆ ਹੈ। ਨੌਕਰਸ਼ਾਹੀ, ਫ਼ੌਜ, ਨੀਮ ਫ਼ੌਜੀ ਸ਼ਕਤੀਆਂ ਅਤੇ ਨਿਆਂਪਾਲਿਕਾ ਬਸਤੀਵਾਦੀ ਦੌਰ ਦੀ ਦੇਣ ਹਨ। ਕਿਹਾ ਜਾ ਸਕਦਾ ਹੈ ਕਿ ਅਜੋਕੀ ਭਾਰਤੀ ਸਟੇਟ ਇਕ ਤਰ੍ਹਾਂ ਬਸਤੀਵਾਦੀ ਸਾਮਰਾਜੀ ਸਟੇਟ ਦੀ ਹੀ ਨਿਰੰਤਰਤਾ ਵਿਚ ਹੈ। ਜਦੋਂ ਤੱਕ ਇਸ ਨੂੰ ਸੱਚੀਮੁੱਚੀਂ ਦੀ ਫੈਡਰਲ ਸਟੇਟ ਵਿਚ ਨਹੀਂ ਬਦਲਿਆ ਜਾਂਦਾ ਅਤੇ ਸਭਨਾਂ ਕੌਮੀਅਤਾਂ ਲਈ ਬਰਾਬਰ ਵਿਕਾਸ ਦੇ ਮੌਕੇ ਪ੍ਰਦਾਨ ਨਹੀਂ ਕੀਤੇ ਜਾਂਦੇ ਉਦੋਂ ਤੱਕ ਕੌਮੀ ਸਵਾਲ ਨੂੰ ਹੱਲ ਨਹੀਂ ਕੀਤਾ ਜਾ ਸਕਦਾ।

ਆਓ ਹੁਣ ਪੰਜਾਬ ਦੇ ਸਿੱਖਾਂ ਦੀ ਗੱਲ ਕਰੀਏ। ਪੰਜਾਬੀ ਕੌਮੀਅਤ ਅੰਦਰ ਦੋ ਮਸਲੇ ਹਨ ਇਕ ਪੰਜਾਬੀ ਕੌਮੀਅਤ ਦੇ ਅਗਲੇਰੇ ਵਿਕਾਸ ਦਾ, ਇਹਦੇ ਵਿਰੁਧ ਕੀਤੇ ਜਾਂਦੇ ਵਿਤਕਰਿਆਂ ਦਾ। ਦੂਜਾ ਸਿੱਖ ਧਾਰਮਿਕ ਘਟ ਗਿਣਤੀ ਦੇ ਮੰਗਾਂ-ਮਸਲਿਆਂ ਦਾ। ਇਨ੍ਹਾਂ ਲਈ ਦੋ ਵੱਖ ਵੱਖ ਹੱਲਾਂ ਦੀ ਲੋੜ ਹੈ। ਸ਼ੁਰੂ ਵਿਚ ਹੀ ਇਹ ਸਾਫ ਕਰ ਲੈਣਾ ਚਾਹੀਦਾ ਹੈ ਕਿ ਪੰਜਾਬੀ ਕੌਮੀਅਤ ਵਲੋਂ ਭਾਰਤ ਨਾਲੋਂ ਵੱਖਰੇ ਹੋਣ ਦੀ ਮੰਗ ਪੰਜਾਬੀਆਂ ਦੀ ਮੰਗ ਨਹੀਂ ਹੈ ਤੇ ਨਾ ਹੀ ਪੰਜਾਬੀ ਕੌਮੀਅਤ ਦੇ ਭਾਰੂ ਹਿੱਸੇ ਸਿੱਖਾਂ ਦੀ। ਇਹ ਗੱਲ ਸਿੱਖ ਕੌਮ ਦੀ ਦੁਹਾਈ ਦੇਣ ਵਾਲੇ ਅਕਾਲੀਆਂ ਨੂੰ ਵੀ ਪਤਾ ਹੈ। ਪੰਜਾਬੀ ਕੌਮੀਅਤ ਦੀ ਅਸਲ ਮੰਗ ਇਕ ਸੱਚੀਮੁੱਚੀਂ ਦੇ ਫੈਡਰਲ ਭਾਰਤ ਦੀ ਹੈ, ਸੂਬਿਆਂ/ਕੌਮੀਅਤਾਂ ਦੀ ਖੁਦਮੁਖਤਾਰੀ ਦੀ ਹੈ। ਇਹ ਮੰਗ ਹੱਕੀ ਵੀ ਹੈ, ਜਮਹੂਰੀ ਵੀ।

ਭਾਵੇਂ ਕਿ ਪੰਜਾਬੀ ਸਭ ਤੋਂ ਵੱਧ ਵਿਕਸਤ ਕੌਮੀਅਤ ਹੈ ਤੇ ਇਨ੍ਹਾਂ ਦੀ ਪ੍ਰਤੀ ਜੀਅ ਆਮਦਨ ਵੀ ਹੋਰਨਾਂ ਨਾਲੋਂ ਜ਼ਿਆਦਾ ਹੈ। ਪੰਜਾਬੀਆਂ ਦੀ ਕੇਂਦਰੀ ਰਿਆਸਤ ਦੇ ਸਿਆਸੀ ਆਰਥਕ ਕਲ-ਪੁਰਜ਼ਿਆਂ 'ਤੇ ਵੀ ਬਰਾਬਰ ਦੀ ਪੁੱਗਤ ਹੈ। ਫੇਰ ਵੀ ਪੰਜਾਬ ਦਾ ਆਰਥਕ ਵਿਕਾਸ ਨਹੀਂ ਕੀਤਾ ਗਿਆ। ਖੇਤੀ ਪੈਦਾਵਾਰ ਖੜੋਤ ਦਾ ਸ਼ਿਕਾਰ ਹੈ। ਵੱਡੀਆਂ ਅਤੇ ਦਰਮਿਆਨੀਆਂ ਸਨਅਤਾਂ ਦੀ ਕਮੀ ਹੈ। ਪੰਜਾਬ ਨੂੰ ਐਗਰੋ ਇੰਡਸਟਰੀ ਚਾਹੀਦੀ ਹੈ। ਪੰਜਾਬ ਨਾਲ ਰਾਜਨੀਤਕ ਧੱਕੇਸ਼ਾਹੀਆਂ ਹੋਈਆਂ ਹਨ। ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਪਹਿਲਾਂ ਜਬਰ ਨਾਲ ਦਬਾਇਆ ਗਿਆ। ਜੇਕਰ ਇਹ ਮੰਗ ਮੰਨੀ ਗਈ ਤਾਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ ਗਏ। ਪੰਜਾਬੀ ਭਾਸ਼ਾ ਦੇ ਵਿਕਾਸ ਵੱਲ, ਇਸ ਨੂੰ ਰਾਜ ਭਾਸ਼ਾ ਵਜੋਂ ਵਾਸਤਵ ਵਿਚ ਲਾਗੂ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਅੰਦਰ ਲੋਕਾਂ ਦੀਆਂ ਚੁਣੀਆਂ ਸਰਕਾਰਾਂ, ਖਾਸ ਕਰਕੇ ਅਕਾਲੀ ਸਰਕਾਰਾਂ ਨੂੰ ਬਿਨਾਂ ਵਜ੍ਹਾ ਤੋੜ ਦਿੱਤਾ ਜਾਂਦਾ ਰਿਹਾ। ਸਭ ਤੋਂ ਵੱਡੀ ਗੱਲ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਅਜੇ ਤੱਕ ਵੀ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ। ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਂਈਂ ਵੰਡ ਨਹੀਂ ਕੀਤੀ ਗਈ। ਪਣ-ਬਿਜਲੀ ਤੇ ਹੈਡ-ਵਰਕਸਾਂ ਦਾ ਕੰਟਰੋਲ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਨੂੰ ਹਰਿਆਣਾ, ਹਿਮਾਚਲ ਅਤੇ ਦਿੱਲੀ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਇਨ੍ਹਾਂ ਸਾਰੀਆਂ ਜਮਹੂਰੀ ਮੰਗਾਂ ਦੇ ਪੂਰੇ ਹੋਣ ਨਾਲ ਹੀ ਪੰਜਾਬੀ ਕੌਮੀਅਤ ਨਾਲ ਕੀਤੇ ਵਿਤਕਰਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਗੱਲ ਕੀ ਪੰਜਾਬ ਨੂੰ ਖੁਦਮੁਖਤਾਰੀ ਦੇਣਾ ਹੀ ਪੰਜਾਬ ਮਸਲੇ ਦਾ ਨਿੱਗਰ ਅਤੇ ਸਦੀਵੀ ਹੱਲ ਹੈ।

ਜਿਥੋਂ ਤੱਕ ਸਿੱਖ ਧਾਰਮਿਕ ਘੱਟ ਗਿਣਤੀ ਦੇ ਮਸਲਿਆਂ ਦੀ ਗੱਲ ਹੈ, ਇਸ ਦੇ ਦੋ ਪਹਿਲੂ ਹਨ, ਇਕ ਜਮਹੂਰੀ ਤੇ ਦੂਸਰਾ ਫਿਰਕੂ-ਮੂਲਵਾਦੀ। ਸਰਬ ਭਾਰਤ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਅਤੇ ਸਾਰੇ ਸਿੱਖ ਧਾਰਮਿਕ ਅਸਥਾਨਾਂ ਨੂੰ ਸਿੱਖਾਂ ਦੀ ਇਕ ਚੁਣੀ ਹੋਈ ਤੇ ਸਰਵ-ਪ੍ਰਵਾਨਤ ਸੰਸਥਾ ਦੇ ਕੰਟਰੋਲ ਵਿਚ ਲੈ ਕੇ ਆਉਣਾ ਇਕ ਜਮਹੂਰੀ ਮੰਗ ਹੈ। ਇਸ ਨੂੰ ਹਰ ਹਾਲਤ ਵਿਚ ਮੰਨ ਲੈਣਾ ਚਾਹੀਦਾ ਹੈ। 'ਸਿੱਖ ਇਕ ਕੌਮ' ਅਤੇ 'ਸਿੱਖਾਂ ਦੇ ਬੋਲਬਾਲੇ ਵਾਲੇ ਖਿੱਤੇ' ਦੀ ਮੰਗ ਇਕ ਫਿਰਕੂ-ਮੂਲਵਾਦੀ ਮੰਗ ਹੈ। ਅਜਿਹੀ ਉਜੱਡ ਤੇ ਵਾਹਯਾਤ ਮੰਗ ਦਾ ਡਟ ਕੇ ਵਿਰੋਧ ਕਰਨਾ ਪੈਣਾ ਹੈ। 'ਸਿੱਖ ਇਕ ਕੌਮ' ਦਾ ਸਿਧਾਂਤ ਪੰਜਾਬੀ ਕੌਮੀਅਤ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੇ ਬਰਾਬਰ ਹੈ, ਪੰਜਾਬੀ ਸਮਾਜ ਨੂੰ ਖੇਰੂੰ ਖੇਰੂੰ ਕਰਨਾ ਹੈ। ਪਿਛਲੇ ਅਨੇਕਾਂ ਸਾਲਾਂ ਦਾ ਸੰਤਾਪ, ਖੂਨ ਖਰਾਬਾ, ਗੁਰਧਾਮਾਂ ਦੀ ਨਿਰਾਦਰੀ, ਮਾਸੂਮਾਂ ਦੇ ਕਤਲ ਇਸੇ ਮੰਗ ਦਾ ਨਤੀਜਾ ਹਨ। ਇਹ ਫਿਰਕੂ ਮੂਲਵਾਦੀ ਮੰਗ ਭਾਰਤੀ ਜਾਬਰ ਰਾਜ ਮਸ਼ੀਨਰੀ ਲਈ ਚਾਰੇ ਦਾ ਕੰਮ ਕਰਦੀ ਹੈ। ਸਟੇਟ ਦੇ ਦੰਦੇ ਤਿੱਖੇ ਕਰਨ ਵਿਚ ਸਾਣ ਦਾ ਰੋਲ ਨਿਭਾਉਂਦੀ ਹੈ।

ਸਿੱਖਾਂ ਦੀਆਂ ਕੁਝ ਹੋਰ ਵਾਹਯਾਤ ਮੰਗਾਂ ਹਨ ਜਿਵੇਂ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣਾ, ਬੀੜੀਆਂ ਸਿਗਰਟਾਂ ਉਪਰ ਪਾਬੰਦੀ ਲਗਾਉਣਾ। ਪ੍ਰੰਤੂ ਇਹ ਮੰਗਾਂ ਵੀ ਓਦੋਂ ਵਾਜਬ ਬਣ ਜਾਂਦੀਆਂ ਹਨ, ਜਦੋਂ ਹਰਦਵਾਰ, ਕਾਸ਼ੀ ਤੇ ਵਾਰਾਨਸੀ ਨੂੰ ਪਵਿੱਤਰ ਸ਼ਹਿਰ ਕਰਾਰ ਦੇ ਦਿੱਤਾ ਜਾਂਦਾ ਹੈ। ਹਰਦਵਾਰ ਵਿਚ ਮੀਟ-ਮਾਸ-ਮੱਛੀ ਦੇ ਵਪਾਰ 'ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ। ਇਹ ਭਾਰਤੀ ਹਾਕਮ ਜਮਾਤਾਂ ਵਲੋਂ ਹਿੰਦੂ ਧਰਮ ਨੂੰ ਅਣਐਲਾਨੀ ਮਾਨਤਾ, ਸਰਪ੍ਰਸਤੀ ਦੇਣਾ ਹੈ। ਇਸਨੂੰ ਸਰਕਾਰੀ ਧਰਮ ਵਾਂਗ ਬਣਾ ਦੇਣਾ ਹੈ। ਸੈਕੂਲਰ ਬੰਦਿਆਂ ਨੂੰ ਕੇਂਦਰੀ ਸਰਕਾਰ ਦੀਆਂ ਇਨ੍ਹਾਂ ਫਿਰਕਾਪ੍ਰਸਤ ਕਾਰਵਾਈਆਂ ਦੀ ਗੱਜ ਕੇ ਨਿਖੇਧੀ ਕਰਨੀ ਚਾਹੀਦੀ ਹੈ। ਪੰਜਾਬੀ ਕੌਮੀਅਤ ਵਿਚ ਵੰਡੀਆਂ ਪਾਉਣ ਲਈ ਜਿੱਥੇ ਸਿੱਖ ਫਿਰਕਾਪ੍ਰਸਤ ਦੋਸ਼ੀ ਹਨ, ਉਥੇ ਹਿੰਦੂ ਕੌਮੀ ਸ਼ਾਵਨਵਾਦੀਆਂ ਨੇ ਵੀ ਘੱਟ ਨਹੀਂ ਗੁਜ਼ਾਰੀ। ਪੰਜਾਬੀ ਕੌਮੀਅਤ ਦੇ ਇਕ ਅੰਗ ਹਿੰਦੂ ਭਾਈਚਾਰੇ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਦਗਾ ਕਮਾਉਣ 'ਤੇ ਮਜ਼ਬੂਰ ਕੀਤਾ ਗਿਆ। ਪੰਜਾਬੀ ਸੂਬੇ ਦੀ ਜਮਹੂਰੀ ਮੰਗ ਨੂੰ ਸਿੱਖਾਂ ਦੀ ਮੰਗ ਬਣਾ ਕੇ ਪੰਜਾਬੀਅਤ ਦੀ ਭਾਵਨਾ ਦਾ ਪੇਟ ਚਾਕ ਕੀਤਾ ਗਿਆ। ਇਸ ਸਾਰੇ ਕਾਸੇ ਲਈ ਨਹਿਰੂ ਦੀ ਅਖੌਤੀ ਸੈਕੂਲਰ ਅਤੇ ਸਮਾਜਵਾਦੀ ਸਰਕਾਰ ਵੀ ਸਿੱਧੇ-ਅਸਿੱਧੇ ਤੌਰ 'ਤੇ ਭਾਈਵਾਲ ਸੀ। ਸੰਖੇਪ ਵਿਚ ਕਿਹਾ ਜਾਵੇ ਤਾਂ ਪੰਜਾਬੀ ਕੌਮੀਅਤ ਦੇ ਮੰਗਾਂ ਮਸਲਿਆਂ ਨੂੰ ਉਲਝਾਉਣ, ਇਨ੍ਹਾਂ ਦਾ ਵਾਜਬ ਹੱਲ ਨਾ ਹੋਣ ਵਿਚ ਹਾਕਮ ਜਮਾਤਾਂ ਦੀਆਂ ਮੋਹਰੀ ਪਾਰਟੀਆਂ ਕਾਂਗਰਸ, ਜਨਸੰਘ (ਹੁਣ ਭਾਜਪਾ) ਅਤੇ ਅਕਾਲੀ ਦਲ ਦੋਸ਼ੀ ਬਣਦੀਆਂ ਹਨ। ਇਨ੍ਹਾਂ ਨੇ ਹਿੰਦੂ ਅਤੇ ਸਿੱਖ ਭਾਈਚਾਰਿਆਂ ਵਿਚ ਫਿਰਕੂ ਅਨਸਰਾਂ ਨੂੰ ਪਾਲ ਕੇ ਪੰਜਾਬੀ ਕੌਮੀਅਤ ਵਿਚ ਵੰਡੀਆਂ ਪਾਈਆਂ।

ਅੰਤ ਵਿਚ ਇਹ ਮੁੜ ਦੁਹਰਾਉਣਾ ਬਣਦਾ ਹੈ ਕਿ ਭਾਰਤ ਵਿਚ ਕੌਮੀ ਸਵਾਲ ਨੂੰ ਵਿਗਿਆਨਕ ਜਮਹੂਰੀ ਢੰਗ ਨਾਲ ਹੱਲ ਕੀਤੇ ਬਿਨਾਂ, ਕੌਮੀਅਤਾਂ ਦੇ ਗਿਲੇ-ਸ਼ਿਕਵੇ ਦੂਰ ਨਹੀਂ ਕੀਤੇ ਜਾ ਸਕਦੇ, ਨਾ ਹੀ ਉਨ੍ਹਾਂ ਦਾ ਇਕਸਾਰ ਬਰਾਬਰ ਵਿਕਾਸ ਸੰਭਵ ਹੈ। ਨਾਲ ਹੀ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਕੌਮੀਅਤਾਂ ਦੇ ਘੋਲਾਂ ਨੂੰ ਮੌਜੂਦਾ ਅਗਵਾਈ ਦੇ ਰਹੀਆਂ ਸ਼ਕਤੀਆਂ ਆਪਣੀ ਇਤਿਹਾਸਕ ਕਮਜ਼ੋਰੀ ਅਤੇ ਜਮਾਤੀ ਹਿੱਤਾਂ ਸਦਕਾ ਜਿੱਤ ਤੱਕ ਨਹੀਂ ਪਹੁੰਚਾ ਸਕਦੀਆਂ। ਸਿਰਫ ਤੇ ਸਿਰਫ ਸੈਕੂਲਰ ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਹੀ ਇਸ ਕਾਰਜ ਨੂੰ ਨੇਪਰੇ ਚਾੜ੍ਹ ਸਕਦੀਆਂ ਹਨ। ਕੌਮੀਅਤਾਂ ਦੇ ਘੋਲ ਨੂੰ ਬੁਨਿਆਦੀ ਸਮਾਜਿਕ ਤਬਦੀਲੀ ਦੇ ਇਕ ਅੰਗ ਵਜੋਂ ਲੈਣਾ ਪਵੇਗਾ, ਫੇਰ ਹੀ ਇਸ ਮਸਲੇ ਦਾ ਸਥਾਈ ਅਤੇ ਠੋਸ ਹੱਲ ਸੰਭਵ ਹੈ। ਪ੍ਰੰਤੂ ਫੌਰੀ ਤੌਰ 'ਤੇ ਕੌਮੀਅਤਾਂ/ਰਾਜਾਂ ਨੂੰ ਖੁਦਮੁਖਤਾਰੀ ਦੇ ਕੇ ਅਤੇ ਵਿਵਸਥਾ ਨੂੰ ਹਕੀਕੀ ਫੈਡਰਲ ਰੂਪ ਦੇ ਕੇ ਹੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਜਾ ਸਕਦਾ ਹੈ।

> **ਆਖਰ ਇਹ 'ਕੌਮ' ਕਿਸ ਸ਼ੈਅ ਦਾ ਨਾਮ ਹੈ। ਇਹ ਸੰਕਲਪ ਕਿਵੇਂ ਉਭਰਿਆ ਅਤੇ ਕੌਮ ਕਿਵੇਂ ਹੋਂਦ ਵਿਚ ਆਉਂਦੀ ਹੈ? ਇਸ ਦਾ ਜਵਾਬ ਸਾਨੂੰ ਸਮਾਜ ਦੇ ਇਤਿਹਾਸ ਵਿਚੋਂ ਲੱਭਣਾ ਪਵੇਗਾ। ਕੌਮ ਇਕ ਬੁਰਜੂਆ ਸੰਕਲਪ ਹੈ, ਜੋ ਜਗੀਰੂ ਸਮਾਜ ਦੇ ਵਿਨਾਸ਼ ਅਤੇ ਸਨਅਤੀ ਸਰਮਾਏਦਾਰੀ ਸਮਾਜ ਦੇ ਵਿਕਾਸ ਵਿਚੋਂ ਪੈਦਾ ਹੋਇਆ ਹੈ।**

# ਸਿੱਖ ਧਰਮ ਵਿਚ ਨਾਰੀ ਦਾ ਰੋਲ ਤੇ ਰੁਤਬਾ

(ਸਫਾ 24 ਦੀ ਬਾਕੀ)

ਉਸ ਦਾ ਨਾਮ ਰੱਖਿਆ 'ਆਨੰਦ ਕਾਰਜ'। ਪੰਜਵੇਂ ਗੁਰੂ ਨੇ ਆਪਣੇ ਇਕਲੌਤੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਦੀ ਸ਼ਾਦੀ ਬੀਬੀ ਦਮੋਦਰੀ ਨਾਲ ਜਦੋਂ ਕੀਤੀ ਤਾਂ ਪਹਿਲੀ ਵੇਰਾਂ ਆਨੰਦ ਕਾਰਜ ਦੀ ਨਿਸ਼ਚਿਤ ਨੁਹਾਰ ਸਾਹਮਣੇ ਆਈ। ਗੁਰੂ ਹਰਿਗੋਬਿੰਦ ਦੀ ਸ਼ਾਦੀ ਸਾਧਾਰਨ ਸ਼ਾਦੀ ਨਹੀਂ ਸੀ ਸਗੋਂ ਇਹ ਇਤਿਹਾਸਕ ਵਿਆਹ ਹੈ। ਇਸ ਤੋਂ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਨੇ ਆਨੰਦ ਕਾਰਜ ਦੀ ਰਸਮ ਨੂੰ ਆਪਣਾ ਜੀਵਨ-ਅੰਗ ਬਣਾਉਣਾ ਹੈ। ਸ਼ਾਇਦ ਇਸੇ ਕਰਕੇ ਪੰਚਮ ਗੁਰੂ ਨੇ ਜਤਨ ਕੀਤਾ ਕਿ ਉਨ੍ਹਾਂ ਤੋਂ ਪੂਰਬਲੇ ਸਾਰੇ ਗੁਰੂ ਸਾਹਿਬਾਨ ਦੇ ਖਾਨਦਾਨਾਂ ਨਾਲ ਸਬੰਧਤ ਜੀਅ ਇਸ ਵਿਚ ਸ਼ਾਮਲ ਹੋਣ। ਉਹ ਪਹਿਲੇ ਆਪਣੇ ਲਾਡਲੇ ਦੀ ਬਰਾਤ ਲੈ ਕੇ ਅੰਮ੍ਰਿਤਸਰ ਤੋਂ ਤਰਨ ਤਾਰਨ ਪੁੱਜੇ। ਇਥੋਂ ਗੁਰੂ ਕਿਆਂ ਨੂੰ ਲੈ ਕੇ ਬਰਾਤ ਨੇ ਅਗਲਾ ਪੜਾਅ ਖਡੂਰ ਸਾਹਿਬ ਕੀਤਾ। ਉਥੋਂ ਬਾਬਾ ਮੋਹਨ ਤੋਂ ਆਸ਼ੀਰਵਾਦ ਲੈ ਕੇ ਸੁਲਤਾਨਪੁਰ ਲੋਧੀ ਤੋਂ ਹੁੰਦੇ ਹੋਏ ਪਿੰਡ ਡੱਲੇ ਪੁੱਜੇ। ਸਾਰਾ ਰਾਹ ਸ਼ਬਦ ਜੋਟੀਆਂ ਨਾਲ ਕੀਰਤਨ ਹੁੰਦਾ ਰਿਹਾ। ਅੱਗੋਂ ਡੱਲੇ ਦੀ ਸੰਗਤ ਜੋਟੀਆਂ ਵਿਚ ਸ਼ਬਦ ਪੜ੍ਹਦੀ ਆਈ ਤੇ ਬਰਾਤ ਦਾ ਸਵਾਗਤ ਕੀਤਾ। ਹੁਣ ਲੜਕੀ ਦੇ ਪਿਤਾ ਭਾਈ ਨਾਰਾਇਣ ਦਾਸ ਨੇ ਹੱਥ ਜੋੜ ਕੇ ਪੁੱਛਿਆ, "ਮੰਡਪ ਕਿਸ ਤਰ੍ਹਾਂ ਦਾ ਬਣਾਇਆ ਜਾਵੇ।" ਗੁਰੂ ਜੀ ਨੇ ਉੱਤਰ ਦਿੱਤਾ, "ਹੁਣ ਪੋਥੀ ਸਾਹਿਬ (ਅੱਜ ਗੁਰੂ ਗ੍ਰੰਥ) ਦਾ ਪ੍ਰਕਾਸ਼ (1604 ਈ.) ਹੋ ਚੁੱਕਾ ਹੈ। ਉਸ ਵਿਚ ਗੁਰੂ ਰਾਮਦਾਸ ਦੀ ਬਾਣੀ 'ਲਾਵਾਂ' ਛੰਤ-ਰੂਪ ਵਿਚ ਦਰਜ ਹੈ। ਉਸ ਦੇ ਪਾਠ ਮਗਰੋਂ ਲਾਵਾਂ ਹੋਣਗੀਆਂ।" ਇਹ ਵਿਆਹ 1605 ਈ. ਵਿਚ ਹੋਇਆ। ਜ਼ਾਹਿਰ ਹੈ, ਆਨੰਦ ਕਾਰਜ ਦੀ ਰਸਮ ਗੁਰੂ ਹਰਿਗੋਬਿੰਦ ਤੇ ਬੀਬੀ ਦਮੋਦਰੀ ਦੇ ਸ਼ੁਭ ਵਿਆਹ ਸਮੇਂ ਹੋਂਦ ਵਿਚ ਆਈ। ਉਦੋਂ ਬਾਅਦ ਸਿੱਖ ਧਰਮ ਦੇ ਪੈਰੋਕਾਰਾਂ ਨੇ ਆਨੰਦ ਕਾਰਜ ਦੀ ਰਸਮ ਨੂੰ ਆਪਣੇ ਜੀਵਨ ਦਾ ਅੰਗ ਬਣਾ ਲਿਆ।

ਸੱਤਵੇਂ ਗੁਰੂ ਪ੍ਰਚਾਰ ਦੌਰਿਆਂ 'ਤੇ ਜਦੋਂ ਵੀ ਜਾਂਦੇ, ਇਨ੍ਹਾਂ ਦੇ ਮਹਿਲ ਮਾਤਾ ਕਿਸ਼ਨ ਕੌਰ ਨਾਲ ਜਾਂਦੇ। ਧਿਆਨਯੋਗ ਨੁਕਤਾ ਤਾਂ ਇਹ ਹੈ ਕਿ ਮਾਤਾ ਕਿਸ਼ਨ ਕੌਰ ਵਿਚ ਪ੍ਰਬੰਧਕੀ ਸੂਝ-ਬੂਝ ਇੰਨੀ ਜ਼ਿਆਦਾ ਸੀ ਕਿ ਉਹੋ ਹੀ ਸਾਰੇ ਪ੍ਰੋਗਰਾਮਾਂ ਦੀ ਰੂਪ-ਰੇਖਾ ਤਿਆਰ ਕਰਦੇ ਸਨ। ਇਸ ਤੋਂ ਪਹਿਲਾਂ ਗੁਰੂ ਸਾਹਿਬਾਨ ਇਕੱਲੇ ਹੀ ਧਰਮ ਪ੍ਰਚਾਰ ਲਈ ਜਾਂਦੇ ਰਹੇ ਸਨ। ਕੇਵਲ ਸਤਵੇਂ ਗੁਰੂ ਹੀ ਅਜਿਹੇ ਹਨ ਜਿਨ੍ਹਾਂ ਨਾਲ ਮਾਤਾ ਕਿਸ਼ਨ ਕੌਰ ਵੀ ਜਾਂਦੇ ਰਹੇ। ਉਨ੍ਹਾਂ ਦੇ ਪ੍ਰਲੋਕ ਗਮਨ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਅਜੇ ਬਾਲ ਅਵਸਥਾ ਵਿਚ ਹੀ ਸਨ। ਉਨ੍ਹਾਂ ਦੇ ਨਾਲ ਵੀ ਮਾਤਾ ਕਿਸ਼ਨ ਕੌਰ ਦਿੱਲੀ ਆਏ ਸਨ। ਜਦੋਂ ਬਾਲ ਗੁਰੂ ਨੇ ਤਿੰਨ ਵਾਰ ਬਾਂਹ ਉਲਾਰ ਕੇ ਬਾਬਾ ਬਕਾਲੇ ਦਾ ਨਾਮ ਲਿਆ ਤਾਂ ਗੁਰੂ ਮਾਤਾ ਕੋਲ ਹੀ ਸਨ। ਉਨ੍ਹਾਂ ਰੰਜ ਨਹੀਂ ਸੀ ਕੀਤਾ ਕਿ ਗੁਰਗੱਦੀ ਬਾਬੇ ਨੂੰ ਮਿਲ ਰਹੀ ਹੈ ਅਤੇ ਗੁਰੂ ਹਰਿਕ੍ਰਿਸ਼ਨ ਨੇ ਇਹ ਗੱਦੀ ਆਪਣੇ ਵੱਡੇ ਭਰਾ ਰਾਮਰਾਇ ਨੂੰ ਨਹੀਂ ਦਿੱਤੀ, ਸਗੋਂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਮਰਦਾਂ ਵਾਂਗ ਆਪਣੇ ਪਿਆਰੇ ਸਪੂਤ ਤੇ ਬਾਲ ਗੁਰੂ ਦਾ ਸਸਕਾਰ ਕਰਵਾਇਆ ਤੇ ਬਾਬਾ ਬਕਾਲਾ ਪਹੁੰਚ ਕੇ ਗੁਰੂ ਤੇਗ ਬਹਾਦਰ ਨੂੰ ਅਠਵੇਂ ਗੁਰੂ ਦਾ ਇਸ਼ਾਰਾ ਪਹੁੰਚਾਇਆ।

ਮਾਤਾ ਗੁਜਰੀ ਨੇ ਤਾਂ ਲੋੜ ਪੈਣ 'ਤੇ ਉਸਤਾਦਾਂ ਵਾਲਾ ਕੰਮ ਵੀ ਕੀਤਾ। ਬਾਲ ਸਾਹਿਬਜ਼ਾਦਿਆਂ ਨੂੰ ਅਣਖ ਨਾਲ ਚੁਣੌਤੀ ਦਾ ਸਾਹਮਣਾ ਕਰਨ ਦਾ ਵਲ ਮਾਤਾ ਗੁਜਰੀ ਨੇ ਹੀ ਸਿਖਾਇਆ ਸੀ। ਦਸਮ ਗੁਰੂ ਨੇ ਜਦੋਂ ਅਨੰਦਪੁਰ ਨੂੰ ਆਖਰੀ ਵਾਰ ਛੱਡਿਆ ਤੇ ਅਨੰਦਪੁਰ ਦੇ ਵਸਨੀਕਾਂ ਨੂੰ ਦੋ ਟੋਲੀਆਂ ਵਿਚ ਵੰਡ ਕੇ ਭੇਜਿਆ ਗਿਆ। ਪਹਿਲੀ ਟੋਲੀ ਦੀ ਜ਼ਿੰਮੇਵਾਰੀ ਮਾਤਾ ਗੁਜਰੀ ਨੂੰ ਦਿੱਤੀ ਗਈ ਤੇ ਦੂਸਰੀ ਦੀ ਕਮਾਨ ਉਨ੍ਹਾਂ ਆਪ ਸਾਂਭੀ। ਮਾਤਾ ਗੁਜਰੀ ਸੰਕਟ ਸਮੇਂ ਵੀ ਡੋਲੇ ਨਹੀਂ। ਮਾਤਾ ਗੁਜਰੀ ਦੀ ਨੂੰਹ ਮਾਤਾ ਸੁੰਦਰੀ ਵਿਚ ਵੀ ਪ੍ਰਬੀਨ ਆਗੂਆਂ ਵਾਲੇ ਗੁਣ ਮੌਜੂਦ ਸਨ। ਦਸਮ ਗੁਰੂ ਸੰਕਟ ਸਮੇਂ ਅੱਗੇ-ਪਿੱਛੇ ਆਉਂਦੇ-ਜਾਂਦੇ ਰਹੇ ਪਰ ਮਾਤਾ ਸੁੰਦਰੀ ਦਿੱਲੀ ਵਿਚ ਇਕੱਲੇ ਹੀ ਰਹੇ। ਦਿੱਲੀਓਂ ਇਕ ਵਾਰ ਮਾਤਾ ਸਾਹਿਬ ਦੇਵਾਂ ਦਸਮ ਗੁਰੂ ਨਾਲ ਨਾਂਦੇੜ ਵੱਲ ਵੀ ਗਏ ਪਰ ਮਾਤਾ ਸੁੰਦਰੀ ਨੇ ਧੀਰਜ ਰੱਖੀ ਤੇ ਪਤੀ ਦੇ ਹੁਕਮ ਅਨੁਸਾਰ ਆਪਣੇ ਜ਼ਿੰਮੇ ਲੱਗੇ ਸਾਰੇ ਕਾਰਜ ਸਫਲਤਾਪੂਰਬਕ ਨਿਭਾਏ। ਦਿੱਲੀ ਰਹਿੰਦਿਆਂ ਹੀ ਉਨ੍ਹਾਂ ਨੂੰ ਗੁਰੂਘਰ ਦਾ ਸ਼ਰਧਾਲੂ ਵਜ਼ੀਰ ਮਿਲਣ ਲਈ ਆਇਆ ਅਤੇ ਜਿੰਨਾ ਕੁ ਸਾਮਾਨ ਬਰਾਮਦ ਹੋ ਸਕਦਾ ਸੀ, ਉਹ ਮਾਤਾ ਜੀ ਦੇ ਸਪੁਰਦ ਕਰ ਗਿਆ। ਇਥੋਂ ਵੀ ਇਹੋ ਤੱਥ ਪਰਪੱਕ ਹੁੰਦਾ ਹੈ ਕਿ ਮਾਤਾ ਸੁੰਦਰੀ ਰਾਜਸੀ ਕੰਮਾਂ ਨੂੰ ਬਾਖੂਬੀ ਨਿਬੇੜ ਸਕਦੇ ਸਨ। ਉਹ ਹਵੇਲੀ ਵਿਚ ਰਹਿੰਦਿਆਂ ਦੂਰ-ਦਰਾਜੋਂ ਆਏ ਸਿੱਖਾਂ ਦਾ ਵੱਡਾ ਸਹਾਰਾ ਸਨ। ਲੋਕ ਮਾਂ ਦੀ ਹਵੇਲੀ ਆ ਕੇ ਠਹਿਰਦੇ। ਮਾਂ ਉਨ੍ਹਾਂ ਦੇ ਰਹਿਣ-ਸਹਿਣ ਦਾ ਪੂਰਾ ਪ੍ਰਬੰਧ ਕਰਦੀ। ਜਦੋਂ ਉਨ੍ਹਾਂ ਦੇ ਪਾਲਿਤ ਪੁੱਤਰ ਅਜੀਤ ਸਿੰਘ ਨੇ ਇਕ ਮੁਸਲਮਾਨ ਫ਼ਕੀਰ ਦਾ ਕਤਲ ਕਰਵਾ ਦਿੱਤਾ ਤਾਂ ਤੁਅੱਸਬੀ ਮੁਸਲਮਾਨ ਭੜਕ ਪਏ। ਫਲਸਰੂਪ ਹਕੂਮਤ ਨੇ ਮਾਤਾ ਜੀ ਨੂੰ ਕਿਹਾ ਕਿ ਸਾਡਾ ਗੁਨਾਹ ਜੋ ਅਸਾਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਕਰਕੇ ਕੀਤਾ ਸੀ, ਮੁਆਫ ਕਰ ਦਿੱਤਾ ਜਾਏ ਕਿਉਂਕਿ ਹੁਣ ਤੁਹਾਡੇ ਪੁੱਤਰ ਨੇ ਮੁਸਲਮਾਨ ਬੇਨਵਾ ਫ਼ਕੀਰ ਮਰਵਾ ਕੇ ਬਦਲਾ ਚੁਕਾ ਦਿੱਤਾ ਹੈ, ਤਾਂ ਮਾਂ ਅਣਖ ਵਿਚ ਭਰ ਕੇ ਬੋਲੀ ਸੀ, "ਇਸ ਕਤਲ ਦਾ ਮੇਰੇ ਪੂਜਨੀਕ ਸਹੁਰਾ ਸਾਹਿਬ ਨਾਲ ਕੋਈ ਸਬੰਧ ਨਹੀਂ। ਇਸ ਗੱਲ ਨੂੰ ਤੁਸੀਂ ਆਪ ਹੀ ਨਿਬੇੜੋ।"

ਮਾਤਾ ਜੀ ਕੋਲ ਕਾਬਲ ਤੋਂ ਸ਼ਰਧਾਲੂ ਸਿੱਖ ਆਉਂਦੇ ਰਹਿੰਦੇ ਸਨ। ਲੋੜਵੰਦ ਵੀ ਆਉਂਦੇ, ਕਿਸੇ ਵਿਵਾਦ ਜਾਂ ਝਗੜੇ ਵਿਚ ਫਸੇ ਵੀ ਆਉਂਦੇ ਤੇ ਮਾਤਾ ਜੀ ਵਿਚ ਪੈ ਕੇ ਉਨ੍ਹਾਂ ਦਾ ਨਿਬੇੜਾ ਵੀ ਕਰਵਾ ਦਿੰਦੇ। ਦਸਮ ਗੁਰੂ ਦੇ ਪ੍ਰਲੋਕ ਗਮਨ ਤੋਂ ਬਾਅਦ ਉਹ ਪੂਰੇ ਮਾਣ-ਤਾਣ ਨਾਲ ਦਿੱਲੀ ਰਹੇ ਤੇ ਹਕੂਮਤ ਦੇ ਸਾਹਮਣੇ ਕਦੇ ਕਮਜ਼ੋਰ ਨਹੀਂ ਪਏ। ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਤਾਂ ਖਾਲਸੇ ਦੇ ਨਾਮ ਹੁਕਮਨਾਮੇ ਵੀ ਭੇਜਦੇ ਰਹੇ। ਜ਼ਾਹਿਰ ਹੈ, ਗੁਰੂ ਸਾਹਿਬ ਨੇ ਵੀ ਉਨ੍ਹਾਂ ਨੂੰ ਕਿਸੇ ਗੱਲੋਂ ਘੱਟ ਨਹੀਂ ਜਾਤਾ ਸਗੋਂ ਉਨ੍ਹਾਂ 'ਤੇ ਜ਼ਿੰਮੇਵਾਰੀਆਂ ਪਾ ਕੇ ਉਨ੍ਹਾਂ ਨੂੰ ਨਾ ਕੇਵਲ ਨਿਭਾਉਣ ਜੋਗ ਬਣਾਇਆ ਸਗੋਂ ਤਾਕ ਵੀ ਕਰ ਦਿੱਤਾ।

# ਬਲਕਾਰ ਸਿੰਘ ਲਈ ਕਿਹੜਾ ਤੇ ਕਿਸ ਦਾ ਹਊਆ?

**ਵਿਚਾਰ-ਚਰਚਾ**

***ਸ. ਅਵਤਾਰ ਸਿੰਘ ਦੇ ਇਸ ਲੇਖ ਬਾਰੇ ਪਤਾ ਸਾਨੂੰ ਸਾਡੇ ਸਮਕਾਲੀ ਅੰਮ੍ਰਿਤਸਰ ਟਾਈਮਜ਼ ਵਿਚ ਛਪਣ ਪਿਛੋਂ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਵਲੋਂ ਇਹ ਲੇਖ ਪੰਜਾਬ ਟਾਈਮਜ਼ ਵਿਚ ਨਾ ਛਾਪੇ ਜਾਣ ਸਬੰਧੀ ਉਲ੍ਹਾਮਾ ਦਿਤੇ ਜਾਣ ਤੋਂ ਲੱਗਾ। ਹਾਂ, ਅਵਤਾਰ ਸਿੰਘ ਨੇ ਪੰਜਾਬ ਟਾਈਮਜ਼ ਲਈ ਸੁਨੇਹਾ ਜ਼ਰੂਰ ਛਡਿਆ ਸੀ ਕਿ ਉਨ੍ਹਾਂ ਕੋਈ ਲੇਖ ਭੇਜਿਆ ਹੈ ਪਰ ਆਪਣਾ ਕੋਈ ਫੋਨ ਨੰਬਰ ਜਾਂ ਅਤਾ ਪਤਾ ਨਹੀਂ ਸੀ ਛਡਿਆ, ਜਿਸ ਰਾਹੀਂ ਲੇਖ ਨਾ ਮਿਲਣ ਦੀ ਸੂਰਤ ਵਿਚ ਉਨ੍ਹਾਂ ਨਾਲ ਸੰਪਰਕ ਹੋ ਸਕਦਾ। ਜੇ ਅਸੀਂ ਬਾਕੀ ਪ੍ਰਤੀਕਰਮ ਛਾਪ ਸਕਦੇ ਹਾਂ ਇਹ ਵੀ ਛਾਪਿਆ ਜਾ ਸਕਦਾ ਸੀ। ਡਾ. ਬਲਕਾਰ ਸਿੰਘ ਦਾ ਇਸ ਲੇਖ ਉਪਰ ਪ੍ਰਤੀਕਰਮ ਅਸੀਂ ਚਲ ਰਹੀ ਬਹਿਸ ਨੂੰ ਜਾਰੀ ਰਖਣ ਦੇ ਮਨੋਰਥ ਨਾਲ ਛਾਪ ਰਹੇ ਹਾਂ-ਸੰਪਾਦਕ***

---

ਅਵਤਾਰ ਸਿੰਘ ਯੂ.ਕੇ. ਦਾ ਲੇਖ ਮੈਂ ਅੰਮ੍ਰਿਤਸਰ ਟਾਈਮਜ਼ ਵਿਚ ਪੜ੍ਹਿਆ ਅਤੇ ਮੇਰਾ ਤੁਰਤ ਪ੍ਰਭਾਵ ਇਹ ਹੈ ਕਿ ਜਦੋਂ ਮਸੀਹੀਕਰਨ ਪੰਕਚਰ ਹੋਵੇ ਤਾਂ ਇਸੇ ਤਰ੍ਹਾਂ ਦੀ ਛਟਪਟਾਹਟ ਹੁੰਦੀ ਹੈ ਜਿਸ ਤਰ੍ਹਾਂ ਦੀ ਅਵਤਾਰ ਸਿੰਘ ਨੇ ਕੀਤੀ ਹੈ। ਇਸ ਛਟਪਟਾਹਟ ਨਾਲ ਅਵਤਾਰ ਸਿੰਘ ਇਹ ਵੀ ਭੁੱਲ ਗਿਆ ਕਿ ਬਿੱਟੂ ਦੇ ਹਵਾਲੇ ਨਾਲ ਜਿਹੜੇ ਵਿਦਵਾਨਾਂ ਦੀ ਗੱਲ ਕਰ ਰਿਹਾ ਹੈ, ਉਨ੍ਹਾਂ ਵਿਚ ਮੈਂ ਤੇ ਆ ਹੀ ਨਹੀਂ ਸਕਦਾ। ਜਿਹੜੇ ਵਿਦਵਾਨਾਂ ਵੱਲ ਇਸ ਨਾਲ ਉਂਗਲ ਉਠ ਗਈ ਹੈ, ਉਨ੍ਹਾਂ ਵਿਚ ਕਰਮਜੀਤ ਸਿੰਘ ਨੰਬਰ ਇਕ 'ਤੇ ਹੋਵੇਗਾ। ਮੇਰੀ ਜਾਤੇ ਉਸ ਨੇ ਕਦੇ ਇਹੋ ਜਿਹਾ ਕੰਮ ਨਹੀਂ ਕੀਤਾ ਜਿਹੋ ਜਿਹਾ ਹਵਾਲਾ ਅਵਤਾਰ ਸਿੰਘ ਦੇ ਰਿਹਾ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਚੱਲ ਰਿਹਾ ਸੰਵਾਦ ਅਕਾਦਮਿਕ ਰਹੇ ਅਤੇ ਨਿਵਾਣ ਵੱਲ ਨਾ ਜਾਵੇ। ਮੈਨੂੰ ਇਹ ਕਦੇ ਵੀ ਸਮਝ ਨਹੀਂ ਆਇਆ ਕਿ ਮੇਰਾ ਲਿਖਿਆ ਪਹਿਲਾ ਲੇਖ ਅਜਮੇਰ ਸਿੰਘ ਦੀ ਹੇਠੀ ਕਿਵੇਂ ਕਰਦਾ ਹੈ? ਜਦੋਂਕਿ ਅਵਤਾਰ ਸਿੰਘ ਨੇ ਖੁਦ ਮੰਨਿਆ ਹੈ ਕਿ ਇਸ ਨਾਲ ਜਿਨ੍ਹਾਂ ਨੇ ਕਿਤਾਬ ਨਹੀਂ ਵੀ ਸੀ ਪੜ੍ਹਨੀ, ਉਹ ਵੀ ਪੜ੍ਹ ਲੈਣਗੇ। ਮੇਰਾ ਮੰਤਵ ਇਹ ਦੱਸਣਾ ਸੀ ਕਿ ਸਬੰਧਤ ਪੁਸਤਕ ਇਕ ਖਾਸ ਮਾਨਸਿਕਤਾ ਨੂੰ ਸੰਬੋਧਤ ਹੈ ਅਤੇ ਇਕ ਖਾਸ ਮਾਨਸਿਕਤਾ ਵਿਚੋਂ ਨਿਕਲੀ ਹੋਈ ਹੈ। ਸਿੱਖ ਦ੍ਰਿਸ਼ਟੀਕੋਣ ਤੋਂ ਮੈਨੂੰ ਇਸ ਪੁਸਤਕ ਵਿਚਲਾ ਥੀਸਿਸ ਸਿੱਖ ਮਾਨਸਿਕਤਾ 'ਤੇ ਠੋਸਣਾ ਠੀਕ ਨਹੀਂ ਸੀ ਲੱਗਦਾ ਅਤੇ ਅਜੇ ਵੀ ਮੈਨੂੰ ਇਸ ਧਾਰਨਾ ਵਿਚ ਸੋਧ ਕਰਨ ਦੀ ਲੋੜ ਮਹਿਸੂਸ ਨਹੀਂ ਹੋ ਰਹੀ। ਚੱਲ ਰਹੀ ਬਹਿਸ ਵਿਚ ਮੇਰੇ ਨਾਂ ਨਾਲ ਡਾ. ਪ੍ਰੇਮ ਸਿੰਘ ਅਤੇ ਡਾ. ਜਗਤਾਰ ਸਿੰਘ ਗਰੇਵਾਲ ਦਾ ਨਾਂ ਘੜੀਸਣ ਦੀ ਵਾਰ ਵਾਰ ਕ ਕੋਸ਼ਿਸ਼ ਹੋ ਰਹੀ ਹੈ। ਇਹ ਗੱਲ ਸਪਸ਼ਟ ਰਹਿਣੀ ਚਾਹੀਦੀ ਹੈ ਕਿ ਪ੍ਰੇਮ ਸਿੰਘ ਅਤੇ ਡਾ. ਗਰੇਵਾਲ ਆਪਣੀ ਥਾਂ ਹਨ ਅਤੇ ਮੈਂ ਆਪਣੀ ਥਾਂ। ਪ੍ਰੇਮ ਸਿੰਘ ਦਾ ਵਾਰ ਵਾਰ ਹਵਾਲਾ ਕਿਉਂ ਦਿਤਾ ਜਾ ਰਿਹਾ ਹੈ, ਮੇਰੀ ਸਮਝ ਤੋਂ ਬਾਹਰ ਹੈ ਅਤੇ ਮੈਂ ਤੁਰਤ ਉਸ ਨੂੰ ਟੈਲੀਫੋਨ 'ਤੇ ਵਧਾਈ ਦਿਤੀ, ਇਹ ਗੱਲ ਵੀ ਉਨ੍ਹਾਂ ਨੂੰ ਕਿਥੋਂ ਅਤੇ ਕਿਹੜੇ ਸਾਧਨਾਂ ਤੋਂ ਪਤਾ ਲੱਗੀ, ਮੇਰੀ ਸਮਝ ਤੋਂ ਬਾਹਰ ਹੈ। ਮੈਂ ਤੇ ਸਿਰਫ ਇੰਨੀ ਗੱਲ ਕਹਿ ਰਿਹਾ ਸਾਂ ਕਿ ਮੈਨੂੰ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਵਿਚੋਂ ਗੁਰਮਤਿ ਗੁੰਮ ਲੱਗਦੀ ਹੈ। ਸਿੱਖੀ ਦੇ ਨਾਂ 'ਤੇ ਕੀਤੀ ਜਾ ਰਹੀ ਸਿਆਸਤ ਵੀ ਮੈਨੂੰ ਠੀਕ ਨਹੀਂ ਲੱਗਦੀ। ਮੇਰੀ ਲਗਾਤਾਰ ਕੋਸ਼ਿਸ਼ ਰਹੀ ਹੈ ਕਿ ਲੇਖਕ ਅਜਮੇਰ ਸਿੰਘ ਦੇ ਪਾਠਕਾਂ ਨਾਲ ਸੰਵਾਦ ਰਚਾਇਆ ਜਾਵੇ। ਹਾਲਾਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਅਕਾਦਮਿਕ ਦ੍ਰਿਸ਼ਟੀਕੋਣ ਤੋਂ ਮੇਰਾ ਸੰਵਾਦ ਕੇਵਲ ਤੇ ਕੇਵਲ ਅਮਜੇਰ ਸਿੰਘ ਨਾਲ ਬਣਦਾ ਸੀ। ਪਰ ਲੇਖਕ ਦੇ ਪਾਠਕਾਂ ਨੇ ਬਿਲਕੁਲ ਸਿਆਸੀ ਪੈਂਤੜੇ ਨਾਲ ਮੈਨੂੰ ਉਲਝਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ। ਜੇ ਮੈਂ ਨਹੀਂ ਉਲਝਿਆ ਤਾਂ ਉਸ ਵਿਚ ਮੇਰੀ ਉਹ ਅਕਾਦਮਿਕ ਟਰੇਨਿੰਗ ਕੰਮ ਆਈ ਹੈ ਜਿਸ ਵਿਚ ਰਾਏ ਦੇ ਵਿਰੋਧ ਨੂੰ ਦੁਸ਼ਮਣੀ ਨਹੀਂ ਸਮਝਿਆ ਜਾਂਦਾ।

"ਰਾਜ ਕਰਹਿੰ ਕੈ ਲੜਿ ਮਰਹਿੰ" ਦੇ ਹਵਾਲੇ ਨਾਲ ਅਵਤਾਰ ਸਿੰਘ ਨੇ ਮੇਰੇ ਬਾਰੇ ਬਹੁਤ ਕੁਝ ਕਿਹਾ ਹੈ ਅਤੇ ਅਜਿਹਾ ਕਰਦਿਆਂ ਉਹ ਸਾਇਸ਼ਤਗੀ ਅਤੇ ਅਦਬ ਵੀ ਭੁੱਲ ਗਿਆ ਹੈ। ਇਸ ਬਾਰੇ ਮੈਂ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ 18ਵੀਂ ਸਦੀ ਦਾ ਹਵਾਲਾ 21ਵੀਂ ਸਦੀ ਵਿਚ ਸਿੱਖ ਰੰਗ ਵਿਚ ਨਹੀਂ, ਸਿਆਸੀ ਰੰਗ ਵਿਚ ਦਿਤਾ ਜਾ ਰਿਹਾ ਹੈ। ਮੇਰੀ ਇਹ ਬੁਨਿਆਦੀ ਧਾਰਨਾ ਹੈ ਕਿ ਸਿਆਸਤ ਸਿੱਖੀ ਨੂੰ ਨਾ ਕਦੇ ਰਾਸ ਆਈ ਅਤੇ ਨਾ ਕਦੇ ਆ ਸਕਦੀ ਹੈ। ਫਿਰ ਜਿਹੜੀ ਸਿਆਸਤ ਦੀ ਗੱਲ ਅਕਾਲੀਆਂ ਦੇ ਹਵਾਲੇ ਨਾਲ ਕੀਤੀ ਜਾ ਰਹੀ ਹੈ ਉਹ ਤਾਂ ਕਿਸੇ ਤਰ੍ਹਾਂ ਵੀ ਸਿੱਖ ਰੰਗ ਵਿਚ ਨਹੀਂ ਲਈ ਜਾ ਸਕਦੀ। ਅਕਾਲੀ ਵੀ ਸਿੱਖੀ ਦਾ ਉਸੇ ਤਰ੍ਹਾਂ ਹੀ ਨੁਕਸਾਨ ਕਰ ਰਹੇ ਹਨ ਜਿਵੇਂ ਬਾਕੀ ਸਿੱਖੀ ਦੇ ਨਾਂ 'ਤੇ ਚੱਲਣ ਵਾਲੀਆਂ ਸਿਆਸੀ ਪਾਰਟੀਆਂ ਕਰ ਰਹੀਆਂ ਹਨ। ਹੁਣ ਤਾਂ ਗੱਲ ਇਥੋਂ ਤੱਕ ਪਹੁੰਚ ਗਈ ਹੈ ਕਿ ਸਿੱਖੀ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣ ਦੀ ਲੋੜ ਸਭ ਨਾਲੋਂ ਅੱਗੇ ਆ ਗਈ ਹੈ। ਚੰਗੇ ਭਲੇ ਸਿੱਖ ਸਮਝਦੇ ਸਨ ਕਿ "ਮੈਂ ਗੁਰੂ ਦਾ ਹਾਂ।" ਪਰ ਸਿਆਸਤ ਦੇ ਬੋਲਬਾਲੇ ਨਾਲ ਗੱਲ ਇਥੇ ਪਹੁੰਚ ਗਈ ਹੈ ਕਿ "ਗੁਰੂ ਮੇਰਾ ਹੈ।" ਜਿਥੋਂ ਤੱਕ ਸਿੰਘ ਸਭਾ ਦਾ ਸਵਾਲ ਹੈ, ਉਹ ਸਾਡੀ ਸਿੱਖ ਅਕਾਦਮਿਕਤਾ ਦੇ ਮੋਢੀ ਹਨ। ਉਨ੍ਹਾਂ ਦੀ ਅਜਮੇਰ ਸਿੰਘ ਨੇ ਜਿਵੇਂ ਵਰਤੋਂ ਕੀਤੀ ਹੈ ਉਸ ਤੋਂ ਲੱਗਣ ਲੱਗ ਪਿਆ ਹੈ ਕਿ ਜਿਵੇਂ ਉਨ੍ਹਾਂ ਦੀ ਸਿੱਖ ਪਛਾਣ ਬਾਰੇ ਧਾਰਨਾ ਧਾਰਮਿਕ ਨਹੀਂ ਸਿਆਸੀ ਹੋਵੇ। ਮੇਰੀ ਗੱਲ ਤਾਂ ਸ਼ੁਰੂ ਹੀ ਇਥੋਂ ਹੁੰਦੀ ਹੈ ਕਿ ਪ੍ਰਾਪਤ ਸਿਧਾਂਤਾਂ ਮੁਤਾਬਕ ਸਿੱਖੀ ਨੂੰ ਸਿਆਸਤ ਵਾਸਤੇ ਵਰਤਣ ਨਾਲ ਜਿਹੋ ਜਿਹੀਆਂ ਉਧੜ-ਧੁੰਮੀਆਂ ਹੋ ਰਹੀਆਂ ਹਨ, ਉਹ ਕਿਸੇ ਦੇ ਵੀ ਹੱਕ ਵਿਚ ਨਹੀਂ ਹਨ, ਘੱਟੋ ਘੱਟ ਸਿੱਖਾਂ ਦੇ ਹੱਕ ਵਿਚ ਤਾਂ ਬਿਲਕੁਲ ਨਹੀਂ। ਜੇ ਫਿਰ ਵੀ ਕੋਈ ਕਰਨਾ ਚਾਹੁੰਦਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮੈਂ ਹਰ ਕਿਸਮ ਦੇ ਸਿੱਖ ਨੂੰ ਮਿਲਦਾ-ਗਿਲਦਾ ਰਹਿੰਦਾ ਹਾਂ। ਜਿਸ ਤਰ੍ਹਾਂ ਅਜਮੇਰ ਸਿੰਘ ਦੇ ਸਮਰਥਕਾਂ ਨੂੰ ਮੈਂ ਰੜਕਦਾ ਹਾਂ, ਇਸ ਤਰ੍ਹਾਂ ਮੈਂ ਕਿਸੇ ਹੋਰ ਨੂੰ ਰੜਕਿਆ ਨਹੀਂ ਲਗਦਾ। ਮੈਂ ਕੀ ਕਰਦਾ ਹਾਂ? ਕਿਉਂ ਕਰਦਾ ਹਾਂ? ਅਤੇ ਕਿਵੇਂ ਕਰਦਾ ਹਾਂ? ਇਹ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ ਹੈ। ਇਹ ਸਿਆਸੀ ਡੱਬਾਬੰਦੀ ਹੈ ਕਿ ਸਿੱਖਾਂ ਨੂੰ ਕੋਟੀਆਂ ਵਿਚ ਵੰਡ ਕੇ ਦੇਖਿਆ ਜਾਵੇ ਤਾਂ ਕਿ ਇਕ ਨੂੰ ਇਕ ਦੇ ਵਿਰੋਧ ਵਿਚ ਖੜ੍ਹਾ ਕਰ ਕੇ ਲੋੜੀਂਦਾ ਸਮਰਥਨ ਲਿਆ ਜਾਵੇ। ਅਜਿਹਾ ਨਹੀਂ ਹੋਣਾ ਚਾਹੀਦਾ। ਮੈਂ ਪਿਛਲੇ 'ਪ੍ਰਤੀਉਤਰ-5' ਵਿਚ ਵੀ ਇਹੋ ਕਿਹਾ ਸੀ। ਪਰ ਜੇ ਕੋਈ ਫਿਰ ਵੀ ਕਰੀ ਜਾ ਰਿਹਾ ਹੈ ਤਾਂ ਉਹ ਵੀ ਜ਼ਿੰਦਗੀ ਦਾ ਹੀ ਹਿੱਸਾ ਹੈ ਅਤੇ ਉਸ ਨੂੰ ਸਹਿਜ ਭਾਅ ਨਾਲ ਹੀ ਲੈਣਾ ਚਾਹੀਦਾ ਹੈ। ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਮੇਰੇ ਮਨ ਵਿਚ ਸਵਾਲ ਹੈ ਕਿ ਮੇਰੀ ਕਿਸੇ ਵੀ ਗੱਲ ਉਪਰ ਕਿਸੇ ਦੇ ਖਿਲਾਫ 'ਨਫਰਤ' ਹੋਣ ਦਾ ਇਲਜ਼ਾਮ ਕਿਵੇਂ ਲਾਇਆ ਜਾ ਸਕਦਾ ਹੈ? ਮੈਂ ਕੇਵਲ ਅਸਹਿਮਤ ਹੁੰਦਾ ਹਾਂ, ਵਿਰੁਧ ਨਹੀਂ। ਮੈਨੂੰ ਬਹੁਤੀ ਵਾਰ ਪੈਂਤੜੇ ਬਦਲਣ ਦੀ ਲੋੜ ਵੀ ਨਹੀਂ ਪਈ। ਪਰ ਜਿਹੋ ਜਿਹੇ ਇਲਜ਼ਾਮ ਅਵਤਾਰ ਸਿੰਘ ਲਾ ਰਿਹਾ ਹੈ ਇਸ ਨਾਲ ਅਜਮੇਰ ਸਿੰਘ ਦਾ ਕੀ ਸੰਵਰੇਗਾ? ਮੈਨੂੰ ਨਹੀਂ ਪਤਾ ਪਰ ਮੇਰਾ ਬਹੁਤ ਭਲਾ ਹੋ ਗਿਆ ਹੈ ਕਿਉਂਕਿ ਮੈਨੂੰ ਪਤਾ ਲੱਗ ਗਿਆ ਹੈ ਕਿ ਮੈਂ ਕਿਸ ਕਿਸਮ ਦੇ ਭਾਈਚਾਰੇ ਵਿਚ ਰਹਿ ਰਿਹਾ ਹਾਂ ਅਤੇ ਇਸ ਨਾਲ ਕਿਵੇਂ ਨਿਭਣਾ ਹੈ।

ਅਵਤਾਰ ਸਿੰਘ ਨੇ ਸ. ਹੁਕਮ ਸਿੰਘ ਤੇ ਮਾਸਟਰ ਤਾਰਾ ਸਿੰਘ ਦੇ ਹਵਾਲੇ ਨਾਲ ਜੋ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਉਸ ਨਾਲ ਅਜਮੇਰ ਸਿੰਘ ਵਲੋਂ ਲਏ ਜਾ ਰਹੇ ਪੈਂਤੜੇ ਦੀ ਪੁਸ਼ਟੀ ਤਾਂ ਨਹੀਂ ਹੁੰਦੀ, ਫਿਰ ਵੀ ਜੇ ਲੱਗਦਾ ਹੈ ਕਿ ਹੁੰਦੀ ਹੈ ਤਾਂ ਹਵਾਲੇ ਨੂੰ ਪ੍ਰਸੰਗ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ। ਮੈਨੂੰ ਇਹ ਵੀ ਇਤਰਾਜ਼ ਹੈ ਕਿ ਸੰਦਰਭ ਵਿਚੋਂ ਆਪਣੀ ਮਰਜ਼ੀ ਦੀ ਟੂਕ ਕੱਢ ਕੇ ਆਪਣੀ ਮਰਜ਼ੀ ਵਾਸਤੇ ਵਰਤ ਲੈਣੀ ਕਿਵੇਂ ਵੀ ਠੀਕ ਨਹੀਂ ਹੈ। ਮੈਂ ਤੇ ਸਪਸ਼ਟ ਸ਼ਬਦਾਂ ਵਿਚ ਕੇਵਲ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਅਜਮੇਰ ਸਿੰਘ ਦੇ ਮੂੰਹ ਵਿਚੋਂ ਨਿਕਲੀਆਂ ਗੱਲਾਂ ਮੈਨੂੰ "ਵਿਹੁ" ਹੀ ਨਹੀਂ ਲਗਦੀਆਂ, ਸਗੋਂ ਜ਼ਹਿਰ ਬੀਜਦੀਆਂ ਲੱਗਦੀਆਂ ਹਨ। ਇਹ ਮੇਰੀ ਧਾਰਨਾ ਹੈ ਅਤੇ ਇਹ ਮੈਂ ਬਾਣੀ ਦੇ ਵਿਦਿਆਰਥੀ ਦੇ ਤੌਰ 'ਤੇ ਸਿੱਖੀ ਹੈ। ਇਸ ਬਾਰੇ ਚਰਚਾ ਵਿਸਥਾਰ ਵਿਚ ਕੀਤੀ ਜਾ ਸਕਦੀ ਹੈ। ਮੈਨੂੰ ਇਹ ਕਦੇ ਸਮਝ ਨਹੀਂ ਆਈ ਕਿ ਜਿਹੜੀਆਂ "ਜ਼ਾਤੀ ਗਰਜ਼ਾਂ" ਦਾ ਹਵਾਲਾ ਦੇ ਕੇ ਕਥਿਤ ਸੀਨੀਅਰ ਪੱਤਰਕਾਰ ਅਵਤਾਰ ਸਿੰਘ ਯੂ.ਕੇ. ਕੁਝ ਕਹਿਣ ਦਾ ਯਤਨ ਕਰ ਰਿਹਾ ਹੈ, ਉਹ ਕਿਹੜੀਆਂ ਹਨ? ਮੈਨੂੰ ਇਹ ਫਖਰ ਰਿਹਾ ਹੈ ਕਿ ਮੈਂ ਗੁਰੂ ਦੀ ਮਿਹਰ ਨਾਲ ਤਾਂ ਬਹੁਤ ਕੁਝ ਲਿਆ ਹੈ ਪਰ ਕਿਸੇ ਵੀ ਬੰਦੇ ਦਾ ਇਸ ਤਰ੍ਹਾਂ ਦੇਣਦਾਰ ਨਹੀਂ ਹਾਂ, ਜਿਸ ਨਾਲ ਮੇਰੀ ਅੱਖ ਨੀਵੀਂ ਹੁੰਦੀ ਹੋਵੇ। ਮੈਂ ਟੌਹੜਾ ਸਾਹਿਬ ਬਾਰੇ ਉਹ ਲਿਖਿਆ ਜੋ ਮੈਨੂੰ ਸਮਝ ਆਇਆ। ਉਸ ਵਿਚੋਂ ਅਵਤਾਰ ਸਿੰਘ ਨੇ ਉਹ ਲਿਖਿਆ ਜੋ ਉਸ ਨੂੰ ਸਮਝ ਆਇਆ। ਦੋਹਾਂ ਸਮਝਾਂ ਵਿਚਲੇ ਫਰਕ ਨੂੰ ਅਜਮੇਰ ਸਿੰਘ ਦੇ ਹੱਕ ਵਿਚ ਭੁਗਤਾਉਣ ਦੀ ਲਾਲਸਾ ਮੇਰੀ ਸਮਝ ਤੋਂ ਬਾਹਰ ਹੈ।

ਜਿਥੋਂ ਤੱਕ ਕਿਸੇ ਨੂੰ ਕਿਸੇ ਦੇ ਪ੍ਰਸੰਗ ਵਿਚ ਹੀ ਸਮਝਣ ਦੀ ਗੱਲ ਹੈ, ਉਹ ਅਕਾਦਮਿਕ ਇਮਾਨਦਾਰੀ ਦਾ ਹਿੱਸਾ ਹੈ। ਗਾਂਧੀ ਨੂੰ ਮਾਰਕਸ ਦੇ ਐਂਗਲ ਤੋਂ ਅਤੇ ਮਾਰਕਸ ਨੂੰ ਗਾਂਧੀ ਦੇ ਐਂਗਲ ਤੋਂ ਨਹੀਂ ਪਰਖਿਆ ਜਾ ਸਕਦਾ, ਐਨ ਉਸੇ ਤਰ੍ਹਾਂ ਜਿਵੇਂ ਅਜਮੇਰ ਸਿੰਘ ਨੂੰ ਮੇਰੇ ਐਂਗਲ ਤੋਂ ਅਤੇ ਮੈਨੂੰ ਅਜਮੇਰ ਸਿੰਘ ਦੇ ਐਂਗਲ ਤੋਂ। ਇੰਦਰਾ ਗਾਂਧੀ ਦਾ ਹਵਾਲਾ ਇਸ ਵਿਚ ਕਿਵੇਂ ਵੀ ਫਿੱਟ ਨਹੀਂ ਹੁੰਦਾ, ਕਿਉਂਕਿ ਉਹ ਤਾਂ ਸਿਆਸਤਦਾਨ ਸੀ। ਉਸੇ ਤਰ੍ਹਾਂ ਦੀ ਸਿਆਸਤ ਦੀ ਮਾਲਕ ਜਿਸ ਤਰ੍ਹਾਂ ਦੀ ਸਿਆਸਤ ਤੋਂ ਮੈਂ ਅਜਮੇਰ ਸਿੰਘ ਨੂੰ ਹੋੜ ਰਿਹਾ ਹਾਂ। ਸਿਆਸੀ ਭੇੜ ਵਿਚ ਆਮ ਸਿੱਖ ਨੂੰ ਨਹੀਂ ਲਿਆਉਣਾ ਚਾਹੀਦਾ। ਆਮ ਸਿੱਖ ਦੇ ਵਿਸ਼ਵਾਸ ਨੂੰ ਬੰਧੂਆ ਵਿਸ਼ਵਾਸ ਵਜੋਂ ਨਹੀਂ ਵਰਤਣਾ ਚਾਹੀਦਾ। ਸਿੱਖ ਲਈ ਤਾਂ ਸੰਘਰਸ਼ ਵਿਚ ਕੁੱਦਣਾ ਗੁਰੂ ਦੀ ਸੋਚ 'ਤੇ ਪਹਿਰਾ ਦੇਣਾ ਹੈ। ਇਸ ਵਿਚੋਂ ਜਿਸ ਕਿਸਮ ਦੀ ਸਿਆਸਤ ਨਿਕਲ ਆਈ ਹੈ, ਉਸ ਦੇ ਬਹੁਤ ਸਾਰੇ ਸਿਆਸੀ ਰੰਗ ਸਾਹਮਣੇ ਆ ਗਏ ਹਨ। ਮੈਂ ਉਨ੍ਹਾਂ ਸਾਰਿਆਂ ਦੇ ਹੀ ਖਿਲਾਫ ਹਾਂ। ਮੈਨੂੰ ਤਾਂ ਇਹੀ ਲੱਗਦਾ ਹੈ ਕਿ ਸਿਆਸੀ ਪੈਂਤੜੇਬਾਜ਼ੀਆਂ ਕਦੇ ਧਰਮ ਨਹੀਂ ਹੋ ਸਕਦੀਆਂ ਅਤੇ ਨਾ ਹੀ ਧਰਮ ਨੂੰ ਠੀਕ ਬੈਠ ਸਕਦੀਆਂ ਹਨ। ਜਦੋਂ ਮੈਂ ਇਹ ਕਹਿੰਦਾ ਹਾਂ ਕਿ ਅਜਮੇਰ ਸਿੰਘ ਨੇ ਅਕਾਲੀਆਂ ਨਾਲ ਨਿਆਂ ਨਹੀਂ ਕੀਤਾ ਤਾਂ ਉਦੋਂ ਵੀ ਮੇਰੇ ਧਿਆਨ ਵਿਚ ਇਹੋ ਹੀ ਹੁੰਦਾ ਹੈ ਕਿ ਅਕਾਲੀ ਗਲਤ ਹੋਣ ਜਾਂ ਠੀਕ, ਸਿੱਖੀ ਤੋਂ ਪਾਸੇ ਨਹੀਂ ਜਾਂਦੇ। ਪਰ ਜਿਸ ਕਿਸਮ ਦੀ ਰਾਜਨੀਤੀ ਦਾ ਪੜੁੱਲ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਰਾਹੀਂ ਬੰਨ੍ਹਿਆ ਜਾ ਰਿਹਾ ਹੈ, ਉਹ ਮੈਨੂੰ ਸਿੱਖੀ ਨਾਲੋਂ ਪਾਸੇ ਜਾਂਦਾ ਜਾਪਦਾ ਹੈ। ਇਹੋ ਗੱਲ ਮੈਂ ਪਹਿਲਾਂ ਕਹਿਣ ਦੀ ਕੋਸ਼ਿਸ਼ ਕੀਤੀ ਸੀ ਜੋ ਉਨ੍ਹਾਂ ਸਾਰਿਆਂ ਨੂੰ ਨਾਖੁਸ਼ਗਵਾਰ ਗੁਜਰੀ ਜਿਹੜੇ ਸਿਆਸਤ ਦੇ ਮੁਰੀਦ ਹੋਣ ਨੂੰ ਸਿੱਖ ਹੋਣ ਨਾਲੋਂ ਪਹਿਲ ਦਿੰਦੇ ਹਨ।

ਅਵਤਾਰ ਸਿੰਘ ਦੀ ਗੱਲ ਠੀਕ ਹੈ ਕਿ ਅੰਨਾ ਪੁਜਾਰੀ ਹੋਣਾ ਮਾੜਾ ਹੈ। ਕਾਸ਼! ਇਹ ਨਸੀਹਤ ਅਵਤਾਰ ਸਿੰਘ ਨੇ ਆਪਣੇ ਉਪਰ ਵੀ ਲਾਗੂ ਕੀਤੀ ਹੁੰਦੀ। ਮੈਂ ਜੇ ਹਾਂ ਤਾਂ ਸਿੱਖੀ ਦਾ ਹੀ ਅੰਨਾ ਪੁਜਾਰੀ ਹਾਂ। ਜੋ ਕੋਈ ਮੇਰੇ ਲਈ ਮਿਹਣਾ ਨਹੀਂ। ਕਿਸੇ ਵੇਲੇ ਮੈਨੂੰ ਸਿੱਖ ਕਿਸੇ ਰੰਗ ਵਾਲਾ ਵੀ ਚੰਗਾ ਲੱਗੇ ਤਾਂ ਉਸ ਦਾ ਵੀ ਪ੍ਰਸ਼ੰਸਕ ਹੋ ਜਾਂਦਾ ਹਾਂ ਪਰ ਕਿਸੇ ਸਿਆਸਤਦਾਨ ਦਾ ਜਾਂ ਕਿਸੇ ਸਿਆਸੀ ਮਸੀਹੇ ਦਾ ਅੰਨਾ ਪੁਜਾਰੀ ਹੋਣ ਤੋਂ ਹਮੇਸ਼ਾ ਗੁਰੇਜ਼ ਕੀਤਾ ਹੈ। ਮੈਂ ਆਪਣੀ ਜ਼ਿੰਦਗੀ ਵਿਚੋਂ ਹਵਾਲਿਆਂ ਨਾਲ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦੇ ਸਕਦਾ ਹਾਂ ਪਰ ਇਥੇ ਇਸ ਦੀ ਲੋੜ ਨਹੀਂ।

ਮੈਨੂੰ ਅਵਤਾਰ ਸਿੰਘ ਦੀ ਇਹ ਧਾਰਨਾ ਪੜ੍ਹ ਕੇ ਅਫਸੋਸ ਹੋਇਆ ਹੈ ਕਿ ਅਜਮੇਰ ਸਿੰਘ ਦੀ ਬੌਧਿਕ ਘਾਲਣਾ ਨੂੰ ਨਾ ਮੰਨਣ ਵਾਲੇ ਲੋਕ "ਸਿੱਖ ਦੋਖੀ" ਤਾਕਤਾਂ ਵਿਚ ਸ਼ਾਮਲ ਹੋ ਜਾਂਦੇ ਹਨ। ਅਜਮੇਰ ਸਿੰਘ ਨੇ ਬਹੁਤ ਮਿਹਨਤ ਕੀਤੀ ਹੈ, ਇਸੇ ਕਰਕੇ ਮੈਂ ਉਸ ਦੀ ਕਿਤਾਬ ਪੜ੍ਹੀ ਸੀ ਅਤੇ ਇਸ ਗੱਲੋਂ ਮੈਂ ਉਸ ਦਾ ਪ੍ਰਸ਼ੰਸਕ ਵੀ ਹਾਂ, ਇਹ ਅਜਮੇਰ ਸਿੰਘ ਵੀ ਜਾਣਦਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਨੂੰ ਵਾਰ ਵਾਰ ਪੜ੍ਹਿਆ ਜਾਵੇ ਅਤੇ ਇਸ ਵਿਚ ਲੁਕੀ ਹੋਈ ਸਿੱਖ ਵਿਰੋਧੀ ਸਿਆਸਤ ਨੂੰ ਸਮਝਿਆ ਜਾਵੇ। ਇਸ ਨੂੰ ਅਵਤਾਰ ਸਿੰਘ ਨੇ ਮੇਰੀ "ਬੌਧਿਕ ਔਕਾਤ" ਆਖ ਕੇ ਕੋਈ ਬਹੁਤ ਵੱਡੀ ਮੱਲ ਨਹੀਂ ਮਾਰ ਲਈ। ਮੈਂ ਇਕ ਸਾਧਾਰਨ ਸਿੱਖ ਹਾਂ ਤੇ ਮੈਨੂੰ ਲਗਾਤਾਰ ਅਕਾਦਮਿਕਤਾ ਵਿਚ ਰਹਿਣ ਕਰਕੇ ਕੁਝ ਗੱਲਾਂ ਸਮਝ ਆਈਆਂ ਹਨ ਅਤੇ ਮੈਂ ਉਨ੍ਹਾਂ ਨੂੰ ਆਪਣੇ ਭਾਈਚਾਰੇ ਨਾਲ ਸਾਂਝੀਆਂ ਕਰਦਾ ਰਹਿੰਦਾ ਹਾਂ। ਮੇਰਾ ਵਿਸ਼ਵਾਸ ਹੈ ਅਤੇ ਇਸ ਵਿਸ਼ਵਾਸ ਨੂੰ ਮੈਂ ਸੋਹਨ ਸਿੰਘ ਸੀਤਲ ਦੀਆਂ ਇਨ੍ਹਾਂ ਲਾਈਨਾਂ ਰਾਹੀਂ ਦੱਸਣਾ ਚਾਹੁੰਦਾ ਹਾਂ:

ਸੀਤਲ ਜਿੱਤ ਹਾਰ ਵੱਸ ਕਰਤਾਰ ਦੇ
ਜ਼ੋਰ ਘੱਟ ਨਹੀਂ ਕਿਸੇ ਨੇ ਲਾਇਆ।

ਗੁਰੂ ਦੀ ਬਖਸ਼ੀ ਹੋਈ ਸਮਰਥਾ ਮੁਤਾਬਕ ਹਰ ਕੋਈ ਯਤਨ ਕਰਦਾ ਹੈ। ਉਸ ਵਿਚ ਸਫਲਤਾ-ਅਸਫਲਤਾ ਬੰਦੇ ਦੇ ਵੱਸ ਵਿਚ ਨਹੀਂ ਹੁੰਦੀ। ਇਹ ਗੱਲ ਵੱਖਰੀ ਹੈ ਕਿਸੇ ਨੂੰ ਇਸ ਤਰ੍ਹਾਂ ਸਪੇਸ ਮਿਲ ਜਾਏ ਜਾਂ ਇਸ ਤਰ੍ਹਾਂ ਦੇ ਸਮਰਥਕ ਮਿਲ ਜਾਣ ਜਿਸ ਤਰ੍ਹਾਂ ਅਜਮੇਰ ਸਿੰਘ ਨੂੰ ਮਿਲ ਗਏ ਹਨ ਤਾਂ ਉਸ ਵਾਸਤੇ ਮਸੀਹਾ ਲਫਜ਼ ਹੀ ਵਰਤਿਆ ਜਾਵੇਗਾ। ਮੇਰੇ ਬਹੁਤ ਸਾਰੇ ਵਿਦਿਆਰਥੀ ਹਨ ਅਤੇ ਸਮਰਥਕ ਹੋਣਗੇ ਪਰ ਜੇ ਉਹ ਚਾਹੁਣ ਤਾਂ ਵੀ ਮੈਂ ਉਨ੍ਹਾਂ ਤੋਂ ਇਸ ਤਰ੍ਹਾਂ ਦੀ ਮਦਦ ਨਹੀਂ ਲਵਾਂਗਾ ਜਿਸ ਤਰ੍ਹਾਂ ਸ. ਅਜਮੇਰ ਸਿੰਘ ਨੂੰ ਲੈਣੀ ਪੈ ਰਹੀ ਹੈ। ਮੇਰਾ ਅਕੀਦਾ ਹੈ ਕਿ ਜੋ ਮੈਂ ਆਪ ਨਹੀਂ ਕਰ ਸਕਦਾ ਉਹ ਮੈਂ ਕਿਸੇ ਨੂੰ ਕਰਨ ਨੂੰ ਨਹੀਂ ਕਹਿੰਦਾ। ਖਾੜਕੂ ਲਹਿਰ ਵੇਲੇ ਵੀ ਮੈਂ ਇਹ ਕਹਿੰਦਾ ਸੀ ਕਿ ਜਿੰਨਾ ਚਿਰ ਮੈਂ ਆਪਣੇ ਬੇਟੇ ਨੂੰ ਇਸ ਲਹਿਰ ਵਿਚ ਨਹੀਂ ਤੋਰ ਸਕਦਾ ਉਨਾ ਚਿਰ ਮੈਂ ਕਿਸੇ ਹੋਰ ਦੇ ਬੇਟੇ ਨੂੰ ਇਸ ਲਹਿਰ ਵੱਲ ਜਾਂਦਿਆਂ ਦੇਖ ਦੇ ਖੁਸ਼ ਨਹੀਂ ਹੋ ਸਕਦਾ। ਅੱਜ ਵੀ ਮੇਰਾ ਦਰਦ ਇਥੇ ਹੀ ਖੜ੍ਹਾ ਹੈ ਅਤੇ ਇਸੇ ਪੈਂਤੜੇ ਤੋਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿੱਖੀ ਦੇ ਬੂਟੇ ਦੀ ਜੜ੍ਹ ਵਿਚ ਸਿਆਸੀ ਤੇਲ ਪਾਉਣਾ ਬੰਦ ਕਰੋ। ਜੇ ਬੰਦ ਨਹੀਂ ਕਰ ਸਕਦੇ ਤਾਂ ਜੋ ਕਹਿ ਰਹੇ ਹੋ, ਉਸ ਦੇ ਖਮਿਆਜ਼ੇ ਖੁਦ ਭੁਗਤਣ ਦੀ ਜੁਰਅਤ ਵੀ ਕਰੋ। ਸੁਰੱਖਿਅਤ ਘੁਰਨਿਆਂ ਵਿਚ ਬੈਠੇ ਹੋਏ ਸਿਆਸਤਨੁਮਾ-ਸਿਧਾਂਤਕਾਰ ਕਦੇ ਕਿਸੇ ਨੂੰ ਰਾਸ ਨਹੀਂ ਆਏ। ਮੇਰੀ ਇਹ ਗੱਲ ਜੇ ਨਾ ਵੀ ਸਮਝ ਆਏ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਕਿਉਂਕਿ ਮੈਨੂੰ ਗੱਲ ਗੁਰਬਾਣੀ ਦੀ ਰੋਸ਼ਨੀ ਵਿਚ ਹੀ ਸਮਝ ਆਉਂਦੀ ਹੈ।

***ਬਲਕਾਰ ਸਿੰਘ (ਪ੍ਰੋਫੈਸਰ)***
***ਪਟਿਆਲਾ।***

# ਅਪਰੇਸ਼ਨ ਬਲੂ ਸਟਾਰ ਤੇ ਸਿੱਖ ਬੁੱਧੀਜੀਵੀਆਂ ਦੀ ਤ੍ਰਾਸਦੀ

ਮੈਂ ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਚਲਾਈ ਜਾ ਰਹੀ ਵਿਚਾਰ ਚਰਚਾ ਕਰਕੇ ਹੀ ਪੰਜਾਬ ਟਾਈਮਜ਼ ਦਾ ਪਾਠਕ ਬਣਿਆ ਹਾਂ ਤੇ ਇਸ ਬਾਰੇ ਆਪਣੇ ਕੁਝ ਵਿਚਾਰ ਭੇਜ ਰਿਹਾਂ ਹਾਂ। ਪ੍ਰੋ. ਬਲਕਾਰ ਸਿੰਘ ਹੋਰਾਂ ਵੱਲੋਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਪੁਸਤਕ ਬਾਰੇ ਲਿਖੀ ਪੜਚੋਲ ਪੜ੍ਹਨ ਤੋਂ ਬਾਅਦ ਮੈਂ ਉਨ੍ਹਾਂ ਦੇ ਲੇਖ ਦੇ ਪ੍ਰਤੀਕਰਮ ਵਿਚ ਲੱਗੇ ਲੇਖ ਅਤੇ ਡਾ. ਬਲਕਾਰ ਸਿੰਘ ਦੇ ਪ੍ਰਤੀਉਤਰ ਵੀ ਪੜ੍ਹੇ ਹਨ। ਪ੍ਰੋ. ਸਾਹਿਬ ਦੇ ਤਰਕ ਭਾਵੇਂ ਮੈਨੂੰ ਕੁਝ ਅਜੀਬ ਲੱਗ ਰਹੇ ਹਨ ਪਰ ਮੈਂ ਸਿਰਫ ਇਕ ਨੁਕਤੇ ਬਾਰੇ ਹੀ ਗੱਲ ਕਰਨੀ ਚਾਹਾਂਗਾ, ਨਹੀਂ ਤਾਂ ਉਹ ਕਹਿਣਗੇ ਕਿ ਸਿਆਸਤ ਹੋ ਰਹੀ ਹੈ। ਮੈਂ ਤਾਂ ਮਹਿਜ਼ ਇੱਕ ਪਾਠਕ ਹਾਂ ਅਤੇ ਪ੍ਰੋ. ਸਾਹਿਬ ਅਕਾਦਮਿਕ ਖੇਤਰ ਦੀ ਪ੍ਰਸਿੱਧ ਹਸਤੀ ਹਨ। ਅਜਮੇਰ ਸਿੰਘ ਨੇ ਇਕ ਗੱਲ ਤਾਂ ਸਪਸ਼ਟ ਕੀਤੀ ਹੈ ਕਿ ਭਾਵੇਂ ਦਰਬਾਰ ਸਾਹਿਬ ਉਤੇ 1984 ਵਿਚ ਹੋਇਆ ਹਮਲਾ ਇਤਿਹਾਸ ਵਿਚ ਵਾਪਰਿਆ ਪਹਿਲਾ ਹਮਲਾ ਨਹੀਂ ਸੀ ਪਰ ਇਸ ਬਾਰੇ ਸਿੱਖਾਂ ਦੇ ਪੜ੍ਹੇ-ਲਿਖੇ ਵਰਗ (ਇਹ ਵਰਗ-ਵੰਡ ਅਜਮੇਰ ਸਿੰਘ ਨੇ ਨਹੀਂ ਕੀਤੀ, ਇਹ ਪਹਿਲਾਂ ਹੀ ਮੌਜੂਦ ਹੈ ਤੇ ਇਸ ਦੀਆਂ ਜੋ ਅਲਾਮਤਾਂ ਅਜਮੇਰ ਸਿੰਘ ਨੇ ਉਘਾੜੀਆਂ ਹਨ ਉਨ੍ਹਾਂ ਨੂੰ ਚੁਣੌਤੀ ਡਾ. ਬਲਕਾਰ ਸਿੰਘ ਕਿਵੇਂ ਦੇਣਗੇ?) ਨੇ ਜੋ ਪ੍ਰਤੀਕਰਮ ਦਿੱਤਾ ਹੈ, ਉਹ ਮੈਨੂੰ ਲੱਗਦਾ ਹੈ ਕਿ ਪ੍ਰੋ. ਬਲਕਾਰ ਸਿੰਘ ਉਤੇ ਵੀ ਪੂਰਾ ਢੁਕਦਾ ਹੈ।

ਇਹ ਵਰਗ ਇਸ ਮਾਨਤਾ ਦੀ ਪੂਜਨੀਕ ਸ਼ਰਧਾ ਦੀ ਹੱਦ ਤੱਕ ਪ੍ਰੋੜਤਾ ਕਰਦਾ ਹੈ ਕਿ ਭਾਰਤ ਇਕ ਧਰਮ-ਨਿਰਪੱਖ ਦੇਸ਼ ਹੈ ਜਿਸ ਵਿਚੋਂ ਇਹ ਮਾਨਤਾ ਨਿਕਲਦੀ ਹੈ ਕਿ ਸਿੱਖਾਂ ਦੇ ਕੇਂਦਰੀ ਅਸਥਾਨ ਉਤੇ ਹਮਲਾ ਨਹੀਂ ਸੀ ਹੋ ਸਕਦਾ। ਜਦੋਂ ਇਹ ਵਾਪਰ ਗਿਆ ਤਾਂ ਇਸ ਵਰਗ ਨੂੰ ਇਹ ਬੜੀ ਅਣਹੋਣੀ ਜਿਹੀ ਗੱਲ ਲੱਗੀ ਕਿ "ਇਹ ਕਿਵੇਂ ਹੋ ਗਿਆ?" ਇਹ ਨਹੀਂ ਹੈ ਕਿ ਇਨ੍ਹਾਂ ਨੂੰ ਹਮਲੇ ਦਾ ਦੁੱਖ ਨਹੀਂ ਸੀ, ਨਿਸ਼ਚੇ ਹੀ ਹਰ ਸਿੱਖ ਨੂੰ ਇਸ ਹਮਲੇ ਦਾ ਬਹੁਤ ਦੁੱਖ ਸੀ। ਅਜਮੇਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਇਸ ਤੋਂ ਪਹਿਲੇ ਹਮਲਿਆਂ ਵੇਲੇ ਵੀ ਸਿੱਖਾਂ ਨੂੰ ਬਹੁਤ ਦੁੱਖ ਹੁੰਦਾ ਸੀ ਪਰ ਕਦੇ ਇਹ ਨਹੀਂ ਸੀ ਲੱਗਾ ਕਿ "ਇਹ ਕਿਵੇਂ ਹੋ ਗਿਆ? ਇਹ ਤਾਂ ਹੋ ਹੀ ਨਹੀਂ ਸੀ ਸਕਦਾ।" ਪਰ ਇਸ ਵਰਗ ਦੀ ਸਮਝ ਹੀ ਅਜਿਹੀ ਹੈ ਕਿ ਇਸ ਨੂੰ ਇੰਜ ਲੱਗਾ ਅਤੇ ਇਹ ਸਿੱਖਾਂ ਦੀ ਤ੍ਰਾਸਦੀ ਹੈ ਕਿ ਜਿਨ੍ਹਾਂ ਤੋਂ ਇਸ ਹਮਲੇ ਦੀ ਸਿੱਖ ਨੁਕਤੇ ਤੋਂ ਵਿਆਖਿਆ ਕਰਦਿਆਂ ਸਾਰੇ ਘਟਨਾਕ੍ਰਮ ਦੀ ਰੋਸ਼ਨੀ ਵਿਚ ਭਾਰਤ ਦੇਸ਼ ਨਾਲ ਸੰਬੰਧਾਂ ਦੀ ਵਿਆਖਿਆ ਜਾਂ ਮੁੜ-ਵਿਆਖਿਆ ਦੀ ਆਸ ਕੀਤੀ ਜਾ ਸਕਦੀ ਸੀ, ਉਹ ਅਜਿਹੀ ਬੌਧਿਕ ਮਰਜ਼ ਦਾ ਸ਼ਿਕਾਰ ਸਨ ਜਿਸ ਦੀ ਅਗਲੀ ਪਰਤ ਪ੍ਰੋ. ਬਲਕਾਰ ਸਿੰਘ ਨੇ ਆਪ ਹੀ ਪਰਗਟ ਕੀਤੀ ਹੈ ਕਿ 1984 ਦਾ ਘਟਨਾਕ੍ਰਮ ਹੁਣ ਦੁਬਾਰਾ ਨਹੀਂ ਵਾਪਰ ਸਕਦਾ ਤੇ ਭਾਰਤ ਦਾ ਹਾਕਮ ਅਜਿਹਾ ਮੁੜ ਕਦੇ ਨਹੀਂ ਕਰੇਗਾ ਜਾਂ ਕਰ ਸਕੇਗਾ। ਕੀ ਉਨ੍ਹਾਂ ਨੂੰ 1984 ਤੋਂ ਪਹਿਲਾਂ ਲਗਦਾ ਸੀ ਕਿ 1984 ਜਿਹੀਆਂ ਘਟਨਾਵਾਂ ਕਦੀ ਵਾਪਰ ਸਕਦੀਆਂ ਹਨ? ਜੇ ਅਜਿਹਾ ਨਹੀਂ ਸੀ ਲੱਗਦਾ ਤੇ ਹੁਣ ਵੀ ਨਹੀਂ ਲੱਗਦਾ ਤਾਂ ਫਿਰ ਕੋਈ ਕੀ ਕਹੇ, ਉਹ ਆਪ ਹੀ ਸਮਝਦਾਰ ਹਨ।

***-ਅਮਨਦੀਪ ਸਿੰਘ***

## ਜਾਗੋ ਪੰਜਾਬ

*-ਸੁਖਵਿੰਦਰ ਬੋਦਲਾਂ ਵਾਲਾ*
*ਫੋਨ: 360-281-2624*

ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...
ਕੁੰਭਕਰਨ ਦੀ ਨੀਂਦ ਸੁੱਤਿਓ,
ਮੁੱਦਤਾਂ ਤੋਂ ਤੁਸੀਂ ਕਦੇ ਨਾ ਉੱਠਿਓ
ਹੋਸ਼ ਕਰੋ, ਜ਼ਰਾ ਜੋਸ਼ ਭਰੋ,
ਆਵਾਜ਼ ਸੁਣੋ, ਆਵਾਜ਼ ਦਵੋ
ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...

ਅੱਖਾਂ ਖੋਲ੍ਹੋ, ਝਾਤੀ ਮਾਰੋ,
ਦਿਮਾਗ਼ ਦੀ ਖਿੜਕੀ ਖੋਲ੍ਹ ਲਓ ਯਾਰੋ
ਸਮਾਂ ਨਿਕਲਿਆ ਹੱਥ ਨਾ ਆਵੇ,
ਉਪਰ ਉਠ ਸਿਆਸਤ ਤੋਂ ਪਿਆਰੋ
ਸੱਚ ਤੇ ਝੂਠ 'ਚ ਫ਼ਰਕ ਪਛਾਣੋ,
ਹਲਫ਼ ਇਨਕਲਾਬੇ-ਆਗ਼ਾਜ਼ ਲਵੋ

ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...

ਝੂਠੇ ਲਾਰੇ, ਝੂਠੇ ਨਾਅਰੇ,
ਦਾਗ਼ੀ ਲੀਡਰ, ਪੁੱਠੇ ਕਾਰੇ
ਕਦ ਤਕ ਅੱਖੀਂ ਪੱਟੀ ਬੰਨ੍ਹ ਕੇ
ਲੁੱਟਣ ਦਿਓਗੇ, ਪੰਜਾਬ ਨੂੰ ਪਿਆਰੇ
ਸਾਡੀਆਂ ਬਿੱਲੀਆਂ ਸਾਨੂੰ ਮਿਆਊਂ!
ਕਪਟੀਆਂ ਦਾ ਭੰਨ ਸਾਜ਼ ਰਵੋ
ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...

ਅਕਾਲੀ ਅਕਲ ਤੋਂ ਵਾਂਝੇ ਹੋ ਗਏ,
ਕਾਂਗਰਸੀ ਵੀ ਸਭ ਰਾਂਝੇ ਹੋ ਗਏ
ਸਾਜ਼ ਪੁਰਾਣੇ, ਰਾਗ ਪੁਰਾਣੇ,
ਰਹਿੰਦ-ਖੂੰਹਦ ਨਾ ਸਾਂਝੇ ਹੋ ਗਏ
ਕਰਜ਼ੇ ਦੀ ਪੰਡ ਸਿਰ 'ਤੇ ਭਾਰੀ
ਆਪਣੀ ਬਚਾ ਹੁਣ ਲਾਜ ਸਭ ਵੋ
ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...


ਜਨਤਾ ਹਿੱਸੇ ਦੇਸ਼ ਦੀ ਭਗਤੀ,
ਲੀਡਰਾਂ ਹਿੱਸੇ ਲੁੱਟ ਤੇ ਨਕਦੀ
ਮਰ ਗਈ ਆਤਮਾ, ਨਾ ਹੁਣ ਜਗਦੀ,
ਪਤਾ ਨਹੀਂ ਕੀ ਮਰਜ਼ੀ ਰੱਬ ਦੀ!
ਰੱਬ ਦੀ ਜੋਤ ਤੋਂ ਸ਼ਮ੍ਹਾਂ ਜਗਾਓ
ਸੁਧਰਨੇ ਸਾਰੇ ਕਾਜ਼ ਤਵੋ
ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...

ਨਾ ਮੈਂ ਸਿਆਸੀ, ਨਾ ਮੈਂ ਚਮਚਾ,
ਨਾ ਚਮਚੇ ਤੁਹਾਨੂੰ ਬਣਨ ਨੂੰ ਆਖਾਂ
ਸੱਚ ਦਾ ਫਲ ਇਕ ਲੱਭ ਕੇ ਪਿਆਰੋ,
ਆਪਣੀ ਅਕਲ ਜੜਨ ਨੂੰ ਆਖਾਂ
ਕਹੇ 'ਸੁਖਵਿੰਦਰ ਬੋਦਲਾਂ ਵਾਲਾ'
ਬੁਝੋ ਮੇਰਾ ਇਹ ਰਾਜ਼ ਨਵੋ (ਨਵਾਂ)
ਜਾਗੋ ਪੰਜਾਬ ਜਾਗੋ, ਹੁਣ ਤਾਂ ਜਾਗ ਪਵੋ...

## ਕਹਾਣੀ

# ਚਾਰ ਮੜ੍ਹੀਆਂ

-ਬੂਟਾ ਸਿੰਘ ਸ਼ਾਦ



ਚੇਤਨ ਦੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਪਾਣੀ ਸੰਭਾਲ ਲਿਆ ਸੀ। ਪਾਣੀ ਨੇ ਧੱਕਾ ਬੜਾ ਕੀਤਾ। ਉਚੇ ਥਾਂ ਤੋਂ ਪਾਣੀ ਹਨ੍ਹੇਰੀ ਵਾਂਗ ਵਗਿਆ। ਪਰ ਹੁਣ ਪਾਣੀ ਸੁਸਰੀ ਵਾਂਗ ਸੁੱਤਾ ਕਿਆਰੇ ਰਮਾ ਰਿਹਾ ਸੀ।

ਚੂਹੜ ਕਿਆਰਿਆਂ ਦੀਆਂ ਵੱਟਾਂ ਸਾਂਭਦਾ ਸੀ। ਜੰਗੀਰ ਨੱਕੇ ਮੋੜਦਾ ਸੀ। ਜ਼ੋਰ ਬਹੁਤ ਲੱਗ ਰਿਹਾ ਸੀ। ਦੋਵੇਂ ਘਰਕ ਚੁੱਕੇ ਸਨ। ਦੋਹਾਂ ਦੇ ਲੱਕ ਬੰਨ੍ਹੇ ਹੋਏ ਸਨ। ਠੰਢੇ ਮੱਥੇ ਦਾ ਮੁੜ੍ਹਕਾ ਕੰਨਾਂ ਕੋਲ ਦੀ ਛਾਤੀ 'ਤੇ ਤਰਨ ਲੱਗ ਪਿਆ ਸੀ।

'ਕਿਵੇਂ, ਪਾਣੀ ਖਰਾਬ ਤਾਂ ਨਹੀਂ ਹੋਇਆ?' ਮਿੱਠੂ ਨੇ ਸਹਿ ਸੁਭਾ ਹੀ ਪੁੱਛਿਆ ਸੀ।

ਚੂਹੜ ਤੇ ਜੰਗੀਰ ਨੂੰ ਮਿੱਠੂ ਦੇ ਪਹੁੰਚਣ ਦਾ ਕੋਈ ਪਤਾ ਨਹੀਂ ਸੀ। ਸਿਰ ਦੇ ਮੜਾਸਿਆਂ ਨੇ ਕੰਨ ਬੰਦ ਕਰ ਰੱਖੇ ਸਨ ਤੇ ਦਿਲ ਜ਼ੋਰ ਨਾਲ ਧੜਕਦੇ ਕੁਝ ਵੀ ਸੁਣਨ ਨਹੀਂ ਦਿੰਦੇ ਸਨ।

'ਓਏ ਭਲਿਆਮਾਣਸਾ, ਤੂੰ ਏਥੇ ਕੀ ਲੈਣ ਆਇਐਂ? ਐਨਾ ਜ਼ੋਰ ਦਾ ਠੱਕਾ ਵਗਦੈ।' ਚੇਤਨ ਮਿੱਠੂ 'ਤੇ ਹੈਰਾਨ ਸੀ। ਠੰਢੀ ਰਿਵੀ ਪਿੰਡੇ ਵਿਚ ਦੀ ਨਿਕਲਦੀ ਸੀ। ਨੰਗੇ ਹੱਥ-ਪੈਰ ਲੱਕੜ ਵਾਂਗ ਆਕੜਦੇ ਸਨ।

'ਐਵੇਂ ਪਤਾ ਕਰਨ ਆ ਗਿਆ।' ਮਿੱਠੂ ਨੇ ਧੀਮੀ ਆਵਾਜ਼ 'ਚ ਕਿਹਾ।

'ਤੂੰ ਸਾਡੇ ਨਾਲੋਂ ਬਹੁਤਾ ਸਿਆਣੈਂ?' ਚੇਤਨ ਦਾ ਗੁੱਸਾ ਮੱਠਾ ਨਹੀਂ ਪਿਆ ਸੀ, ਉਸ ਨੇ ਮੋੜ ਮੰਗਿਆ।

ਚੇਤਨ ਪਿੱਪਲ ਵਾਲੇ ਧੂੰਏਂ 'ਤੇ ਬੈਠਾ ਸੀ ਜਦੋਂ ਮਿੱਠੂ, ਜੰਗੀਰ ਤੇ ਚੂਹੜ ਦੀ ਰੋਟੀ ਲੈ ਕੇ ਆਉਂਦਾ ਟੱਕਰ ਗਿਆ ਸੀ।

"ਵੱਡਾ ਯਾਰ ਬਣਿਐਂ ਮੁੰਡੇ ਦੇ ਖੇਤ ਪਾਣੀ ਵਾਲਿਆਂ ਦੀ ਰੋਟੀ ਫੜਾ ਕੇ ਆ।" ਭਾਗੇ ਨੇ ਚੇਤਨ ਨੂੰ ਮਿਹਣਾ ਦਿੱਤਾ ਸੀ।

"ਓਏ ਜੇ ਯਾਰ ਹੁੰਦਾ ਤਾਂ ਅੱਜ ਪਾਣੀ ਨਾ ਲੁਆ ਕੇ ਆਉਂਦਾ।" ਰੂਪ ਨੇ ਵੀ ਚੇਤਨ ਨੂੰ ਸ਼ਰਮ ਦੇਣੀ ਚਾਹੀ।

"ਪਾਣੀ ਮਿੱਠੂ ਦੇ ਲਗਦੈ?" ਚੇਤਨ ਨੂੰ ਇਸ ਗੱਲ ਦਾ ਚੇਤਾ ਵੀ ਨਹੀਂ ਸੀ।

"ਤੈਨੂੰ ਪਤਾ ਈ ਨੀ, ਤੇਰੇ ਦੋਵੇਂ ਯਾਰ ਤਾਂ ਮਿੱਠੂ ਦੇ ਪਾਣੀ ਲਾਉਣ ਗਏ ਐ।" ਭਾਗ ਨੇ ਸਾਰੀ ਹੀਰ ਦੱਸੀ।

ਮਿੱਠੂ ਅੱਜ ਹੀ ਮੁਕਲਾਵਾ ਲੈ ਕੇ ਆਇਆ ਸੀ। ਅਚਾਨਕ ਹੀ ਪਾਣੀ ਦੀ ਵਾਰੀ ਆ ਗਈ। ਜੰਗੀਰ ਤੇ ਚੂਹੜ ਨੇ ਪਾਣੀ ਲਾ ਦੇਣ ਦੀ ਹਾਮੀ ਓਟੀ, ਮਿੱਠੂ ਨੂੰ ਅੱਜ ਬਾਹਰ ਪੈਰ ਵੀ ਨਾ ਕੱਢਣ ਦੀ ਹਦਾਇਤ ਕੀਤੀ। ਮਿੱਠੂ ਉਨ੍ਹਾਂ ਦੀ ਖੇਤ ਰੋਟੀ ਦੇਣ ਜਾ ਰਿਹਾ ਸੀ।

"ਓਏ ਭਲਿਆਮਾਣਸਾ, ਸਾਨੂੰ ਹੋਰ ਕੀ ਰਗੜ ਕੇ ਫੋੜੇ ਤੇ ਲਾਉਣੈ, ਚੱਲ ਮੁੜ ਘਰ ਨੂੰ।" ਚੇਤਨ ਨੇ ਮਿੱਠੂ ਦੇ ਹੱਥੋਂ ਰੋਟੀ ਖੋਹ ਲਈ। ਉਸ ਦੀ ਇਕ ਵੀ ਨਾ ਸੁਣਦਿਆਂ ਉਸ ਨੂੰ ਘਰ ਵਲ ਮੋੜ ਦਿੱਤਾ।

"ਤੂੰ ਘਰ ਜਾਹ। ਅਗਲੀ ਨਵੀਂ-ਨਕੋਰ ਹਉਕੇ ਲੈਂਦੀ ਹੋਊ।" ਚੇਤਨ ਗੱਲ ਕਰਦਾ ਸੁਆਦ ਦੀ ਘੁੱਟ ਭਰ ਗਿਆ। ਉਸ ਦੇ ਅੰਦਰ ਸੁਆਦ ਦੀ ਕੁਤਕੁਤੀ ਹੋਈ ਤੇ ਇਕ ਲਊਰ ਜੇਹੀ ਛੁੱਟੀ।

"ਕੌਣ ਐ?" ਜੰਗੀਰ ਨੇ ਪੁੱਛਿਆ। ਉਸ ਦੀ ਹਨ੍ਹੇਰੇ 'ਚੋਂ ਆਵਾਜ਼ ਆਈ।

"ਮਿੱਠੂ ਐ।" ਚੇਤਨ ਨੇ ਉਤਰ 'ਚ ਕਿਹਾ।

"ਹੈਂ ਮਿੱਠੂ?" ਜੰਗੀਰ ਤੇ ਚੂਹੜ ਦੀ ਹੱਕੀ-ਬੱਕੀ ਆਵਾਜ਼ ਰਲ ਗਈ। ਮੜ੍ਹਾਸਿਆਂ ਹੇਠ ਨੱਪੇ ਕੰਨਾਂ 'ਚ ਅਜੀਬ ਵਲੇਲ ਪਈ ਸੀ।

"ਹਾਂ, ਮੈਂ ਆਂ....।" ਮਿੱਠੂ ਨੇ ਥੁੱਕ ਕੇ ਕਿਹਾ। ਮਿੱਠੂ ਦੀ ਆਵਾਜ਼ 'ਚ ਨਸ਼ਾ ਡੋਲ ਰਿਹਾ ਸੀ।

"ਤੂੰ ਏਥੇ ਧਾਰਾਂ ਲੈਣ ਆਇਐਂ?' ਜੰਗੀਰ ਦੀ ਆਵਾਜ਼ 'ਚ ਗੁੱਸਾ ਸੀ। ਮਾਣ ਸੀ ਤੇ ਇਕ ਮੇਰ।

"ਜੇ ਤੂੰ ਈ ਆਉਣਾ ਸੀ ਤਾਂ ਅਸੀਂ ਬੂੜੇ ਹੱਡ ਜ਼ਰੂਰ ਠਾਰਨੇ ਸੀ?" ਚੂਹੜ ਨੂੰ ਵੀ ਬਰਾਬਰ ਦਾ ਗੁੱਸਾ ਚੜ੍ਹ ਗਿਆ ਸੀ।

ਅੱਜ ਦੀ ਰਾਤ ਦਾ ਪਾਣੀ ਜਿਥੇ ਔਖਾ ਸੀ, ਉਥੇ ਚੂਹੜ ਤੇ ਜੰਗੀਰ ਨੂੰ ਪਿਆਰਾ-ਪਿਆਰਾ ਲੱਗਿਆ ਸੀ। ਉਨ੍ਹਾਂ ਨੂੰ ਮਿੱਠੂ ਦੀ ਰਾਤ ਦਾ ਸੁਆਦ ਸਾਂਝਾ ਹੁੰਦਾ ਲਗਦਾ ਸੀ। ਅਜੀਬ ਗੱਲ ਸੀ ਕਿ ਮਿੱਠੂ ਖੇਤ ਆ ਗਿਆ ਸੀ।

"ਜਾਨਾਂ, ਐਵੇਂ ਆ ਗਿਆ।" ਮਿੱਠੂ ਘਰ ਨੂੰ ਤੁਰ ਪਿਆ।

ਉਸ ਨੇ ਟਾਰਚ ਜਗਾਈ, ਚਾਨਣ ਹਨ੍ਹੇਰੇ ਨੂੰ ਪਾੜਦਾ ਪਿੱਪਲਾਂ ਕੋਲ ਦੀ ਚੁਬਾਰੇ ਦੇ ਬਨੇਰੇ 'ਤੇ ਚਮਕਿਆ...ਇਹ ਚੁਬਾਰਾ ਮਿੱਠੂ ਦਾ ਸੀ।

"ਕਿਊਂ ਬਾਈ, ਵੇਖੀ ਬੈਟਰੀ?" ਚੂਹੜ ਨੇ ਸੁਆਦ ਜਾਹਰ 'ਚ ਘੁੱਟ ਕੇ ਪੁੱਛਿਆ।

"ਬਾਈ ਮਸਾਲਾ ਜਵਾਂ ਨਵਾਂ-ਨਕੋਰ ਐ।" ਜੰਗੀਰ ਖੀ-ਖੀ-ਖੀ ਕਰਕੇ ਹੱਸਿਆ।

"ਮਖਿਆ ਅੱਰਾ ਐ ਅੱਰਾ।" ਚੇਤਨ ਨੇ ਕਿਹਾ। ਉਹ ਵੀ ਮੂੰਹੇ 'ਚ ਵੜ ਗਿਆ ਸੀ।

ਪੱਟਾਂ ਤੱਕ ਡੁੱਬੀਆਂ ਲੱਤਾਂ 'ਚ ਇਕ ਹੀ ਵਾਰ ਨਿੱਘ ਦੀ ਲਹਿਰ ਜੇਹੀ ਫਿਰ ਗਈ। ਉਸ ਨੇ ਇਕ ਹੀ ਝੁੱਟੀ ਨਾਲ ਵੱਡਾ ਸਾਰਾ ਨੱਕਾ ਬੰਨ ਦਿੱਤਾ। "ਬਈ, ਕਰਮਾਂ ਵਾਲੈ, ਰੱਬ ਨਾਲ ਯਾਰੀ ਐ। ਇਥੇ ਫਿਰਦੇ ਆਂ ਹਉਕੇ ਲੈਂਦੇ।" ਕਹੀ ਚਲਾਉਂਦਾ ਬਰਾਬਰ ਚੇਤਨ ਕਹਿ ਰਿਹਾ ਸੀ।

"ਰੱਬ ਪਤਿਉਰੇ ਨਾਲ ਕੇਰਾਂ ਜਾ ਕੇ ਗੱਲ ਤਾਂ ਕਰਾਂਗੇ।" ਜੰਗੀਰ ਨੇ ਮੂੰਹ 'ਚ ਪੈਂਦੀਆਂ ਮੁੱਛਾਂ ਪੁੱਠੇ ਹੱਥ ਨਾਲ ਪਿੱਛੇ ਹਟਾਈਆਂ ਤੇ ਜ਼ਮੀਨ 'ਚ ਧਸ ਚੁੱਕੀ ਲੱਤ ਹੁਝਕਾ ਮਾਰ ਕੇ ਬਾਹਰ ਖਿੱਚੀ। ਮੱਥੇ ਦਾ ਸੇਕ ਠਰਦੇ ਮੁੜ੍ਹਕੇ ਨੂੰ ਪਿਘਲਾ ਰਿਹਾ ਸੀ।

"ਮੈਂ ਤਾਂ ਕੇਰਾਂ ਪਾ ਲੂੰ ਰੱਬ ਦੇ ਗਲ 'ਚ ਸਾਫਾ।" ਚੂਹੜ ਨੇ ਕਿਹਾ। ਉਹ ਲੱਤ ਨਾਲ ਬੰਨ੍ਹਾ ਕਰੜਾ ਕਰ ਰਿਹਾ ਸੀ।

"ਓਏ ਆਪਾਂ ਤਾਂ ਰੱਬ ਅੱਗੇ ਬੋਲ ਵੀ ਨਹੀਂ ਸਕਣਾ।" ਚੇਤਨ ਵੀ ਕੋਲ ਆ ਗਿਆ। ਚੇਤਨ ਦੀ ਨਿਗਾਹ ਮੱਠੀ ਹੋ ਚੁੱਕੀ ਸੀ। ਉਹ ਝੁਕ-ਝੁਕ ਕੇ ਤੁਰਦਾ ਪਾਣੀ ਵੇਖਦਾ ਸੀ।

"ਭਰਾ ਸੂਤ ਨਹੀਂ ਆਉਂਦੇ, ਰੱਬ ਦੇ ਗਲ ਜ਼ਰੂਰ ਸਾਫਾ ਪਾ ਲਊਗੇ।" ਕਿਰਲੂ ਨੇ ਕਿਹਾ। ਕਿਰਲੂ ਮਿੱਠੂ ਦਾ ਸੀਰੀ ਸੀ। ਉਹ ਖਾਲ 'ਤੇ ਗੇੜਾ ਮਾਰ ਕੇ ਆਇਆ ਸੀ।

ਭਰਾਵਾਂ ਨੇ ਤਿੰਨਾਂ ਨੂੰ ਹੀ ਅੱਡ ਕਰ ਦਿੱਤਾ ਸੀ। ਪੂਰੀ ਜ਼ਮੀਨ ਵੀ ਵੰਡ ਕੇ ਨਾ ਦਿੱਤੀ। ਗਰੀਬਾਂ ਨੂੰ ਰੋਟੀ ਦਾ ਵੀ ਆਸਰਾ ਨਾ ਰਿਹਾ। ਤਿੰਨੇ ਬੈਠ ਕੇ ਦੁੱਖ-ਸੁੱਖ ਸਾਂਝੇ ਕਰਦੇ ਰਹਿੰਦੇ ਸਨ।

"ਭਰਾਵਾਂ ਨੂੰ ਤਾਂ ਮਰ ਕੇ ਕਰਾਂਗੇ ਸਿੱਧੇ, ਵੱਡੇ ਖੇਤ ਮਟੀ ਬਨਵਾਵਾਂਗੇ।" ਚੂਹੜ ਨੇ ਉਦਾਸ ਹਾਸਾ ਹੱਸਿਆ।

"ਆਪਾਂ ਜਿਉਂਦੇ ਕੁਝ ਕਰ ਨਹੀਂ ਸਕਦੇ, ਮਰ ਕੇ ਕੀ ਮੋਗਾ ਢਾਹ ਦਿਆਂਗੇ?" ਚੇਤਨ ਦਿਲੋਂ ਹਾਰ ਮੰਨ ਚੁੱਕਿਆ ਸੀ।

"ਹਾਏ ਨੀ ਅੰਮੜੀਏ, ਸਾਨੂੰ ਕਿਉਂ ਜੰਮਿਆ ਸੀ।" ਚੂਹੜ ਨੱਕਾ ਬੰਨਦਾ ਕਹਿ ਰਿਹਾ ਸੀ।

ਠੰਡੀ ਹਵਾ ਸੂਕੀ, ਗੂੰਗਾ ਬੱਦਲ ਅਸਮਾਨ 'ਚ ਤਣ ਗਿਆ, ਕੋਈ ਵੀ ਤਾਰਾ ਥਰਕਦਾ ਨਜ਼ਰ ਨਹੀਂ ਆਉਂਦਾ ਸੀ। ਅੱਜ ਪੂਰਨਮਾਸ਼ੀ ਸੀ, ਪਰ ਚੰਦ ਦੀ ਰੌਸ਼ਨੀ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ। ਖੇਤ 'ਚ ਖੜ੍ਹੇ ਉਹ ਇਕ ਦੂਜੇ ਨੂੰ ਦਿਸਦੇ ਨਹੀਂ ਸਨ। ਉਚੀ ਟਾਹਲੀ ਦੀ ਟੀਸੀ ਦੇ ਪੱਤੇ ਠੰਡੀ ਹਵਾ 'ਚ ਉਦਾਸ ਖੜਕਾ ਕਰਨ ਲੱਗੇ। ਪਹਾੜ ਵਰਗਾ ਵੱਡਾ ਤੇ ਕਾਲਾ ਬੱਦਲ ਹੋਰ ਪਸਰ ਗਿਆ। ਟਾਹਲੀ ਦੀ ਟੀਸੀ ਝੁਕ ਕੇ ਧਰਤੀ ਛੂਹ ਗਈ, ਹਨ੍ਹੇਰਾ ਹੋਰ ਵਧ ਗਿਆ। ਬੱਦਲ ਬੋਲਾ ਸੀ। ਗੱਜਦਾ ਨਹੀਂ ਸੀ। ਸੈਂ-ਸੈਂ ਸੁਣ-ਸੁਣ ਦਿਲ ਦਹਿਲਦਾ ਸੀ।

"ਲਓ ਬਈ ਭਰਾਵੋ, ਮੈਂ ਤਾਂ ਵੱਡੇ ਤੋਂ ਮੁੰਡਾ ਲੈਣ ਲੱਗਿਆਂ।" ਚੂਹੜ ਨੇ ਅਚਾਨਕ ਚੁੱਪ ਤੋੜੀ। ਉਹ ਕਿਆਰੇ ਦੇ ਸਿਰੇ ਖੜ੍ਹਾ ਬੋਲਿਆ।

"ਹੈਂ, ਕੀ?" ਜੰਗੀਰ ਨੂੰ ਗੱਲ ਚੰਗੀ ਤਰ੍ਹਾਂ ਸੁਣੀ ਨਹੀਂ ਸੀ।

"ਵੇਖੀਂ ਕੰਜਰਾ, ਜਦੋਂ ਭਰਾਵਾਂ ਆਵਦਾ ਨਹੀਂ ਬਣਾਇਆ, ਮੁੰਡਾ ਕਦੋਂ ਦੌੜਾਂ ਖੁਆਉਣ ਲੱਗਿਐ।" ਚੇਤਨ ਅਚਾਨਕ ਹੀ ਚਸਕਿਆ। ਨਿਰਾਸ਼ਾ ਅੱਗ ਵਾਂਗ ਭੜਕੀ।

"ਲੈ ਕੇ ਪਾਲੇ, ਸੁੱਤੇ ਨੂੰ ਮੁਕਾ ਦਿੰਦੇ ਐ।" ਸੀਰੀ ਨੇ ਚੇਤਨ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ।

"ਹਲਾ।" ਚੂਹੜ ਦੇ ਸਾਹ ਉਤਾਂਹ ਨੂੰ ਗਏ। ਟਿਮ-ਟਿਮਾਉਂਦੀ ਆਸ ਬੁਝ ਗਈ।

ਕਾਲੇ ਬੋਲੇ ਬੱਦਲ 'ਚੋਂ ਇਕ ਤਾਰਾ ਬਿੰਦ ਦੀ ਬਿੰਦ ਚਮਕਿਆ ਤੇ ਅਲੋਪ ਹੋ ਗਿਆ। ਟਾਹਲੀ ਦੇ ਪੱਤੇ ਹੋਰ ਵੀ ਡਰਾਉਣੀ ਸਾਂ-ਸਾਂ ਕਰਨ ਲੱਗ ਪਏ।

ਚੂਹੜ ਦਾ ਮੁੜ੍ਹਕੇ ਭਿੱਜਿਆ ਸਰੀਰ ਬਰਫ ਵਾਂਗ ਠੰਡਾ ਹੋ ਗਿਆ।

"ਲੈ ਸਹੁਰਾ, ਐਹੋ ਜੀ ਠੰਡ 'ਚ ਖੇਤੀਂ ਫਿਰਦਾ ਸੀ।" ਚੇਤਨ ਨੂੰ ਮਿੱਠੂ ਦਾ ਚੇਤਾ ਆ ਗਿਆ।

ਚੁੱਪ ਤਣ ਗਈ, ਜਿਵੇਂ ਸਾਰੇ ਕੁਝ ਸੋਚਣ ਲਗ ਪਏ ਸਨ।

"ਬਈ ਬਹੂ ਤਾਂ ਨਾ, ਬੱਸ ਗੱਲ ਛੱਡ ਦੇ। ਐਹੋ ਜੀ ਨਾ ਵੇਖੀ ਐ ਤੇ ਨਾ ਵੇਖਣੀ ਐ। ਵੇਖ ਕੇ ਭੁੱਖ ਲਹਿੰਦੀ ਐ।" ਕਿਰਲੂ ਦਾ ਮੂੰਹ ਰੂਪ ਦੇ ਜਸ ਨਾਲ ਭਰ ਗਿਆ ਸੀ।

"ਝੱਠਮੇਂ ਤੂੰ ਕਦੋਂ ਵੇਖ ਲੀ।" ਚੂਹੜ ਨੇ ਕਹੀ ਬੰਦ ਕੀਤੀ।

"ਮੈਂ ਈ ਤਾਂ ਅੱਜ ਟੇਸਣ ਤੋਂ ਲੈ ਕੇ ਆਇਆਂ। ਖੀਂ-ਖੀਂ-ਖੀਂ, ਮੈਂ ਨਾ ਟੇਸਣ 'ਤੇ ਥੰਮ ਨਾਲ ਲੱਗ ਕੇ ਖੜ੍ਹ ਗਿਆ ਤੇ ਉਤੇ ਮਾਰ ਲੀ ਖੇਸ ਦੀ ਬੁੱਕਲ। ਜਵਾਂ ਕੋਲ ਦੀ ਲੰਘੀ ਤੇ ਗਾਹਾਂ ਆ ਕੇ ਪੱਲਾ ਕੀਤਾ। ਸਹੁੰ ਗਊ ਦੀ, ਤੁਰੇ ਜਿਵੇਂ ਹੰਕਾਰੀ ਘੋੜੀ ਤੁਰਦੀ ਐ। ਪੈਰਾਂ 'ਚ ਪੰਜੇਬਾਂ ਖੜਕਣ। ਮਿੱਠੂ ਦੇ ਪੈਰ ਵੱਢਦੀ ਜਾਵੇ। ਓਏ ਥੋਨੂੰ ਹੋਰ ਦੱਸਾਂ, ਜਦੋਂ ਮੈਂ ਬੋਤੇ ਤੇ ਚੜ੍ਹਾਏ ਨਾ, ਸਹੁੰ ਗੁਰੂ ਦੀ ਬਲਾਂ ਵਧੀਆ ਅਤਰ ਦਾ ਮੁਸ਼ਕ ਆਇਆ। ਬਈ ਸੁਆਦ ਆ ਗਿਆ।"

"ਜਾਤੇ ਲੈ ਗਿਐਂ ਸੁਆਦ।" ਜੰਗੀਰ ਬੋਲਿਆ। ਉਹ ਹੱਥੋਂ ਕਹੀ ਛੱਡੀ ਖੜ੍ਹਾ ਸੀ।

"ਪਤਿਉਰਾ ਵੇਖ ਵੀ ਗਿਆ, ਆਪਾਂ ਵੇਖਲੀਂ ਸਾਰੀ ਉਮਰ ਕਿਹੜਾ ਵੇਖ ਸਕਣੀ ਐ।"

ਚੂਹੜ ਨੇ ਪਾਣੀ ਦਾ ਬੁੱਕ ਭਰ ਕੇ ਪੀਤਾ, ਹੱਥੂ ਆ ਗਿਆ ਤੇ ਹਿੱਕ 'ਚ ਪੀੜ ਹੋਣ ਲੱਗ ਪਈ।

"ਹਾਂ, ਬਹੂ ਤਾਂ ਬਹੁਤ ਸੋਹਣੀ ਐ।" ਚੇਤਨ ਨੇ ਕਿਹਾ, "ਵਿਆਹ ਵੇਲੇ ਮਿੱਠੂ ਹੀ ਦੱਸਦਾ ਸੀ।" ਚੇਤਨ ਨੂੰ ਵਿਆਹ ਵੇਲੇ ਦੀ ਗੱਲ ਚੇਤੇ ਆਈ।

"ਚਲੋ ਕਦੇ ਗੋਰੇ ਹੱਥਾਂ ਦੀਆਂ ਰੋਟੀਆਂ ਹੀ ਖਾ ਲਾਂਗੇ।" ਚੂਹੜ ਨੇ ਕਿਹਾ।

"ਤੇ ਅੱਜ ਨ੍ਹੀਂ ਖਾਧੀਆਂ?" ਕਿਰਲੂ ਨੇ ਪੁੱਛਿਆ।

"ਰੋਟੀਏਂ ਲਾ ਵੀ ਦਿੱਤੀ?"

"ਤੇ ਹੋਰ, ਚਾਚੀ ਦਾ ਤਾਂ ਅੱਜ ਚਿੱਤ ਢਿੱਲਾ ਸੀ।" ਸੀਰੀ ਨੇ ਦੱਸਿਆ।

ਤਿੰਨੇ ਦੂਰ-ਦੂਰ ਹਨ੍ਹੇਰੇ 'ਚ ਖੜੇ ਭੱਜੇ। ਇੱਲਾਂ ਵਾਂਗ ਰੋਟੀਆਂ ਖੋਹ ਕੇ ਲੈ ਗਏ। ਭੋਗ ਦੇ ਪ੍ਰਸ਼ਾਦ ਵਾਂਗ ਰੋਟੀਆਂ ਬਿੰਦ 'ਚ ਅੰਦਰ ਲੰਘਾ ਗਏ।

"ਬਈ ਵਾਹ, ਹੱਦ ਹੋਗੀ, ਐਨੀਆਂ ਪੋਲੀਆਂ!" ਚੂਹੜ ਰੋਟੀਆਂ ਤੇ ਦੰਗ ਸੀ।

"ਮੈਂ ਆਉਂਦਾ ਟੋਂਹਦਾ ਆਉਂਦਾ ਸਾਂ ਪਈ ਇਹ ਐਨੀਆਂ ਪੋਲੀਆਂ ਕਿਉਂ ਐਂ।" ਚੇਤਨ ਨੂੰ ਹੁਣ ਵਿਚਲੀ ਘੁੰਡੀ ਦਾ ਪਤਾ ਲੱਗਿਆ ਸੀ।

ਹਵਾ ਹੋਰ ਵੀ ਠੰਡੀ ਸੀ ਤੇ ਹੋਰ ਵੀ ਤੇਜ਼, ਟਾਹਲੀ ਦੇ ਪੱਤਿਆਂ ਨੂੰ ਚੀਰ ਰਹੀ ਸੀ ਜਿਹੜੇ ਚੀਕਾਂ ਮਾਰਦੇ ਲਗਦੇ ਸਨ।

"ਵੇਖ ਲੌ ਯਾਰੋ ਕਿਸਮਤ ਦੀਆਂ ਗੱਲਾਂ, ਕੋਈ ਰਜਾਈ 'ਚ, ਜਿਵੇਂ ਆਂਹਦੇ ਹੁੰਦੇ ਐ ਤੇ ਆਪਾਂ ਐਹੋ ਜੀ ਠਾਰੀ 'ਚ ਖੇਤੀਂ ਠੁਰ-ਠੁਰ ਕਰਦੇ ਆਂ। ਇਹ ਵੀ ਆਸ ਨਹੀਂ ਵਈ ਕੋਈ ਪੁੱਛ ਲੂ ਵਈ ਤੇਰਾ ਕੁਛ ਦੁਖਦਾ ਤਾਂ ਨ੍ਹੀਂ?" ਜੰਗੀਰ ਨੇ ਹਉਕਾ ਭਰਿਆ।

"ਭਰਾਵਾ ਪਰਾਲੱਭਤ ਦੀਆਂ ਗੱਲਾਂ ਨੇ।" ਚੂਹੜ ਨੇ ਰਾਜ਼ ਦੱਸਿਆ।

"ਸਰਦਾਰੋ ਇਕ ਸਲਾਹ ਦਿਓ।" ਕਿਰਲੂ ਨੇ ਕਿਹਾ।

"ਕੀ?"

"ਕਿਤੋਂ ਇਕ ਤੀਵੀਂ ਮਿਲਦੀ ਐ।"

"ਹਲਾ!"

"ਹਲਾ!"

"ਫੇਰ ਸਲਾਹ ਕਾਹਦੀ ਪੁੱਛਦੈਂ? ਚੇਤਨ ਸੀਰੀ 'ਤੇ ਹੈਰਾਨ ਹੋ ਗਿਆ ਸੀ।

"ਯਾਰ ਉਹਦੇ ਨਾਲ ਚਾਰ ਜੁਆਕ ਵੀ ਐ।"

"ਆਹ ਗੱਲ ਮਾੜੀ ਐ।" ਜੰਗੀਰ ਦਾ ਸੁਆਦ-ਸੁਆਦ ਮੂੰਹ ਕੌੜਾ ਹੋ ਗਿਆ।

"ਮਾੜੀ ਤਾਂ ਕੀ ਐ, ਆਪੇ ਰੁਲ-ਖੁਲ ਕੇ ਉਡਾਰ ਹੋ ਜਾਣਗੇ।" ਸੀਰੀ ਨੇ ਮਨ 'ਚ ਸੋਚੀ ਗੱਲ ਦੱਸੀ।

"ਓਏ ਹਾਹੋ, ਤੇਰੀ ਕਿਹੜਾ ਜ਼ਮੀਨ ਤੇ ਝਗੜਾ ਪੈਜੂ। ਚਾਰ ਦਿਨ ਤੱਤੇ ਪਾਣੀ ਨਾਲ ਤਾਂ ਨਹਾ ਲੈਂਗਾ।" ਚੇਤਨ ਨੇ ਗੁਣ ਦੱਸਿਆ। ਠੰਡਾ ਪਾਣੀ ਉਸ ਦੀਆਂ ਲੱਤਾਂ ਨੂੰ ਆਰੀ ਵਾਂਗੂੰ ਚੀਰ-ਚੀਰ ਲੰਘ ਰਿਹਾ ਸੀ।

"ਕੱਲਾ ਤੱਤਾ ਪਾਣੀ? ਸੌ ਦੁਖਦੇ-ਸੁਖਦੇ। ਤੀਵੀਂ ਤਾਂ ਭੈੜਿਆ ਸੌ ਰੋਗਾਂ ਦਾ ਦਾਰੂ ਹੁੰਦੀ ਹੈ।" ਚੂਹੜ ਨੇ ਕਿਹਾ।

"ਮਾਰ ਲਾ ਮੋਰਚਾ ਜੇ ਵੱਜਦੈ। ਪਾਂਧਾ ਨਾ ਪੁੱਛ। ਮੈਂ ਖੁੰਝ ਗਿਆ ਤੇ ਹੁਣ ਬੈਠਾ ਰੋਨਾਂ ਕਰਮਾਂ ਨੂੰ।' ਆਪਣੀ ਗਲਤੀ ਯਾਦ ਕਰਕੇ ਚੇਤਨ ਨੇ ਸੀਰੀ ਨੂੰ ਹੋਰ ਹੱਲਾਸ਼ੇਰੀ ਦਿੱਤੀ। ਚੇਤਨ ਨੂੰ ਇਕ ਵਾਰ ਤੀਵੀਂ ਦੀ ਦੱਸ ਪਈ ਸੀ। ਮੁੱਲ ਵੀ ਬਹੁਤਾ ਨਹੀਂ ਸੀ। ਅੱਠ ਸੌ 'ਚ ਹੀ ਬਣਦੀ ਸੀ। ਸੁਨੱਖੀ ਤੇ ਭਰ ਜਵਾਨ, ਕੰਮ ਦੀ ਸਚਿਆਰੀ। ਆਂਹਦੀ ਸੀ ਉਹਨੂੰ ਜ਼ਮੀਨ ਦਾ ਲਾਲਚ ਨਹੀਂ। ਕਮਾਊ ਬੰਦੇ ਦੀ ਲੋੜ ਸੀ, ਉਹ ਘਰ ਬੰਨ ਬੈਠਣਾ ਚਾਹੁੰਦੀ ਸੀ ਪਰ ਚੇਤਨ ਦੀ ਤੱਕ 'ਚ ਉਹ ਥੋੜ੍ਹੀ ਮਹਿੰਗੀ ਸੀ ਤੇ ਜਦੋਂ ਚੂਹੜ ਤੇ ਜੰਗੀਰ ਨਾਲ ਸਲਾਹ ਕਰਕੇ ਅਗਲੇ ਦਿਨ ਮੁੱਲ ਤਾਰਨ ਗਿਆ ਤਾਂ ਅਗਲੀ ਵਿਕ ਚੁੱਕੀ ਸੀ। ਮੁੜ ਮੌਕਾ ਹੱਥ ਨਾ ਲੱਗਿਆ, ਚੇਤਨ ਨੇ ਲੱਖ ਯਤਨ ਕੀਤੇ ਸਨ।

'ਤਾਂ ਫੇਰ ਮੈਂ ਸਵੇਰੇ ਜਾਊਂਗਾ।' ਸੀਰੀ ਨੇ ਕਿਹਾ। ਉਹ ਦਲੇਰ ਹੋ ਗਿਆ ਸੀ।

'ਯਾਰ ਮੈਨੂੰ ਅਫੀਮ ਦਾ ਰੋਗ ਬੜਾ ਭੈੜਾ ਲੱਗ ਗਿਆ। ਹਾਲੇ ਤਾਂ ਭਲਾ ਪਰਾਣੀ ਚਲਦੀ ਐ ਤੇ ਕਮਾਈ ਖਾਈ ਜਾਨੇ ਆਂ। ਕੱਲ੍ਹ ਨੂੰ ਕਿਹੜਾ ਕਿਸੇ ਸ਼ੇਰ ਸਿਉਂ ਨੇ ਜੁਆਨ ਹੋ ਜਾਣੈ ਜਿਹੜਾ ਗੋਲੇ ਵੱਟ-ਵੱਟ ਕੇ ਖੁਆਇਆ ਕਰੂ।" ਜੰਗੀਰ ਧੁਰ ਅੰਦਰੋਂ ਕੰਬ ਗਿਆ ਸੀ।

"ਤੂੰ ਕਿਹੜਾ ਕਿਸੇ ਦੇ ਆਖੇ ਲੱਗਦੈਂ, ਤੈਨੂੰ ਐਨੀ ਵਾਰ ਸਮਝਾਇਐ।" ਚੇਤਨ ਨੇ ਕਿਹਾ।

"ਲੈ ਫੇਰ ਅੱਜ ਤੋਂ ਛੱਡ 'ਤੀ, ਆਹ ਗਈ ਡੱਬੀ।" ਉਸ ਡੱਬੀ ਹਨ੍ਹੇਰੇ 'ਚ ਚਲਾ ਦਿੱਤੀ। ਡਿੱਗਦੀ ਡੱਬੀ ਦਾ ਖੜਕਾ ਹਵਾ ਦੀ ਸੂਕ 'ਚ ਗੁੰਮ ਹੋ ਗਿਆ।

"ਕਿਉਂ ਬਈ, ਊਂ ਤਾਂ ਮਰਕੇ ਭੂਤ ਬਣੀਏ ਤੇ ਪਤਿਉਰਿਆਂ ਨੂੰ ਪਾ ਲੀਏ ਗੇੜਾ। ਬੂਦਾਂ ਤੋਂ ਫੜ-ਫੜ ਧੂਈ ਫਿਰੀਏ।" ਜੰਗੀਰ ਨੂੰ ਭਰਾ ਚੇਤੇ ਆ ਗਏ। ਉਸ ਦੰਦ ਪੀਹ ਕੇ ਕਿਹਾ।

"ਸੁੱਤਿਆਂ ਦੇ ਮੰਜੇ ਮੂਧੇ ਮਾਰਿਆ ਕਰਾਂਗੇ।"

"ਓਏ ਜਦੋਂ ਜੋੜਾ ਪਿਆ ਹੋਵੇ।" ਚੇਤਨ ਨੇ ਕਿਹਾ।

ਸਾਰੇ ਉਚੀ-ਉਚੀ ਹੱਸ ਪਏ। ਹਾਸਾ ਸੁੰਨ ਸੀ, ਜਿਵੇਂ ਹਾਸਾ ਨਹੀਂ, ਚੀਕਾਂ ਸਨ।

"ਮੈਂ ਤਾਂ ਔਸ ਬੇਰੀ ਥੱਲੇ ਮਟੀ ਬਣਵਾਊਂ।" ਜੰਗੀਰ ਨੇ ਹਨ੍ਹੇਰੇ ਵੱਲ ਉਂਗਲ ਕੀਤੀ।

"ਹਾਹੋ, ਨਾਲੇ ਬੇਰੀ ਠੰਡੀ ਰਹਿੰਦੀ ਐ।"

"ਤੇ ਜਦੋਂ ਲੱਸੀ ਪਾਉਣੋ ਭੁੱਲਣ, ਲਵੇਰਾ ਪਸ਼ੂ ਖੁਰਲੀ 'ਚ ਮੂਧਾ।" ਸੀਰੀ ਨੇ ਕਿਹਾ।

"ਸਾਲਿਆ ਪਸ਼ੂ ਨੇ ਕੀ ਵਗਾੜਿਐ।"

"ਓਏ ਨਹੀਂ, ਥਣ ਫੜ ਕੇ ਖੜ੍ਹ ਜਾਇਆ ਕਰਾਂਗੇ।" ਚੇਤਨ ਨੇ ਸਲਾਹ ਦਿੱਤੀ।

"ਵੇਖ ਲਿਉ, ਆਪਣੀ ਕਿਸੇ ਸਹੁਰੇ ਨੇ ਮਟੀ ਵੀ ਨਹੀਂ ਬਨਵਾਉਣੀ। ਜਿਹੜੇ ਐਥੇ ਭੁੱਖੇ, ਉਹ ਲੌਰ ਵੀ ਭੁੱਖੇ।" ਜੰਗੀਰ ਸੋਚੀਂ ਪੈ ਗਿਆ ਸੀ।

"ਯਾਰ ਗੱਲ ਠੀਕ ਐ, ਸਾਲੇ ਓਦੋਂ ਕਿਸੇ ਨੂੰ ਸੱਦ ਕੇ ਧਾਗਾ ਕਰਾ ਲੈਣਗੇ।" ਚੂਹੜ ਨੂੰ ਗੱਲ ਪੂਰੀ ਸੋਲਾਂ ਆਨੇ ਜਾਪੀ ਸੀ।

"ਮੈਂ ਮਾੜੇ-ਮੋਟੇ ਸਾਧ ਤੋਂ ਸੂਤ ਕਿਹੜਾ ਆਊਂ।"

"ਨਹੀਂ ਓਏ, ਸਾਧ ਬੜੇ ਤਕੜੇ ਹੁੰਦੇ ਐ। ਘੇਸਲਾ ਜੜਦੇ ਐ ਚੂਕਨੇ 'ਚ।"

"ਆਪਾਂ ਕੱਠੇ ਹੋ ਕੇ ਸਾਧ ਨੂੰ ਨੱਪ ਲਿਆ ਕਰਾਂਗੇ।" ਚੇਤਨ ਨੇ ਸੁਝਾਓ ਦਿੱਤਾ।

"ਓਏ ਨਹੀਂ ਓਏ ਯਾਰ, ਭੂਤ ਦੀ ਤਾਂ ਜੂਨ ਆਪਣੇ ਨਾਲੋਂ ਵੀ ਭੈੜੀ ਐ। ਕੋਈ ਸਾਧ ਦੱਸਦਾ ਸੀ ਕਿ ਭੂਤ ਨੂੰ ਪੀਣ ਨੂੰ ਪਾਣੀ ਈ ਨਹੀਂ ਮਿਲਦਾ।" ਚੂਹੜ ਗੰਭੀਰ ਸੀ।

"ਹੱਲਾ।" ਚੇਤਨ, ਸੀਰੀ ਤੇ ਜੰਗੀਰ ਜਿਵੇਂ ਪਾਣੀ 'ਚ ਈ ਬੈਠ ਗਏ। ਆਸ ਦੀ ਤੰਦ ਟੁੱਟ ਗਈ।

ਵਾਰੀ ਪੂਰੀ ਹੋ ਗਈ, ਪਾਣੀ ਬਦਲ ਗਿਆ, ਆਖਰੀ ਛੱਲ ਵੀ ਖੜ੍ਹ ਗਈ। ਉਨ੍ਹਾਂ ਪੈਰ ਧੋ ਕੇ ਜੁੱਤੀਆਂ ਪਾ ਲਈਆਂ। ਸਰੀਰ ਨਿਢਾਲ ਸਨ, ਕਣ ਹੀ ਮੁੱਕ ਗਿਆ ਸੀ। ਕਿਸੇ ਸਹਿਮ ਨੇ ਦਿਲਾਂ ਨੂੰ ਜਕੜ ਲਿਆ ਸੀ। ਹਵਾ ਸੂਕੀ, ਗੂੰਗਾ ਬੱਦਲ ਵਰ੍ਹਨ ਲੱਗ ਪਿਆ, ਖੜੇ-ਖੜੇ ਉਹ ਇਕਦਮ ਭਿੱਜ ਗਏ। ਉਨ੍ਹਾਂ ਦੇ ਸਰੀਰ ਹੋਰ ਵੀ ਸੁੰਨ ਹੋ ਗਏ। ਉਹ ਭੱਜ ਕੇ ਬੇਰੀ ਹੇਠ ਹੋ ਗਏ। ਭਾਰੀ ਛਾਂ ਵਾਲੀ ਬੇਰੀ ਛੱਤ ਵਾਂਗ ਸੀ, ਜਿਸ ਹੇਠ ਉਨ੍ਹਾਂ ਸਿਰ ਲੁਕੋ ਲਏ। ਉਨ੍ਹਾਂ ਦਾ ਹਰ ਕੱਪੜਾ ਮੀਂਹ ਨਾਲ ਤਰ ਸੀ।

"ਯਾਰ ਦਿਹਾੜੇ ਕਿਵੇਂ ਟੁੱਟਣਗੇ?" ਜੰਗੀਰ ਨੇ ਬਾਹਾਂ ਦੀ ਬਲਾਗੜੀ 'ਚ ਆਪਣਾ ਭਿੱਜਿਆ ਸਰੀਰ ਘੁੱਟਿਆ, ਜਿਵੇਂ ਉਹ ਸਰਦੀ ਤੋਂ ਸਰੀਰ ਨੂੰ ਬਚਾਉਣ ਦਾ ਯਤਨ ਕਰਦਾ ਸੀ।

"ਕੱਟ ਲਾ ਮਨਾ ਚਿੱਤ ਲਾ ਕੇ ਲਿਖੀਆਂ ਲੇਖ ਦੀਆਂ।" ਚੇਤਨ ਵੀ ਬੇਸੁਰਤ ਜਿਹਾ ਸੀ।

"ਲੈ ਹੁਣ ਕੋਈ ਵੀ ਹੋਵੇ, ਅਗਲੀ ਖੇਤ ਵਾਲਿਆਂ ਦਾ ਫਿਕਰ ਨਾ ਕਰੇ।" ਚੇਤਨ ਨੇ ਹਉਕਾ ਲਿਆ।

"ਅਗਲੀ ਹੱਥ 'ਚ ਲਾਲਟੈਣ ਫੜ ਚਾਹ ਦੀ ਬਾਲਟੀ ਲੈ ਕੇ ਖੁਦ ਪਹੁੰਚੇ।" ਸੀਰੀ ਨੇ ਕਿਹਾ।

ਸੀਰੀ ਦੀ ਗੱਲ 'ਚ ਬੜਾ ਸੁਆਦ ਸੀ, ਸਾਰਿਆਂ ਨੂੰ ਬਿੰਦ ਦੀ ਬਿੰਦ ਭੁਲੇਖਾ ਲੱਗਿਆ ਜਿਵੇਂ ਸੱਚੀਂ ਹੀ ਕੋਈ ਚਾਹ ਦੀ ਬਾਲਟੀ ਲੈ ਕੇ ਪੁੱਜ ਰਹੀ ਸੀ। ਬੋਲਾ ਬੱਦਲ ਟਿਕ ਕੇ ਵਰ੍ਹਨ ਲਗ ਪਿਆ। ਹਵਾ ਮੱਠੀ ਹੋ ਗਈ, ਛੱਤ ਵਰਗੀ ਬੇਰੀ ਚੋਣ ਲੱਗ ਪਈ। ਸੁੰਨੇ ਖੇਤਾਂ 'ਚ ਵਰ੍ਹਦੇ ਮੀਂਹ ਦਾ ਉਦਾਸ ਖੜਕਾ ਉਨ੍ਹਾਂ ਦੇ ਕੰਨਾਂ ਨੂੰ ਖਾ ਰਿਹਾ ਸੀ।

"ਪਰ ਯਾਰ ਬੁਢਾਪਾ ਕਿਵੇਂ ਲੰਘੂ।" ਜੰਗੀਰ ਨੇ ਕਿਹਾ। ਬਾਹਰੋਂ ਨਹੀਂ, ਉਹ ਪਲ-ਪਲ ਅੰਦਰੋਂ ਠਰਦਾ ਜਾ ਰਿਹਾ ਸੀ।

ਚਹੁੰਆਂ ਦੀ ਜਾਨ ਦੁਬਾਰਾ ਕੰਬੀ, ਦੰਦ ਕੜਿੱਕਾ ਵੱਜਣ ਲੱਗ ਪਿਆ। ਵਰ੍ਹਦੇ ਮੀਂਹ ਤੇ ਚਲਦੀ ਹਵਾ ਦਾ ਉਨ੍ਹਾਂ ਨੂੰ ਉਕਾ ਹੀ ਖਿਆਲ ਨਹੀਂ ਸੀ। ਕਿਸੇ ਸਹਿਮ ਨਾਲ ਉਨ੍ਹਾਂ ਦੇ ਸਰੀਰ ਜ਼ੋਰ ਨਾਲ ਕੰਬਣ ਲਗ ਪਏ। ਬੇਰੀ ਥੱਲੇ ਸੁੰਗੜੇ ਬੈਠੇ ਉਹ ਬੋਲੇ ਬੱਦਲ ਵਾਂਗ ਚੁੱਪ ਚੁੱਪ ਸਨ। ਉਹ ਚਾਰ ਬੰਦੇ ਨਹੀਂ, ਚਾਰ ਮੜ੍ਹੀਆਂ ਜਾਪਦੇ ਸਨ।

# ਬਾਲੀਵੁੱਡ 'ਚ ਨਵੀਆਂ ਪੈੜਾਂ ਪਾਉਣ ਵਾਲਾ ਸੰਜੀਵ ਕੁਮਾਰ

ਹਰੀਭਾਈ ਜ਼ਰੀਵਾਲਾ ਇਕ ਨਿਮਨ ਮੱਧਵਰਗੀ ਗੁਜਰਾਤੀ ਸਨ ਜੋ ਕਦੇ ਇਕ ਥੀਏਟਰ ਕਲਾਕਾਰ ਹੁੰਦੇ ਸਨ। ਉਨ੍ਹਾਂ ਨੇ ਫ਼ਿਲਮ ਨਗਰੀ 'ਚ ਪੈਰ ਜਮਾਉਣ ਲਈ ਕਾਫ਼ੀ ਸੰਘਰਸ਼ ਕੀਤਾ। ਉਨ੍ਹਾਂ ਨੇ ਛੋਟੇ ਰੋਲ ਵੀ ਸਵੀਕਾਰ ਕੀਤੇ ਤੇ ਸੀ ਗ੍ਰੇਡ ਸਟੰਟ ਫ਼ਿਲਮਾਂ ਵੀ ਕੀਤੀਆਂ। ਦਿਲਚਸਪ ਗੱਲ ਇਹ ਹੈ ਕਿ ਸੰਜੀਵ ਕੁਮਾਰ (ਉਨ੍ਹਾਂ ਦਾ ਫ਼ਿਲਮੀ ਨਾਂ) ਪਹਿਲਾਂ ਰਾਜਸ਼੍ਰੀ ਦੇ ਫ਼ਿਲਮ ਲਈ ਦਿੱਤੇ ਗਏ ਸਕਰੀਨ ਟੈਸਟ 'ਚ ਅਸਫਲ ਰਹੇ ਸਨ। ਬਤੌਰ ਹੀਰੋ ਉਨ੍ਹਾਂ ਦੀ ਪਹਿਲੀ ਫ਼ਿਲਮ 'ਨਿਸ਼ਾਨ' (1965) ਇਕ ਬੀ ਗ੍ਰੇਡ ਕਾਸਟਿਊਮ ਡਰਾਮਾ ਸੀ ਤੇ ਉਸ ਤੋਂ ਪਹਿਲਾਂ ਕੁਮਕੁਮ ਵਰਗੀਆਂ ਅਭਿਨੇਤਰੀਆਂ ਨਾਲ ਆਈਆਂ ਉਸ ਦੀਆਂ ਫ਼ਿਲਮਾਂ ਵੀ ਉਸੇ ਤਰ੍ਹਾਂ ਦੀਆਂ ਹੀ ਸਨ। ਉਨ੍ਹਾਂ ਦੀ ਪ੍ਰਤਿਭਾ ਨੂੰ ਮਾਇਆ ਨਗਰੀ ਨੇ ਪਛਾਣਿਆ ਤੇ ਸੰਨ 1969 'ਚ ਆਈ ਫ਼ਿਲਮ 'ਸੰਘਰਸ਼' 'ਚ ਉਨ੍ਹਾਂ ਨੂੰ ਅਦਾਕਾਰੀ ਦੇ ਸਮਰਾਟ ਦਲੀਪ ਕੁਮਾਰ ਦੇ ਸਾਹਮਣੇ ਇਕ ਛੋਟੇ ਪਰ ਅਹਿਮ ਰੋਲ 'ਚ ਕਾਸਟ ਕੀਤਾ ਗਿਆ। ਪਰਦੇ 'ਤੇ ਆਪਣੇ ਸਾਹਮਣੇ ਦਲੀਪ ਕੁਮਾਰ ਵਰਗੇ ਦਮਦਾਰ ਅਦਾਕਾਰ ਦੇ ਹੁੰਦਿਆਂ ਵੀ ਸੰਜੀਵ ਆਪਣੀ ਐਕਟਿੰਗ ਦੀ ਛਾਪ ਛੱਡਣ 'ਚ ਸਫਲ ਰਹੇ। 'ਸੰਘਰਸ਼' ਵਰਗੀ 'ਏ' ਗ੍ਰੇਡ ਫ਼ਿਲਮ ਤੋਂ ਬਾਅਦ ਉਨ੍ਹਾਂ ਨੂੰ ਬਤੌਰ ਹੀਰੋ 'ਏ' ਗ੍ਰੇਡ ਫ਼ਿਲਮਾਂ ਮਿਲਣ ਲੱਗੀਆਂ। ਸੰਨ 1970 ਦੀ ਫ਼ਿਲਮ 'ਖਿਲੌਨਾ' 'ਚ ਮਾਨਸਿਕ ਸੰਤੁਲਨ ਗੁਆ ਬੈਠੇ ਨਿਰਾਸ਼ ਪ੍ਰੇਮੀ ਦੇ ਰੋਲ 'ਚ ਉਨ੍ਹਾਂ ਨੇ ਯਾਦਗਾਰ ਅਦਾਕਾਰੀ ਕੀਤੀ। ਇਸ ਫ਼ਿਲਮ ਪਿੱਛੋਂ ਉਨ੍ਹਾਂ ਦੀ ਗਿਣਤੀ ਵੱਡੇ ਸਿਤਾਰਿਆਂ 'ਚ ਹੋਣ ਲੱਗੀ।

ਉਸੇ ਸਾਲ ਆਈ ਫ਼ਿਲਮ 'ਦਸਤਕ' 'ਚ ਉਨ੍ਹਾਂ ਨੇ ਨੈਸ਼ਨਲ ਐਵਾਰਡ ਵਿਨਰ ਰੇਹਾਨਾ ਸੁਲਤਾਨ ਨੂੰ ਸੀਨ-ਦਰ-ਸੀਨ ਟੱਕਰ ਦਿੱਤੀ ਤੇ ਬੈਸਟ ਐਕਟਰ ਵਜੋਂ ਆਪਣਾ ਪਹਿਲਾ ਨੈਸ਼ਨਲ ਐਵਾਰਡ ਜਿੱਤਿਆ। ਕਮਰਸ਼ੀਅਲ ਹੀਰੋ ਵਜੋਂ ਸਫਲ ਹੋਣ ਦੇ ਬਾਵਜੂਦ ਸੰਜੀਵ ਕੁਮਾਰ ਨੇ ਅਨੁਭਵ (1971) ਵਰਗੀਆਂ ਫ਼ਿਲਮਾਂ 'ਚ ਆਫ ਬੀਟ ਰੋਲ ਕੀਤੇ, ਜਦਕਿ ਇਨ੍ਹਾਂ ਦੇ ਨਾਲ-ਨਾਲ ਉਨ੍ਹਾਂ ਨੇ 'ਸੀਤਾ ਔਰ ਗੀਤਾ' (1972) ਤੇ 'ਮਨਚਲੀ' (1973) ਵਰਗੀਆਂ ਕਮਰਸ਼ੀਅਲ ਫ਼ਿਲਮਾਂ ਕਰਦਿਆਂ ਆਪਣੀ ਸਥਿਤੀ ਮਜ਼ਬੂਤ ਬਣਾਈ। 'ਪਰਿਚੈ' ਤੇ 'ਕੋਸ਼ਿਸ਼' (1972) ਰਾਹੀਂ ਉਹ ਨਿਰਦੇਸ਼ਕ ਗੁਲਜ਼ਾਰ ਦੇ ਸੰਪਰਕ 'ਚ ਆਏ। ਗੁਲਜ਼ਾਰ ਨਾਲ ਉਨ੍ਹਾਂ ਨੇ ਬਤੌਰ ਅਦਾਕਾਰ ਆਪਣਾ ਸਰਵੋਤਮ ਕੰਮ ਪੇਸ਼ ਕੀਤਾ। ਖੁਦ ਨੂੰ ਦੂਜੀ ਵਾਰ 'ਨੈਸ਼ਨਲ ਐਵਾਰਡ' ਦਿਵਾਉਣ ਵਾਲੀ ਫ਼ਿਲਮ 'ਕੋਸ਼ਿਸ਼' 'ਚ ਸੰਵਾਦਾਂ ਦੀ ਮਦਦ ਤੋਂ ਬਿਨਾਂ ਸਿਰਫ ਆਪਣੇ ਚਿਹਰੇ ਦੇ ਹਾਵਾਂ-ਭਾਵਾਂ ਨਾਲ ਆਪਣੇ ਗੂੰਗੇ-ਬੋਲੇ ਕਿਰਦਾਰ ਨੂੰ ਜਿਸ ਤਰ੍ਹਾਂ ਉਨ੍ਹਾਂ ਨੇ ਪਰਦੇ 'ਤੇ ਜੀਵਿਆ, ਉਹ ਦੇਖਣ ਹੀ ਵਾਲਾ ਹੈ। ਗੁਲਜ਼ਾਰ-ਸੰਜੀਵ ਦੀ ਹਿੱਸੇਦਾਰੀ ਦਾ ਨਤੀਜਾ



'ਆਂਧੀ' (1975), 'ਮੌਸਮ' (1975), 'ਅੰਗੂਰ' (1981) ਤੇ 'ਨਮਕੀਨ' (1982) ਵਰਗੀਆਂ ਬਿਹਤਰੀਨ ਫ਼ਿਲਮਾਂ ਦੇ ਰੂਪ 'ਚ ਸਾਹਮਣੇ ਆਇਆ। ਇਨ੍ਹਾਂ 'ਚੋਂ ਹਰ ਫ਼ਿਲਮ 'ਚ ਸੰਜੀਵ ਨੇ ਪਾਵਰਫੁੱਲ ਪਰਫਾਰਮੈਂਸ ਦਿੱਤੀ। ਸੰਜੀਵ ਕੁਮਾਰ ਇਕ ਅਜਿਹੇ ਅਦਾਕਾਰ ਸਨ ਜੋ ਆਪਣੀ ਆਵਾਜ਼ ਦੇ ਅਨੋਖੇ ਕੰਟਰੋਲ ਨਾਲ ਆਪਣੀ ਪੇਸ਼ਕਾਰੀ ਨੂੰ ਨਿਖਾਰਦੇ ਸਨ। ਇਕ ਗੰਭੀਰ ਅਦਾਕਾਰ ਦੇ ਤੌਰ 'ਤੇ ਆਪਣੀ ਪਛਾਣ ਬਣਾਉਣ ਦੇ ਬਾਵਜੂਦ ਉਨ੍ਹਾਂ ਨੇ 'ਮਨਚਲੀ' ਤੇ 'ਨਯਾ ਦਿਨ ਨਈ ਰਾਤ' (1974) ਵਰਗੀਆਂ ਫ਼ਿਲਮਾਂ 'ਚ ਹਲਕੀ-ਫੁਲਕੀ ਅਦਾਕਾਰੀ ਦਾ ਨਮੂਨਾ ਵੀ ਪੇਸ਼ ਕੀਤਾ। 'ਨਯਾ ਦਿਨ..' 'ਚ ਉਨ੍ਹਾਂ ਵਲੋਂ ਨਿਭਾਏ ਗਏ 9 ਅਨੋਖੇ ਕਿਰਦਾਰਾਂ 'ਚ ਉਨ੍ਹਾਂ ਦੀ ਅਦਾਕਾਰੀ ਦੇ ਜ਼ਬਰਦਸਤ ਜਲਵੇ ਦੇਖਣ ਨੂੰ ਮਿਲੇ। ਇਹ ਫ਼ਿਲਮ ਸ਼ੁਰੂਆਤ 'ਚ ਦਲੀਪ ਕੁਮਾਰ ਨੂੰ ਆਫਰ ਹੋਈ ਸੀ ਜਿਨ੍ਹਾਂ ਨੇ ਨਿਰਦੇਸ਼ਕ (ਏ. ਭੀਮ ਸਿੰਘ) ਨੂੰ ਇਸ 'ਚ ਸੰਜੀਵ ਕੁਮਾਰ ਨੂੰ ਲੈਣ ਦਾ ਸੁਝਾਅ ਦਿੱਤਾ। ਫ਼ਿਲਮ ਦੀ ਸ਼ੁਰੂਆਤ 'ਚ ਪਰਦੇ 'ਤੇ ਦਲੀਪ ਕੁਮਾਰ ਵਲੋਂ ਕਰਵਾਈ ਗਈ ਜਾਣ-ਪਛਾਣ 'ਚ ਉਨ੍ਹਾਂ ਨੇ ਸੰਜੀਵ ਨੂੰ ਦੇਸ਼ ਦੇ ਬਿਹਤਰੀਨ ਅਦਾਕਾਰ ਦੱਸਿਆ ਸੀ। ਸੰਨ 1977 'ਚ ਸੰਜੀਵ ਕੁਮਾਰ ਨੂੰ ਸਤਿਆਜੀਤ ਰੇਅ ਵਰਗੇ ਮਹਾਨ ਨਿਰਦੇਸ਼ਕ ਨਾਲ ਉਨ੍ਹਾਂ ਦੀ ਪਹਿਲੀ ਹਿੰਦੀ ਫ਼ਿਲਮ 'ਸ਼ਤਰੰਜ ਕੇ ਖਿਲਾੜੀ' 'ਚ ਕੰਮ ਕਰਨ ਦਾ ਮੌਕਾ ਮਿਲਿਆ।

ਬੁਰੀ ਕਿਸਮਤ ਨੂੰ 1980 ਦਾ ਦਹਾਕਾ ਆਉਣ ਤੱਕ ਸੰਜੀਵ ਕੁਮਾਰ ਆਪਣੀ ਦਿੱਖ ਪ੍ਰਤੀ ਲਾਪ੍ਰਵਾਹ ਹੋ ਗਏ। ਨਤੀਜੇ ਵਜੋਂ ਉਨ੍ਹਾਂ ਦਾ ਸਰੀਰ ਬਹੁਤ ਮੋਟਾ ਹੁੰਦਾ ਗਿਆ। ਉਨ੍ਹਾਂ ਦੀਆਂ ਬਾਅਦ ਦੀਆਂ ਫ਼ਿਲਮਾਂ 'ਚੋਂ ਸਿਰਫ ਦੋ ਨੂੰ ਹੀ ਢੰਗ ਦੀਆਂ ਫ਼ਿਲਮਾਂ ਮੰਨਿਆ ਜਾ ਸਕਦਾ ਹੈ। ਇਹ ਸਨ 1982 'ਚ ਆਈ 'ਵਿਧਾਤਾ' ਜਿਸ 'ਚ ਉਹ ਇਕ ਵਾਰ ਫਿਰ ਦਲੀਪ ਕੁਮਾਰ ਦੇ ਸਾਹਮਣੇ ਸਨ ਅਤੇ 'ਹੀਰੋ' (1983)। ਉਨ੍ਹਾਂ ਦੀ ਆਖਰੀ ਫ਼ਿਲਮ 'ਪ੍ਰੋਫੈਸਰ ਪਿਆਰੇ ਲਾਲ' (1993) ਸੀ ਜੋ ਉਨ੍ਹਾਂ ਦੀ ਮੌਤ ਵੇਲੇ ਸਿਰਫ 75 ਫੀਸਦੀ ਹੀ ਪੂਰੀ ਹੋ ਸਕੀ ਸੀ। ਬਾਅਦ 'ਚ ਇਸ ਦੇ ਦੂਜੇ ਅੱਧ ਦੀ ਕਹਾਣੀ 'ਚ ਤਬਦੀਲੀ ਕਰਕੇ ਇਸ ਨੂੰ ਰਿਲੀਜ਼ ਕੀਤਾ ਗਿਆ।

ਆਪਣੇ ਜੀਵਨ ਦੇ ਆਖਰੀ ਦੌਰ ਵਿਚ ਸੰਜੀਵ ਕੁਮਾਰ ਨੇ ਨਿਰਾਸ਼ ਹੋ ਕੇ ਆਪਣੇ ਇਕੱਲੇਪਣ ਨੂੰ ਸ਼ਰਾਬ 'ਚ ਡੁਬੋਣ ਦੀ ਕੋਸ਼ਿਸ਼ ਕੀਤੀ। ਉਪਰੋਂ ਸੁਆਦੀ ਭੋਜਨ ਦੀ ਉਨ੍ਹਾਂ ਦੀ ਕਮਜ਼ੋਰੀ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਭਾਰ ਦੀ ਸਮੱਸਿਆ ਕਾਰਨ ਦਿਲ ਦੀ ਬੀਮਾਰੀ ਹੋ ਗਈ। ਉਹ ਇਨਸਾਨ ਜਿਸ ਨੇ ਪਤੀ, ਪਿਤਾ ਤੇ ਦਾਦੇ-ਨਾਨੇ ਦੇ ਰੋਲ ਕੀਤੇ, ਆਪਣੀ ਉਮਰ ਦੇ 50 ਵਰ੍ਹੇ ਪੂਰੇ ਹੋਣ ਤੋਂ ਪਹਿਲਾਂ ਹੀ 6 ਨਵੰਬਰ 1985 ਨੂੰ ਕੁਆਰਾ ਹੀ ਮਰ ਗਿਆ।

# ਧਰਮਿੰਦਰ, ਸੰਨੀ ਤੇ ਬੌਬੀ ਮੁੜ ਇਕੱਠੇ ਨਜ਼ਰ ਆਉਣਗੇ

ਫ਼ਿਲਮ 'ਅਪਨੇ' ਤੋਂ ਬਾਅਦ ਸਮੀਰ ਕਾਰਨਿਕ ਦੀ ਆਉਣ ਵਾਲੀ ਫ਼ਿਲਮ 'ਯਮਲਾ, ਪਗਲਾ, ਦੀਵਾਨਾ' ਵਿਚ ਧਰਮਿੰਦਰ, ਸੰਨੀ ਤੇ ਬੌਬੀ ਇਕ ਵਾਰ ਫਿਰ ਇਕੱਠੇ ਨਜ਼ਰ ਆਉਣਗੇ। ਸੰਨ 2001 ਵਿਚ ਰਿਕਾਰਡ ਤੋੜ ਸਫ਼ਲਤਾ ਹਾਸਲ ਕਰਨ ਵਾਲੀ ਫ਼ਿਲਮ 'ਗ਼ਦਰ' ਤੋਂ ਬਾਅਦ ਸੰਨੀ ਦਿਓਲ ਇਕ ਵਾਰ ਫਿਰ ਸਰਦਾਰ ਦੀ ਭੂਮਿਕਾ ਵਿਚ ਨਜ਼ਰ ਆਏਗਾ ਤੇ ਇਸ ਵਾਰ ਉਸ ਨੇ ਕਿਰਦਾਰ ਦੀ ਖ਼ਾਤਰ ਆਪਣੀ ਦਾੜ੍ਹੀ ਵਧਾ ਲਈ ਹੈ। ਜਦ ਸੰਨੀ ਦਿਓਲ ਨੂੰ ਪੁੱਛਿਆ ਗਿਆ ਕਿ ਕੀ ਉਸ ਦੀ ਦਾੜ੍ਹੀ ਅਸਲੀ ਹੈ ਤਾਂ ਉਨ੍ਹਾਂ ਬੜੀ ਖੁਸ਼ੀ ਨਾਲ ਦਾੜ੍ਹੀ 'ਤੇ ਹੱਥ ਫੇਰਦਿਆਂ ਕਿਹਾ ਕਿ ਹਾਂ ਬਿਲਕੁਲ ਅਸਲੀ ਹੈ।

ਆਪਣੇ ਜ਼ਮਾਨੇ ਦੇ ਮਸ਼ਹੂਰ ਅਭਿਨੇਤਾ ਧਰਮਿੰਦਰ ਫ਼ਿਲਮ ਵਿਚ ਵੀ 'ਮਾਣਯੋਗ ਪਾਪਾ' ਦੇ ਰੋਲ ਵਿਚ ਹਨ। ਧਰਮਿੰਦਰ ਭਾਅ ਬੜੇ ਮਾਣ ਨਾਲ ਕਹਿੰਦੇ ਹਨ ਕਿ ਸੰਨੀ ਨੇ ਜਦ ਵੀ ਕਿਸੇ ਫ਼ਿਲਮ ਵਿਚ ਸਰਦਾਰ ਦੀ ਭੂਮਿਕਾ ਨਿਭਾਈ ਹੈ ਉਦੋਂ ਹੀ ਉਸ ਨੇ ਉਸ ਕਿਰਦਾਰ ਵਿਚ ਜਾਨ ਪਾਈ ਹੈ। ਮੇਰਾ ਪੁੱਤਰ ਇੰਡਸਟਰੀ ਦਾ ਸਭ ਤੋਂ ਸੋਹਣਾ ਸਰਦਾਰ ਹੈ।' ਹੁਣ ਇਸ ਬਾਰੇ 'ਸਿੰਘ ਇਜ਼ ਕਿੰਗ' ਦੇ ਅਕਸ਼ੈ ਕੁਮਾਰ, ਹੀਰੋਜ਼ ਦੇ ਸਲਮਾਨ ਖਾਨ ਤੇ 'ਲਵ ਆਜ ਕੱਲ੍ਹ' ਦੇ ਸੈਫ਼ ਅਲੀ ਖਾਨ ਕੀ ਕਹਿਣਗੇ।






# ਪ੍ਰਿਯੰਕਾ ਦੀ ਪਹਿਲੀ ਕਮਾਈ 5 ਹਜ਼ਾਰ ਰੁਪਏ

ਪ੍ਰਿਯੰਕਾ ਚੋਪੜਾ ਬਾਲੀਵੁੱਡ ਦੀਆਂ ਚੋਟੀ ਦੀਆਂ ਅਭਿਨੇਤਰੀਆਂ 'ਚ ਸ਼ਾਮਲ ਹੋ ਚੁੱਕੀ ਹੈ। ਕਈ ਵੱਡੇ ਨਿਰਦੇਸ਼ਕ ਉਸ ਨੂੰ ਆਪਣੀਆਂ ਫ਼ਿਲਮਾਂ 'ਚ ਲੈਣ ਲਈ ਉਤਾਵਲੇ ਹੁੰਦੇ ਹਨ। ਇੰਨੀ ਹਰਮਨਪਿਆਰੀ ਹੋਣ ਦੇ ਬਾਵਜੂਦ ਪ੍ਰਿਯੰਕਾ ਸਫਲਤਾ ਦੇ ਨਸ਼ੇ 'ਚ ਪਾਗਲ ਨਹੀਂ ਹੋਈ। ਉਹ ਅੱਜ ਵੀ ਆਪਣੀਆਂ ਜੜਾਂ ਨਾਲ ਜੁੜੀ ਹੋਈ ਹੈ।

ਪ੍ਰਿਯੰਕਾ ਨੇ ਰਾਜ਼ ਦੀ ਗੱਲ ਦੱਸੀ ਕਿ ਉਸਦੀ ਪਹਿਲੀ ਕਮਾਈ ਅੱਜ ਤੱਕ ਮਾਂ ਦੀ ਅਲਮਾਰੀ 'ਚ ਬੰਦ ਹੈ। ਉਸ ਨੇ ਕਿਹਾ ਕਿ ਅੱਜ ਵੀ ਆਪਣੀ ਪਹਿਲੀ ਕਮਾਈ ਨੂੰ ਮਾਂ ਦੀ ਅਲਮਾਰੀ 'ਚ ਸਾਂਭ ਕੇ ਰੱਖਿਆ ਹੈ ਕਿਉਂਕਿ ਮੰਮੀ ਨੇ ਇਨ੍ਹਾਂ ਰੁਪਇਆਂ ਨੂੰ ਬੈਂਕ 'ਚ ਜਮ੍ਹਾ ਨਹੀਂ ਕਰਨ ਦਿੱਤਾ ਸੀ ਤੇ ਅੱਜ ਤੱਕ ਉਨ੍ਹਾਂ ਨੂੰ ਆਪਣੇ ਕੋਲ ਸੰਭਾਲ ਕੇ ਰੱਖਿਆ ਹੈ। ਭਾਵੇਂ ਅੱਜ ਉਸ ਲਈ ਪੰਜ ਹਜ਼ਾਰ ਦੀ ਕੋਈ ਅਹਿਮੀਅਤ ਨਹੀਂ ਹੈ ਪਰ ਪਹਿਲੀ ਕਮਾਈ ਤਾਂ ਸਾਰੀ ਜ਼ਿੰਦਗੀ ਯਾਦ ਰੱਖਣ ਵਾਲੀ ਚੀਜ਼ ਹੁੰਦੀ ਹੈ, ਫਿਰ ਭਾਵੇਂ ਉਹ ਪੰਜ ਹਜ਼ਾਰ ਹੋਣ ਜਾਂ ਪੰਜ ਰੁਪਏ। ਅੱਜ ਚਾਹੇ ਉਹ ਕਿੰਨਾ ਵੀ ਪੈਸਾ ਕਿਉਂ ਨਾ ਕਮਾ ਲਵੇ ਪਰ ਉਹ ਪੰਜ ਹਜ਼ਾਰ ਰੁਪਏ ਉਸ ਲਈ ਅਨਮੋਲ ਹਨ ਤੇ ਅਨਮੋਲ ਹੀ ਰਹਿਣਗੇ।

ਸ਼ਾਹਿਦ ਕਪੂਰ ਨਾਲ ਰਿਸ਼ਤੇ ਦੀਆਂ ਕਨਸੋਆਂ ਬਾਰੇ ਪ੍ਰਿਯੰਕਾ ਦਾ ਕਹਿਣਾ ਹੈ ਕਿ ਉਸ ਦਾ ਸ਼ਾਹਿਦ ਨਾਲ ਕਦੇ ਕੋਈ ਅਜਿਹਾ ਰਿਸ਼ਤਾ ਨਹੀਂ ਸੀ ਤੇ ਨਾ ਹੀ ਅੱਜ ਹੈ। ਉਸ ਨੇ ਇਸ ਨੂੰ ਅਫਵਾਹਾਂ ਕਰਾਰ ਦਿੰਦਿਆਂ ਕਿਹਾ ਕਿ ਕਦੇ ਉਸਦੇ ਪਰਿਵਾਰ ਦੇ ਮੈਂਬਰ ਨੇ ਕਿਸੇ ਨਾਲ ਉਸ ਦੇ ਰਿਸ਼ਤੇ ਦੀ ਪੁਸ਼ਟੀ ਕੀਤੀ ਹੈ? ਉਸ ਦਾ ਕਹਿਣਾ ਹੈ ਕਿ ਅਜਿਹੀਆਂ ਖ਼ਬਰਾਂ ਉਸ ਨੂੰ ਬਹੁਤ ਪ੍ਰੇਸ਼ਾਨ ਕਰਦੀਆਂ ਹਨ। ਵਿਆਹ ਬਾਰੇ ਗੱਲ ਕਰਦਿਆਂ ਪ੍ਰਿਯੰਕਾ ਦਾ ਕਹਿਣਾ ਹੈ ਕਿ ਉਸ ਦੇ ਮਾਤਾ-ਪਿਤਾ ਦੀ ਇੱਛਾ ਹੈ ਕਿ ਇਕ ਲਾਇਕ ਵਰ ਮਿਲ ਜਾਵੇ। ਉਸ ਦੇ ਮਾਪੇ ਗੈਰ-ਫ਼ਿਲਮੀ ਪਿਛੋਕੜ ਵਾਲੇ ਇਕ ਯੋਗ ਤੇ ਉੱਤਰ ਭਾਰਤੀ ਵਰ ਦੀ ਭਾਲ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦੈ ਕਿ ਹੁਣ ਪ੍ਰਿਯੰਕਾ ਨੂੰ ਵਿਆਹ ਕਰਕੇ ਸੈਟਲ ਹੋ ਜਾਣਾ ਚਾਹੀਦੈ। ਇਸੇ ਕਾਰਨ ਅੱਜਕਲ ਡਿਨਰ ਟੇਬਲ 'ਤੇ ਵਿਆਹ ਦੇ ਹੀ ਚਰਚੇ ਹੁੰਦੇ ਹਨ।

ਪ੍ਰਿਯੰਕਾ ਨੇ ਦੱਸਿਆ ਕਿ ਨਿਰਦੇਸ਼ਕ ਤਰੁਣ ਮਨਸੁਖਾਨੀ ਉਸ ਨੂੰ ਆਪਣੀ ਦੂਜੀ ਪਤਨੀ ਕਹਿੰਦੇ ਹਨ ਕਿਉਂਕਿ ਉਹ ਹਰ ਵੇਲੇ ਪਤੀ-ਪਤਨੀ ਵਾਂਗ ਲੜਦੇ ਰਹਿੰਦੇ ਹਨ ਤੇ ਇਕ-ਦੂਜੇ ਨਾਲ ਕਾਫੀ ਮਜ਼ੇ ਵੀ ਕਰਦੇ ਹਨ। ਪ੍ਰਿਯੰਕਾ ਨੇ ਤਰੁਣ ਮਨਸੁਖਾਨੀ ਦੀ ਫ਼ਿਲਮ 'ਦੋਸਤਾਨਾ' 'ਚ ਕੰਮ ਕੀਤਾ ਹੈ ਤੇ ਉਦੋਂ ਤੋਂ ਉਹ ਚੰਗੇ ਦੋਸਤ ਬਣ ਗਏ ਹਨ। ਪ੍ਰਿਯੰਕਾ ਦਾ ਕਹਿਣਾ ਹੈ ਕਿ ਉਹ ਟਵਿਟਰ ਤੋਂ ਇਲਾਵਾ ਵਾਈਸ ਬਲਾਗ, ਵਾਈਸ ਚੈਟਸ ਤੇ ਯੂ-ਟਿਊਬ 'ਤੇ ਵੀ ਮੌਜੂਦ ਹੈ ਕਿਉਂਕਿ ਉਹ ਆਪਣੇ ਪ੍ਰਸ਼ੰਸਕਾਂ ਲਈ ਹਮੇਸ਼ਾ ਮੌਜੂਦ ਰਹਿਣਾ ਚਾਹੁੰਦੀ ਹੈ। ਇਸੇ ਲਈ ਹੁਣੇ ਜਿਹੇ ਉਸ ਨੇ ਯੂ.ਟੀ.ਵੀ. ਇੰਟਰੈਕਟਿਵ ਨਾਲ ਆਪਣਾ ਵਾਈਸ ਬਲਾਗ, ਵਾਈਸ ਚੈਟਸ ਤੇ ਇਕ ਅਧਿਕਾਰਕ ਯੂ-ਟਿਊਬ ਚੈਨਲ ਸ਼ੁਰੂ ਕਰਨ ਬਾਰੇ ਸਮਝੌਤਾ ਕੀਤਾ ਹੈ ਪਰ ਉਸ ਦਾ ਕਹਿਣਾ ਹੈ ਕਿ ਉਹ ਕਦੇ ਵੀ ਨਿੱਜੀ ਜ਼ਿੰਦਗੀ 'ਤੇ ਆਨਲਾਈਨ ਚਰਚਾ ਨਹੀਂ ਕਰਦੀ ਕਿਉਂਕਿ ਉਹ ਆਪਣੇ ਬਾਰੇ ਹਰ ਗੱਲ ਦਾ ਖੁਲਾਸਾ ਨਹੀਂ ਕਰ ਸਕਦੀ।

# ਵਿਦਿਆ ਬਾਲਨ:

## ਫ਼ਿਲਮ ਹਿੱਟ ਹੋਣ ਦੀ ਗਰੰਟੀ

ਮਾਇਆਨਗਰੀ 'ਚ ਵਿਦਿਆ ਬਾਲਨ ਨੂੰ ਫ਼ਿਲਮ 'ਹਿੱਟ' ਹੋਣ ਦੀ ਗਾਰੰਟੀ ਮੰਨ ਲਿਆ ਗਿਆ ਹੈ ਕਿਉਂਕਿ ਹੁਣ ਤੱਕ ਉਸ ਦੀਆਂ ਦਰਜਨ ਤੋਂ ਵਧੇਰੇ ਫ਼ਿਲਮਾਂ ਆ ਚੁੱਕੀਆਂ ਹਨ ਤੇ ਉਸ ਦੀ ਸਫਲਤਾ ਦੀ ਔਸਤ ਸੱਤਰ ਫੀਸਦੀ ਤੋਂ ਵਧੇਰੇ ਹੈ। ਫ਼ਿਲਮਾਂ ਨੂੰ ਮਿਲੀ ਸਫਲਤਾ ਤੇ ਕੰਮ ਨੂੰ ਮਿਲਣ ਵਾਲੀ ਪ੍ਰਸ਼ੰਸਾ ਦੇ ਬਾਵਜੂਦ ਵਿਦਿਆ ਦੇ ਪੈਰ ਅਜੇ ਜ਼ਮੀਨ 'ਤੇ ਹੀ ਹਨ। ਇਸ ਦਾ ਸਬੂਤ ਫ਼ਿਲਮਾਂ ਚੁਣਨ ਦੀ ਉਸ ਦੀ ਸੂਝ-ਬੂਝ ਤੋਂ ਮਿਲਦਾ ਹੈ ਕਿਉਂਕਿ ਉਹ ਬਹੁਤ ਹੀ ਠੋਕ-ਵਜਾ ਕੇ ਫ਼ਿਲਮਾਂ ਸਾਈਨ ਕਰ ਰਹੀ ਹੈ। ਭਾਵੇਂ ਵਿਦਿਆ ਦੇ ਖਾਤੇ 'ਚ ਅੱਧੀ ਦਰਜਨ ਤੋਂ ਵਧੇਰੇ ਬਿਲਕੁਲ ਵੱਖਰੀ ਨੇਚਰ ਤੇ ਫਲੇਵਰ ਦੀਆਂ ਫ਼ਿਲਮਾਂ ਹਨ ਪਰ ਇਸ ਦੇ ਬਾਵਜੂਦ ਅੱਜਕਲ ਉਸ ਦੀ ਪਹਿਲੀ ਪਸੰਦ ਕਾਮੇਡੀ ਫ਼ਿਲਮਾਂ ਬਣ ਗਈਆਂ ਹਨ। ਵਿਦਿਆ ਦੇ ਹੌਸਲੇ ਬੁਲੰਦ ਹਨ।



ਫ਼ਿਲਮ 'ਕਹਾਣੀ' ਬਾਰੇ ਵਿਦਿਆ ਬਾਲਨ ਦਾ ਕਹਿਣਾ ਹੈ ਕਿ ਸੁਜੋਏ ਘੋਸ਼ ਦੇ ਨਿਰਦੇਸ਼ਨ 'ਚ ਬਣ ਰਹੀ ਇਹ ਇਕ ਥ੍ਰਿਲਰ ਫ਼ਿਲਮ ਹੈ। ਇਸ 'ਚ ਉਹ ਇਕ ਕੁਆਰੀ ਮਾਂ ਦਾ ਕਿਰਦਾਰ ਨਿਭਾਇਆ ਹੈ ਜਿਸਦੇ ਬੱਚੇ ਦੀ ਇਕ ਹਾਦਸੇ 'ਚ ਮੌਤ ਹੋ ਜਾਂਦੀ ਹੈ। ਹੁਣ ਉਹ ਆਪਣੇ ਬੱਚੇ ਦੀ ਮੌਤ ਦਾ ਬਦਲਾ ਲੈਣਾ ਚਾਹੁੰਦੀ ਹੈ ਤੇ ਉਹ ਵੀ ਹਾਦਸੇ ਲਈ ਜ਼ਿੰਮੇਵਾਰ ਵਿਅਕਤੀ ਦੇ ਹੋਣ ਵਾਲੇ ਬੱਚੇ ਨੂੰ ਮਾਰ ਕੇ। ਫ਼ਿਲਮਾਂ ਦੀ ਚੋਣ ਕਰਨ ਬਾਰੇ ਵਿਦਿਆ ਬਾਲਨ ਦਾ ਕਹਿਣਾ ਹੈ ਕਿ ਆਪਣੇ ਕਿਰਦਾਰ ਦੇ ਮਾਮਲੇ 'ਚ ਉਹ ਕੋਈ ਸਮਝੌਤਾ ਨਹੀਂ ਕਰ ਸਕਦੀ। ਕਿਰਦਾਰ ਠੋਸ ਹੋਵੇ ਤੇ ਕੁਝ ਕਰ ਦਿਖਾਉਣ ਦਾ ਮੌਕਾ ਹੋਵੇ ਤਾਂ ਹੀ ਕੋਈ ਫ਼ਿਲਮ ਹੱਥ 'ਚ ਲੈਂਦੀ ਹੈ। ਕਿਰਦਾਰ ਵਧੀਆ ਤੇ ਦਮਦਾਰ ਹੋਵੇ ਤਾਂ ਕਿਸੇ ਵੀ ਕਿਸਮ ਦੀਆਂ ਕਾਮੇਡੀ ਫ਼ਿਲਮਾਂ ਕਰਨ ਲਈ ਤਿਆਰ ਹੈ। ਉਸਦਾ ਕਹਿਣਾ ਹੈ ਕਿ ਕਾਮੇਡੀ ਫ਼ਿਲਮਾਂ ਉਸ ਦੀ ਪਹਿਲੀ ਪਸੰਦ ਹਨ। ਰਿਸ਼ੀਕੇਸ਼ ਮੁਖਰਜੀ ਦੀਆਂ ਫ਼ਿਲਮਾਂ ਵਾਂਗ ਹੀ ਫੈਮਿਲੀ ਕਾਮੇਡੀ ਡਰਾਮਾ ਬੇਹੱਦ ਪਸੰਦ ਹੈ। ਅੱਜ ਦੇ ਨਿਰਦੇਸ਼ਕਾਂ 'ਚ ਉਸ ਨੂੰ ਡੇਵਿਡ ਧਵਨ ਦੀਆਂ ਕਾਮੇਡੀ ਫ਼ਿਲਮਾਂ ਵੀ ਪਸੰਦ ਹਨ। ਉਸਦਾ ਕਹਿਣਾ ਹੈ ਕਿ ਇਕ ਕਲਾਕਾਰ ਨੂੰ ਆਪਣੀ ਅਸਲ ਜ਼ਿੰਦਗੀ ਨੂੰ ਫ਼ਿਲਮੀ ਕਿਰਦਾਰਾਂ ਤੋਂ ਵੱਖ ਰੱਖਣ ਦੀ ਕਲਾ ਵੀ ਆਉਣੀ ਚਾਹੀਦੀ ਹੈ। ਉਹ ਵੀ ਹੌਲੀ-ਹੌਲੀ ਇਹ ਕਲਾ ਸਿੱਖ ਰਹੀ ਹੈ। ਗੰਭੀਰ ਰੋਲ ਉਸ ਨੂੰ ਥਕਾ ਦਿੰਦੇ ਹਨ ਤੇ ਉਹ ਸੋਚਣ ਲੱਗਦੀ ਹੈ ਕਿ ਆਖਿਰ ਅਸਲੀ ਜ਼ਿੰਦਗੀ 'ਚ ਵੀ ਤਾਂ ਲੋਕ ਇਸ ਹਾਲਾਤ 'ਚੋਂ ਲੰਘੇ ਹੋਣਗੇ। ਬਸ ਇਸੇ ਥਕਾਵਟ ਤੇ ਸੋਚ ਨੂੰ ਕੁਝ ਸਮੇਂ ਲਈ ਅਰਾਮ ਦੇਣ ਲਈ ਹੀ ਉਹ ਕਾਮੇਡੀ ਫ਼ਿਲਮਾਂ ਤੇ ਰੋਲ ਕਰਨਾ ਚਾਹੁੰਦੀ ਹੈ। ਵਿਦਿਆ ਦਾ ਕਹਿਣਾ ਹੈ ਕਿ ਮੌਜੂਦਾ ਹੀਰੋਇਨਾਂ ਨਾਲ ਉਹ ਕੋਈ ਤੁਲਨਾ ਨਹੀਂ ਕਰਨਾ ਚਾਹੁੰਦੀ ਕਿਉਂਕਿ ਉਹ ਸਿਰਫ ਵਿਦਿਆ ਬਾਲਨ ਦੇ ਰੂਪ 'ਚ ਹੀ ਆਪਣੀ ਪਛਾਣ ਬਣਾਉਣਾ ਚਾਹੁੰਦੀ ਹੈ। ਆਪਣੀ ਅਦਾਕਾਰੀ ਲਈ ਉਸ ਨੂੰ ਤਾਰੀਫ ਵੀ ਮਿਲੀ ਹੈ। ਇਸ ਪੱਖੋਂ ਦੇਖੀਏ ਤਾਂ ਉਹ ਵੀ ਨੰਬਰ ਵਨ ਦੀ ਹੱਕਦਾਰ ਹੈ ਪਰ ਉਹ ਅਦਾਕਾਰੀ ਰਾਹੀਂ ਬਣੀ ਪਛਾਣ ਨੂੰ ਹੀ ਕਾਇਮ ਰੱਖਣਾ ਚਾਹੁੰਦੀ ਹੈ। ਵਿਦਿਆ ਦਾ ਕਹਿਣਾ ਹੈ ਕਿ ਉਹ ਵਹੀਦਾ ਰਹਿਮਾਨ, ਸ੍ਰੀਦੇਵੀ, ਹੇਮਾ ਮਾਲਿਨੀ ਤੇ ਰੇਖਾ ਤੋਂ ਬੇਹੱਦ ਪ੍ਰਭਾਵਿਤ ਹੈ। ਕਈ ਲੋਕ ਉਸਦੀ ਤੁਲਨਾ ਮੀਨਾ ਕੁਮਾਰੀ ਤੇ ਮਧੂਬਾਲਾ ਨਾਲ ਵੀ ਕਰਦੇ ਹਨ।

'ਇਸ਼ਕੀਆ' ਤੋਂ ਬਾਅਦ ਤਾਂ ਉਸਦੀ ਤੁਲਨਾ ਸਮਿਤਾ ਪਾਟਿਲ ਨਾਲ ਵੀ ਕੀਤੀ ਜਾਣ ਲੱਗੀ ਹੈ। ਉਹ ਇਨ੍ਹਾਂ ਅਭਿਨੇਤਰੀਆਂ ਵਾਂਗ ਹੀ ਜ਼ਿੰਦਗੀ 'ਚ ਆਪਣੀਆਂ ਸ਼ਰਤਾਂ 'ਤੇ ਅਗਾਂਹ ਵਧਣਾ ਤੇ ਹਮੇਸ਼ਾ ਲੋਕਾਂ ਦੀਆਂ ਯਾਦਾਂ 'ਚ ਰਹਿਣਾ ਚਾਹੁੰਦੀ ਹੈ।

ਪੰਜਾਬ ਦੀ ਵਰਤਮਾਨ ਸਿਆਸਤ ਜਿਹੜੀਆਂ ਕਰਵਟਾਂ ਲੈ ਰਹੀ ਹੈ ਉਸ ਵਿਚ ਮੁੱਖ ਭੂਮਿਕਾ ਨਿਭਾਉਣ ਵਾਲਿਆਂ 'ਚੋਂ ਸੁਖਪਾਲ ਸਿੰਘ ਖਹਿਰਾ ਇਕ ਹਨ। ਪੰਜਾਬ ਦੀ ਸਿਆਸਤ ਦੀ ਪ੍ਰਧਾਨ ਸੁਰ ਸਦਾ ਹੀ ਅਕਾਲੀ ਰਹੀ ਹੈ, ਇਹ ਪਹਿਲੀ ਵਾਰ ਹੈ ਕਿ ਅਕਾਲੀ ਸੁਰ ਨੂੰ ਮਹਾਰਾਜਾ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਅਜਿਹਾ ਜਵਾਬ ਦਿੱਤਾ ਜਾ ਰਿਹਾ ਹੈ ਜਿਸ ਨਾਲ ਪੰਜਾਬ ਦੀ ਕਾਂਗਰਸ ਸਿਆਸਤ ਵਿਚ ਵੀ ਤਬਦੀਲੀਆਂ ਆ ਰਹੀਆਂ ਹਨ ਅਤੇ ਸਿੱਖ ਭਾਈਚਾਰੇ ਵਲੋਂ ਵੀ ਮਹਾਰਾਜਾ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਮਹਾਰਾਜਾ ਅਮਰਿੰਦਰ ਸਿੰਘ ਨੂੰ ਜਿਸ ਤਰ੍ਹਾਂ ਦਾ ਸਹਿਯੋਗ ਸੁਖਪਾਲ ਸਿੰਘ ਖਹਿਰਾ ਵਲੋਂ ਦਿੱਤਾ ਜਾ ਰਿਹਾ ਹੈ ਇਹ ਪੰਜਾਬ ਦੀ ਸਿਆਸਤ ਵਿਚ ਆਉਣ ਵਾਲੀ ਲੀਡਰਸ਼ਿਪ ਦੀ ਨਿਸ਼ਾਨਦੇਹੀ ਕਰਦਾ ਹੈ। ਪੰਜਾਬ ਦੀ ਸਿਆਸਤ ਦੇ ਸਪੋਕਸਮੈਨ ਵਜੋਂ ਸੁਖਪਾਲ ਸਿੰਘ ਖਹਿਰਾ ਨੇ ਜਿਸ ਸੁਜੱਗਤਾ, ਦ੍ਰਿੜਤਾ ਅਤੇ ਵਚਨਬੱਧਤਾ ਦਾ ਸਬੂਤ ਦਿੱਤਾ ਹੈ ਉਸ ਵਾਸਤੇ ਬਹੁਤ ਮਿਹਨਤ ਲੋੜੀਂਦੀ ਹੈ ਅਤੇ ਉਹ ਮਿਹਨਤ ਸ. ਖਹਿਰਾ ਨੇ ਕੀਤੀ ਹੈ। ਸ. ਖਹਿਰਾ ਵਿਚ ਪੰਜਾਬ ਦੀ ਆਵਾਜ਼ ਬਣ ਸਕਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਸ. ਖਹਿਰਾ ਦੀ ਸਿਆਸਤ ਬੇਸ਼ੱਕ ਕਾਂਗਰਸ ਪਾਰਟੀ ਦੀ ਸਿਆਸਤ ਨਾਲ ਜੁੜੀ ਹੋਈ ਹੈ ਪਰ ਇਸ ਨੂੰ ਪੰਜਾਬ ਦੀ ਵਿਰਾਸਤ ਵਿਚ ਰੁਟ ਕਰਕੇ ਗੱਲ ਕਰਨ ਦੀ ਜਿਹੜੀ ਜਾਚ ਸ. ਖਹਿਰਾ ਨੂੰ ਆ ਗਈ ਹੈ ਇਹ ਉਸ ਦੀ ਵਿਲੱਖਣ ਸ਼ਖਸੀਅਤ ਨੂੰ ਸਥਾਪਤ ਕਰਨ ਵਿਚ ਸਹਾਈ ਹੋ ਰਹੀ ਹੈ। ਪੰਜਾਬ ਦੇ ਸੰਭਾਵੀ ਅਗਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਪਰਵਾਸੀ ਪੰਜਾਬੀਆਂ ਦੇ ਨਾਂ ਸੁਨੇਹਾ ਲੈ ਕੇ ਆ ਰਹੇ ਸ. ਸੁਖਪਾਲ ਸਿੰਘ ਖਹਿਰਾ ਨੂੰ ਜੀ ਆਇਆਂ ਕਹਿਣਾ ਪੰਜਾਬ ਦੀ ਉਭਰਦੀ ਸਿਆਸਤ ਦਾ ਮਾਣ ਅਤੇ ਸਨਮਾਨ ਕਰਨਾ ਹੈ। ਅਸੀਂ ਇਸ ਉਭਰਦੀ ਸਿਆਸੀ ਸ਼ਖਸੀਅਤ ਨੂੰ ਅਮਰੀਕਾ ਆਉਣ 'ਤੇ ਜੀ ਆਇਆਂ ਕਹਿੰਦੇ ਹਾਂ।



*ਸੁਖਪਾਲ ਸਿੰਘ ਖਹਿਰਾ*

# ਸ. ਸੁਖਪਾਲ ਸਿੰਘ ਖਹਿਰਾ

## ਨੂੰ ਅਮਰੀਕਾ ਪਹੁੰਚਣ 'ਤੇ ਦਿਲੀ ਜੀ ਆਇਆਂ ਨੂੰ

## ਸਵਾਗਤੀ ਪਾਰਟੀ

**24 ਦਸੰਬਰ, 2010 ਸ਼ਾਮ 7 ਵਜੇ**

**ਇੰਡੀਆ ਹਾਊਸ**

1521 W Schaumburg Rd,
Schaumburg, IL. 60194

*ਨੋਟ: ਸੀਟਾਂ ਸੀਮਤ ਹਨ, ਆਪਣੀ ਸੀਟ ਤੁਰਤ ਰਿਜ਼ਰਵ ਕਰਵਾਓ।*

**ਹੋਰ ਜਾਣਕਾਰੀ ਲਈ ਕਾਲ ਕਰੋ**

ਅਜੈਬ ਸਿੰਘ ਲੱਖਣ, ਫੋਨ:847-544-1788
ਸੰਤੋਖ ਸਿੰਘ ਡੀ.ਸੀ., ਫੋਨ:847-338-3866
ਸਤਿੰਦਰ ਸੁਸਾਣਾ, ਫੋਨ:630-957-8243
ਹੈਪੀ ਹੀਰ, ਫੋਨ:630-205-6575

### ਸ਼ਿਕਾਗੋ ਕਾਂਗਰਸ

ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਸਤਿੰਦਰ ਸਿੰਘ ਸੁਸਾਣਾ, ਹਰਜਿੰਦਰ ਸਿੰਘ ਦਿਆਲ, ਮਹਿੰਦਰ ਸਿੰਘ ਰਕਾਲਾ, ਭੁਪਿੰਦਰ ਸਿੰਘ ਬਿੱਲਾ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਅਜਮੇਰ ਸਿੰਘ ਪੰਨੂ, ਨੀਲ ਕੰਠ ਸ਼ਰਮਾ, ਹੈਪੀ ਹੀਰ, ਲੱਕੀ ਸਹੋਤਾ, ਜੱਸੀ ਸਹੋਤਾ, ਹਰਦੀਪ ਸਿੰਘ ਗਿੱਲ, ਲਵ ਕੁਮਾਰ ਮਿਨਹਾਸ, ਸੁਰਿੰਦਰਪਾਲ ਸਿੰਘ ਚੀਮਾ, ਸੰਜੀਵ ਸਿੰਘ ਬਿੱਲੂ।

### ਮਿਲਵਾਕੀ, ਵਿਸਕਾਨਸਿਨ ਕਾਂਗਰਸ

ਕੁਲਵੰਤ ਸਿੰਘ ਢਿੱਲੋਂ (ਪ੍ਰਧਾਨ), ਹਰਵਿੰਦਰ ਸਿੰਘ ਸਿੱਧੂ (ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ, ਜਗਦੀਸ਼ਰ ਸਿੰਘ ਕਲੇਰ, ਸਤਵਿੰਦਰ ਸਿੰਘ ਪੌਪੀ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ।

### ਇੰਡੀਆਨਾ ਕਾਂਗਰਸ

ਵਰਿੰਦਰ ਸਿੰਘ ਸ਼ਾਹੀ (ਪ੍ਰਧਾਨ), ਦਰਸ਼ਨ ਸਿੰਘ ਦਰੜ (ਮੀਤ ਪ੍ਰਧਾਨ), ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਪ੍ਰਿਥਪਾਲ ਸਿੰਘ ਘੋਤੜਾ।

### ਓਹਾਇਓ ਕਾਂਗਰਸ

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਮਨਦੀਪ ਧਾਰਨੀ, ਸੁਖਦੇਵ ਰਕਬਾ, ਚਮਕੌਰ ਚੱਕਰ, ਪਰਮਜੀਤ ਸਿੰਘ ਸਿਨਸਿਨੈਟੀ, ਹਰਪ੍ਰੀਤ ਸਿੰਘ ਸਿਨਸਿਨੈਟੀ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

### ਨਿਊ ਯਾਰਕ ਕਾਂਗਰਸ

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ, ਨਰਿੰਦਰ ਸਿੰਘ ਤੂਰ, ਗੁਰਪ੍ਰੀਤ ਸਿੰਘ ਚੀਮਾ।

### ਮਿਸ਼ੀਗਨ ਕਾਂਗਰਸ

ਲਾਲੀ ਧਾਲੀਵਾਲ ਅਤੇ ਪਾਲੀ ਧਾਲੀਵਾਲ, ਕਰਨ ਗਿੱਲ, ਇੰਦਰਜੀਤ ਬਾਠ, ਪਲਵਿੰਦਰ ਬਾਠ, ਅਵਤਾਰ ਸਿੰਘ, ਨਿਰਮਲ ਸਿੰਘ ਹੇਅਰ, ਜਸਵੰਤ ਸਿੰਘ ਚਾਹਲ ਤੇ ਕੁਲਵਿੰਦਰ ਗਿੱਲ।

### ਕੈਲੀਫੋਰਨੀਆ

ਦਸ਼ਮੇਸ਼ ਟਰੱਕ ਡਰਾਈਵਿੰਗ ਸਕੂਲ, ਸੁਰਜੀਤ ਸਿੰਘ ਪੰਨੂ।

### ਵਾਸ਼ਿੰਗਟਨ ਕਾਂਗਰਸ

ਚੰਨਾ ਆਲਮਗੀਰ ਅਤੇ ਕਮੇਟੀ।

### ਮਿਸੀਸਿਪੀ ਕਾਂਗਰਸ

ਮਨਦੀਪ ਸਿੰਘ, ਆਦਰ ਮਾਨ, ਚੰਦਰਪਾਲ ਖੁਰਾਣਾ, ਪਵਨ ਕੁਮਾਰ ਅਰੋੜਾ, ਸੁਖਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਥਿੰਦ, ਨੀਲਮ ਸਿੰਘ ਸਿੱਧੂ ਅਤੇ ਕਮੇਟੀ।

### ਅਰਕਨਸਾਸ ਕਾਂਗਰਸ

ਦਲਜੀਤ ਸਿੰਘ ਚਾਹਲ, ਚਰਨ ਸਿੰਘ ਸੋਮਲ, ਅਮਰਜੀਤ ਸਿੰਘ ਕੰਗ, ਪਰਮਿੰਦਰ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ ਅਤੇ ਕਮੇਟੀ।

### ਸੇਂਟ ਲੁਇਸ (ਮਿਜ਼ੌਰੀ)

ਸੁਖਚੈਨ ਸਿੰਘ ਅਤੇ ਕਮੇਟੀ।

**Issued by:Indian National Overseas Congress IL ®**

ਗੁਰੂ ਘਰ ਵਲੋਂ ਵਰੋਸਾਏ ਸ਼ਾਹੀ ਖਾਨਦਾਨ ਦੇ ਵਾਰਸ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀ ਕਾਂਗਰਸ ਨੂੰ ਜਿਸ ਤਰ੍ਹਾਂ ਦੀ ਸੇਧ ਤੇ ਸਮਰਥਾ ਦੇ ਦਿੱਤੀ ਹੈ ਉਸ ਤੋਂ ਲੱਗਦਾ ਹੈ ਕਿ ਆਉਣ ਵਾਲਾ ਸਮਾਂ ਕਾਂਗਰਸ ਦਾ ਸਮਾਂ ਹੈ ਅਤੇ ਪੰਜਾਬ ਨੂੰ ਅਕਾਲੀ-ਭਾਜਪਾ ਸਰਕਾਰ ਵਲੋਂ ਦਿੱਤੇ ਜਾ ਰਹੇ ਕੁਸ਼ਾਸਨ ਤੋਂ ਮੁਕਤੀ ਹਾਸਲ ਹੋਣ ਦੀਆਂ ਰੋਸ਼ਨ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਹਨ। ਪੰਜਾਬ ਕਾਂਗਰਸ ਨੂੰ ਸਸ਼ਕਤ ਬਣਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਜਿਹੜੇ ਨੌਜਵਾਨ ਆਗੂਆਂ ਨੂੰ ਜ਼ਿੰਮੇਵਾਰੀ ਸੌਂਪੀ ਹੈ ਉਨ੍ਹਾਂ ਵਿਚ ਹਲਕਾ ਭੁਲੱਥ ਤੋਂ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨੁਮਾਇਆ ਹਸਤੀ ਹਨ। ਸਾਨੂੰ ਉਨ੍ਹਾਂ ਤੋਂ ਬਹੁਤ ਉਮੀਦਾਂ ਹਨ। ਉਨ੍ਹਾਂ ਦੇ ਅਮਰੀਕਾ ਦੌਰੇ 'ਤੇ ਆਉਣ ਨਾਲ ਪਰਵਾਸੀ ਪੰਜਾਬੀਆਂ ਵਿਚ ਪੰਜਾਬ ਪ੍ਰਤੀ ਇਕ ਨਵੀਂ ਆਸ ਦੀ ਕਿਰਨ ਜਾਗੀ ਹੈ। ਅਸੀਂ ਉਨ੍ਹਾਂ ਨੂੰ ਨਿੱਘੀ ਜੀ ਆਇਆਂ ਆਖਦੇ ਹਾਂ।



ਸੁਖਪਾਲ ਸਿੰਘ ਖਹਿਰਾ

# ਪੰਜਾਬੀਆਂ ਦੀ ਆਵਾਜ਼ ਅਤੇ ਹਰਮਨ ਪਿਆਰੇ ਨੇਤਾ

# ਸ. ਸੁਖਪਾਲ ਸਿੰਘ ਖਹਿਰਾ

## ਐਮ ਐਲ ਏ, ਹਲਕਾ ਭੁਲੱਥ (ਕਪੂਰਥਲਾ)



ਜਗੀਰ ਸਿੰਘ (ਸਬਜ਼ੀ ਮੰਡੀ), ਨਿਊ ਯਾਰਕ

# ਨਿਊ ਯਾਰਕ ਆਉਣ 'ਤੇ

# ਨਿੱਘੀ ਜੀ ਆਇਆਂ ਨੂੰ

ਵਲੋਂ

## ਜਗੀਰ ਸਿੰਘ (ਸਬਜ਼ੀ ਮੰਡੀ)

ਫੋਨ 917-386-4444